ਪੰਜਾਬ ਦਾ ਉਜਾੜਾ

ਸੋਹਣ ਸਿੰਘ ਸੀਤਲ

ਪੰਜਾਬ ਦਾ ਉਜਾੜਾ

www.archive.org/details/namdhari

ਲੇਖਕ :
ਸੋਹਣ ਸਿੰਘ 'ਸੀਤਲ'

ESTD.
1940

ਲਾਹੌਰ ਬੁੱਕਸ

2-ਲਾਜਪਤ ਰਾਏ ਮਾਰਕਿਟ, ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

Punjab Da Ujarha

by

Sohan Singh 'Seetal'

ਲਾਹੌਰ ਬੁੱਕ ਸ਼ਾਪ ਵੱਲੋਂ : 2012

ਮੁੱਲ : 150/- ਰੁਪਏ

ਪ੍ਰਕਾਸ਼ਕ : ਲਾਹੌਰ ਬੁੱਕਸ, 2-ਲਾਜਪਤ ਰਾਏ ਮਾਰਕਿਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ।
Ph. : 2740738, 6540738
E-Mail:-lahorebookshop40@Rediffmail.com

Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤਤਕਰਾ

ਆਰੰਭ 5

ਪਹਿਲਾ ਕਾਂਡ

ਕਾਂਗਰਸ, ਮੁਸਲਮਲੀਗ, ਮਿੰਟੋ-ਮਾਰਲੇ ਸਕੀਮ, ਪਹਿਲੀ ਮੰਗ, ਰੌਲਟ ਬਿਲ, ਜਲਿਆਂਵਾਲਾ ਬਾਗ਼, ਨਹਿਰੂ ਰੀਪੋਰਟ, ਸਵਰਾਜ ਦੀ ਮੰਗ, ਤਿੰਨ-ਰੰਗਾ ਝੰਡਾ, ੧੯੩੫ ਦੀ ਰਾਜ-ਬਣਤਰ, ਪਾਕਿਸਤਾਨ ਦੀ ਮੰਗ, ਕ੍ਰਿਪਸ ਸਕੀਮ, ਰਾਜਾ ਫ਼ਾਰਮੂਲਾ, ਕੈਬਨਿਟ ਮਿਸ਼ਨ ਸਕੀਮ, ਲੀਗ ਦਾ ਡਾਇਰੈਕਟ ਐਕਸ਼ਨ, ਕਲਕੱਤੇ ਦਾ ਫ਼ਸਾਦ ਤੇ ਸਿੱਖ, ਨਵਾਖਲੀ, ਖ਼ਿਜ਼ਰ ਵਜ਼ਾਰਤ ਤੇ ਲੀਗ, ਵਿਦਿਆਰਥੀਆਂ 'ਤੇ ਗੋਲੀ 9-33

ਦੂਜਾ ਕਾਂਡ

ਲਾਹੌਰ, ਅੰਮ੍ਰਿਤਸਰ, ਰਾਵਲਪਿੰਡੀ ਦੇ ਪਿੰਡ, ਕਹੂਟਾ, ਕੈਮਲਪੁਰ, ਜੇਹਲਮ, ਢੁਡਿਆਲ, ਖ਼ੁਸ਼ਾਬ, ਮੁਲਤਾਨ, ਜਲੰਧਰ, ਗੁੜਗਾਵਾਂ 34-56

ਤੀਜਾ ਕਾਂਡ

ਗੁੜਗਾਓਂ, ਗੁਜਰਾਂਵਾਲਾ, ਲਾਇਲਪੁਰ, ਹੁਸ਼ਿਆਰਪੁਰ 57-67

ਚੌਥਾ ਕਾਂਡ

ਹੱਦਬੰਦੀ, ਕਸੂਰ, ਤਾਰਾਗੜ੍ਹ, ਲਲਿਆਣੀ, ਚੂਹਣੀਆਂ, ਹੁਡਿਆਰਾ, ਨਰਵੜ, ਜ਼ਿਲ੍ਹਾ ਮਿੰਟਗੁਮਰੀ, ਜ਼ਿਲ੍ਹਾ ਝੰਗ, ਜ਼ਿਲ੍ਹਾ ਲਾਇਲਪੁਰ, ਜ਼ਿਲ੍ਹਾ ਸਰਗੋਧਾ, ਜ਼ਿਲ੍ਹਾ ਸ਼ੇਖ਼ੂਪੁਰਾ, ਜ਼ਿਲ੍ਹਾ ਗੁਜਰਾਂਵਾਲਾ, ਜ਼ਿਲ੍ਹਾ ਗੁਰਦਾਸਪੁਰ, ਜ਼ਿਲ੍ਹਾ ਸਿਆਲਕੋਟ ਜ਼ਿਲ੍ਹਾ ਗੁਜਰਾਤ, ਜ਼ਿਲ੍ਹਾ ਜੇਹਲਮ, ਜ਼ਿਲ੍ਹਾ ਰਾਵਲਪਿੰਡੀ, ਜ਼ਿਲ੍ਹਾ ਮੀਆਂਵਾਲੀ, ਜ਼ਿਲ੍ਹਾ ਮੁਜ਼ੱਫ਼ਰਗੜ੍ਹ ਤੇ ਡੇਹਰਾ ਗ਼ਾਜ਼ੀ ਖ਼ਾਨ, ਰਿਆਸਤ ਬਹਾਵਲਪੁਰ 68-125

Sri Satguru Jagjit Singh Ji eLibrary NamdhariElibrary@gmail.com

ਪੰਜਵਾਂ ਕਾਂਡ

ਪੂਰਬੀ ਪੰਜਾਬ, ਇਲਾਕਾ ਪੱਟੀ, ਜ਼ਿਲ੍ਹਾ ਗੁਰਦਾਸਪੁਰ, ਜ਼ਿਲ੍ਹਾ ਹੁਸ਼ਿਆਰਪੁਰ ਜ਼ਿਲ੍ਹਾ ਜਲੰਧਰ, ਜ਼ਿਲ੍ਹਾ ਫ਼ਿਰੋਜ਼ਪੁਰ, ਜ਼ਿਲ੍ਹਾ ਲੁਧਿਆਣਾ, ਜ਼ਿਲ੍ਹਾ ਅੰਬਾਲਾ, ਜ਼ਿਲ੍ਹਾ ਸ਼ਿਮਲਾ, ਕਾਂਗੜਾ ਤੇ ਕਰਨਾਲ, ਜ਼ਿਲ੍ਹਾ ਹਿਸਾਰ, ਰੁਹਤਕ, ਗੁੜਗਾਓਂ, ਮੈਦਾਨੀ ਰਿਆਸਤਾਂ, ਰਿਆਸਤ ਪਟਿਆਲਾ 126-154

ਅੰਤਕਾ 155-160

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਆਰੰਭ

੩ ਜੂਨ, ੧੯੪੭ ਈ: ਨੂੰ ਪਾਕਿਸਤਾਨ ਦਾ ਐਲਾਨ ਹੋਇਆ ਤੇ ਸਾਡਾ ਜ਼ਿਲ੍ਹਾ (ਲਾਹੌਰ) ਪਕਿਸਤਾਨ ਵਿਚ ਸੁਣਾ ਦਿੱਤਾ ਗਿਆ। ਥੋੜ੍ਹੀ ਜੇਹੀ ਆਸ ਬਾਕੀ ਰਹਿ ਗਈ ਕਿ ਹੱਦਬੰਦੀ ਦਾ ਫ਼ੈਸਲਾ ਕਮਿਸ਼ਨ ਕਰੇਗਾ। ਅਸੀਂ ਯਥਾਸ਼ਕਤ ਚਾਰਾ ਕੀਤਾ, ਜਿਵੇਂ ਸਾਡਾ ਇਲਾਕਾ ਪਾਕਿਸਤਾਨ ਵਿਚ ਜਾਣ ਤੋਂ ਬਚ ਜਾਏ। ਸਾਨੂੰ ਭਰੋਸਾ ਦਵਾਇਆ ਜਾਂਦਾ ਰਿਹਾ ਕਿ ਸਾਰਾ ਜ਼ਿਲ੍ਹਾ ਲਾਹੌਰ, ਕੁਝ ਹਿੱਸਾ ਮਿੰਟਗੁਮਰੀ ਦਾ ਤੇ ਤਹਿਸੀਲ ਨਨਕਾਣਾ ਸਾਹਿਬ ਹਿੰਦੁਸਤਾਨ ਵਿਚ ਆਵੇਗੀ। ਪਾਰਲੀਮੈਂਟ ਵਿਚ ਆਏ ਦਿਨ ਤਕਰੀਰਾਂ ਹੁੰਦੀਆਂ ਰਹੀਆਂ ਕਿ ਸਿੱਖਾਂ ਨਾਲ ਬੜੀ ਬੇਇਨਸਾਫ਼ੀ ਹੋਈ ਹੈ, ਹੁਣ ਹੱਦਬੰਦੀ ਵਿਚ ਕਮਿਸ਼ਨ ਸਿੱਖਾਂ ਦਾ ਜ਼ਰੂਰ ਧਿਆਨ ਰੱਖੇਗਾ। ਅੰਤ ਜੋ ਕੁਝ ਹੋਣਾ ਸੀ, ਸੋ ਹੋ ਗਿਆ। ੧੫ ਅਗਸਤ ਨੂੰ ਅੰਗਰੇਜ਼ ਨੇ ਰਾਜ-ਪ੍ਰਬੰਧ ਹਿੰਦੁਸਤਾਨ ਤੇ ਪਾਕਿਸਤਾਨ ਦੇ ਹਵਾਲੇ ਕੀਤਾ। ੧੭ ਅਗਸਤ ਸ਼ਾਮ ਨੂੰ ਰੇਡੀਓ ਤੇ ਹੱਦਬੰਦੀ ਦਾ ਐਲਾਨ ਕੀਤਾ ਗਿਆ। ਕਸੂਰ ਤਹਿਸੀਲ ਦੋ ਹਿੱਸਿਆਂ ਵਿਚ ਵੰਡ ਦਿੱਤੀ ਗਈ। ਕਸੂਰ ਦੇ ਨਾਲ ਹੀ ਸਾਡਾ ਪਿੰਡ ਵੀ ਪਾਕਿਸਤਾਨ ਵਿਚ ਦੇ ਦਿੱਤਾ ਗਿਆ। ਸਾਡੇ ਪਿੰਡ (ਕਾਦੀਵਿੰਡ) ਤੋਂ ਦੋ ਮੀਲ ਦੂਰ ਹਿੰਦੁਸਤਾਨ ਦੀ ਹੱਦ ਹੈ।

੧੯ ਅਗਸਤ ਨੂੰ ਹੀ ਕਸੂਰ ਵਿਚ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਹਾਈ ਸਕੂਲ ਦਾ ਮਾਸਟਰ ਗਿਆਨੀ ਬੇਲਾ ਸਿੰਘ, ਉਸ ਦੀ ਧਰਮ-ਪਤਨੀ, ਇਕ ਲੜਕੀ ਤੇ ਦੋ ਲੜਕੇ ਕਤਲ ਕਰ ਦਿੱਤੇ ਗਏ। ਸਭ ਤੋਂ ਛੋਟਾ ਲੜਕਾ ਦੁੱਧ ਚੁੰਘਦਾ ਸੀ, ਪਰ ਉਸ ਉੱਤੇ ਵੀ ਕੋਈ ਰਹਿਮ ਨਹੀਂ ਕੀਤਾ ਗਿਆ। ਉਸ ਦਿਨ ਸਾਰੀਆਂ ੧੭ ਮੌਤਾਂ ਹੋਈਆਂ। ਸਾਰਾ ਸ਼ਹਿਰ ਮੁਸਲਮਾਨਾਂ ਨੇ ਪੁਲੀਸ ਦੀ ਮਦਦ ਨਾਲ ਲੁੱਟ ਲਿਆ।

ਅਗਲੇ ਦਿਨ ਕਸੂਰ ਤੋਂ ਹਜ਼ਾਰਾਂ ਮੁਸਲਮਾਨ ਹਠਾੜ ਵੱਲ ਹੋ ਤੁਰੇ ਤੇ ਸਿੱਖਾਂ ਦੇ ਛੋਟੇ-ਛੋਟੇ ਪਿੰਡਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਸਾਡਾ ਪਿੰਡ ਕਸੂਰ ਤੋਂ ਸਤੋਂ ਤਿੰਨ ਮੀਲ ਹੈ। ਕਸੂਰ ਵਿਚ ੩੦੦ ਦੇ ਲਗਪਗ ਮਿਲਟਰੀ ਸੀ ਤੇ ਸਾਰੀ ਬਲੋਚੀ। ਲੁੱਟ ਮਾਰ ਵਿਚ ਉਹ ਲੁਟੇਰੇ ਮੁਸਲਮਾਨਾਂ ਦੇ ਨਾਲ ਹੁੰਦੀ ਸੀ। ਇਸ ਗੱਲ ਤੋਂ ਉਦਾਲੇ ਦੇ ਸਾਰੇ ਪਿੰਡ ਬੜੇ ਸਹਿਮੇ ਹੋਏ ਸਨ।

ਜਿਸ ਵੇਲੇ ਲਹਿੰਦੇ ਪਾਸੇ ਤੋਂ ਉਜੜ ਕੇ ਆਏ ਹਿੰਦੂ ਸਿੱਖ ਸਾਡੇ ਪਿੰਡ ਥਾਣੀਂ ਲੰਘਣ ਲੱਗ ਪਏ ਤਾਂ ਸਾਡੇ ਵੀ ਹੌਸਲੇ ਟੁੱਟ ਗਏ। ਸਾਨੂੰ ਆਪਣੇ ਗੁਆਂਢੀ ਮੁਸਲਮਾਨਾਂ ਦਾ ਕੋਈ ਫ਼ਿਕਰ ਨਹੀਂ ਸੀ, ਪਰ ਕਸੂਰ ਦਾ ਜ਼ਰੂਰ ਸੀ, ਜਿੱਥੇ ਅਸਲੀ ਆਬਾਦੀ ਦੇ ਨਾਲ ਉਸ ਤੋਂ ਵੀ ਵਧੇਰੇ ਗਿਣਤੀ ਬਾਹਰੋਂ ਆਈ ਬੈਠੀ ਸੀ। ੨੦ ਅਗਸਤ ਨੂੰ ਸਾਡੇ ਪਿੰਡ ਵਿਚੋਂ ਕੁਝ ਘਰਾਂ ਨੇ ਆਪਣੇ ਬਾਲ ਬੱਚੇ ਤੇ ਕੀਮਤੀ ਸਾਮਾਨ ਬਾਹਰ ਭੇਜ ਦਿੱਤਾ। ਸ਼ਾਮ ਤੱਕ ਹੋਰ ਭੈੜੀਆਂ ਖ਼ਬਰਾਂ ਸੁਣੀਂਦੀਆਂ ਰਹੀਆਂ। ਸਾਰੀ ਰਾਤ ਲੋਕੀਂ ਸਾਮਾਨ ਦੀਆਂ ਗੱਡੀਆਂ ਭਰ-ਭਰ ਕੇ ਪਿੰਡੋਂ ਤੁਰਦੇ ਰਹੇ। ਸਾਥੋਂ ਚਾਰ ਮੀਲ ਉੱਤੇ ਪਿੰਡ ਕਾਲੀਆ-ਸੰਗੋਤਰਾ ਹੈ। ਓਥੋਂ ਦੇ ਮੇਰੇ ਸੰਬੰਧੀ ਸ. ਪੂਰਨ ਸਿੰਘ ਜੀ ਉਸ ਰਾਤ

ਮੇਰੇ ਕੋਲ ਸਨ। ਉਹਨਾਂ ਦੇ ਜ਼ੋਰ ਦੇਣ 'ਤੇ ਫ਼ੈਸਲਾ ਹੋਇਆ ਕਿ ਅਗਲੇ ਦਿਨ ਅਸੀਂ ਵੀ ਪਿੰਡ ਛੱਡ ਦੇਈਏ। ਉਹ ਆਪਣੀਆਂ ਗੱਡੀਆਂ ਲੈ ਆਏ ਤੇ ੨੧ ਅਗਸਤ ਵਾਲੇ ਦਿਨ ਮੈਂ ਸਣੇ ਪਰਿਵਾਰ ਤੇ ਸਾਮਾਨ ਦੇ ਪਿੰਡ ਵਿਚੋਂ ਨਿਕਲਿਆ। ਉਸ ਵੇਲੇ ਮੇਰੇ ਦਿਲ ਦੀ ਅਨੋਖੀ ਹਾਲਤ ਸੀ। ਨਿਰਾ ਏਨਾ ਹੀ ਨਹੀਂ ਸੀ ਕਿ ਮੈਂ ਘਰ ਛੱਡ ਰਿਹਾ ਸਾਂ, ਵਧੇਰੇ ਦੁੱਖ ਇਸ ਗੱਲ ਦਾ ਸੀ ਕਿ ਸਾਡੇ ਵਡੇਰਿਆਂ ਨੇ ਅੱਜ ਤੋਂ ਪੌਣੇ ਦੋ ਸੌ ਸਾਲ ਪਹਿਲਾਂ ਇਹ ਪਿੰਡ ਮੁਸਲਮਾਨਾਂ* ਤੋ ਖੋਹਿਆ ਸੀ ਤੇ ਅੱਜ ਅਸੀਂ ਓਹਾ ਮੁਸਲਮਾਨਾਂ ਦੇ ਹਵਾਲੇ ਕਰਕੇ ਚਲੇ ਜਾ ਰਹੇ ਸਾਂ। ਜਦ ਅਸੀਂ ਪਿੰਡ ਛੱਡ ਰਹੇ ਸਾਂ, ਓਦੋਂ ਕੁਝ ਮੁਸਲਮਾਨ ਤਾਂ ਖ਼ੁਸ਼ ਹੋ ਰਹੇ ਸਨ, ਪਰ ਬਹੁਤ ਸਾਰੇ ਬੜੇ ਉਦਾਸ ਸਨ। ਸਾਨੂੰ ਉਸ ਵੇਲੇ ਇਹ ਪਤਾ ਨਹੀਂ ਸੀ ਕਿ ਅਸਾਂ ਫੇਰ ਪਿੰਡ ਵਿਚ ਨਹੀਂ ਆਉਣਾ। ਬਹੁਤਿਆਂ ਦਾ ਖ਼ਿਆਲ ਇਹ ਸੀ ਕਿ ਦੋ ਚਾਰ ਦਿਨ ਰੌਲਾ ਹੈ, ਫਿਰ ਅਮਨ ਹੋਏ ਤੋਂ ਸਾਰਿਆਂ ਆਪੋ ਆਪਣੇ ਥਾਈਂ ਵਾਪਸ ਆ ਜਾਣਾ ਹੈ, ਪਰ ਦਿਨੋ ਦਿਨ ਹਾਲਤ ਵਿਗੜਦੀ ਹੀ ਗਈ।

ਮੈਂ ਸਣੇ ਪਰਿਵਾਰ ਦਸ ਦਿਨ ਸੰਗੋਤਰੇ ਰਿਹਾ। ਸ. ਪੂਰਨ ਸਿੰਘ ਜੀ ਨੇ ਵਿੱਤੋਂ ਵੱਧ ਕੇ ਸੇਵਾ ਕੀਤੀ। ਮੈਂ ਉਹਨਾਂ ਦਾ ਸਦਾ ਧੰਨਵਾਦੀ ਰਹਾਂਗਾ। ੨੨ ਅਗਸਤ ਨੂੰ ਬਾਰਸ਼ ਸ਼ੁਰੂ ਹੋ ਗਈ। ਸੰਗੋਤਰਾ ਹਿੰਦੁਸਤਾਨ ਵਿਚ ਆਖ਼ਰੀ ਸਰਹੱਦੀ ਪਿੰਡ ਹੈ। ਪਾਕਿਸਤਾਨ ਵਿਚੋਂ ਆਉਣ ਵਾਲੇ ਬਹੁਤੇ ਏਥੇ ਆਣ ਕੇ ਖਲੋਂਦੇ ਸਨ। ਰਾਤ ਬਾਰਸ਼ ਵਿਚ ਸੈਂਕੜੇ ਲੋਕੀਂ ਬਾਹਰ ਸੱਥ ਵਿਚ ਬੈਠੇ ਸਨ। ਮੈਂ ਵੀ ਸਾਰੀ ਰਾਤ ਮੀਂਹ ਵਿਚ ਕੋਠੇ ਉੱਤੇ ਹੀ ਕੱਟੀ। ਬਾਹਰੋਂ ਮੀਂਹ ਵਿਚੋਂ ਬੱਚਿਆਂ ਦੇ ਰੋਣ ਦੀ ਅਵਾਜ਼ ਆ ਰਹੀ ਸੀ, ਜੋ ਦਿਲ ਹਿਲਾ ਰਹੀ ਸੀ। ਅਗਲੇ ਦਿਨ ਪਿੰਡੋਂ ਬਾਹਰ ਦਸ ਹਜ਼ਾਰ ਉਜੜੇ ਹੋਏ ਭੈੜੇ 'ਤੇ ਪਏ ਹੋਏ ਸਨ। ਪਿੰਡ ਵਾਲਿਆਂ ਬਥੇਰਾ ਉੱਦਮ ਕੀਤਾ, ਪਰ ਉਹਨਾਂ ਸਾਰਿਆਂ ਜੋਗਾ ਆਟਾ ਨਾ ਮਿਲ ਸਕਿਆ। ਦਾਣੇ ਭੁੰਨਣ ਦਾ ਵੀ ਪ੍ਰਬੰਧ ਨਾ ਹੋ ਸਕਿਆ, ਸੋ ਕਈਆਂ ਨੇ ਕੱਚੇ ਛੱਲੇ ਚੱਬ ਕੇ ਗੁਜ਼ਾਰਾ ਕੀਤਾ। ਸ. ਪੂਰਨ ਸਿੰਘ ਦੇ ਘਰ ਭੀਲੋ ਦੇ ਬਹੁਤ ਸਾਰੇ ਆਦਮੀ ਆ ਗਏ, ਜੋ ਦੋ ਦਿਨਾਂ ਦੇ ਭੁੱਖੇ ਸਨ। ਘਰ ਵਿਚ ਜਿੰਨਾ ਆਟਾ ਉਸ ਵੇਲੇ ਸੀ, ਉਹ ਸਾਰਾ ਉਹਨਾਂ ਨੂੰ ਖੁਆਇਆ ਗਿਆ ਤੇ ਅਸੀਂ ਦੋਵੇਂ ਪਰਿਵਾਰ

---

*ਜਦੋਂ ਸ. ਹਰੀ ਸਿੰਘ ਭੰਗੀ ਨੇ ਕਸੂਰ ਫ਼ਤਹਿ ਕੀਤਾ ਸੀ, ਉਸਮਾਨ ਖ਼ਾਂ ਪਠਾਣ ਤੋਂ ਪੰਡਤਾਣੀ ਛੁੜਾ ਕੇ ਉਸ ਦੇ ਪਤੀ ਦੇ ਹਵਾਲੇ ਕੀਤੀ ਸੀ, ਓਦੋਂ ਅੰਮ੍ਰਿਤਸਰ ਨੂੰ ਮੁੜਦਿਆਂ ਹੋਇਆਂ ਇਹ ਪਿੰਡ (ਕਾਦੀਵਿੰਡ) ਉਜਾੜਿਆ ਸੀ। ਇਹ ਸਾਰਾ ਪਿੰਡ ਕਾਜ਼ੀਆਂ ਦਾ ਸੀ। ਸਾਡੇ ਵੱਡੇ ਉਸ ਵੇਲੇ ਸ. ਹਰੀ ਸਿੰਘ ਦੇ ਜੱਥੇ ਨਾਲ ਸਨ, ਜੋ ਓਥੇ ਹੀ ਆਬਾਦ ਹੋ ਗਏ। ਸਾਡਾ ਪੁਰਾਤਨ ਇਲਾਕਾ ਮਾੜੀਆਂ ਪੰਨੂਆਂ ਜ਼ਿਲ੍ਹਾ ਗੁਰਦਾਸਪੁਰ ਹੈ। ਅਕਬਰ ਦੇ ਸਮੇਂ ਸਾਡੇ ਵਡੇਰੇ ਓਥੋਂ ਉਠ ਕੇ ਪਿੰਡ ਜੌੜੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਆਣ ਵੱਸੇ। ਏਥੋਂ ਹੀ ਨਿਕਲ ਕੇ ਨੌਸ਼ਹਿਰਾ ਪੰਨੂਆਂ ਵੱਸਿਆ। ਜੌੜੇ ਵਿੱਚੋਂ ਉਠ ਕੇ ਸਾਡੇ ਬਜ਼ੁਰਗਾਂ ਨੇ—ਉੱਪਰ ਦੱਸੇ ਵਾਂਗ—ਕਾਦੀਵਿੰਡ ਆਣ ਮੱਲਿਆ। ਯਾਦ ਵਜੋਂ ਪਿੰਡ ਦਾ ਨਾਂ ਓਹਾ (ਕਾਦੀਵਿੰਡ) ਹੀ ਰਿਹਾ। ਉਸ ਪੁਰਾਣੇ ਥੇਹ ਤੋਂ ਉਠ ਕੇ ਫਿਰ ਉਦਾਲੇ ਖੇਤਾਂ ਵਿੱਚ ਨਵੇਂ ਪਿੰਡ ਬੰਨ੍ਹ ਲਏ, ਜਿਨ੍ਹਾਂ ਦੇ ਨਾਮ ਕਾਦੀਵਿੰਡ, ਥੱਲਾਂ ਵਾਲਾ, ਵਰਨ, ਤਰਗੇ ਤੇ ਨਥੂਵਾਲਾ ਪੈ ਗਏ। ਇਹ ਪੰਜੇ ਪਿੰਡ ਨਿਰੋਲ ਸਿੱਖਾਂ ਦੀ ਮਾਲਕੀ ਸਨ, ਤੇ ਪੰਜੇ ਹੀ ਪਾਕਿਸਤਾਨ ਵਿੱਚ ਦੇ ਦਿੱਤੇ ਗਏ ਹਨ। ਜਿੱਥੇ ਇਹਨਾਂ ਦੀ ਹੱਦ ਮੁੱਕਦੀ ਹੈ, ਉੱਥੇ ਹਿੰਦੁਸਤਾਨ ਸ਼ੁਰੂ ਹੋ ਜਾਂਦਾ ਹੈ।

(ਮੇਰਾ ਤੇ ਸ. ਪੂਰਨ ਸਿੰਘ ਦਾ) ਰਾਤ ਭੁੱਖੇ ਹੀ ਸੁੱਤੇ। ਅਸਲ ਵਿਚ 'ਸੁੱਤੇ' ਸ਼ਬਦ ਠੀਕ ਨਹੀਂ ਕਿਉਂਕਿ ਬਾਹਰੋਂ ਦਸ ਹਜ਼ਾਰ ਆਦਮੀਆਂ ਵਿਚੋਂ ਸੈਂਕੜਿਆਂ ਦੀਆਂ ਕੂਕਾਂ ਪਾਕਿਸਤਾਨੀ ਜ਼ੁਲਮ ਨੂੰ ਰੋ ਰਹੀਆਂ ਸਨ। ੨੩ ਦੀ ਸਭ ਤੋਂ ਦੁਖਦਾਈ ਘਟਨਾ ਇਹ ਹੈ ਕਿ ਪਿੰਡ 'ਵੀਰਮ' ਦੀ ਬੀਬੀ 'ਬੱਗੋ' ਨੇ ਏਥੇ ਆਣ ਕੇ ਪ੍ਰਾਣ ਤਿਆਗ ਦਿੱਤੇ। ਉਹ ਤਿੰਨਾਂ ਦਿਨਾਂ ਦੀ ਭੁੱਖੀ ਤਿਹਾਈ ਕਾਫ਼ਲੇ ਨਾਲ ਤੁਰੀ ਆਈ; ਏਥੇ ਆਣ ਕੇ ਉਸ ਦੇ ਬਾਲ ਜਨਮਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਹੱਦਬੰਦੀ ਦੇ ਐਲਾਨ ਤੋਂ ਪਿੱਛੋਂ ਦਸਾਂ ਦਿਨਾਂ ਵਿਚ ਬਹੁਤ ਸਾਰੀ ਆਬਾਦੀ ਏਧਰੋਂ ਓਧਰ ਤੇ ਓਧਰੋਂ ਏਧਰ ਆ ਗਈ। ਹੁਣ ਤਸੱਲੀ ਹੋ ਗਈ ਕਿ ਕੋਈ ਫਿਰ ਵੀ ਥੋੜ੍ਹੇ ਕੀਤੇ ਫਿਰ ਆਪਣੇ ਟਿਕਾਣੇ ਨਹੀਂ ਜਾ ਸਕੇਗੀ। ਸੋ ਅਸੀਂ ਵੀ ਸੰਗੋਂਤਰੇ ਤੋਂ ਅਗ੍ਹਾਂ ਦੀ ਤਿਆਰੀ ਕਰ ਲਈ, ਜਿੱਥੇ ਗੁਜ਼ਾਰੇ ਜੋਗੀ ਜ਼ਮੀਨ ਮਿਲ ਸਕੇ। ਇਹਨੀਂ ਦਿਨੀਂ ਮੀਂਹ ਦਾ ਬੜਾ ਜ਼ੋਰ ਸੀ ਤੇ ਚੁਫੇਰੇ ਪਾਣੀ ਹੀ ਪਾਣੀ ਫਿਰਦਾ ਸੀ। ਮੇਰੇ ਪ੍ਰੇਮ-ਸਨੇਹੀ ਸ. ਗੁਰਦਿੱਤ ਸਿੰਘ ਜੀ ਤੇ ਸ. ਚੰਨਣ ਸਿੰਘ ਜੀ ਪਿੰਡ 'ਮੂਸਾ' ਨਿਵਾਸੀ ਆਏ ਤੇ ਮੇਰੇ ਪਰਿਵਾਰ ਨੂੰ ਨਾਲ ਲੈ ਕੇ ਮੂਸੀਂ ਚਲੇ ਗਏ। ਮੀਂਹ ਦੇ ਕਾਰਨ ਇਕ ਰਾਤ ਰਾਹ ਵਿਚ ਕਟ ਕੇ ਉਹ ੩੦ ਅਗਸਤ ਨੂੰ ਮੂਸੀਂ ਪੁੱਜੇ। ਅਗਲੇ ਦਿਨ ੩੧ ਨੂੰ ਮੈਂ ਵੀ ਕੁਝ ਸਾਮਾਨ ਲਦਵਾ ਕੇ ਮੂਸਿਆਂ ਨੂੰ ਤੁਰ ਪਿਆ। ਮੇਰੇ ਕੋਲ ਸਾਈਕਲ ਸੀ, ਜੋ ਹਫ਼ਤੇ ਭਰ ਦਾ ਬਿਲਕੁਲ ਤੰਦਰੁਸਤ ਪਿਆ ਸੀ, ਪਰ ਜਿਉਂ ਹੀ ਮੈਂ ਪਿੰਡੋਂ ਬਾਹਰ ਨਿਕਲਿਆ ਕਿ ਅੱਧ ਮੀਲ 'ਤੇ ਜਾ ਕੇ ਉਹਦੇ ਦੋਹਾਂ ਪਹੀਆਂ 'ਚੋਂ ਫੂਕ ਨਿਕਲ ਗਈ। ਮੁੱਕਦੀ ਗੱਲ, ਸਾਈਕਲ ਸਾਥ ਤੋੜ ਗਿਆ। ਮੈਨੂੰ ਉਸ ਵੇਲੇ ਇਹ ਸ਼ੇਅਰ ਯਾਦ ਆਇਆ—

ਸਿਆਹ ਬਖ਼ਤੀ ਮੇਂ ਕਬ ਕੋਈ ਕਿਸੀ ਕਾ ਸਾਥ ਦੇਤਾ ਹੈ ?
ਕਿ ਤਾਰੀਕੀ ਮੇਂ ਸਾਇਆ ਭੀ ਜੁਦਾ ਹੋਤਾ ਹੈ ਇਨਸਾਂ ਸੇ।

ਸੋ ਸੰਗੋਂਤਰੇ ਤੋਂ ਮੂਸਿਆਂ ਤੱਕ ਮੈਨੂੰ ਸਾਈਕਲ ਰਿਹੜ ਕੇ ਲਿਜਾਣਾ ਪਿਆ। ਉਸ ਦਿਨ ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਵੀਹ ਮੀਲ ਸਫ਼ਰ ਪੈਦਲ ਕੀਤਾ। ਇਕ ਹਫ਼ਤਾ ਅਸੀਂ ਮੂਸੀਂ ਸ. ਗੁਰਦਿਤ ਸਿੰਘ ਜੀ ਦੇ ਘਰ ਰਹੇ। ਉਹਨਾਂ ਬੜੇ ਪ੍ਰੇਮ ਨਾਲ ਸੇਵਾ ਕੀਤੀ।

ਫਿਰ ਛੇ ਸਤੰਬਰ ਨੂੰ ਸ਼ਹਾਬਪੁਰੇ ਚਲੇ ਗਏ ਕਿਉਂਕਿ ਓਥੇ ਮੁਸਲਮਾਨਾਂ ਦੀ ਜ਼ਮੀਨ ਹੈਗੀ ਸੀ। ਸ਼ਹਾਬਪੁਰੇ ਸ. ਉਤਮ ਸਿੰਘ ਜੀ ਨੇ ਸਾਡੀ ਬੜੀ ਮਦਦ ਕੀਤੀ, ਜਿਨ੍ਹਾਂ ਦਾ ਮੈਂ ਸਦਾ ਧੰਨਵਾਦੀ ਰਹਾਂਗਾ। ਓਥੇ ਇਹ ਖ਼ਬਰ ਮਿਲੀ ਕਿ ਤਹਿਸੀਲ ਕਸੂਰ ਵਾਲਿਆਂ ਨੂੰ ਪੱਟੀ ਤਹਿਸੀਲ ਵਿਚ ਜ਼ਮੀਨ ਮਿਲਣੀ ਹੈ। ਮੈਂ ੧੯ ਸਤੰਬਰ ਨੂੰ ਪੱਟੀ ਗਿਆ। ਓਥੇ ਜ਼ਮੀਨ ਵੰਡਣ 'ਤੇ ਮੈਜਿਸਟ੍ਰੇਟ ਸ. ਲਾਲ ਸਿੰਘ ਕੰਗ ਲੱਗਾ ਹੋਇਆ ਸੀ। ਉਸ ਦਾ ਵਰਤਾਉ ਵੇਖ ਕੇ ਮੈਂ ਹੈਰਾਨ ਰਹਿ ਗਿਆ। ਉਸ ਨੂੰ ਉਜੜਿਆਂ ਹੋਇਆਂ ਭਰਾਵਾਂ ਨਾਲ ਅਸਲ ਹਮਦਰਦੀ ਨਹੀਂ ਸੀ। ਉਹ ਹਰ ਪਤਵੰਤੇ ਦੀ ਇੱਜ਼ਤ ਲਾਹੁੰਦਾ ਸੀ ਤੇ ਸਭ ਨੂੰ ਝੱਖਣ ਪੈਂਦਾ ਸੀ। ਮੁੱਕਦੀ ਗੱਲ, ਲਿਖਣਾ ਪਵੇਗਾ ਕਿ ਉਹ ਇਨਸਾਨ ਨਹੀਂ ਸੀ। ਮੈਂ ਇਹ ਵੇਖ ਕੇ ਹੀ ਵਾਪਸ ਆ ਗਿਆ। ਮੈਂ ਤਰਨਤਾਰਨ ਤਹਿਸੀਲਦਾਰ ਨੂੰ ਮਿਲਿਆ ਤਾਂ ਉਸ ਨੇ ਸ਼ਹਾਬਪੁਰੇ ਦੀ ਜ਼ਮੀਨ ਦਾ ਪਰਮਿਟ ਕਟ ਦਿੱਤਾ। ਸ਼ਹਾਬਪੁਰੇ ਵਾਲਿਆਂ ਸੱਜਣਾਂ ਨੇ ਬੜਾ ਪ੍ਰੇਮ ਕੀਤਾ ਤੇ ਹਲ ਪਾ ਕੇ ਪੈਲੀ ਬੀਜ ਦਿੱਤੀ। ਉਹ ਹਰ ਤਰ੍ਹਾਂ ਮੇਰੀ ਮਦਦ ਕਰਨਾ ਚਾਹੁੰਦੇ ਸਨ ਤੇ ਇੱਛਿਆ ਪ੍ਰਗਟ ਕਰਦੇ ਸਨ ਕਿ ਮੈਂ ਓਥੇ ਹੀ ਰਹਾਂ।

ਪਿਛੋਂ ਜਦ ਲਾਇਲਪੁਰ ਤੇ ਮਿੰਟਗੁਮਰੀ ਵਿਚ ਗਏ ਹੋਏ ਜ਼ਿਲ੍ਹਾ ਅੰਮ੍ਰਿਤਸਰ ਦੇ ਵਾਪਸ ਆਏ ਤਾਂ ਇਕ ਹੋਰ ਸੁਆਲ ਉਠ ਖਲੋਤਾ। ਅੰਮ੍ਰਿਤਸਰੀਏ ਛੋਟੇ ਲੀਡਰ ਇਹ ਆਖਣ ਲੱਗ ਪਏ ਕਿ ਅਸਾਂ ਏਥੇ ਇਸੇ ਜ਼ਿਲ੍ਹੇ ਦੇ ਵਾਪਸ ਆਏ ਵਸਾਉਣੇ ਹਨ ਤੇ ਹੋਰ ਕਿਸੇ ਨੂੰ (ਖ਼ਾਸ ਕਰ ਜ਼ਿਲ੍ਹਾ ਲਾਹੌਰ ਨੂੰ) ਨਹੀਂ ਰਹਿਣ ਦੇਣਾ। ਮੇਰਾ ਜ਼ਿਲ੍ਹਾ ਵੀ ਲਾਹੌਰ ਸੀ, ਸੋ ਮੈਨੂੰ ਸ਼ਹਾਬਪੁਰੇ ਵਿਚ ਬੀਜੀ ਬਿਜਾਈ ਜ਼ਮੀਨ ਛੱਡਣੀ ਪਈ। ਮੈਂ ਜ਼ੀਰੇ (ਜ਼ਿਲ੍ਹਾ ਫ਼ੀਰੋਜ਼ਪੁਰ) ਆ ਕੇ ਸ. ਹਰਬੰਸ ਸਿੰਘ ਤਹਿਸੀਲਦਾਰ ਸਾਹਿਬ ਨੂੰ ਮਿਲਿਆ। ਉਹ ਗੜਬੜ ਵਿਚ ਪਿੱਛੋਂ ਕਸੂਰੋਂ ਆਏ ਸਨ। ਉਹ ਬੜੇ ਪ੍ਰੇਮ ਤੇ ਆਦਰ ਨਾਲ ਮਿਲੇ ਤੇ ਜ਼ੀਰੇ ਵਿਚ ਮੇਰੇ ਨਾਮ ਜ਼ਮੀਨ ਅਲਾਟ ਕਰ ਦਿੱਤੀ। ਮੈਂ ੨੪ ਨਵੰਬਰ ਨੂੰ ਸ਼ਹਾਬਪੁਰ ਛੱਡਿਆ ਤੇ ੨੬ ਨੂੰ ਪਢਾਣੇ (ਤਹਿਸੀਲ ਜ਼ੀਰਾ) ਆਪਣੇ ਸੰਬੰਧੀ ਸ: ਦਲਬੀਰ ਸਿੰਘ ਬਹਾਲ ਸਿੰਘ ਦੇ ਘਰ ਪੁੱਜਾ। ਜ਼ਮੀਨ ਥੋੜ੍ਹੀ ਬਹੁਤੀ ਜੀਰੇ ਬੀਜੀ ਤੇ ਸਿਆਲ ਦੇ ਤਿੰਨ ਮਹੀਨੇ ਪਢਾਣੇ ਕੱਟੇ। ਹੁਣ ਜ਼ੀਰੇ ਵਿਚ ਵੱਸੇਂ ਹੈ ਤੇ ਏਥੇ ਬਹਿ ਕੇ ਹੀ ਇਹ ਕਿਤਾਬ ਲਿਖੀ ਹੈ।

ਇਸ ਥੋੜ੍ਹੇ ਜਿਹੇ ਸਮੇਂ ਵਿਚ ਮੈਂ ਬਹੁਤ ਕੁਝ ਵੇਖਿਆ ਹੈ। ਜਿੰਨਾ ਤਜਰਬਾ ਮੈਨੂੰ ਇਹਨਾਂ ਕੁਝ ਮਹੀਨਿਆਂ ਵਿਚ ਹੋਇਆ ਹੈ, ਅੱਗੇ ਵੀਹ ਸਾਲ ਵਿਚ ਨਹੀਂ ਹੋਇਆ। ਔਖਾ ਸਮਾਂ ਬਣੇ 'ਤੇ ਮਿੱਤਰ ਸਾਂਝਾਂ ਤੋੜ ਗਏ ਤੇ ਆਪਣੇ ਬਿਲਕੁਲ ਓਪਰੇ ਬਣ ਗਏ। ਮੈਂ ਵੇਖਿਆ ਸੁਣਿਆ ਹੈ ਕਿ ਸਾਕਾਂ ਨੇ ਉਜੜ ਕੇ ਆਏ ਸਾਕਾਂ ਨੂੰ ਘਰੀਂ ਨਹੀਂ ਵੜਨ ਦਿੱਤਾ। ਜਿਨ੍ਹਾਂ ਉੱਤੇ ਉਮਰ ਭਰ ਸਾਥ ਨਿਭਾਉਣ ਦੀ ਆਸ ਸੀ, ਉਹਨਾਂ ਇਕ ਰਾਤ ਘਰ ਨਹੀਂ ਕੱਟਣ ਦਿੱਤੀ। ਸਹੀ ਗੱਲ ਏ, ਉਜੜ ਕੇ ਆਇਆਂ ਦੀ ਲੋਕਾਂ ਦੀ ਨਜ਼ਰ ਵਿਚ ਇੱਜ਼ਤ ਕੋਈ ਨਹੀਂ ਰਹੀ। ਉਹ ਕੁਰਬਾਨੀ ਦਾ ਬਕਰਾ ਬਣਾਏ ਗਏ ਸਨ, ਪਰ......। ਮੈਂ ਅੰਮ੍ਰਿਤਸਰ, ਜਲੰਧਰ, ਲੁਧਿਆਣੇ, ਪਟਿਆਲੇ ਆਦਿ ਥਾਂਵਾਂ ਉੱਤੇ ਉਹਨਾਂ ਲੋਕਾਂ ਨੂੰ ਸਿਰ ਲੁਕਾਣ ਵਾਸਤੇ ਟਿਕਾਣੇ ਦੀ ਭਾਲ ਵਿਚ ਭਟਕਦਿਆਂ ਵੇਖਿਆ ਹੈ, ਜੋ ਕਦੇ ਕਈਆਂ ਨੂੰ ਟਿਕਾਣਾ ਦੇਣ ਯੋਗ ਸਨ। ਜ਼ਮਾਨਾ ਬਦਲ ਗਿਆ ਹੈ, ਰਾਜ ਤੇ ਦੇਸ਼ ਬਦਲ ਗਿਆ ਹੈ, ਪਰ ਅਜੇ ਤੱਕ ਕੁਝ ਪੁਰਾਣੇ-ਰਾਜ ਕਰਮਚਾਰੀ ਨਹੀਂ ਬਦਲੇ, ਉਹੋ ਹੀ ਹਨ, ਜੋ ਅੰਗਰੇਜ਼ੀ ਸਰਕਾਰ ਨੇ ਬਣਾ ਛੱਡੇ ਸਨ। ਬਦਲੀ ਹੋਈ ਜਨਤਾ ਨਾਲ ਹੁਣ ਇਹਨਾਂ ਨੂੰ ਬਦਲ ਜਾਣਾ ਚਾਹੀਦਾ ਹੈ।

ਜਦ ਤੋਂ ਮੈਂ ਘਰੋਂ ਨਿਕਲਿਆ ਹਾਂ, ਓਦੋਂ ਤੋਂ ਹੀ ਇਸ ਜੁਗ ਗਰਦੀ ਦਾ ਇਤਿਹਾਸ ਲਿਖਣ ਦੇ ਵਿਚਾਰ ਮੇਰੇ ਦਿਲ ਵਿਚ ਪੈਦਾ ਹੋਏ। ਸੋ ਓਸੇ ਦਿਨ ਤੋਂ ਮੈਂ ਇਲਾਕੇ-ਇਲਾਕੇ ਦੇ ਸੱਜਣਾਂ ਨੂੰ ਮਿਲ ਕੇ ਹਾਲ ਲਿਖਦਾ ਰਿਹਾ। ਵੱਖੋ-ਵੱਖਰੇ ਬਿਆਨਾਂ ਨੂੰ ਤਰਤੀਬ ਦੇ ਕੇ ਉਹੋ ਹਾਲ ਕਿਤਾਬ ਦੀ ਸ਼ਕਲ ਵਿਚ ਪੇਸ਼ ਕਰ ਰਿਹਾ ਹਾਂ। ਜਿਨ੍ਹਾਂ ਸੱਜਣਾਂ ਨੇ ਹਾਲ ਲਿਖਵਾਏ ਹਨ ਜਾਂ ਲਿਖ ਕੇ ਦਿੱਤੇ ਹਨ, ਮੈਂ ਉਹਨਾਂ ਸਾਰਿਆਂ ਦਾ ਅਤੀ ਧੰਨਵਾਦੀ ਹਾਂ।

ਇਕ ਇਤਿਹਾਸਕਾਰ ਹੁੰਦਿਆਂ ਹੋਇਆਂ, ਜੋ ਕੁਝ ਮੈਂ ਵੇਖਿਆ ਸੁਣਿਆ ਹੈ ਤੇ ਜਿਸ ਨੂੰ ਮੈਂ ਸੱਚਾ ਸਮਝਿਆ ਹੈ, ਉਹ ਕਲਮ ਦੇ ਹਵਾਲੇ ਕਰ ਦਿੱਤਾ ਹੈ। ਆਪਣੇ ਵੱਲੋਂ ਮੈਂ ਉਸ ਵਿਚ ਕੋਈ ਵਧਾਅ ਘਟਾਅ ਨਹੀਂ ਕੀਤਾ। ਆਸ ਹੈ, ਮੇਰੀ ਇਹ ਮਿਹਨਤ, ਆਉਣ ਵਾਲੀ ਜਨਤਾ ਨੂੰ, ਇਸ ਮਿਲੀ ਅਜ਼ਾਦੀ ਦੀ ਠੀਕ-ਠੀਕ ਤਸਵੀਰ ਵਿਖਾ ਸਕੇਗੀ।

ਜ਼ੀਰਾ, ਜ਼ਿਲ੍ਹਾ ਫ਼ੀਰੋਜ਼ਪੁਰ

੧੫ ਮਈ, ੧੯੪੯ — ਗਿਆਨੀ ਸੋਹਣ ਸਿੰਘ 'ਸ਼ੀਤਲ'

www.archive.org/details/namdhari

੧ੴ ਸਤਿਗੁਰ ਪ੍ਰਸਾਦਿ ॥

ਪਹਿਲਾ ਕਾਂਡ

ਕਾਂਗਰਸ

੧੮੮੫ ਈ. ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਨੀਂਹ ਰੱਖੀ ਗਈ। ਪਹਿਲਾ ਜਲਸਾ ਬੰਬਈ ਵਿਚ ਓਮੇਸ਼ ਚੰਦਰ ਬੈਨਰਜੀ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿਚ ਹਿੰਦ ਦੇ ਚਾਲੂ ਕਾਨੂੰਨ ਵਿਚ ਮਾਮੂਲੀ ਸੁਧਾਰ ਕਰਨ ਦੀ ਮੰਗ ਕੀਤੀ ਗਈ। ਪਹਿਲਾਂ-ਪਹਿਲਾਂ ਕਾਂਗਰਸ, ਅੱਧ-ਸਰਕਾਰੀ ਜਥੇਬੰਦੀ ਸਮਝੀ ਜਾਂਦੀ ਸੀ। ਫਿਰ ਉਸ ਨੇ ਸਹਿਜ-ਸਹਿਜ ਸਰਕਾਰ ਹਿੰਦ ਦੇ ਕਾਨੂੰਨਾਂ 'ਤੇ ਨੁਕਤਾਚੀਨੀ ਆਰੰਭ ਦਿੱਤੀ ਤੇ ਕਿਤੇ-ਕਿਤੇ ਨਰਮ ਤੇ ਸੁਖਾਵੀਂ ਬੋਲੀ ਵਿਚ ਵਿਰੋਧਤਾ ਵੀ ਕਰਨ ਲੱਗ ਪਈ। ਜਿਉਂ-ਜਿਉਂ ਉਹ ਅੰਗਰੇਜ਼ ਸਰਕਾਰ ਤੋਂ ਦੂਰ ਹੁੰਦੀ ਗਈ, ਤਿਉਂ-ਤਿਉਂ ਗ਼ਰੀਬ ਜਨਤਾ ਉਸ ਵੱਲ ਝੁਕਦੀ ਗਈ। ੧੯੦੫ ਈ. ਵਿਚ ਕਾਂਗਰਸ ਨੇ ਬਦੇਸ਼ੀ ਮਾਲ ਦੇ ਤਿਆਗ (ਬਾਈਕਾਟ) ਦਾ ਕੰਮ ਆਰੰਭ ਦਿੱਤਾ। ਗ਼ਰੀਬ ਜਨਤਾ ਨੇ ਇਸ ਲਹਿਰ ਨੂੰ ਚੋਖਾ ਅਪਣਾਇਆ।

ਮੁਸਲਮ ਲੀਗ

ਅੰਗਰੇਜ਼ ਕਰਮਚਾਰੀ ਤਾੜ ਗਏ ਕਿ ਕਾਂਗਰਸ ਅਗ੍ਹਾਂ ਕਿਸ ਪਾਸੇ ਵਧਣ ਵਾਲੀ ਹੈ। ਉਹ ਇਕ ਅਜੇਹੇ ਹਥਿਆਰ ਦੀ ਲੋੜ ਅਨੁਭਵ ਕਰਨ ਲੱਗੇ, ਜਿਸ ਨੂੰ ਉਹ ਕਾਂਗਰਸ ਦੇ ਰਾਹ ਵਿਚ ਰੁਕਾਵਟ ਪਾਉਣ ਵਾਸਤੇ ਵਰਤ ਸਕਣ। ਇਸ ਕੰਮ ਵਾਸਤੇ, ਸਾਰੇ ਹਿੰਦ ਵਿਚੋਂ, ਅੰਗਰੇਜ਼ ਨੇ ਮੁਸਲਮਾਨ ਨੂੰ ਚੁਣਿਆ। ਸੋ ਢਾਕੇ ਵਿਚ ੧੯੦੬ ਈ. ਨੂੰ ਆਲ ਇੰਡੀਆ ਮੁਸਲਮ ਲੀਗ (All India Muslim League) ਦੀ ਨੀਂਹ ਰੱਖੀ ਗਈ। ਪਹਿਲੇ ਜਲਸੇ ਵਿਚ ਹੀ ਮੁਸਲਮ ਲੀਗ ਨੇ ਮਜ਼੍ਹਬ ਦੇ ਨਾਂ ਉੱਤੇ ਵੱਖਰੀਆਂ ਚੋਣਾਂ ਤੇ ਵੱਖਰੇ ਹੱਕਾਂ ਦੀ ਮੰਗ ਕੀਤੀ। ਮੁਸਲਮ ਲੀਗ ਦਾ ਦੂਜਾ ਜਲਸਾ ੧੯੦੭ ਈ. ਵਿਚ ਕਰਾਚੀ ਅੰਦਰ ਹੋਇਆ, ਜਿਸ ਵਿਚ ਉਸ ਨੇ ਪਾਸ ਕੀਤਾ ਕਿ ਵਾਇਸਰਾਏ ਹਿੰਦ ਕੋਲ ਇਕ ਡੈਪੂਟੇਸ਼ਨ ਘਲਿਆ ਜਾਵੇ, ਜੋ ਮੁਸਲਮਾਨਾਂ ਵਾਸਤੇ ਹਿੰਦੁਸਤਾਨ ਵਿਚ ਵੱਖਰੇ ਹੱਕ ਤੇ ਵੱਖਰੀਆਂ ਚੋਣਾਂ ਦੀ ਮੰਗ ਕਰੇ। ਇਹ ਡੈਪੂਟੇਸ਼ਨ ਲਾਰਡ ਮਿੰਟੋ

ਮਿੰਟੋ-ਮਾਰਲੇ ਸਕੀਮ

(Minto) ਨੂੰ ਮਿਲਿਆ। ਸਾਰੀ ਗੱਲ ਪਹਿਲਾਂ ਹੀ ਗਿਣੀ ਮਿਥੀ ਹੋਈ ਸੀ, ਸੋ ਲਾਰਡ ਮਿੰਟੋ—ਵਾਇਸਰਾਏ ਹਿੰਦ—ਨੇ ਮੁਸਲਮਾਨਾਂ ਦੀਆਂ ਵੱਖਰੀਆਂ ਚੋਣਾਂ ਤੇ ਵੱਖਰੇ ਹੱਕਾਂ ਦੀ ਮੰਗ ਮੰਨ ਲਈ। ੧੯੦੯ ਨੂੰ ਮਿੰਟੋ-ਮਾਰਲੇ ਰੀਫ਼ਾਰਮਜ਼ (Minto-Morley Reforms) ਵਿਚ ਮਜ਼੍ਹਬ

Sri Satguru Jagjit Singh Ji eLibrary NamdhariElibrary@gmail.com

ਦੇ ਨਾਂ ਉੱਤੇ ਮੁਸਲਮਾਨਾਂ ਨੂੰ ਵੱਖਰੀਆਂ ਚੋਣਾਂ ਰਾਹੀਂ ਲੋੜ ਤੋਂ ਵੱਧ ਹੱਕ ਦਿੱਤੇ ਗਏ। ਕਾਂਗਰਸ ਨੇ ਇਸ ਦੀ ਡਟ ਕੇ ਵਿਰੋਧਤਾ ਕੀਤੀ।

ਲਾਰਡ ਮਿੰਟੋ ਦੀ ਪਤਨੀ ਨੇ ਓਦੋਂ ਵਲਾਇਤ ਨੂੰ ਇਕ ਚਿੱਠੀ ਵਿਚ ਲਿਖਿਆ ਸੀ ਕਿ ਮੁਸਲਮਾਨਾਂ ਕੋਲੋਂ ਮਜ਼੍ਹਬ ਦੇ ਨਾਂ ਉੱਤੇ ਵੱਖਰੇ ਹੱਕਾਂ ਦੀ ਮੰਗ ਕਰਵਾ ਕੇ ਅਸਾਂ ਹਿੰਦ ਦੀ ਆਜ਼ਾਦੀ ਨੂੰ ਚਾਲੀ ਸਾਲ ਪਿੱਛੇ ਪਾ ਦਿੱਤਾ ਹੈ।

ਪਹਿਲੀ ਯੂਰਪ ਜੰਗ

੧੯੧੪ ਈ. ਵਿਚ ਪਹਿਲੀ ਯੂਰਪ ਜੰਗ ਲੱਗ ਪਈ। ਕਾਂਗਰਸ ਨੇ ਅੰਗਰੇਜ਼ ਦੀ ਮਦਦ ਤੇ ਵਫ਼ਾਦਾਰੀ ਦਾ ਮਤਾ ਪਾਸ ਕੀਤਾ। ਕਾਂਗਰਸ ਨੂੰ ਆਸ ਸੀ ਕਿ ਇਸ ਸਹਾਇਤਾ ਦੇ ਬਦਲੇ ਅੰਗਰੇਜ਼ ਜੰਗ ਪਿੱਛੋਂ ਹਿੰਦੁਸਤਾਨ ਨੂੰ ਕੁਝ ਹੱਕ ਦੇਵੇਗਾ। ਇਸ ਵੇਲੇ ਮੁਸਲਮਾਨ 'ਬੱਲੀ ਦਾ ਮਾਲ' ਬਣ ਗਏ ਸਨ। ਕਾਂਗਰਸ ਨੂੰ ਵੀ ਉਹਨਾਂ ਦੇ ਮਨਾਉਣ ਦਾ ਫ਼ਿਕਰ ਬਣਿਆ। ੧੯੧੬ ਈ. ਨੂੰ ਕਾਂਗਰਸ ਤੇ ਮੁਸਲਮ ਲੀਗ ਵਿਚ ਸਮਝੌਤਾ ਹੋਇਆ, ਜਿਸ ਨੂੰ 'ਲਖਨਊ ਪੈਕਟ' ਆਖਦੇ ਹਨ। ਇਸ ਰਾਹੀਂ ਕਾਂਗਰਸ ਨੇ ਮੁਸਲਮਾਨਾਂ ਦੇ ਵੱਖਰੇ ਹੱਕ ਮੰਨ ਲਏ। ਅੰਗਰੇਜ਼ ਦੇ ਮਨ ਦੀ ਮੁਰਾਦ ਪੂਰੀ ਹੋ ਗਈ। ਮੁਸਲਮਾਨ ਇਸ ਦਿਨ ਦੇ ਵੱਖਰੇ ਹੋਏ, ਵੱਖਰੇ ਹੀ ਹੁੰਦੇ ਗਏ।

ਲਖਨਊ ਪੈਕਟ

੧੯੧੮ ਈ. ਨੂੰ ਬੰਬਈ ਇਜਲਾਸ ਵਿਚ ਕਾਂਗਰਸ ਨੇ ਹਕੂਮਤ ਨੌਆਬਾਦੀਅਤ ਦੀ ਮੰਗ ਕੀਤੀ; ਜਿਸ ਨੂੰ ਇਸੇ ਸਾਲ ਦਿੱਲੀ ਇਜਲਾਸ ਵਿਚ ਫਿਰ ਦੁਹਰਾਇਆ ਗਿਆ ਤੇ ਨਾਲ ਹੀ ਸੂਬਿਆਂ ਵਿਚ ਜ਼ੁੰਮੇਵਾਰ ਹਕੂਮਤਾਂ ਬਣਾਉਣ ਦੀ ਮੰਗ ਕੀਤੀ। ਯੂਰਪ-ਜੰਗ ਖ਼ਤਮ ਹੋ ਚੁੱਕੀ ਸੀ। ਕਾਂਗਰਸ ਖ਼ੁਸ਼ ਸੀ ਕਿ ਅੰਗਰੇਜ਼ ਜਿੱਤ ਗਿਆ ਹੈ ਤੇ ਇਸ ਜਿੱਤ ਦੀ ਖ਼ੁਸ਼ੀ ਵਿਚ ਉਹ ਖੁੱਲ੍ਹੇ ਦਿਲ ਹਿੰਦੁਸਤਾਨ ਨੂੰ ਮੂੰਹ ਮੰਗੇ ਹੱਕ ਦੇਵੇਗਾ, ਪਰ ਉਹਨੇ ਦਿੱਤਾ ਕੀ ? ਰੌਲਟ ਐਕਟ (Rowlatt Act)।

ਜਲਿਆਂਵਾਲਾ ਬਾਗ਼

ਕਾਂਗਰਸ ਨੇ ਇਸ ਦੀ ਵਿਰੋਧਤਾ ਕੀਤੀ। ੬ ਅਪ੍ਰੈਲ ਨੂੰ ਰੌਲਟ ਐਕਟ ਦੇ ਵਿਰੁੱਧ ਸਾਰੇ ਮੁਲਕ ਵਿਚ ਹੜਤਾਲ ਹੋਈ। ਗਾਂਧੀ ਜੀ ਨੇ ਸਤਿਆਗ੍ਰਹਿ ਦੀ ਧਮਕੀ ਦਿੱਤੀ ਤਾਂ ਉਹਨਾਂ ਨੂੰ ੧੦ ਅਪ੍ਰੈਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗੱਲੋਂ ਸਾਰੇ ਮੁਲਕ ਵਿਚ ਰੋਸ ਵੱਧ ਗਿਆ। ਆਪਣੇ ਦਿਲ ਦੀ ਹਵਾੜ੍ਹ ਕੱਢਣ ਵਾਸਤੇ ਹਜ਼ਾਰਾਂ ਬੰਦੇ ਅੰਮ੍ਰਿਤਸਰ ਜਲਿਆਂਵਾਲੇ ਬਾਗ਼ ਵਿਚ ਇਕੱਠੇ ਹੋਏ, ਜਿਨ੍ਹਾਂ ਉੱਤੇ ਅੰਗਰੇਜ਼ ਸਰਕਾਰ ਵੱਲੋਂ (੧੩ ਅਪ੍ਰੈਲ ਨੂੰ) ਸੈਂਕੜੇ ਨਿਰਦੋਸ਼ ਆਦਮੀ ਮਾਰੇ ਗਏ। ਸੈਂਕੜੇ ਨਿਰਦੋਸ਼ ਆਦਮੀ ਮਾਰੇ ਗਏ। ਸਾਰੇ ਦੇਸ਼ ਵਿਚ ਹਾਹਾਕਾਰ ਮੱਚ ਗਈ। ਕਸੂਰ ਤੇ ਗੁਜਰਾਂਵਾਲੇ ਵਿਚ ਵੀ ਲੋਕਾਂ ਦਾ ਜੋਸ਼ ਦਬਾਉਣ ਬਦਲੇ ਬੜੇ ਜ਼ੁਲਮ ਕੀਤੇ ਗਏ। ਸਾਰੇ ਪੰਜਾਬ ਵਿਚ ਮਾਰਸ਼ਲ-ਲਾਅ ਲਾਗੂ ਕਰ ਦਿੱਤਾ ਗਿਆ।

ਬਾਈਕਾਟ

੧੯੨੦ ਈ. ਨੂੰ ਕਲਕੱਤੇ ਵਿਚ ਕਾਂਗਰਸ ਨੇ ਨਾ-ਮਿਲ-ਵਰਤਨ ਦਾ ਮਤਾ ਪਾਸ ਕੀਤਾ। ਨਾ-ਮਿਲਵਰਤਨ ਤੇ ਬਦੇਸ਼ੀ ਮਾਲ ਦੇ ਤਿਆਗ (ਬਾਈਕਾਟ) ਦੀ ਲਹਿਰ ਸਾਰੇ ਦੇਸ਼ ਵਿਚ ਚਲਾਈ ਗਈ, ਜੋ ਬੜੀ ਸਫਲ ਸਾਬਤ ਹੋਈ। ੧੯੨੦ ਈ. ਦੇ ਨਾਗਪੁਰ ਇਜਲਾਸ ਵਿਚ ਕਾਂਗਰਸ ਨੇ ਪੰਦਰਾਂ ਆਦਮੀਆਂ ਦੀ ਵਰਕਿੰਗ ਕਮੇਟੀ ਚੁਣ ਕੇ, ਬਹੁਤ ਸਾਰਾ ਕੰਮ ਉਸ ਦੇ ਹਵਾਲੇ ਕਰ ਦਿੱਤਾ। ੧੯੨੧ ਈ. ਵਿਚ ਪ੍ਰਿੰਸ ਆਫ਼ ਵੇਲਜ਼ ਦਾ ਬਾਈਕਾਟ ਕੀਤਾ ਗਿਆ ਤੇ ਲੱਗਪੱਗ ਚਾਲੀ ਹਜ਼ਾਰ ਬੰਦੇ ਜੇਲ੍ਹ ਵਿਚ ਗਏ। ਇਸ ਸਾਲ ਪਹਿਲੇ ਪਹਿਲ ਕਾਂਗਰਸ ਨੇ ਸਿਵਲ ਨਾਫ਼ੁਰਮਾਨੀ ਕੀਤੀ ਤੇ ਮਹਾਤਮਾ ਗਾਂਧੀ ਜੀ ਨੂੰ ਪੂਰਨ ਲੀਡਰ ਮੰਨਿਆ। ੧੯੨੬ ਈ. ਨੂੰ ਸਰਕਾਰ ਹਿੰਦ ਨੇ ਸਾਈਮਨ ਕਮਿਸ਼ਨ ਦਾ ਐਲਾਨ ਕੀਤਾ। ੩ ਫ਼ਰਵਰੀ ੧੯੨੭ ਈ. ਨੂੰ ਸਾਈਮਨ ਕਮਿਸ਼ਨ ਬੰਬਈ ਪੁੱਜਾ। ਕਾਂਗਰਸ ਨੇ ਉਸ ਦਾ ਬਾਈਕਾਟ ਕੀਤਾ ਤੇ ਸਾਰੇ ਮੁਲਕ ਵਿਚ ਹੜਤਾਲ ਕਰਾਈ।

ਸਾਈਮਨ ਕਮਿਸ਼ਨ

ਪੰਡਤ ਮੋਤੀ ਲਾਲ ਨਹਿਰੂ ਨੇ ਨਵੀਂ ਰਾਜ-ਬਣਤਰ ਦੀ ਰਿਪੋਰਟ ਤਿਆਰ ਕੀਤੀ। ੧੯੨੮ ਈ. ਦੇ ਕਲਕੱਤਾ-ਇਜਲਾਸ ਵਿਚ ਕਾਂਗਰਸ ਨੇ ਮੰਗ ਕੀਤੀ ਕਿ ਇਕ ਸਾਲ ਦੇ ਅੰਦਰ ਨਹਿਰੂ ਰੀਪੋਰਟ ਅਨੁਸਾਰ ਹਿੰਦੁਸਤਾਨ ਨੂੰ ਦਰਜਾ ਨੌ-ਆਬਾਦੀ ਦਿੱਤਾ ਜਾਵੇ, ਨਹੀਂ ਤਾਂ ਅਦਮ-ਤਸ਼ੱਦਦ (ਸ਼ਾਂਤੀ) ਰੱਖਦਿਆਂ ਹੋਇਆਂ ਨਾ-ਮਿਲਵਰਤਨ ਦੀ ਲਹਿਰ ਚਲਾਈ ਜਾਵੇਗੀ।

ਨਹਿਰੂ ਰਿਪੋਰਟ

ਸਾਲ ਭਰ ਪੂਰਨ ਸਵਰਾਜ ਦਾ ਪ੍ਰਚਾਰ ਕੀਤਾ ਗਿਆ। ੧੯੨੯ ਈ. ਨੂੰ ਦਸੰਬਰ ਦੇ ਅਖ਼ੀਰ ਵਿਚ ਕਾਂਗਰਸ ਦਾ ਇਜਲਾਸ ਲਾਹੌਰ ਹੋਇਆ। ਪਿੱਛਲੇ ਸਾਲ ਦੇ ਐਲਾਨ ਅਨੁਸਾਰ ਦਸੰਬਰ ੩੧ ਤੇ ੧ ਜਨਵਰੀ (੧੯੩੦) ਦੀ ਵਿਚਲੀ ਰਾਤ ਦੇ ਬਾਰਾਂ ਵਜ ਕੇ ਪੰਜ ਮਿੰਟ ਉੱਤੇ ਕਾਂਗਰਸ ਨੇ ਪੂਰਨ ਸਵਰਾਜ ਦੀ ਮੰਗ ਦਾ ਐਲਾਨ ਕਰ ਦਿੱਤਾ। 2 ਜਨਵਰੀ ੧੯੩੦ ਈ. ਨੂੰ ਆਜ਼ਾਦੀ ਦਾ ਦਿਨ ਮਨਾਉਣ ਦਾ ਐਲਾਨ ਕੀਤਾ ਗਿਆ। ੬ ਅਪ੍ਰੈਲ ਨੂੰ ਸਿਵਲ ਨਾ ਫ਼ੁਰਮਾਨੀ ਸ਼ੁਰੂ ਹੋਈ ਤੇ ਲੂਣ ਦਾ ਕਾਨੂੰਨ ਤੋੜਿਆ ਗਿਆ। ਥਾਂ-ਥਾਂ ਪਿਕਟਿੰਗ ਲਗਾਈ ਗਈ। ਸਰਕਾਰ ਵੱਲੋਂ ਕਾਂਗਰਸੀਆਂ ਉੱਤੇ ਮਨ ਮੰਨੇ ਅੱਤਿਆਚਾਰ ਕੀਤੇ ਗਏ। ਡਾਂਗਾਂ ਮਾਰੀਆਂ ਗਈਆਂ, ਗ੍ਰਿਫ਼ਤਾਰੀਆਂ ਹੋਈਆਂ ਤੇ ਕਈ ਗੋਲੀ ਦਾ ਸ਼ਿਕਾਰ ਬਣੇ। ਇਸ ਸਾਲ ਲਗਪਗ ੧੧੫ ਗੋਲੀ ਨਾਲ ਮਰੇ ਤੇ ਇਕ ਲੱਖ ਤੋਂ ਵੱਧ ਜੇਲ੍ਹ ਵਿਚ ਗਏ। ਇਸ ਲਹਿਰ ਨੇ ਸਾਰੇ ਦੇਸ਼ ਵਿਚ ਕਾਂਗਰਸ ਦਾ ਵਕਾਰ ਬਣਾ ਦਿੱਤਾ।

ਸਵਰਾਜ ਦੀ ਮੰਗ

ਤ੍ਰਿੰਨ-ਰੰਗਾ ਝੰਡਾ

੧੯੩੧ ਈ. ਨੂੰ ਕਾਂਗਰਸ ਨੇ ਤਿੰਨ-ਰੰਗਾ (ਕੇਸਰੀ, ਚਿੱਟਾ ਤੇ ਹਰਾ) ਝੰਡਾ ਬਣਾਇਆ, ਜਿਸ ਦਾ ਭਾਵ ਤਿੰਨੇ ਰੰਗ ਤਿੰਨਾਂ ਕੌਮਾਂ ਦੇ ਮੰਨੇ ਗਏ—ਕੇਸਰੀ ਸਿੱਖਾਂ ਦਾ, ਸਫ਼ੈਦ ਹਿੰਦੂਆਂ ਦਾ ਤੇ

ਜੀ ਦੇ ਸਿਧਾਂਤ (ਸਵਦੇਸ਼ੀ ਤੇ ਅਦਮ-ਤਸ਼ੱਦਦ-ਸ਼ਾਂਤੀ) ਦਾ ਸੂਚਕ ਸੀ। ਚਰਖ਼ੇ ਦੀ ਥਾਂ ਚੱਕਰ ਦਾ ਚਿੰਨ੍ਹ ਰੱਖ ਕੇ, ਓਸੇ ਝੰਡੇ ਨੂੰ ਹੁਣ ਆਜ਼ਾਦ ਹਿੰਦੁਸਤਾਨ ਦਾ ਰਾਜਸੀ ਝੰਡਾ ਬਣਾਇਆ ਗਿਆ ਹੈ।

ਲੂਣ ਸਤਿਆਗ੍ਰਹਿ ਨੇ ਕਾਂਗਰਸ ਦੀ ਤਾਕਤ ਬੜੀ ਵਧਾ ਦਿੱਤੀ। ਅੰਗਰੇਜ਼ ਇਸ ਤੋਂ ਏਨੇ ਘਬਰਾਏ ਕਿ ਉਹਨਾਂ ਨੂੰ ਮੁਸਲਮ ਲੀਗ ਨੂੰ ਵਧੇਰੇ ਚੁੱਕਣ ਦੀ ਲੋੜ ਪ੍ਰਤੀਤ ਹੋਣ ਲੱਗੀ। ਮੁਸਲਮ ਲੀਗ ਦੇ ਜ਼ਹਿਰੀਲੇ ਪ੍ਰਚਾਰ ਨੇ ਬਹੁਤ ਸਾਰੇ ਮੁਸਲਮਾਨਾਂ ਦੇ ਦਿਲ ਹਿੰਦੂਆਂ ਤੋਂ ਦੂਰ ਕਰ ਦਿੱਤੇ। ਐਥੋਂ ਤੱਕ ਕਿ ਵਤਨ ਦੇ ਗੀਤ ਗਾਉਣ ਵਾਲਾ ਡਾਕਟਰ 'ਇਕਬਾਲ' ਵੀ ਵਤਨ ਦੇ ਟੁੱਕੜੇ ਕਰਨ ਲਈ ਤਿਆਰ ਹੋ ਗਿਆ। ਕਦੇ ਉਹ ਦਿਨ ਸਨ, ਜਦ 'ਇਕਬਾਲ' ਕਹਿੰਦਾ ਸੀ :

ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ
ਹਿੰਦੀ ਹੈਂ ਹਮ ਵਤਨ ਹੈ ਹਿੰਦੋਸਤਾਂ ਹਮਾਰਾ

ਤੇ ਇਕ ਦਿਨ ਉਹ ਵੀ ਆ ਗਿਆ, ਜਾਂ ਓਹਾ 'ਇਕਬਾਲ' ਆਖਣ ਲੱਗ ਪਿਆ :

ਇਨ ਤਾਜ਼ਾ ਖ਼ੁਦਾਓਂ ਮੇਂ ਬੜਾ ਸਬ ਸੇ ਵਤਨ ਹੈ
ਜੋ ਪੈਰ ਹੈ ਉਸ ਕਾ ਹੈ ਵੁਹ ਮਜ਼ਹਬ ਕਾ ਕਫ਼ਨ ਹੈ

ਏਹਾ ਭੱਦਰ ਪੁਰਸ਼ ਇਕ ਥਾਂ ਹੋਰ ਆਖਦਾ ਹੈ : "ਇਸਲਾਮ ਵਤਨੀਅਤ ਕਾ ਪਾਬੰਦ ਨਹੀਂ, ਇਸ ਲੀਏ ਉਸੇ ਇਤਿਹਾਦਿ-ਵਤਨ ਕੀ ਨਿਸਬਤ ਮੁਸਲਮਾਨ ਕੇ ਹਕੂਕ ਜ਼ਿਆਦਾ ਅਜ਼ੀਜ਼ ਹੈਂ।......ਹਿੰਦੁਸਤਾਨ ਮੇਂ ਯੂਰਪੀਅਨ ਅਸੂਲੋਂ ਕੇ ਮੁਤਾਬਕ ਜਮਹੂਰੀਅਤ ਕੀ ਤਸ਼ਕੀਲ ਨਹੀਂ ਹੋ ਸਕਤੀ, ਜਬ ਤਕ ਯਹਾਂ ਮੁਖ਼ਤਲਿਫ਼ ਫ਼ਿਰਕੋਂ ਕੀ ਜੁਦਾਗਾਨਾ ਹਸਤੀ ਕੋ ਤਸਲੀਮ ਨਾ ਕਰ ਲੀਆ ਜਾਏ। ਲਿਹਾਜ਼ਾ ਮੁਸਲਮਾਨੋਂ ਕਾ ਯਿਹ ਮੁਕਾਬਲਾ ਬਿਲਕੁਲ ਹੱਕ ਬਜਾਨਬ ਹੈ ਕਿ ਹਿੰਦੁਸਤਾਨ ਕੇ ਅੰਦਰ ਏਕ ਇਸਲਾਮੀ ਹਿੰਦ ਕੋ ਵਜੂਦ ਮੇਂ ਲਾਇਆ ਜਾਏ।......ਮੇਰੀ ਆਰਜ਼ੂ ਯਿਹ ਹੈ ਕਿ ਪੰਜਾਬ, ਸੂਬਾ ਸਰਹੱਦ, ਸਿੰਧ ਵਾ ਬਲੋਚਸਤਾਨ ਕੋ ਮਿਲਾ ਕਰ ਏਕ ਇਸਲਾਮੀ ਰਿਆਸਤ ਕਾਇਮ ਕੀ ਜਾਏ।"

ਇਸ ਢੰਗ ਦੀ ਮੁਸਲਮ ਰਿਆਸਤ ਦਾ ਢੰਗ ਡਾਕਟਰ ਇਕਬਾਲ ਨੇ ੧੯੩੦ ਈ. ਵਿਚ ਮੁਸਲਮ ਲੀਗ ਦੇ ਸਾਹਮਣੇ ਰੱਖੀ ਸੀ, ਜੋ ਲੀਗ ਨੇ ਪ੍ਰਵਾਨ ਨਾ ਕੀਤੀ, ਪਰ ਪਿੱਛੋਂ ੧੯੪੦ ਈ. ਨੂੰ ਲੀਗ ਨੇ ਪਾਕਿਸਤਾਨ ਦਾ ਮਤਾ ਖੁੱਲ੍ਹੇ ਇਜਲਾਸ ਵਿਚ ਪਾਸ ਕਰ ਦਿੱਤਾ।

੧੯੩੫ ਦੀ ਰਾਜ-ਬਣਤਰ

ਸਰਕਾਰ ਹਿੰਦ ਨੇ ੧੯੩੫ ਈ. ਦੇ ਕਾਨੂੰਨ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਦੇ ਵੱਖਰੇ ਵੱਖਰੇ ਹੱਕ ਮੰਨ ਕੇ ਸੂਬਿਆਂ ਦੀਆਂ ਅਸੈਂਬਲੀਆਂ ਵਿਚ ਮੈਂਬਰੀਆਂ ਦੀ ਗਿਣਤੀ ਪੱਕੀ ਕਰ ਦਿੱਤੀ।

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ ਦੀ ਮੰਗ ਪੂਰੀ ਹੋ ਗਈ। ਬੰਗਾਲ, ਪੰਜਾਬ, ਸਿੰਧ, ਬਲੋਚਸਤਾਨ ਤੇ ਸੂਬਾ ਸਰਹੱਦ ਵਿਚ ਮੁਸਲਮਾਨ ਨੂੰ ਕਾਨੂੰਨ ਅਨੁਸਾਰ ਬਹੁ ਗਿਣਤੀ ਦੇ ਦਿੱਤੀ ਗਈ। ਬਾਕੀ ਸੂਬਿਆਂ ਵਿਚ ਤੇ ਸਮੁੱਚੇ ਹਿੰਦੁਸਤਾਨ ਵਿਚ ਹਿੰਦੂ ਦੀ ਬਹੁਗਿਣਤੀ ਮੰਨ ਲਈ ਗਈ। ਨਾਲ ਹੀ ਇਸ ਕਾਨੂੰਨ ਵਿਚ ਸਿੱਖ ਕੌਮ ਦੀ ਤਬਾਹੀ ਦਾ ਮੁੱਢ ਵੀ ਬੰਨ੍ਹ ਦਿੱਤਾ ਗਿਆ। ਇਹ ਸਭ ਕੁਝ ਮਜ਼੍ਹਬ ਤੇ ਫ਼ਿਰਕਾਦਾਰੀ ਦੇ ਨਾਂ ਉੱਤੇ ਕੀਤਾ ਗਿਆ ਸੀ, ਪਰ ਕਾਂਗਰਸ ਇਹ ਕਾਨੂੰਨ ਮੰਨਣ ਤੋਂ ਨਾਂਹ ਨਾ ਕਰ ਸਕੀ ਕਿਉਂਕਿ 'ਲਖਨਊ ਪੈਕਟ' ਤੇ 'ਨਹਿਰੂ ਰੀਪੋਰਟ' ਵਿਚ ਉਹ ਇਸ ਅਸੂਲ ਨੂੰ ਵਿੰਗੀ ਟੇਢੀ ਬੋਲੀ ਵਿਚ ਮੰਨ ਚੁੱਕੀ ਸੀ।

੧੯੩੬ ਈ. ਵਿਚ ਚੋਣਾਂ ਹੋਈਆਂ। ਹਿੰਦੂਆਂ ਵਿਚੋਂ ਕਾਂਗਰਸੀ, ਸਿੱਖਾਂ ਵਿਚੋਂ ਅਕਾਲੀ ਤੇ ਮੁਸਲਮਾਨਾਂ ਵਿਚੋਂ ਮੁਸਲਮ ਲੀਗੀ ਬਹੁਤੀਆਂ ਸੀਟਾਂ ਜਿੱਤ ਗਏ।

ਵਜ਼ਾਰਤਾਂ

ਵਜ਼ਾਰਤਾਂ ਬਣੀਆਂ ਤਾਂ ਹਿੰਦੂ ਸੂਬਿਆਂ ਵਿਚ ਕਾਂਗਰਸ ਨੇ ਪੂਰੀ ਤਾਕਤ ਬਣਾ ਲਈ। ਸੂਬਾ ਸਰਹਦ ਭਾਵੇਂ ਮੁਸਲਮ ਸੂਬਾ ਸੀ, ਪਰ ਓਥੇ ਬਹੁਤੀ ਗਿਣਤੀ ਉਹਨਾਂ ਮੁਸਲਮਾਨਾਂ ਦੀ ਸੀ, ਜੋ ਅੰਗਰੇਜ਼ ਦੀ ਚਾਲ ਨੂੰ ਤਾੜ ਗਏ ਸਨ ਤੇ ਉਹਨਾਂ ਦੇ ਦਿਲਾਂ ਵਿਚ ਅੰਗਰੇਜ਼ ਪ੍ਰਸਤੀ ਨਾਲੋਂ ਵਤਨ ਪ੍ਰਸਤੀ ਵਾਸਤੇ ਵਧੇਰੇ ਥਾਂ ਸੀ। ਉਹਨਾਂ ਦੇਸ਼-ਦਰਦੀ ਪਤਵੰਤਿਆਂ ਦੇ ਉੱਦਮ ਨਾਲ ਸਰਹੱਦ ਵਿਚ ਵੀ ਕਾਂਗਰਸ ਦੀ ਵਜ਼ਾਰਤ ਬਣ ਗਈ। ਪਰ ਪਿੱਛੋਂ ਉਹ ਸਮੇਂ ਦੇ ਥਪੇੜਿਆਂ ਨਾਲ ਕਈ ਵੇਰ ਢਹਿੰਦੀ ਉਸਰਦੀ ਰਹੀ। ਪੰਜਾਬ ਦਾ ਮਸਲਾ ਬਾਕੀ ਸਾਰੇ ਸੂਬਿਆਂ ਨਾਲੋਂ ਵੱਖਰਾ ਸੀ। ਏਥੇ ਹਿੰਦੂ ਮੁਸਲਮਾਨਾਂ ਦੇ ਨਾਲ ਤੀਜਾ ਪੰਥ 'ਸਿੱਖ' ਵੀ ਸੀ ਤੇ ਕਾਂਗਰਸ ਤੇ ਮੁਸਲਮ ਲੀਗ ਦੇ ਨਾਲ ਤੀਜੀ ਜੱਥੇਬੰਦੀ 'ਅਕਾਲੀ ਦਲ'। ਏਹਾ ਕਾਰਨ ਸੀ ਕਿ ਪੰਜਾਬ ਵਿਚ ਨਾ ਕਦੇ ਕਾਂਗਰਸ ਦੀ ਵਜ਼ਾਰਤ ਬਣੀ ਤੇ ਨਾ ਮੁਸਲਮ ਲੀਗ ਦੀ। ਪੰਦਰਾਂ ਅਗਸਤ ੧੯੪੭ ਤੋਂ ਪਹਿਲਾਂ ਏਥੇ ਸਦਾ ਸਾਂਝੀ ਜਾਂ ਮਿਲਵੀਂ ਵਜ਼ਾਰਤ ਰਹੀ। ਆਦਿ ਤੋਂ ਹੀ ਹਿੰਦ ਦੀ ਜੁਗ-ਗਰਦੀ ਵਿਚ ਪੰਜਾਬ ਨੂੰ ਵਧੇਰੇ ਔਕੜਾਂ ਸਹਿਣੀਆਂ ਪੈਂਦੀਆਂ ਰਹੀਆਂ ਹਨ। ਸੋ ਹਿੰਦ ਦੀ ਹੁਣ ਵਾਲੀ ਆਜ਼ਾਦੀ ਪ੍ਰਾਪਤ ਕਰਨ ਵਿਚ ਵੀ ਪੰਜਾਬ ਨੂੰ ਹੀ ਵਧੇਰੇ ਮੁੱਲ ਤਾਰਨਾ ਪਿਆ ਹੈ।

ਦੂਜੀ ਯੂਰਪ-ਜੰਗ

੨ ਸਤੰਬਰ ਈ. ਨੂੰ ਅੰਗਰੇਜ਼ ਵੱਲੋਂ ਦੂਜੀ ਯੂਰਪ-ਜੰਗ ਦਾ ਐਲਾਨ ਹੋਇਆ। ਕਾਂਗਰਸ ਨੇ ਇਸ ਜੰਗ ਤੇ ਪਹਿਲੀ ਯੂਰਪ-ਜੰਗ ਬਾਰੇ ਸੋਚ ਵਿਚਾਰ ਕਰਕੇ ਅੰਗਰੇਜ਼ ਤੋਂ ਹਿੰਦੁਸਤਾਨ ਵਿਚ ਲੋਕਾਂ ਦੀ ਚੁਣੀ ਹੋਈ ਸਰਕਾਰ ਲੋਕ-ਰਾਜ (Constituent Assembly) ਦੀ ਮੰਗ ਕੀਤੀ। ਜ਼ਬਾਨੀ-ਜ਼ਬਾਨੀ ਅੰਗਰੇਜ਼ ਨੇ ਇਸ ਗੱਲ ਦਾ ਭਰੋਸਾ ਦੁਆਉਣ ਦਾ ਯਤਨ ਕੀਤਾ ਕਿ ਜੰਗ ਦੇ ਪਿਛੋਂ ਉਹ ਛੇਤੀ ਤੋਂ ਛੇਤੀ ਹਿੰਦ ਨੂੰ ਆਜ਼ਾਦ ਕਰ ਦੇਵੇਗਾ, ਪਰ ਪਿਛਲੇ ਵਾਪਰੇ ਤਜਰਬੇ ਤੋਂ ਕਾਂਗਰਸ ਨੂੰ ਅੰਗਰੇਜ਼ 'ਤੇ ਇਤਬਾਰ

Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ। ਕਾਂਗਰਸ ਨੇ ਆਰਜ਼ੀ ਕੌਮੀ ਹਕੂਮਤ ਵਾਸਤੇ ਕਿਹਾ, ਪਰ ਅੰਗਰੇਜ਼ ਇਸ ਮੰਗ ਨੂੰ ਟਾਲਣ ਦਾ ਯਤਨ ਕਰਦਾ ਰਿਹਾ। ਅੰਤ ਤੰਗ ਆ ਕੇ ਕਾਂਗਰਸ ਨੇ ਆਪਣੇ ਸੂਬਿਆਂ ਵਿਚੋਂ ਵਜ਼ਾਰਤਾਂ ਛੱਡ ਦੇਣ ਦਾ ਫ਼ੈਸਲਾ ਕਰ ਦਿੱਤਾ। ੮ ਨਵੰਬਰ ਤੱਕ ਸਾਰੇ ਕਾਂਗਰਸੀ ਵਜ਼ੀਰਾਂ ਨੇ ਆਪਣੀਆਂ ਪਦਵੀਆਂ ਤੋਂ ਤਿਆਗ-ਪੱਤਰ (ਅਸਤੀਫ਼ੇ) ਦੇ ਦਿੱਤੇ।

ਏਧਰ ਕਾਂਗਰਸ ਤਾਂ ਮੰਗ ਕਰਦੀ ਰਹੀ ਸੀ ਕਿ ਹਿੰਦ ਵਿਚ ਹਿੰਦੁਸਤਾਨੀਆਂ ਦਾ ਸਾਂਝਾ ਰਾਜ ਹੋਵੇ, ਹਰ ਜੁਆਨ (ਬਾਲਗ਼) ਨੂੰ ਰਾਏ ਦੇਣ ਦਾ ਹੱਕ ਹੋਵੇ ਤੇ ਦੂਜੇ ਪਾਸੇ ਮੁਸਲਮ ਲੀਗ ਹਿੰਦੁਸਤਾਨ ਦੇ ਟੁੱਕੜੇ ਕਰਨ ਉੱਤੇ ਪੂਰੇ ਬਲ ਨਾਲ

ਪਾਕਿਸਤਾਨ ਦੀ ਮੰਗ

ਤੁੱਲ ਖਲੋਤੀ ਸੀ। ਉਹਨੇ ਮਜ਼੍ਹਬ ਨੂੰ ਕੌਮ ਮੰਨ ਕੇ ਮੁਸਲਮਾਨਾਂ ਨੂੰ ਵੱਖਰੀ ਕੌਮ ਕਹਿਣਾ ਆਰੰਭ ਦਿੱਤਾ ਸੀ ਤੇ ਉਹਨਾਂ ਵਾਸਤੇ ਵੱਖਰੇ ਹੱਕ ਹੀ ਨਹੀਂ, ਸਗੋਂ ਵੱਖਰਾ ਦੇਸ਼ ਮੰਗਣ ਲੱਗ ਪਈ ਸੀ, ਜਿਸ ਦਾ ਨਾਂ ਉਹਨੇ ਪਾਕਿਸਤਾਨ ਰੱਖਿਆ ਸੀ। ੨੩ ਮਾਰਚ ੧੯੪੦ ਈ. ਨੂੰ ਲਾਹੌਰ ਦੇ ਖੁਲ੍ਹੇ ਇਜਲਾਸ ਵਿਚ ਉਹਨੇ ਹੇਠ ਲਿਖਿਆ ਮਤਾ ਪਾਸ ਕੀਤਾ :

"ਅਸੀਂ ਮੁਸਲਮਾਨ ਹਾਂ। ਸਾਡਾ ਇਸਲਾਮੀ ਕੌਮੀ ਧਰਮ ਨੈਸ਼ਨਲਿਜ਼ਮ (Nationalism) ਹਿੰਦੁਸਤਾਨੀ ਕੌਮੀ ਧਰਮ ਨਾਲੋਂ ਵੱਖਰਾ ਹੈ।

"ਸਾਡਾ ਜਮਾਂਦਰੂ ਹੱਕ ਹੈ ਕਿ ਅਸੀਂ ਇਕ ਵੱਖਰੀ ਕੌਮ ਬਣ ਕੇ ਜੀਵਨ ਬਿਤਾ ਸਕੀਏ ਤੇ ਸਾਡੀਆਂ ਰਿਆਸਤਾਂ ਬਾਕੀ ਹਿੰਦੁਸਤਾਨ ਨਾਲੋਂ ਵੱਖਰੀਆਂ ਤੇ ਨਿਆਰੀਆਂ ਹੋਣ।

"ਜਿਨ੍ਹਾਂ ਸੂਬਿਆਂ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਹੈ, ਉਹਨਾਂ ਨੂੰ ਕਾਨੂੰਨੀ ਤੌਰ 'ਤੇ ਇਸਲਾਮੀ ਸੂਬੇ ਮੰਨ ਲਿਆ ਜਾਵੇ।

"ਅਸੀਂ ਐਲਾਨ ਕਰਦੇ ਹਾਂ ਕਿ ਅੱਗੇ ਵਾਸਤੇ ਇਸ ਮੁਲਕ ਵਿਚ ਰਾਜ-ਪ੍ਰਬੰਧ ਇਸਲਾਮੀ ਰਾਜ (ਇਸਲਾਮੀ ਸ਼ਰ੍ਹਾ ਦਾ ਰਾਜ) (Muslim States Federation) ਹੋਵੇਗਾ।

"ਅਸੀਂ ਐਲਾਨ ਕਰਦੇ ਹਾਂ ਕਿ ਜਿੰਨਾ ਚਿਰ ਇਹ ਇਸਲਾਮੀ ਰਾਜ ਨਹੀਂ ਬਣ ਜਾਂਦਾ, ਉਂਨਾ ਚਿਰ ਸੂਬਿਆਂ ਦੀਆਂ ਘੱਟ ਗਿਣਤੀਆਂ ਦੇ ਹੱਕਾਂ ਦੀ ਰੱਖਿਆ ਦਾ ਮਾਮਲਾ ਨਹੀਂ ਛੇੜਿਆ ਜਾਵੇਗਾ।"

ਇਹ ਹੈ ਮੰਗ, ਜੋ ਮੁਸਲਮ ਲੀਗ ਨੇ ਲਾਹੌਰ ਦੇ ਇਜਲਾਸ ਵਿਚ ਕੀਤੀ, ਭਾਵ ਦੋ ਕੌਮਾਂ ਦੇ ਸਿਧਾਂਤ ਉੱਤੇ ਪਾਕਿਸਤਾਨ ਮੰਗਿਆ, ਜਿਸ ਦਾ ਅਰਥ ਕੁਦਰਤ ਵਲੋਂ ਇਕ ਬਣਾਏ ਦੇਸ਼ ਹਿੰਦੁਸਤਾਨ ਦੇ ਟੁੱਕੜੇ ਕਰਨਾ ਸੀ। ਇਸ ਮੰਗ ਨੇ ਮੁਸਲਮਾਨਾਂ ਨੂੰ ਬਾਕੀ ਹਿੰਦੂਆਂ ਨਾਲੋਂ ਐਨਾ ਦੂਰ ਕਰ ਦਿੱਤਾ, ਜਿਸ ਦਾ ਠੀਕ ਉੱਤਰ ਪੰਜਾਬ ਵਿਚ ਪੰਜਾਬੀਆਂ ਦੇ ਲਹੂ ਦੀਆਂ ਭਰ-ਵਗਦੀਆਂ ਨਦੀਆਂ ਨੇ ਦਿੱਤਾ। ਮੁਸਲਮ ਲੀਗ ਇਸ ਜ਼ਹਿਰੀਲੇ ਪ੍ਰਚਾਰ ਨੂੰ ਦਿਨੋਂ-ਦਿਨ ਵਧਾਉਂਦੀ ਹੀ

ਗਈ। ੧੯੪੧ ਈ. ਦੇ ਮਦਰਾਸ ਇਜਲਾਸ ਵਿਚ ਮਿ. ਮੁਹੰਮਦ ਅਲੀ ਜਿਨਾਹ ਨੇ (ਜੋ ਕਦੇ ਕਾਂਗਰਸੀ ਹੁੰਦਾ ਸੀ, ਉਸ ਵੇਲੇ ਮੁਸਲਮ ਲੀਗ ਦਾ ਸਭ ਤੋਂ ਵੱਡਾ ਆਗੂ—(ਕਾਇਦੇ ਆਜ਼ਮ ਤੇ ਹੁਣ ਪਾਕਿਸਤਾਨ ਦਾ ਗਵਰਨਰ ਜੈਨਰਲ ਹੈ) ਮੁਸਲਮਾਨਾਂ ਨੂੰ ਵੰਗਾਰ ਕੇ ਕਿਹਾ ਕਿ : "ਪਾਕਿਸਤਾਨ ਹਾਸਲ ਕਰੋ ਜਾਂ ਮਰ ਮਿਟੋ।" ਫੇਰ ਕੀ ਸੀ ? ਮੁਸਲਮਾਨਾਂ ਦੇ ਗਲੀਆਂ ਮੁਹੱਲਿਆਂ ਤੇ ਪਿੰਡਾਂ ਵਿਚੋਂ ਏਹਾ ਅਵਾਜ਼ਾਂ ਆਉਣ ਲੱਗ ਪਈਆਂ।

ਮੁਸਲਮ ਲੀਗ ਇਸ ਆਹਰੇ ਲੱਗੀ ਹੋਈ ਸੀ ਤੇ ਕਾਂਗਰਸ ਦੇਸ਼ ਨੂੰ ਆਜ਼ਾਦ ਕਰਾਉਣ ਵਿਚ। ਅੰਗਰੇਜ਼ ਸਰਕਾਰ ਤੇ ਕਾਂਗਰਸ ਵਿਚ ਇਕ ਭਾਰੀ ਜੰਗ ਹੋ ਰਹੀ ਸੀ। ਭਾਵੇਂ ਇਹ ਜੰਗ ਹਥਿਆਰਾਂ ਦੀ ਨਹੀਂ ਸੀ, ਪਰ ਜੰਗ ਤੋਂ ਬਿਨਾਂ ਇਸ ਘੋਲ ਵਾਸਤੇ ਹੋਰ ਕੋਈ ਢੁੱਕਦਾ ਸ਼ਬਦ ਵੀ ਨਹੀਂ ਵਰਤਿਆ ਜਾ ਸਕਦਾ। ਜੋ ਕੁਝ ਕਾਂਗਰਸ ਮੰਗਦੀ ਸੀ, ਉਹ ਅੰਗਰੇਜ਼ ਦੇਣ ਨੂੰ ਤਿਆਰ ਨਹੀਂ ਸੀ ਤੇ ਜਿਹੜੇ ਬੂਰ ਦੇ ਲੱਡੂ ਅੰਗਰੇਜ਼ ਪੇਸ਼ ਕਰਦਾ ਸੀ, ਉਹਨਾਂ ਉੱਤੇ ਕਾਂਗਰਸ ਨਹੀਂ ਸੀ ਡੁੱਲਦੀ। ਅਕਤੂਬਰ ੧੯੪੦ ਈ. ਵਿਚ ਕਾਂਗਰਸ ਨੇ ਇਕੱਲੇ-ਇਕੱਲੇ ਵੱਲੋਂ ਸਿਵਲ ਨਾ-ਫੁਰਮਾਨੀ ਦੀ ਲਹਿਰ ਸ਼ੁਰੂ ਕਰ ਦਿੱਤੀ। ਸਤਿਆਗ੍ਰਹਿ ਦਾ ਸ਼ਬਦ-ਹਥਿਆਰ ਇਹ ਸੀ ਕਿ ਅੰਗਰੇਜ਼ ਨੂੰ ਜੰਗ ਵਿਚ ਮਦਦ ਨਾ ਦਿਓ। ੩੧ ਅਕਤੂਬਰ ਨੂੰ ਪੰਡਿਤ ਜਵਾਹਰ ਲਾਲ ਜੀ ਨਹਿਰੂ ਨੂੰ ਗ੍ਰਿਫ਼ਤਾਰ ਕਰਕੇ ਚਾਰ ਸਾਲ ਕੈਦ ਸੁਣਾ ਦਿੱਤੀ ਗਈ। ੧੯੪੧ ਈ. ਵਿਚ ਵੀ ਇਹ ਲਹਿਰ ਓਵੇਂ ਚਾਲੂ ਰਹੀ। ਇਸ ਸਿਵਲ ਨਾ-ਫੁਰਮਾਨੀ ਵਿਚ ਪੈਂਤੀ ਹਜ਼ਾਰ ਤੋਂ ਵੱਧ ਕਾਂਗਰਸੀ ਕੈਦ ਹੋਏ ਤੇ ਛੇ ਲੱਖ ਦੇ ਲਗਪਗ ਜੁਰਮਾਨਾ ਹੋਇਆ। ਉਧਰ ਜੰਗੀ ਹਾਲਾਤ ਵਧੇਰੇ ਵਿਗੜ ਗਏ ਤੇ ਅੰਗਰੇਜ਼ ਨੇ ਸਮਝੌਤੇ ਦਾ ਕੋਈ ਰਾਹ ਕੱਢਣਾ ਚਾਹਿਆ। ਸੋ ੩ ਦਸੰਬਰ ੧੯੪੧ ਈ. ਨੂੰ ਸਭ ਕਾਂਗਰਸੀ ਕੈਦੀਆਂ ਦੀ ਰਿਹਾਈ ਦਾ ਫ਼ੈਸਲਾ ਹੋ ਗਿਆ।

ਅੰਗਰੇਜ਼ ਨੇ ਹਿੰਦੁਸਤਾਨ ਨੂੰ ਕੁਝ ਦੇਣਾ ਮੰਨਿਆ ਤੇ ੧੧ ਮਾਰਚ ੧੯੪੨ ਈ. ਨੂੰ ਕ੍ਰਿਪਸ ਸਕੀਮ ਦਾ ਐਲਾਨ ਕੀਤਾ। ਆਪਣਾ ਮਦਾਰੀ ਵਾਲਾ ਥੈਲਾ ਲੈ ਕੇ

ਕ੍ਰਿਪਸ ਸਕੀਮ

ਸਰ ਸਟੈਫਰਡ ਕ੍ਰਿਪਸ (Sir Stafford Cripps) ਹਿੰਦੁਸਤਾਨ ਆ ਗਿਆ। ਲੱਗੀਆਂ ਹਿੰਦ ਦੇ ਲੀਡਰਾਂ ਨਾਲ ਕ੍ਰਿਪਸ ਦੀਆਂ ਮੁਲਾਕਾਤਾਂ ਹੋਣ। ਕ੍ਰਿਪਸ-ਸਕੀਮ ਵਿਚ ਬਹੁਤ ਕੁਝ ਲਿਖਿਆ ਹੋਇਆ ਸੀ ਤੇ ਰਹਿੰਦੀ ਕਸਰ ਉਹਨੇ ਮੁਲਾਕਾਤਾਂ ਵਿਚ ਜ਼ਬਾਨੀ ਵਿਆਖਿਆ ਕਰਕੇ ਪੂਰੀ ਕਰ ਦਿੱਤੀ ਸੀ। ਪਰ ਅੰਤ ਕਹਿਣਾ ਪੈਂਦਾ ਹੈ ਕਿ ਏਨਾ ਕੁਝ ਹੁੰਦਿਆਂ ਹੋਇਆਂ ਉਸ ਸਕੀਮ ਵਿਚ ਕੁਝ ਵੀ ਨਹੀਂ ਸੀ, ਜਿਸ ਨੂੰ ਦੇਸ਼ ਦੀ ਕਿਸੇ ਜਥੇਬੰਦੀ ਨੇ ਵੀ ਪ੍ਰਵਾਨ ਨਾ ਕੀਤਾ। ਇਸ ਸਾਰੇ ਗੋਰਖ ਧੰਦੇ ਦਾ ਭਾਵ ਅਰਥ ਥੋੜ੍ਹੇ ਸ਼ਬਦਾਂ ਵਿਚ ਇਉਂ ਦੱਸਿਆ ਜਾ ਸਕਦਾ ਹੈ :

"ਜੰਗ ਦੇ ਮੁੱਕਣ ਪਿੱਛੋਂ, ਲੜਾਈ ਬੰਦ ਹੋਣ ਪਿੱਛੋਂ ਹੀ ਨਹੀਂ, ਸਗੋਂ ਲੜਾਈ

ਬੰਦ ਹੋ ਜਾਣ ਪਿਛੋਂ ਜਿਹੜੇ ਝਗੜੇ ਝਾਂਝੇ ਬਾਕੀ ਰਹਿ ਜਾਂਦੇ ਨੇ, ਉਹਨਾਂ ਦੇ ਮੁੱਕਣ ਪਿਛੋਂ, ਛੋਟੀ ਤੋਂ ਛੋਟੀ ਦਰਜਾ ਨੌਂ-ਆਬਾਦੀਅਤ ਦਾ ਰਾਜ-ਪ੍ਰਬੰਧ ਕੀਤਾ ਜਾਵੇਗਾ ਤੇ ਹਿੰਦੁਸਤਾਨ ਬ੍ਰਿਟਿਸ਼ ਕਾਮਨਵੈੱਲਥ ਵਿਚ ਬਰਾਬਰ ਦਾ ਹਿੱਸੇਦਾਰ ਹੋਵੇਗਾ।....ਕੌਮਾਂ ਤੇ ਮਜ਼ਬਾਂ ਦੀ ਰੱਖਿਆ ਦਾ ਭਾਰ ਅੰਗਰੇਜ਼ ਦੇ ਸਿਰ ਹੋਵੇਗਾ।....ਅੰਗਰੇਜ਼ੀ ਸਰਕਾਰ ਹਿੰਦ ਵਿਚ ਲੋਕ-ਰਾਜ-ਸਭਾ (Constituent Assembly) ਬਣਾਵੇਗੀ, ਉਸ ਦੇ ਬਣਾਉਣ ਦਾ ਇਹ ਢੰਗ ਹੋਵੇਗਾ ਕਿ ਲੜਾਈ ਪਿਛੋਂ ਚੋਣਾਂ ਜ਼ਰੂਰ ਹੋਣਗੀਆਂ ਤੇ ਉਹਨਾਂ ਚੁਣੇ ਹੋਏ ਮੈਂਬਰਾਂ ਵਿਚੋਂ ਹਰ ਫ਼ਿਰਕਾ ਹਿੱਸੇ ਆਉਂਦੇ ਮੈਂਬਰ ਰਾਜ-ਸਭਾ ਵਾਸਤੇ ਚੁਣੇਗਾ। ਇਹ ਮੈਂਬਰ ਪਹਿਲੇ ਮੈਂਬਰਾਂ ਦੀ ਗਿਣਤੀ ਦਾ ਦਸਵਾਂ ਹਿੱਸਾ ਹੋਣਗੇ। ਹਿੰਦੁਸਤਾਨ ਦੀਆਂ ਰਿਆਸਤਾਂ ਨੂੰ ਵੀ ਆਪਣੇ ਮੈਂਬਰ ਥਾਪਣ ਦਾ (ਲੋਕਾਂ ਨੂੰ ਚੁਣਨ ਦਾ ਨਹੀਂ) ਹੱਕ ਹੋਵੇਗਾ, ਜਿਨ੍ਹਾਂ ਦੀ ਗਿਣਤੀ ਆਪਣੀ ਆਬਾਦੀ ਦੇ ਹਿੱਸੇ ਦੇ ਹਿਸਾਬ ਅਨੁਸਾਰ ਹੋਵੇਗੀ। ਰਿਆਸਤੀ ਮੈਂਬਰਾਂ ਦੇ ਓਹਾ ਅਖ਼ਤਿਆਰ ਹੋਣਗੇ, ਜੋ ਦੂਜੇ ਮੈਂਬਰਾਂ ਦੇ......(ਸਕੀਮ ਦਾ ਸਭ ਤੋਂ ਜ਼ਰੂਰੀ ਹਿੱਸਾ ਇਹ ਸੀ ਕਿ ਜਿਹੜੇ ਸੂਬੇ ਤੇ ਦੇਸੀ ਰਿਆਸਤਾਂ ਆਪਣੀ ਵੱਖਰੀ ਰਾਜ-ਸਭਾ (Federation) ਬਣਾਉਣੀ ਚਾਹੁਣ, ਬਣਾ ਸਕਣਗੇ, ਪਰ ਹਿੰਦ ਨਾਲੋਂ ਵੱਖਰੇ ਹੋਏ ਸੂਬਿਆਂ ਦੀ ਨਵੀਂ ਬਣੀ ਸਰਕਾਰ ਨੂੰ ਅੰਗਰੇਜ਼ ਕੋਈ ਮਾਇਕ ਸਹਾਇਤਾ ਨਹੀਂ ਦੇਣਗੇ......ਜਿੰਨਾ ਚਿਰ ਹਿੰਦ ਵਿਚ ਨਵਾਂ ਰਾਜ-ਪ੍ਰਬੰਧ ਚਾਲੂ ਨਹੀਂ ਹੁੰਦਾ, ਓਨਾ ਚਿਰ ਹੁਣ ਵਾਲਾ ਪ੍ਰਬੰਧ ਹੀ ਚਾਲੂ ਰਹੇਗਾ। ਵਾਇਸਰਾਏ ਨੂੰ ਆਪਣੀ ਕੌਂਸਲ ਵਿਚ ਵਾਧਾ ਘਾਟਾ ਕਰਨ ਤੇ ਮੈਂਬਰਾਂ ਦੇ ਬਦਲਣ ਦਾ ਪੂਰਾ ਅਧਿਕਾਰ ਹੋਵੇਗਾ।...... ਫ਼ੌਜ ਦਾ ਪ੍ਰਬੰਧ ਹਰ ਹਾਲ ਅੰਗਰੇਜ਼ ਦੇ ਹੱਥ ਵਿਚ ਹੀ ਰਹੇਗਾ, ਜਦ ਤੱਕ ਜੰਗ ਮੁਕਦੀ ਨਹੀਂ। ਭਾਵੇਂ ਹਿੰਦ ਦੀਆਂ ਸਾਰੀਆਂ ਰਾਜਸੀ ਜਥੇਬੰਦੀਆਂ ਸਹਿਮਤ ਵੀ ਹੋ ਜਾਣ ਤਾਂ ਵੀ ਫ਼ੌਜ ਅੰਗਰੇਜ਼ ਦੇ ਹੀ ਹੱਥ ਵਿਚ ਰਹੇਗੀ.....।"

ਨਾਲ ਹੀ ਕ੍ਰਿਪਸ ਨੇ ਇਹ ਵੀ ਆਖ ਦਿੱਤਾ ਕਿ ਜਾਂ ਸਭ ਕੁਝ ਮੰਨੋ ਤੇ ਜਾਂ ਸਭ ਕਾਸੇ ਤੋਂ ਇਨਕਾਰ ਕਰ ਦਿਓ। ਇਹ ਸੀ ਕ੍ਰਿਪਸ-ਸਕੀਮ ਜੋ ਅੰਗਰੇਜ਼ ਨੇ ਹਿੰਦੁਸਤਾਨ ਨੂੰ ਪੇਸ਼ ਕੀਤੀ। ਇਸ ਨੂੰ ਮੁਲਕ ਦੀ ਕਿਸੇ ਵੀ ਜਥੇਬੰਦੀ ਨੇ ਪ੍ਰਵਾਨ ਨਾ ਕੀਤਾ। ਕਾਂਗਰਸ ਕਹਿੰਦੀ ਸੀ ਕਿ ਇਸ ਬਣਤਰ ਨਾਲ ਦੇਸ਼ ਦੇ ਟੁੱਕੜੇ ਕਰਨ ਦੇ ਮਨਸੂਬੇ ਪੂਰੇ ਹੋਣ ਦਾ ਡਰ ਹੈ ਤਾਂ ਪ੍ਰਵਾਨ ਨਹੀਂ ਤੇ ਮੁਸਲਮ ਲੀਗ ਦਾ ਨੇਤਾ ਮਿ: ਜਿਨਾਹ ਆਖਦਾ ਸੀ ਕਿ ਇਸ ਵਿਚ ਸਿੱਧੀ ਤੇ ਸਾਫ਼ ਬੋਲੀ ਵਿਚ ਪਾਕਿਸਤਾਨ ਨਹੀਂ ਮੰਨਿਆ ਤਾਂ ਪ੍ਰਵਾਨ ਨਹੀਂ। ਬਾਕੀ ਗੱਲ ਰਹੀ ਸਿੱਖਾਂ ਦੀ, ਇਸ ਬਣਤਰ ਵਿਚ ਉਹਨਾਂ ਦੀ ਸਮੁੱਚੀ ਤਬਾਹੀ ਸੀ। ਕ੍ਰਿਪਸ ਦੇ ਬੁਲਾਏ ਹੋਏ ਸਿੱਖ ਲੀਡਰ ਜਦ ਉਸ ਨੂੰ ਮਿਲਣ ਗਏ ਤਾਂ ਉਹਨਾਂ ਦੀਆਂ ਵਾਜਬ ਮੰਗਾਂ ਸੁਣ ਕੇ ਕ੍ਰਿਪਸ ਨੇ ਕਿਹਾ ਕਿ ਕਿਸੇ ਸੂਬੇ ਦਾ ਕੋਈ ਹਿੱਸਾ ਜੋ ਉਸ ਤੋਂ ਵੱਖਰਾ ਹੋ ਕੇ ਪਹਿਲੀ ਜਾਂ ਨਵੀਂ ਬਣੀ ਰਾਜ ਸਭਾ ਵਿਚ ਰਲਣਾ ਚਾਹੇ, ਰਲ ਸਕੇਗਾ। ਇਸ ਦਾ ਅਰਥ ਸੀ ਕਿ ਜੇ ਪੰਜਾਬ

Sri Satguru Jagjit Singh Ji eLibrary NamdhariElibrary@gmail.com

ਪਾਕਿਸਤਾਨ ਵਿਚ ਜਾਣਾ ਚਾਹੇ ਤਾਂ ਸਿੱਖ ਉਸ ਵਿਚੋਂ ਆਪਣਾ ਇਲਾਕਾ ਬਚਾ ਸਕਦੇ ਹਨ। ਮੁੱਕਦੀ ਗੱਲ, ਜਿਸ ਕ੍ਰਿਪਸ ਨੇ ਰੂਸ ਤੇ ਜਰਮਨੀ ਦੀ ਮਿੱਤਰਤਾ ਤੋੜ ਕੇ ਉਹਨਾਂ ਨੂੰ ਆਪਸ ਵਿਚ ਲੜਾ ਦਿੱਤਾ ਸੀ, ਉਹ ਹਿੰਦੁਸਤਾਨ ਨੂੰ ਨਾ ਛਲ ਸਕਿਆ ਤੇ ਉਸ ਦੀ ਬਣਤਰ ਕਿਸੇ ਵੀ ਨਾ ਮੰਨੀ।

ਕਾਂਗਰਸ ਨੇ ਆਪਣੀਆਂ ਸਰਗਰਮੀਆਂ ਅੱਗੇ ਨਾਲੋਂ ਵਧਾ ਦਿੱਤੀਆਂ। ਉਹਦੇ ਸਾਹਮਣੇ ਦੋ ਵੱਡੇ ਕੰਮ ਸਨ : ਇਕ ਅੰਗਰੇਜ਼ ਦੇ ਵਿਰੁੱਧ ਬਲ ਹਾਸਲ ਕਰਨਾ ਤੇ ਦੂਜਾ ਮੁਸਲਮ ਲੀਗ ਨੂੰ ਮਨਾਉਣਾ। ਇਸ ਵੇਲੇ ਕਾਂਗਰਸ ਦਾ ਪ੍ਰਧਾਨ ਮੌਲਾਨਾ ਆਜ਼ਾਦ ਸੀ ਤੇ ਰਾਜਗੋਪਾਲ ਆਚਾਰੀਆ ਕਾਂਗਰਸ ਦੀ ਵਰਕਿੰਗ ਕਮੇਟੀ ਦਾ ਮੈਂਬਰ। ੨੨ ਅਪ੍ਰੈਲ ੧੯੪੨ ਈ. ਨੂੰ ਮਦਰਾਸ ਦੀ ਕਾਂਗਰਸ ਅਸੈਂਬਲੀ ਪਾਰਟੀ ਵਿਚ ਰਾਜਗੋਪਾਲ ਨੇ ਇਕ ਮਤਾ ਪਾਸ ਕੀਤਾ ਕਿ ਹਿੰਦੁਸਤਾਨ ਦਾ

ਰਾਜਾ ਫ਼ਾਰਮੂਲਾ

ਨਵਾਂ ਕਾਨੂੰਨ ਬਣਾਉਣ ਵੇਲੇ ਜੇ ਮੁਸਲਮ ਲੀਗ ਵੱਖਰੀ ਹੋਣ ਦੇ ਹੱਕ ਉੱਤੇ ਜ਼ੋਰ ਦੇਵੇ, (ਭਾਵ ਜੇ ਪਾਕਿਸਤਾਨ ਮੰਗੇ) ਤਾਂ ਉਸ ਨੂੰ ਪ੍ਰਵਾਨ ਕਰ ਲਿਆ ਜਾਵੇ। ਅਲਾਹਾਬਾਦ ਵਿਚ ਸਰਬ ਹਿੰਦ ਕਾਂਗਰਸ ਕਮੇਟੀ ਨੇ ਰਾਜਗੋਪਾਲ ਦੇ ਉਪਰਲੇ ਪਾਕਿਸਤਾਨ ਦੇ ਮਤੇ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ੬ ਜੁਲਾਈ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਮਤਾ ਪਾਸ ਕੀਤਾ ਕਿ "ਅੰਗਰੇਜ਼! ਹਿੰਦੁਸਤਾਨ ਛੱਡ ਦਿਓ।" ੮ ਅਗਸਤ (੧੯੪੨

੮ ਅਗਸਤ ੧੯੪੨

ਈ. ਨੂੰ ਬੰਬਈ ਵਿਚ ਕਾਂਗਰਸ ਵਰਕਿੰਗ ਕਮੇਟੀ ਨੇ ਫਿਰ "ਹਿੰਦੁਸਤਾਨ ਛੱਡ ਦਿਓ" ਦੇ ਮਤੇ ਨੂੰ ਦੁਹਰਾਇਆ ਤੇ ਸਭ ਕੁਝ ਮਹਾਤਮਾ ਗਾਂਧੀ ਜੀ ਦੇ ਹਵਾਲੇ ਕਰ ਦਿੱਤਾ। ਸਹੀ ਅਰਥਾਂ ਵਿਚ ੮ ਅਗਸਤ ਦਾ ਮਤਾ ਅੰਗਰੇਜ਼ਾਂ ਦੇ ਵਿਰੁੱਧ ਜੰਗ ਦਾ ਐਲਾਨ ਸੀ। ਜੰਗ-ਯੂਰਪ ਵੀ ਇਸ ਵੇਲੇ ਪੂਰੇ ਜ਼ੋਰਾਂ 'ਤੇ ਸੀ। ਉਸ ਵੇਲੇ ਕਿਹਾ ਨਹੀਂ ਸੀ ਜਾ ਸਕਦਾ ਕਿ ਕਿਹੜੀ ਧਿਰ ਜਿੱਤੇਗੀ। ਅੰਗਰੇਜ਼ ਨੇ ਵੀ ਕਾਂਗਰਸ ਨੂੰ ਪੂਰੀ ਤਰ੍ਹਾਂ ਦਬਾਉਣ ਦਾ ਫ਼ੈਸਲਾ ਕਰ ਲਿਆ। ੯ ਅਗਸਤ ਦਾ ਸੂਰਜ ਅਜੇ ਚੜ੍ਹਨ ਵਾਲਾ ਹੀ ਸੀ ਕਿ ਮਹਾਤਮਾ ਗਾਂਧੀ ਸਣੇ ਸਾਰੀ ਵਰਕਿੰਗ ਕਮੇਟੀ ਦੇ ਗ੍ਰਿਫ਼ਤਾਰ ਕਰ ਲਏ ਗਏ। ਕਾਂਗਰਸ ਕਾਨੂੰਨ ਵਿਰੁੱਧ ਜਥੇਬੰਦੀ ਕਰਾਰ ਦੇ ਦਿੱਤੀ ਗਈ। ਹਜ਼ਾਰਾਂ ਕਾਂਗਰਸੀ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ। ਕਈਆਂ ਲੀਡਰਾਂ ਨੂੰ (ਜਿਵੇਂ ਪੰਡਤ ਜਵਾਹਰ ਲਾਲ ਜੀ) ਗੁਪਤ ਥਾਵਾਂ 'ਤੇ ਕੈਦ ਰੱਖਿਆ ਗਿਆ। ਕਾਂਗਰਸ ਤੇ ਅੰਗਰੇਜ਼ ਵਿਚ ਇਹ ਸਭ ਤੋਂ ਭਿਆਨਕ ਤੇ ਆਖ਼ਰੀ ਟੱਕਰ ਸੀ। ਅੰਗਰੇਜ਼ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ ਕਿ ਕਾਂਗਰਸ ਦਾ ਨਾਮ ਨਿਸ਼ਾਨ ਮਿਟਾ ਦਿੱਤਾ ਜਾਵੇ। ਇਸ ਧੱਕੇਸ਼ਾਹੀ ਤੋਂ ਡਰਦੇ ਕਈ ਕਮਜ਼ੋਰ ਬੰਦੇ (ਜੋ ਪਹਿਲਾਂ ਕਾਂਗਰਸ ਦੇ ਪਜ਼ੱਲੇਦਾਰ ਵਰਕਰ ਅਖਵਾਉਂਦੇ ਸਨ ਤੇ ਪੰਦਰਾਂ ਅਗਸਤ ਤੋਂ ਪਿਛੋਂ ਉਹ ਸਭ ਤੋਂ ਵੱਡੇ ਕਾਂਗਰਸੀ ਤੇ ਸਭ ਤੋਂ ਅੱਗੇ ਫਿਰਦੇ ਦਿਸ ਆਉਂਦੇ ਹਨ) ਕਾਂਗਰਸ ਦਾ ਨਾਂ ਲੈਣ ਤੋਂ ਵੀ

ਘਬਰਾਉਣ ਲੱਗੀ। ਤੇ ਕੁਝ ਸੂਬਿਆਂ ਵਿਚ ਇਸ ਅਤਿਆਚਾਰ ਤੋਂ ਲੋਕੀ ਏਨੇ ਭੜਕ ਉਠੇ ਕਿ ਉਹਨਾਂ ਸਟੇਸ਼ਨ ਸਾੜ ਦਿੱਤੇ ਤੇ ਰੇਲ ਦੀਆਂ ਪਟੜੀਆਂ ਉਖੇੜ ਦਿੱਤੀਆਂ। ਅੰਗਰੇਜ਼ੀ ਸਰਕਾਰ ਨੇ ਇਸ ਸਾਰੀ ਗੜਬੜ ਦੀ ਜ਼ਿੰਮੇਵਾਰੀ ਕਾਂਗਰਸ ਦੇ ਮੱਥੇ ਮੜ੍ਹੀ।

ਗਾਂਧੀ ਜੀ ਦੀ ਰਿਹਾਈ

ਮਹਾਤਮਾ ਗਾਂਧੀ ਦੀ ਇਹ ਅੰਤਿਮ ਜੇਲ੍ਹ-ਯਾਤਰਾ ਸੀ। ੧੦ ਫ਼ਰਵਰੀ ੧੯੪੩ ਈ. ਨੂੰ ਉਸ ਨੇ ਜੇਲ੍ਹ ਵਿਚ ੨੧ ਦਿਨ ਦਾ ਵਰਤ ਰੱਖਿਆ, ਜੋ ਤਿੰਨ ਮਾਰਚ ਨੂੰ ਪੂਰਾ ਹੋਇਆ। ਕੁਝ ਜਥੇਬੰਦੀਆਂ ਤੇ ਆਗੂਆਂ ਵਲੋਂ ਕਾਂਗਰਸੀ ਆਗੂਆਂ (ਖ਼ਾਸ ਕਰ ਮਹਾਤਮਾ ਗਾਂਧੀ) ਦੀ ਰਿਹਾਈ ਵਾਸਤੇ ਸਰਕਾਰ ਪਾਸ ਬੇਨਤੀਆਂ ਕੀਤੀਆਂ ਗਈਆਂ, ਪਰ ਸਰਕਾਰ ਨੇ ਇਸ ਗੱਲ ਵੱਲ ਧਿਆਨ ਤੱਕ ਵੀ ਨਾ ਦਿੱਤਾ। ਗਾਂਧੀ ਜੀ ਦੀ ਧਰਮ ਪਤਨੀ (ਕਸਤੂਰਬਾ ਬਾਈ) ੨੨ ਫ਼ਰਵਰੀ ੧੯੪੪ ਨੂੰ ਜੇਲ੍ਹ ਵਿਚ ਹੀ ਸੁਰਗਵਾਸ ਹੋ ਗਈ। ਇਹਨਾਂ ਸਾਰੀਆਂ ਘਟਨਾਵਾਂ ਨੇ ਮੁਲਕ ਵਿਚ ਇਕ ਅਥਾਹ ਰੋਸ ਪੈਦਾ ਕਰ ਦਿੱਤਾ। ੨੧ ਦਿਨ ਦੇ ਵਰਤ ਵਿਚ ਹੀ ਗਾਂਧੀ ਜੀ ਦੀ ਅਰੋਗਤਾ ਵਿਗੜ ਗਈ ਸੀ, ਜੋ ਫਿਰ ਜੇਲ੍ਹ ਵਿਚ ਠੀਕ ਨਾ ਹੋ ਸਕੀ। ੬ ਅਪ੍ਰੈਲ ੧੯੪੪ ਈ. ਨੂੰ ਸਰਕਾਰ ਵੱਲੋਂ ਮਹਾਤਮਾ ਗਾਂਧੀ ਦੀ ਬੀਮਾਰੀ ਦਾ ਐਲਾਨ ਕੀਤਾ ਗਿਆ। ਇਹ ਸੁਣ ਕੇ ਜਨਤਾ ਵਧੇਰੇ ਬੇਚੈਨ ਹੋ ਉੱਠੀ। ਸਾਰੇ ਦੇਸ਼ ਵਿਚੋਂ ਉਹਨਾਂ ਦੀ ਰਿਹਾਈ ਦੀ ਮੰਗ ਹੋਣ ਲੱਗੀ। ਅੰਤ ੬ ਮਈ ਨੂੰ ਰਿਹਾ ਕਰ ਦਿੱਤਾ ਗਿਆ। ਨਾਲ ਹੀ ਐਲਾਨ ਕਰ ਦਿੱਤਾ ਗਿਆ ਕਿ ਇਹ ਰਿਹਾਈ ਬੀਮਾਰੀ ਦੇ ਕਾਰਨ ਹੈ।

ਗਾਂਧੀ ਜਿਨਾਹ ਮਿਲਨੀ

ਜੇਲ੍ਹ ਤੋਂ ਬਾਹਰ ਆ ਕੇ ਗਾਂਧੀ ਜੀ ਮੁਸਲਮ ਲੀਗ ਨੂੰ ਮਨਾਉਣ ਵਾਸਤੇ ਐਨੇ ਉਤਾਵਲੇ ਹੋਏ ਕਿ ਆਪਣੀ ਅਰੋਗਤਾ ਦੀ ਵੀ ਪ੍ਰਵਾਹ ਨਾ ਕੀਤੀ ਤੇ ੧੧ ਮਈ ਨੂੰ ਬੰਬਈ ਜਾ ਪੁੱਜੇ। ਮਹਾਤਮਾ ਜੀ ਲੱਗੇ ਮਿ. ਜਿਨਾਹ ਦੀ ਕੋਠੀ ਦੀਆਂ ਪ੍ਰਕਰਮਾਂ ਕਰਨ। ਦੋਵੇਂ ਲੀਡਰ ਜੱਫੀਆਂ ਪਾ ਕੇ ਮਿਲੇ। ਆਪ ਤਾਂ ਇਕ ਦੂਜੇ ਨੂੰ ਛਾਤੀ ਨਾਲ ਲਗ ਕੇ ਮਿਲੇ, ਪਰ ਮਿਲੇ ਹੋਏ ਹਿੰਦੁਸਤਾਨ ਦੇ ਜੰਮੇ ਪਲੇ ਭਰਾਵਾਂ-ਭਰਾਵਾਂ ਨੂੰ ਸਦਾ ਲਈ ਵਿਛੋੜਨ ਵਾਸਤੇ। ਦੋਹਾਂ ਵਿਚ ਚੌਦਾਂ ਦਿਨ ਮੁਲਾਕਾਤ ਹੁੰਦੀ ਰਹੀ, ਪਰ ਫ਼ੈਸਲਾ ਕੋਈ ਨਾ ਹੋ ਸਕਿਆ। ਰਾਜ ਗੋਪਾਲ ਦੇ ਜਿਸ ਮਤੇ ਨੂੰ ੧੯੪੨ ਈ. ਵਿਚ ਕਾਂਗਰਸ ਨੇ ਠੁਕਰਾ ਦਿੱਤਾ ਸੀ (ਕਿਉਂਕਿ ਉਸ ਵਿਚ ਉਸ ਨੇ ਪਾਕਿਸਤਾਨ ਮੰਨ ਲਿਆ ਸੀ), ਹੁਣ ਗਾਂਧੀ ਜੀ ਨੇ ਜਿਨਾਹ ਦੇ ਸਾਹਮਣੇ ਓਹਾ ਮਤਾ ਮੰਨ ਲਿਆ। ਗਾਂਧੀ ਜੀ ਨੇ ਬੇਨਤੀ ਵਜੋਂ ਕਿਹਾ : "ਹਿੰਦੂ-ਮੁਸਲਮ ਮੇਲ ਦਾ ਮੈਂ ਹਾਮੀ ਹਾਂ। ਰਾਜਾ ਫਾਰਮੂਲਾ (ਰਾਜ ਗੋਪਾਲ ਦੀ ਦੱਸੀ ਬਣਤਰ) ਮੰਨਦਾ ਹਾਂ, ਪਰ ਪਹਿਲਾਂ ਰਲ ਕੇ ਅੰਗਰੇਜ਼ ਤੋਂ ਮੁਲਕ ਨੂੰ ਆਜ਼ਾਦ ਕਰਾ ਲਈਏ।" ਜਿਨਾਹ ਏਹ ਗੱਲ ਨਾ ਮੰਨਿਆ। ਉਹਨੇ

ਕਿਹਾ, ਪਹਿਲਾਂ ਇਹ ਮੰਨੋ ਕਿ ਮੁਸਲਮਾਨ ਇਕ ਵੱਖਰੀ ਕੌਮ ਹੈ ਤੇ ਫਿਰ ੯ ਕਰੋੜ ਮੁਸਲਮਾਨਾਂ ਵਾਸਤੇ ਵੱਖਰਾ ਮੁਲਕ ਹੋਣਾ ਮੰਨੋ। ਗਾਂਧੀ ਜੀ ਅਮਲੀ ਤੌਰ 'ਤੇ ਸਭ ਕੁਝ ਮੰਨਦੇ ਸਨ, ਪਰ ਸ਼ਬਦੀ ਤੌਰ 'ਤੇ ਨਹੀਂ ਮੰਨਦੇ ਸਨ। ਜਿਨਾਹ ਸੁਭਾਅ ਦਾ ਜ਼ਿੱਦੀ ਤੇ ਬੜਾ ਚਾਲਾਕ ਸੀ। ਉਹ ਸਾਹਮਣੇ ਢੱਠੀ ਹੋਈ ਕਾਂਗਰਸ (ਉਸ ਵੇਲੇ ਮਹਾਤਮਾ ਗਾਂਧੀ ਦੇਹਧਾਰੀ ਕਾਂਗਰਸ ਸੀ) ਨੂੰ ਚੰਗੀ ਤਰ੍ਹਾਂ ਦਬੇਲ ਕਰਨਾ ਚਾਹੁੰਦਾ ਸੀ। ਉਹਦੀ ਆਪਣੀ ਲਿਖਤ ਹੈ : "ਅਸੀਂ ਆਪਣੇ ਵਾਸਤੇ ਆਤਮ-ਨਿਰਣੈ ਦਾ ਹੱਕ ਇਕ ਵੱਖਰੀ ਕੌਮ ਹੋਣ ਕਰਕੇ ਮੰਗਦੇ ਹਾਂ, ਕਿਸੇ ਹਿੱਸੇ ਵਿਚ ਬਹੁ-ਗਿਣਤੀ ਹੋਣ ਕਰਕੇ ਨਹੀਂ। ਦੋ ਵੱਡੀਆਂ ਵੱਡੀਆਂ ਕੌਮਾਂ—ਹਿੰਦੂ ਤੇ ਮੁਸਲਮਾਨ—ਵਾਸਤੇ ਦੋ ਵੱਖਰੇ-ਵੱਖਰੇ ਸੁਤੰਤਰ ਮੁਲਕ ਚਾਹੀਦੇ ਹਨ। ਮਹਾਤਮਾ ਗਾਂਧੀ ਪੱਛਮੀ ਸੂਬਿਆਂ ਨੂੰ ਆਤਮ-ਨਿਰਣੈ ਦਾ ਹੱਕ ਦੇਂਦਾ ਹੈ, ਪਰ ਲਾਹੌਰ ਰੈਜ਼ੂਲੇਸ਼ਨ ਮੁਸਲਮਾਨਾਂ ਵਾਸਤੇ ਹੱਕ ਮੰਗਦਾ ਹੈ।" ਝਗੜਾ ਬੜੀ ਥੋੜ੍ਹੀ ਗੱਲ ਦਾ ਸੀ। ਮੁਸਲਮ ਲੀਗ 'ਪਾਕਿਸਤਾਨ' ਮੰਗਦੀ ਸੀ ਤੇ ਕਾਂਗਰਸ ਮੁਸਲਮਾਨ ਨੂੰ ਆਤਮ-ਨਿਰਣੈ ਦਾ ਹੱਕ ਦੇਂਦੀ ਸੀ ਤੇ ਕਾਂਗਰਸ ਮੁਸਲਮ-ਬਹੁ-ਗਿਣਤੀ ਵਾਲੇ ਸੂਬਿਆਂ ਨੂੰ ਵੱਖਰਾ ਹੋਣ ਦਾ ਹੱਕ ਦੇਂਦੀ ਸੀ। ਮੁਸਲਮ ਲੀਗ ਕਹਿੰਦੀ ਸੀ ਕਿ ਹਿੰਦੂ ਮੁਸਲਮਾਨ ਭਰਾ-ਭਰਾ ਹਨ, ਇਕੋ ਕੌਮ ਹੈ ਤੇ ਕਾਂਗਰਸ ਸਾਰਿਆਂ ਦੀ ਨੁਮਾਇੰਦਾ ਜਮਾਤ ਹੈ, ਪਰ ਮੁਸਲਮ ਲੀਗ ਮੁਸਲਮਾਨਾਂ ਵਾਸਤੇ ਵੱਖਰੇ ਹੱਕ ਲੈ ਲਵੇ। ਏਥੋਂ ਤੱਕ ਨਿਰਾ ਸ਼ਬਦੀ ਭਿੰਨ ਭੇਤ ਸੀ, ਅਰਥਾਂ ਵਿਚ ਕੋਈ ਫ਼ਰਕ ਨਹੀਂ ਸੀ। ਲੀਗ ਪਾਕਿਸਤਾਨ ਮੰਗਦੀ ਸੀ ਤੇ ਕਾਂਗਰਸ ਨੇ ਉਸ ਨੂੰ ਮੰਨ ਲਿਆ ਸੀ। ਫ਼ਰਕ ਕੇਵਲ ਏਨਾ ਸੀ ਕਿ ਕਾਂਗਰਸ ਚਾਹੁੰਦੀ ਸੀ, ਪਹਿਲਾਂ ਅੰਗਰੇਜ਼ ਤੋਂ ਮੁਲਕ ਅਜ਼ਾਦ ਕਰਵਾ ਲਈਏ, ਫਿਰ ਅਜ਼ਾਦ ਹਿੰਦੀਆਂ ਦੀ ਰਾਏ ਪੁੱਛੀ ਜਾਵੇ। ਜਿਹੜੇ ਇਲਾਕੇ ਪਾਕਿਸਤਾਨ ਬਣਾਉਣਾ ਚਾਹੁਣ, ਉਹ ਵੱਖਰੇ ਹੋ ਜਾਣ। ਮੁਸਲਮ ਲੀਗ ਇਹ ਨਹੀਂ ਸੀ ਮੰਨਦੀ। ਉਹ ਕਹਿੰਦੀ ਸੀ ਕਿ ਅੰਗਰੇਜ਼ ਵਲੋਂ ਹਿੰਦੂਸਤਾਨ ਤੇ ਪਾਕਿਸਤਾਨ ਨੂੰ ਇਕੱਠੀ ਅਜ਼ਾਦੀ ਮਿਲੇ। ਇਹ ਵੱਡਾ ਕਾਰਨ ਸੀ, ਜਿਸ ਵਾਸਤੇ ਗਾਂਧੀ ਤੇ ਜਿਨਾਹ ਵਿਚ ਸਮਝੌਤਾ ਨਾ ਹੋਇਆ। ਅੰਤ ਗਾਂਧੀ ਜੀ ਜਿਨਾਹ-ਯਾਤਰਾ ਕਰਕੇ ਬਿਨਾਂ ਵਰਦਾਨ ਪ੍ਰਾਪਤ ਕੀਤੇ ਵਾਪਸ ਵਾਰਧਾ ਚਲੇ ਗਏ। ਜਿਨਾਹ ਮਾਂਹ ਦੇ ਆਟੇ ਵਾਂਗ ਅੱਗੋਂ ਨਾਲੋਂ ਵਧੇਰੇ ਆਕੜ ਗਿਆ। ਉਹਨੂੰ ਨਿਸ਼ਚਾ ਹੋ ਗਿਆ ਕਿ ਜਿਹੜਾ ਮਹਾਤਮਾ ਗਾਂਧੀ ਕਹਿੰਦਾ ਸੀ ਕਿ ਮਾਤ ਭੂਮੀ ਦੇ ਟੁਕੜੇ ਕਰਨੇ ਆਪਣੀ ਜਨਮ-ਦਾਤਾ ਮਾਤਾ ਦੇ ਟੁੱਕੜੇ ਕਰਨ ਦੇ ਬਰਾਬਰ ਹੈ, ਗਾਂ ਦੇ ਟੁਕੜੇ ਕਰਨ ਦੇ ਬਰਾਬਰ ਹੈ, ਮੇਰੇ ਸਰੀਰ ਦੇ ਟੁਕੜੇ ਕਰਨ ਦੇ ਬਰਾਬਰ ਹੈ, ਜੇ ਓਹਾ ਗਾਂਧੀ ਦੇਸ਼ ਵੰਡਣਾ ਮੰਨ ਗਿਆ ਹੈ ਤਾਂ ਹੁਣ ਪਾਕਿਸਤਾਨ ਦੇ ਰਾਹ ਵਿਚ ਕਿਹੜੀ ਰੁਕਾਵਟ ਰਹਿ ਗਈ ਹੈ ? ਸੋ ਉਹ ਚਾਹੁੰਦਾ ਸੀ ਕਿ ਕਾਂਗਰਸ ਗੋਡਿਆਂ ਪਰਨੇ ਤਾਂ ਹੋ ਗਈ, ਪਰ ਇਹ ਚੰਗੀ ਤਰ੍ਹਾਂ ਨਿੱਸਲ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਪਾਕਿਸਤਾਨ ਮੰਨੇ ਤਾਂ ਠੀਕ ਹੈ। ਮੁੱਕਦੀ ਗੱਲ, ਜਿਉਂ-ਜਿਉਂ ਕਾਂਗਰਸ ਝੁਕਦੀ ਗਈ, ਤਿਉਂ-ਤਿਉਂ ਮੁਸਲਮ ਲੀਗ ਤੇ ਉਸ ਦਾ ਲੀਡਰ ਜਿਨਾਹ ਵਧੇਰੇ ਸਿਰ ਚੜ੍ਹਦੇ ਗਏ।

ਵੇਵਲ

੯ ਜੂਨ ੧੯੪੩ ਈ. ਨੂੰ ਲਾਰਡ ਵੇਵਲ ਹਿੰਦ ਦਾ ਵਾਇਸਰਾਏ ਬਣਿਆ। ਉਹਨੇ ਲੀਗ ਤੇ ਕਾਂਗਰਸ ਵਿਚ ਸਮਝੌਤਾ ਕਰਾਉਣ ਦੇ ਕਈ ਉਪਰਾਲੇ ਕੀਤੇ, ਪਰ ਨੇਪਰੇ ਕੋਈ ਨਾ ਚੜ੍ਹਿਆ। ੧੯੪੫ ਈ. ਵਿਚ ਉਹਨੇ ਸ਼ਿਮਲੇ ਵਿਚ ਗੋਲਮੇਜ਼ ਕਾਨਫ਼ਰੰਸ ਕੀਤੀ (ਇਸ ਵੇਲੇ ਤੱਕ ਕਾਂਗਰਸੀ ਲੀਡਰ ਰਿਹਾ ਹੋ ਚੁਕੇ ਸਨ)। ਕਾਂਗਰਸੀ, ਲੀਗੀ ਤੇ ਅਕਾਲੀ ਲੀਡਰ ਬੁਲਾਏ, ਪਰ ਸਮਝੌਤਾ ਕੋਈ ਨਾ ਹੋ ਸਕਿਆ ਕਿਉਂਕਿ 'ਮੈਂ ਨਾ ਮਾਨੂੰ' ਵਾਲੀ ਆਦਤ ਜਿਨਾਹ ਨੇ ਨਾ ਛੱਡੀ।

ਕੈਬਨਿਟ ਮਿਸ਼ਨ ਸਕੀਮ

੧੯੪੬ ਈ. ਵਿਚ ਬਰਤਾਨੀਆ ਸਰਕਾਰ ਨੇ ਕੈਬਨਿਟ ਮਿਸ਼ਨ ਸਕੀਮ ਪੇਸ਼ ਕੀਤੀ। ਉਸ ਰਾਹੀਂ ਅੰਗਰੇਜ਼ ਨੇ ਹਿੰਦੁਸਤਾਨ ਵਿਚ ਤਿੰਨ ਵੱਡੀਆਂ ਕੌਮਾਂ (ਫ਼ਿਰਕਿਆਂ) ਦੀ ਹੋਂਦ ਮੰਨ ਲਈ; ਭਾਵ : ਸਿੱਖ, ਮੁਸਲਮਾਨ ਤੇ ਜਨਰਲ (ਬਾਕੀ ਸਾਰੇ ਹਿੰਦੂਆਂ ਨੂੰ ਵਿਚ ਮਿਲਾ ਕੇ)। ਤਿੰਨਾਂ ਵਾਸਤੇ ਹੀ ਵੱਖਰੀਆਂ ਚੋਣਾਂ ਤੇ ਵੱਖਰੀਆਂ ਮੈਂਬਰੀਆਂ। ਦਸ ਲੱਖ ਬੰਦੇ ਪਿੱਛੇ ਇਕ ਮੈਂਬਰ ਪ੍ਰਵਾਨ ਹੋਇਆ। ਇਸ ਹਿਸਾਬ ਨਾਲ ਵੱਡੀ ਕਾਨੂੰਨ-ਘੜਨੀ ਕੌਂਸਲ ਵਿਚ ਕੇਵਲ ਚਾਰ ਸਿੱਖ ਮੈਂਬਰ ਆਉਂਦੇ ਸਨ। ਤਿੰਨ ਮਹਿਕਮੇ—ਫ਼ੌਜ, ਡਾਕ ਤੇ ਆਉਣ ਜਾਣ ਦੇ ਵਸੀਲੇ—ਸਾਰੇ ਹਿੰਦੁਸਤਾਨ ਦੇ ਸਾਂਝੇ ਰੱਖੇ ਗਏ। ਵੱਡੀ ਕੌਂਸਲ ਦੇ ਮੈਂਬਰਾਂ ਨੂੰ ਅੱਗੇ ਸੂਬੇਵਾਰ ਤਿੰਨਾਂ ਹਿੱਸਿਆਂ ਵਿਚ ਵੰਡਿਆ ਗਿਆ। ਇਸ ਤਰ੍ਹਾਂ ਵੱਡੀ ਕੌਂਸਲ ਦੇ ਥੱਲੇ ਹੋਰ ਤਿੰਨ ਕੌਂਸਲਾਂ ਬਣ ਗਈਆਂ, ਜੋ ਉਪਰਲੇ ਤਿੰਨ ਮਹਿਕਮਿਆਂ ਨੂੰ ਛੱਡ ਕੇ ਬਾਕੀ ਸਾਰੇ ਕੰਮਾਂ ਵਿਚ ਖ਼ੁਦਮੁਖ਼ਤਿਆਰ ਸਨ। ਪਹਿਲੇ ਹਿੱਸੇ ਵਿਚ ਬਿਹਾਰ, ਉੜੀਸਾ, ਯੂ.ਪੀ., (ਸੰਮਿਲਤ ਪ੍ਰਾਂਤ), ਸੀ. ਪੀ. (ਮੱਧ ਪ੍ਰਾਂਤ) ਮਦਰਾਸ ਤੇ ਬੰਬਈ ਦੇ ਸੂਬੇ ਸਨ। ਦੂਜੇ ਹਿੱਸੇ ਵਿਚ ਪੰਜਾਬ, ਸਰਹੱਦੀ ਸੂਬੇ, ਸਿੰਧ ਤੇ ਬਲੋਚਸਤਾਨ ਸਨ। ਤੀਜੇ ਹਿੱਸੇ ਵਿਚ ਬੰਗਾਲ ਤੇ ਆਸਾਮ ਸਨ। ਇਸ ਵੰਡ ਨਾਲ ਪਹਿਲਾ ਹਿੱਸਾ ਹਿੰਦੂਆਂ ਦਾ ਤੇ ਦੂਜੇ ਦੋਵੇਂ ਮੁਸਲਮਾਨਾਂ ਦੇ ਅਧੀਨ ਹੋ ਜਾਂਦੇ ਸਨ। ਸਿੱਖਾਂ ਵਾਸਤੇ ਇਸ ਰਾਜ-ਬਣਤਰ ਵਿਚ ਪੂਰੀ ਤਬਾਹੀ ਤੋਂ ਬਿਨਾਂ ਕੁਝ ਵੀ ਨਹੀਂ ਸੀ। ਇਸ ਬਣਤਰ ਵਿਚ ਮੁਸਲਮਾਨਾਂ ਨੂੰ ਉਹਨਾਂ ਦੀ ਮੰਗ ਨਾਲੋਂ ਵੀ ਵਧੇਰੇ ਦਿੱਤਾ ਗਿਆ ਸੀ। ਜਿੱਥੇ ਅੱਧਾ ਦੇਸ਼ (ਦੂਜਾ ਤੇ ਤੀਜਾ ਗਰੁੱਪ) ਸਿੱਧਾ ਉਹਨਾਂ ਦੇ ਹਵਾਲੇ ਕਰ ਦਿੱਤਾ ਸੀ, ਉਥੇ ਵੱਡੀ ਕੌਂਸਲ ਵਿਚ ਹਿੰਦੂ ਬਹੁ-ਗਿਣਤੀ ਤੇ ਮੁਸਲਮ ਘੱਟ ਗਿਣਤੀ ਨੂੰ ਬਰਾਬਰ ਹੋਣ ਦਿੱਤਾ ਸੀ। ਕਿਸੇ ਕਾਨੂੰਨ ਦੇ ਪਾਸ ਹੋਣ ਵਾਸਤੇ ਹਿੰਦੂ ਮੈਂਬਰਾਂ ਵਿਚੋਂ ਵੀ ਅੱਧ ਤੋਂ ਵਧੇਰੇ ਅਤੇ ਮੁਸਲਮ ਮੈਂਬਰਾਂ ਵਿਚੋਂ ਵੀ ਅੱਧ ਤੋਂ ਜ਼ਿਆਦਾ ਉਸ ਦੇ ਹੱਕ ਵਿਚ ਹੋਣੇ ਜ਼ਰੂਰੀ ਸਨ। ਜੇ ਸਾਰੇ ਹਿੰਦੂ ਤੇ ਸਾਰੇ ਸਿੱਖ ਸਣੇ

Sri Satguru Jagjit Singh Ji eLibrary NamdhariElibrary@gmail.com

ਅੱਧ ਤੋਂ ਇੱਕ ਘੱਟ ਮੁਸਲਮਾਨ ਮੈਂਬਰਾਂ ਦੇ, ਕਾਨੂੰਨ ਦੇ ਹੱਕ ਵਿਚ ਹੋਣ, ਪਰ ਅੱਧਿਆਂ ਨਾਲੋਂ ਇੱਕ ਵੱਧ ਮੁਸਲਮ ਮੈਂਬਰ ਉਸ ਦੇ ਵਿਰੁੱਧ ਹੋਣ ਤਾਂ ਉਹ ਕਾਨੂੰਨ ਪਾਸ ਨਹੀਂ ਸੀ ਹੋ ਸਕਦਾ। ਇਹ ਕੀਤੀ ਨੂੰ ਰੱਦ ਕਰਨ ਦਾ ਹੱਕ (Veto-Power) ਮੁਸਲਮਾਨਾਂ ਨੂੰ ਦਿੱਤਾ ਗਿਆ ਸੀ, ਪਰ ਸਿੱਖਾਂ ਵਾਸਤੇ ਕੋਈ ਅਜਿਹਾ ਹੱਕ ਨਹੀਂ ਸੀ ਮੰਨਿਆ ਗਿਆ। ਸਿੱਖਾਂ ਵਾਸਤੇ ਸ਼ਬਦ ਬਥੇਰੇ ਸੁੰਦਰ ਵਰਤੇ ਗਏ ਸਨ, ਪਰ ਦਿੱਤਾ ਕੁਝ ਨਹੀਂ ਸੀ ਗਿਆ: "ਸਿੱਖ ਬੜੇ ਬਹਾਦਰ ਹਨ, ਪੰਜਾਬ ਸਿੱਖਾਂ ਦਾ ਜੱਦੀ ਘਰ (Home Land) ਹੈ", ਆਦਿ। ਪਰ ਸਿੱਖਾਂ ਦਾ ਜੱਦੀ ਘਰ, ਪੰਜਾਬ, ਮੁਸਲਮਾਨਾਂ ਦੇ ਹਵਾਲੇ ਕੀਤਾ ਗਿਆ ਸੀ। ਇਸ ਬਣਤਰ ਰਾਹੀਂ ਅੰਗਰੇਜ਼ ਨੇ ਕਾਂਗਰਸ ਤੇ ਮੁਸਲਮ ਲੀਗ, ਦੋਹਾਂ ਨੂੰ ਖ਼ੁਸ਼ ਕਰਨ ਦਾ ਯਤਨ ਬੜੇ ਚਲਾਕੀ ਭਰੇ ਢੰਗ ਨਾਲ ਕੀਤਾ ਸੀ। ਕਾਂਗਰਸ ਦੀ ਮੰਗ 'ਅਖੰਡ ਹਿੰਦੁਸਤਾਨ' ਵੀ ਪੂਰੀ ਕੀਤੀ ਗਈ ਸੀ, ਮੁਸਲਮਾਨਾਂ ਦਾ ਪਾਕਿਸਤਾਨ (ਬੰਗਾਲ, ਆਸਾਮ ਤੇ ਪੰਜਾਬ, ਸਿੰਧ, ਬਲੋਚਿਸਤਾਨ ਤੇ ਸਰਹੱਦੀ ਸੂਬੇ ਦੇ ਦੋ ਗਰੁੱਪ) ਵੀ ਬਣਾ ਦਿੱਤਾ ਗਿਆ ਸੀ।

ਵਿਚਲੇ ਸਮੇਂ ਵਾਸਤੇ (ਜਦੋਂ ਤੱਕ ਨਵੀਂ ਕਾਨੂੰਨ-ਘੜਨੀ ਕੌਂਸਲ ਰਾਜ-ਪ੍ਰਬੰਧ ਨਹੀਂ ਸੰਭਾਲਦੀ) ਇਕ ਕੰਮ ਚਲਾਊ (ਆਰਜ਼ੀ) ਹਕੂਮਤ ਬਣਨੀ ਸੀ। ਉਸ ਵਿਚ ਕਾਂਗਰਸ ਤੇ ਮੁਸਲਮ ਲੀਗ ਨੂੰ ਬਰਾਬਰ ਮੈਂਬਰੀਆਂ ਦਿੱਤੀਆਂ ਗਈਆਂ ਸਨ (ਪੰਜ-ਪੰਜ) ਅਤੇ ਬਾਕੀ ਘੱਟ ਗਿਣਤੀਆਂ (ਸਿੱਖ, ਅਛੂਤ ਆਦਿ) ਨੂੰ ਇਕ, ਇਕ।

ਇਹ ਸੀ ਭੇਤ ਭਰੀ ਕੈਬਨਿਟ-ਮਿਸ਼ਨ-ਸਕੀਮ (ਰਾਜ-ਬਣਤਰ)। ਮੁਸਲਮ ਲੀਗ ਨੇ ਸਾਰੀ ਸਕੀਮ ਮੰਨ ਲਈ। ਕਾਂਗਰਸ ਨੇ ਆਰਜ਼ੀ ਹਕੂਮਤ ਵਿਚ ਹਿੱਸਾ ਲੈਣਾ ਨਾ ਮੰਨਿਆ ਤੇ ਬਾਕੀ ਬਣਤਰ ਪ੍ਰਵਾਨ ਕਰ ਲਈ। ਸਿੱਖਾਂ ਨੇ ਸਾਰੀ ਦੀ ਸਾਰੀ ਬਣਤਰ ਅਪ੍ਰਵਾਨ ਕਰ ਦਿੱਤੀ। ਕਾਂਗਰਸ ਨੇ ਆਰਜ਼ੀ ਹਕੂਮਤ ਬਣਾਉਣੀ ਨਹੀਂ ਮੰਨੀ ਸੀ, ਇਸ ਵਾਸਤੇ ਅੰਗਰੇਜ਼ ਨੇ ੨੯ ਜੂਨ ਨੂੰ ਆਰਜ਼ੀ ਹਕੂਮਤ ਮੁਲਤਵੀ ਕਰ ਦਿੱਤੀ। ਮੁਸਲਮ ਲੀਗ ਇਸ ਫ਼ੈਸਲੇ ਤੇ ਇਨੀ ਚਿੜੀ ਕਿ ਉਹਨੇ ੨੯ ਜੁਲਾਈ ਨੂੰ ਸਾਰੀ ਸਕੀਮ ਨਾ ਮਨਜ਼ੂਰ ਕਰ ਦਿੱਤੀ ਤੇ ਡਾਇਰੈਕਟ ਐਕਸ਼ਨ (ਸਿੱਧੀ ਟੱਕਰ) ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਅੰਗਰੇਜ਼ ਵਾਇਸਰਾਏ ਨੇ ਮੁਸਲਮ ਲੀਗ ਦੀ ਇਸ ਧਮਕੀ ਦੀ ਪ੍ਰਵਾਹ ਨਾ ਕੀਤੀ। ਉਹਨੇ ੧੦ ਅਗਸਤ ਨੂੰ ਕਾਂਗਰਸ ਨੂੰ ਆਰਜ਼ੀ ਹਕੂਮਤ ਬਣਾਉਣ ਵਾਸਤੇ ਕਹਿ ਦਿੱਤਾ। ਅਜੇ ਆਰਜ਼ੀ ਹਕੂਮਤ ਬਣੀ ਵੀ ਨਹੀਂ ਸੀ ਕਿ ੧੬ ਅਗਸਤ ਆ ਪੁੱਜਾ। ਇਹ ਦਿਨ ਮੁਸਲਮ ਲੀਗ ਨੇ ਡਾਇਰੈਕਟ ਐਕਸ਼ਨ (ਸਿੱਧੀ ਟੱਕਰ) ਵਾਸਤੇ ਨੀਯਤ ਕੀਤਾ ਹੋਇਆ ਸੀ। ਇਹ ਟੱਕਰ ਲੀਗ ਨੇ ਅੰਗਰੇਜ਼ ਦੇ ਵਿਰੁੱਧ ਨਹੀਂ, ਸਗੋਂ ਹਿੰਦੂਆਂ ਦੇ ਵਿਰੁੱਧ ਲੈਣੀ ਸੀ। ਕਾਂਗਰਸ ਤਾਂ ਦੇਸ਼ ਦੀ ਆਜ਼ਾਦੀ ਵਾਸਤੇ ਚਿਰ ਤੋਂ ਅੰਗਰੇਜ਼ ਦੇ ਵਿਰੁੱਧ ਲੜਦੀ ਆਈ ਸੀ, ਪਰ ਮੁਸਲਮ ਲੀਗ ਆਜ਼ਾਦੀ ਦੇ ਰਾਹ ਵਿਚ ਰੋਕ ਪਾਉਂਦੀ ਆਈ ਸੀ ਤੇ ਉਲਟੀ ਕਾਂਗਰਸ ਦੇ

ਲੀਗ ਦਾ ਡਾਇਰੈਕਟ ਐਕਸ਼ਨ

ਕਲਕੱਤਾ

ਵਿਰੁੱਧ ਲੜਨ ਦੀ ਤਿਆਰੀ ਕਰਦੀ ਆਈ ਸੀ। ਲੀਗ ਦਾ ਨੀਯਤ ਉਹਦੇ ਕੀਤੇ ਕੰਮਾਂ ਤੋਂ ਸਾਫ਼ ਸਿੱਧ ਹੈ। ਉਹਨੇ ਪੂਰੀ ਤਿਆਰੀ ਕਰਕੇ ਤੇ ਮਾਰੂ ਹਥਿਆਰ ਲੈ ਕੇ 16 ਅਗਸਤ 1946 ਈ. ਨੂੰ ਕਲਕੱਤੇ ਅੰਦਰ ਭਾਰੀ ਗਿਣਤੀ ਵਿਚ ਜਲੂਸ ਕੱਢਿਆ। ਮੁਸਲਮ ਲੀਗੀ ਦੀਵਾਨੇ ਛੁਰੇ ਤੇ ਸਰਛੇ ਹੱਥਾਂ ਵਿਚ ਫੜੀ 'ਅੱਲਾਹੂ ਅਕਬਰ', 'ਯਾ ਅਲੀ', 'ਪਾਕਿਸਤਾਨ ਜ਼ਿੰਦਾਬਾਦ', 'ਲੈ ਕੇ ਰਹੇਂਗੇ ਪਾਕਿਸਤਾਨ', 'ਜੈਸੇ ਲੀਆ ਥਾ ਹਿਦੂਸਤਾਨ, ਵੈਸੇ ਲੇਂਗੇ ਪਾਕਿਸਤਾਨ', ਆਦਿ ਨਾਅਰੇ ਲਾਉਂਦੇ ਬਾਜ਼ਾਰਾਂ ਵਿਚ ਨਿਕਲੇ। ਹਿੰਦੂ ਭੈਭੀਤ ਹੋ ਕੇ ਘਰਾਂ ਵਿਚ ਬੂਹੇ ਬੰਦ ਕਰਕੇ ਲੁੱਕ ਗਏ। ਮੁਸਲਮ ਲੀਗੀਆਂ ਨੇ ਏਨੇ 'ਤੇ ਹੀ ਸੰਤੋਖ ਨਾ ਕੀਤਾ। ਉਹਨਾਂ ਦੁਕਾਨਾਂ ਲੁੱਟਣੀਆਂ ਤੇ ਹਿਦੂਆਂ ਦੇ ਘਰਾਂ ਨੂੰ ਅੱਗਾਂ ਲਾਉਣੀਆਂ ਆਰੰਭ ਦਿੱਤੀਆਂ। ਜਿੱਥੇ ਕੋਈ ਹਿਦੂ ਨਜ਼ਰੀਂ ਪਿਆ, ਛੁਰਾ ਮਾਰ ਕੇ ਓਥੇ ਹੀ ਢੇਰੀ ਕਰ ਦਿੱਤਾ ਗਿਆ। ਲੀਗੀ ਮਤਵਾਲੇ ਇਨਸਾਨੀਅਤ ਦੀ ਹੱਦ ਤੋਂ ਅਗ੍ਹਾਂ ਵੱਧ ਤੁਰੇ। ਹਿਦੂ ਦੇਵੀਆਂ ਦੀਆਂ ਛਾਤੀਆਂ ਵੱਢ ਦਿੱਤੀਆਂ ਗਈਆਂ ਤੇ ਦੁੱਧ ਚੁੰਘਦੇ ਬਾਲ ਖੋਹ ਕੇ, ਲੱਤਾਂ ਤੋਂ ਫੜ ਕੇ ਚੀਰ ਕੇ ਦੋਫਾੜ ਕੀਤੇ ਗਏ। ਇਕ ਸਕੂਲ ਦੇ ਬੋਰਡਿੰਗ ਵਿਚ ਕੁਝ ਸੈਂਕੜੇ ਹਿਦੂ ਬੱਚੀਆਂ ਰਹਿੰਦੀਆਂ ਸਨ, ਉਸ ਬੋਰਡਿੰਗ ਨੂੰ ਅੱਗ ਲਗਾ ਕੇ ਉਹ ਨਿਰਦੋਸ਼ ਬੱਚੀਆਂ ਜਿਊਂਦੀਆਂ ਸਾੜ ਦਿੱਤੀਆਂ ਗਈਆਂ। ਬਾਜ਼ਾਰ ਵਿਚ ਹਿਦੂ ਦੇਵੀਆਂ ਦੀ ਪਤ ਲਾਹੀ ਗਈ। ਸਾਰੇ ਸ਼ਹਿਰ ਵਿਚ ਥਾਂ-ਥਾਂ ਲੋਥਾਂ ਰੁਲ ਰਹੀਆਂ ਸਨ ਤੇ ਮਕਾਨਾਂ ਵਿਚੋਂ ਅੱਗ ਦੀਆਂ ਉੱਚੀਆਂ-ਉੱਚੀਆਂ ਲਾਟਾਂ ਨਿਕਲ ਰਹੀਆਂ ਸਨ। ਇਹ ਸੀ ਮੁਸਲਮ ਲੀਗ ਦਾ ਡਾਇਰੈਕਟ ਐਕਸ਼ਨ। ਪਾਕਿਸਤਾਨ ਹਾਸਲ ਕਰਨ ਬਦਲੇ ਮਜ਼ਬ ਦੇ ਨਾਂ ਉੱਤੇ ਭੜਕੇ ਹੋਏ ਮੁਸਲਮਾਨਾਂ ਨੇ ਅਮਨ ਤੇ ਪਿਆਰ ਨਾਲ ਵਸਦੇ ਦੇਸ਼ ਵਿਚ ਇਹ ਫ਼ਿਰਕੂ ਫ਼ਸਾਦ ਦੇ ਭਾਂਬੜ ਬਾਲ ਦਿੱਤੇ।

ਦੀਨ ਮਜ਼ਬ ਦਾ ਰਾਜਨੀਤ ਜਦ ਬੁਰਕਾ ਪਾਲੇ
ਕਾਫ਼ਰ ਜਾਪਣ ਏਦਲੇ, ਦੁਸ਼ਮਣ ਘਰ ਵਾਲੇ
ਮਾਸ ਛੱਡੇ ਚੰਗਿਆੜੀਆਂ, ਰਤ ਧਾਏ ਉਬਾਲੇ
ਬਣਨ ਬਿਗਾਨੇ ਆਪਣੇ, ਦੀਵਾ ਘਰ ਜਾਲੇ
ਮੋਮਨ ਚਲਣ ਲੱਗ ਪੈਣ ਸ਼ੈਤਾਨੀ ਚਾਲੇ
ਚੜ੍ਹ ਪਏ ਏਹਾ ਧਾਰ ਕੇ ਲੀਗੀ ਮਤਵਾਲੇ
ਖ਼ਿਦਮਤ ਕਰਨ ਰਸੂਲ ਦੀ ਲੈ ਛੁਰੀਆਂ ਭਾਲੇ
ਵਿਚ ਕਲਕੱਤੇ ਉਹਨਾਂ ਨੇ ਭੜ ਭਾਂਬੜ ਬਾਲੇ
ਚੜ੍ਹ ਪਏ ਗ਼ਾਜ਼ੀ ਦੀਨ ਦੇ ਸਰ ਖ਼ੂਨ ਲਿਹਾਏ
'ਬਿਸਮਿੱਲਾ' ਕਹਿ ਮੋਮਨਾਂ ਆ ਛੁਰੇ ਚਲਾਏ
ਹਿਦੂ ਕਾਫ਼ਰ ਸਮਝ ਕੇ ਕਈ ਮਾਰ ਲਿਟਾਏ
ਕਟ ਸਤੀਆਂ ਦੀਆਂ ਛਾਤੀਆਂ ਲਹੂ ਟਿੱਕੇ ਲਾਏ

ਦੁਧ ਚੁੰਘਦੇ ਨਿਰਦੋਸ਼ ਕਈ ਚਾਵਾਂ ਨਾਲ ਘਾਏ
ਛੈਲ ਛਬੀਲੇ ਗੱਭਰੂ ਹੱਥ ਮੌਤ ਲੁਟਾਏ
ਹੀਰੇ ਮੇਰੇ ਦੇਸ਼ ਦੇ ਕਈ ਖ਼ਾਕ ਰੁਲਾਏ
ਖ਼ੂਨ ਵਿੱਟ ਗਿਆ 'ਸੀਤਲਾ' ਕੋਈ ਪੇਸ਼ ਨਾ ਜਾਏ
ਵੀਰੇ ਹੱਥੋਂ ਵੀਰ ਕਈ ਗਏ ਲੁੱਟ ਮਾਰੇ
ਮਿੱਤਰਾਂ ਨੇ ਇਉਂ ਦੋਸਤੀ ਦੇ ਹੱਕ ਉਤਾਰੇ
ਹਿੱਕੀਂ ਨੇਜ਼ੇ ਖੋਭ ਕੇ ਕੱਢ ਲਏ ਹਤਿਆਰੇ
ਛਾਤੀਆਂ ਵਿਚੋਂ ਚੱਲਦੇ ਇਉਂ ਖ਼ੂਨ ਫੁਹਾਰੇ
ਦਿਲ ਦੇ ਨਿਕਲਣ ਸਾੜ ਜਿਉਂ ਬਣ ਕੇ ਅੰਗਿਆਰੇ
ਪੀ ਰਤ ਕਿਸੇ ਗ਼ਰੀਬ ਦੀ ਜ਼ਾਲਮ ਹਿੱਕ ਠਾਰੇ

ਮੁੱਕਦੀ ਗੱਲ, ਮੁਸਲਮ ਲੀਗੀਆਂ ਕਲਕੱਤੇ ਵਿਚ ਉਹ ਕੁਝ ਕੀਤਾ, ਜੋ ਕੋਈ ਭਲਾ-ਮਾਣਸ ਕਹਿ ਸੁਣ ਵੀ ਨਹੀਂ ਸਕਦਾ। ਕਈ ਮੁਟਿਆਰ ਹਿੰਦੂ ਲੜਕੀਆਂ ਉਹਨਾਂ ਲੁਕਾ ਲਈਆਂ। ਜੇ ਲੀਗੀ ਥੋੜ੍ਹਾ ਜ਼ੁਲਮ ਕਰਦੇ ਤਾਂ ਸ਼ਾਇਦ ਹਿੰਦੂ ਚੁੱਪ ਰਹਿੰਦੇ, ਪਰ ਜਦ ਉਹਨਾਂ ਅੱਤ ਕਰ ਦਿੱਤੀ ਤਾਂ ਹਿੰਦੂ ਗੱਭਰੂਆਂ ਤੋਂ ਵੀ ਰਿਹਾ ਨਾ ਗਿਆ। ਜਦ ਉਹਨਾਂ ਹਿੰਦੂ ਦੇਵੀਆਂ ਨੇ—ਜਿਨ੍ਹਾਂ ਦੀਆਂ ਛੁਰੀਆਂ ਨਾਲ ਛਾਤੀਆਂ ਵੱਢੀਆਂ ਗਈਆਂ ਸਨ, ਹੱਥ, ਨੱਕ, ਕੰਨ ਆਦਿ ਕੱਟੇ ਗਏ ਸਨ, ਜਾਂ ਧੱਕੇ ਨਾਲ ਸਤ ਤੋੜਿਆ ਗਿਆ ਸੀ—ਘਰ-ਘਰ ਵਿਚ ਕੀਰਨੇ ਪਾਏ ਤੇ ਲੀਗੀਆਂ ਦੀਆਂ ਕਰਤੂਤਾਂ ਦੇ ਰੋਣੇ ਰੋਏ ਤਾਂ ਜੁੱਗਾਂ ਪਹਿਲੇ ਠੰਢਾ ਹੋ ਚੁੱਕਾ ਲਛਮਣ ਤੇ ਭੀਮ ਵਾਲਾ ਲਹੂ ਹਿੰਦੂ ਗੱਭਰੂਆਂ ਅੰਦਰ ਉਬਲ ਪਿਆ। ਉਹਨਾਂ ਵੀ ਹਥਿਆਰ ਸੰਭਾਲੇ ਤੇ ਲੀਗੀ ਜਰਵਾਣਿਆਂ ਦੇ ਸਾਹਮਣੇ ਆਣ ਡਟੇ। ਫੇਰ ਕੀ ਸੀ ? ਦਸ ਬਾਰਾਂ ਦਿਨ ਕਲਕੱਤੇ ਵਿਚ ਉਹ ਛੁਰੇ ਤੇ ਬਰਛੇ ਚੱਲੇ ਕਿ ਰਹੇ ਰੱਬ ਦਾ ਨਾਂ। ਕਈ ਬਾਜ਼ਾਰ ਲੋਥਾਂ ਨਾਲ ਅੱਟੇ ਗਏ ਤੇ ਨਾਲੀਆਂ ਲਹੂ ਨਾਲ ਭਰ ਕੇ ਵਗਣ ਲੱਗ ਪਈਆਂ। ਹਰ ਇਕ ਧੜੇ ਨੇ ਦੂਜੇ ਧੜੇ ਦੀਆਂ ਇਸਤਰੀਆਂ ਨਾਲ ਬੁਰੇ ਤੋਂ ਬੁਰਾ ਸਲੂਕ ਕੀਤਾ। ਹਿੰਦੂਆਂ ਤੇ ਮੁਸਲਮਾਨਾਂ ਘੱਟ ਕਿਸੇ ਵੀ ਨਹੀਂ ਕੀਤੀ, ਪਰ ਜੇ ਇਨਸਾਫ਼ ਨਾਲ ਸੋਚੀਏ ਤਾਂ ਸਾਰੇ ਪਾਪ ਦੇ ਭਾਗੀ ਮੁਸਲਮ ਲੀਗੀ ਹੀ ਸਨ ਕਿਉਂਕਿ ਇਹ ਅੱਗ ਭੜਕਾਈ ਪਹਿਲਾਂ ਉਹਨਾਂ ਹੀ ਸੀ। ਹਿੰਦੂਆਂ ਤਾਂ ਤੰਗ ਆ ਕੇ ਪਿਛੋਂ ਹੱਥ ਚੁੱਕਿਆ ਸੀ। ਡੇਢ ਕੁ ਹਫ਼ਤੇ ਅੰਦਰ ਕਲਕੱਤੇ ਵਿਚ ਲਗਪਗ ਵੀਹ ਹਜ਼ਾਰ ਆਦਮੀ ਮਾਰੇ ਗਏ ਤੇ ਪੰਜਾਹ-ਸਠ ਹਜ਼ਾਰ ਫੱਟੜ ਹੋਏ। ਬਹੁਤ ਸਾਰੇ ਮਕਾਨ ਲੁੱਟੇ ਤੇ ਸਾੜੇ ਗਏ, ਇਸ ਕਾਰਨ ੭੦-੮੦ ਹਜ਼ਾਰ ਲੋਕ ਬੇਘਰ ਹੋ ਗਏ। ਘੁੱਗ ਵਸਦਾ ਸ਼ਹਿਰ ਨਰਕ ਦਾ ਨਮੂਨਾ ਬਣ ਗਿਆ। ਕਈ ਮਾਵਾਂ ਬੇ-ਔਲਾਦ, ਸਤਵੰਤੀਆਂ ਵਿਧਵਾ ਤੇ ਬੱਚੇ ਯਤੀਮ ਹੋ ਗਏ। ਹਜ਼ਾਰਾਂ ਜੇਬੋਂ ਖ਼ਾਲੀ ਤੇ ਢਿੱਡੋਂ ਭੁੱਖੇ ਤੜਫ ਰਹੇ ਸਨ। ਕਲਕੱਤੇ ਦੇ ਵੱਸਣ ਵਾਲੇ ਕੁਝ ਸੱਜਣਾਂ ਤੋਂ ਪੁੱਛਣ ਤੋਂ ਪਤਾ ਲੱਗਾ ਹੈ ਕਿ

Sri Satguru Jagjit Singh Ji eLibrary NamdhariElibrary@gmail.com

ਜੇ ਵਾਧਾ ਮੁਸਲਮਾਨਾਂ ਨੇ ਕੀਤਾ ਸੀ ਤਾਂ ਉਹਦਾ ਫਲ ਵੀ ਬਹੁਤਾ ਉਹਨਾਂ ਨੂੰ ਹੀ ਚੱਖਣਾ ਪਿਆ। ਹਿੰਦੂਆਂ ਨਾਲੋਂ ਮੁਸਲਮਾਨਾਂ ਦੀਆਂ ਮੌਤਾਂ ਚਾਰ ਗੁਣਾਂ ਸਨ ਤੇ ਇਸੇ ਹਿਸਾਬ ਨਾਲ ਬਾਕੀ ਨੁਕਸਾਨ। ਦੋਹਾਂ ਧਿਰਾਂ ਦੇ ਮਾਲੀ ਨੁਕਸਾਨ ਦਾ ਅਟਾ-ਸਟਾ ਤਾਵਾ-ਕੁ ਅਰਬ ਹੈ।

ਕਲਕੱਤੇ ਦਾ ਫ਼ਸਾਦ ਤੇ ਸਿੱਖ

ਇਸ ਸਾਰੇ ਫ਼ਸਾਦ ਵਿਚ ਸਿੱਖ ਬਿਲਕੁਲ ਤਰਫ਼ੈਣ ਰਹੇ ਸਨ। ਉਹਨਾਂ ਉਹ ਜੱਸ ਹਾਸਲ ਕੀਤਾ, ਜੋ ਕਲਗੀਧਰ ਦੇ ਬੱਚਿਆਂ ਦੀ ਸ਼ਾਨ ਨੂੰ ਉੱਚਾ ਕਰਨ ਵਾਲਾ ਸੀ। ਕਲਕੱਤੇ ਵਿਚ ਚੱਲਣ ਵਾਲੀਆਂ ਲਾਰੀਆਂ ਤੇ ਕਾਰਾਂ ਦਾ ਬਹੁਤਾ ਹਿੱਸਾ ਸਿੱਖਾਂ ਦੇ ਹੱਥ ਸੀ। ਨੌਜਵਾਨ ਸਿੰਘ ਹੱਥਾਂ ਵਿਚ ਨੰਗੀਆਂ ਤਲਵਾਰਾਂ ਲੈ ਕੇ ਲਾਰੀਆਂ 'ਤੇ ਚੜ੍ਹ ਕੇ ਮੱਚਦੇ ਭਾਂਬੜਾਂ ਵਿਚ ਫਿਰਨ ਲੱਗੇ। ਜੇ ਕਿਤੇ ਥੋੜ੍ਹੇ ਹਿੰਦੂ ਬਹੁਤੇ ਮੁਸਲਮਾਨਾਂ ਦੇ ਘੇਰੇ ਵਿਚ ਕਾਬੂ ਆਏ ਹੋਏ ਵੇਖੇ ਤਾਂ ਉਹਨਾਂ ਨੂੰ ਉਥੋਂ ਕੱਢ ਕੇ ਗੁਰਦੁਆਰੇ ਪਹੁੰਚਾਇਆ ਤੇ ਜੇ ਕਿਤੇ ਕੁਝ ਮੁਸਲਮਾਨ ਬਹੁਤੇ ਹਿੰਦੂਆਂ ਦੇ ਘੇਰੇ ਵਿਚ ਵੇਖੇ ਤਾਂ ਉਹਨਾਂ ਨੂੰ ਵੀ ਉਸੇ ਤਰ੍ਹਾਂ ਆਪਣੀ ਰਾਖੀ ਵਿਚ ਲੈ ਕੇ ਗੁਰਦੁਆਰੇ ਅੰਦਰ ਥਾਂ ਦਿੱਤੀ। ਹਿੰਦੂਆਂ ਦੇ ਕਬਜ਼ੇ ਵਿਚੋਂ ਮੁਸਲਮ ਬੀਬੀਆਂ ਤੇ ਮੁਸਲਮਾਨਾਂ ਦੇ ਕਬਜ਼ੇ ਵਿਚੋਂ ਹਿੰਦੂ ਦੇਵੀਆਂ ਕੱਢ ਕੇ ਗੁਰਦੁਆਰੇ ਪਹੁੰਚਾਈਆਂ, ਜੋ ਪਿੱਛੋਂ ਅਮਨ ਹੋਣ ਉੱਤੇ ਉਹਨਾਂ ਦੇ ਅਸਲੀ ਘਰਾਂ ਵਿਚ ਭੇਜੀਆਂ ਗਈਆਂ। ਕਿਤੇ ਇਕ ਦੇਵੀ ਦੀ ਪਤ ਵੀ ਖ਼ਤਰੇ ਵਿਚ ਸੁਣੀ ਤਾਂ ਬਿਨਾਂ ਹਿੰਦੂ ਮੁਸਲਮ ਵਿਤਕਰੇ ਦੇ ਸਿੰਘ ਉਥੇ ਜਾ ਪੁੱਜੇ, ਜਾਨ ਹੀਲ ਕੇ ਉਸ ਦੀ ਇੱਜ਼ਤ ਬਚਾਈ ਤੇ ਆਪਣੀ ਭੈਣ ਸਮਝ ਕੇ ਉਹਦੀ ਪਤ ਦੀ ਰਾਖੀ ਕੀਤੀ। ਏਥੇ ਹੀ ਬੱਸ ਨਹੀਂ, ਬੇਘਰਿਆਂ ਨੂੰ ਆਸਰਾ ਤੇ ਭੁੱਖਿਆਂ ਨੂੰ ਰੋਟੀ ਦੇਣ ਲਈ ਖ਼ਾਲਸੇ ਨੇ ਵਿਤੋਂ ਵਧ ਕੇ ਸੇਵਾ ਕੀਤੀ। ਕਲਕੱਤੇ ਵਰਗੇ ਸ਼ਹਿਰ ਵਿਚ, ਆਟੇ ਦਾ ਰਾਸ਼ਨ ਹੁੰਦਿਆਂ ਹੋਇਆਂ ਵੀ ਸਿੱਖਾਂ ਨੇ ਕਈ ਦਿਨਾਂ ਤੱਕ ਸਠ ਹਜ਼ਾਰ ਹਿੰਦੂ ਮੁਸਲਮਾਨਾਂ ਨੂੰ ਰੋਟੀ ਦਿੱਤੀ। ਜਦੋਂ ਬਾਹਰ ਬਾਜ਼ਾਰਾਂ ਵਿਚ ਹਿੰਦੂ ਨੂੰ ਵੇਖ ਕੇ ਮੁਸਲਮਾਨ ਤੇ ਮੁਸਲਮਾਨਾਂ ਨੂੰ ਵੇਖ ਕੇ ਹਿੰਦੂ ਬਿਨਾਂ ਸੋਚੇ ਸਮਝੇ ਜਾਂ ਬਿਨਾਂ ਕਿਸੇ ਨਿੱਜੀ ਵੈਰ ਦੇ ਛੁਰਾ ਮਾਰ ਦੇਂਦਾ ਸੀ, ਉਸ ਵੇਲੇ ਗੁਰਦੁਆਰੇ ਅੰਦਰ ਦੋਵੇਂ ਧਿਰਾਂ ਇਕੱਠੇ ਬੈਠੇ ਰੋਟੀ ਖਾਂਦੀਆਂ ਸਨ। ਕਿਸੇ ਦੀ ਹਿੰਮਤ ਨਹੀਂ ਸੀ ਕਿ ਦੂਜੇ ਨੂੰ ਬੁਰੀ ਨਜ਼ਰ ਨਾਲ ਵੇਖ ਵੀ ਸਕੇ। ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦਾ ਰਾਜ ਸੀ। ਕੁਝ ਹਿੰਦੂ ਤੇ ਮੁਸਲਮਨ ਸਿੱਖਾਂ ਨਾਲ ਨਾਰਾਜ਼ ਵੀ ਸਨ। ਉਹ ਇਸ ਵਾਸਤੇ ਕਿ ਸਿੱਖ ਉਹਨਾਂ ਦੇ ਵਿਰੋਧੀਆਂ ਦੀ ਜਾਨ ਤੇ ਇੱਜ਼ਤ ਦੀ ਰਾਖੀ ਕਰਦੇ ਹਨ। ਪਰ ਸਿੱਖ ਆਪਣੀ ਮਰਯਾਦਾ ਅਨੁਸਾਰ ਆਪਣੇ ਕੰਮ ਵਿਚ ਜੁੱਟੇ ਰਹੇ। ਉਹਨਾਂ ਦੀ ਅਥੱਕ ਘਾਲਣਾ ਦਾ ਸਦਕਾ ਕਲਕੱਤੇ ਵਿਚ ਅਮਨ ਹੋ ਗਿਆ। ਸੱਚੀ ਗੱਲ ਏਹਾ ਹੈ ਕਿ ਉਥੇ ਪੁਲੀਸ ਅਮਨ ਬਹਾਲ ਨਹੀਂ ਕਰ ਸਕੀ

ਸਗੋਂ ਸਿੱਖਾਂ ਨੇ ਕੀਤਾ। ਜੇ ਕਦੇ ਮਗਰੋਂ ਪੰਜਾਬ ਵਿਚ ਵੀ ਮੁਸਲਮ ਲੀਗੀ ਬਦੋਬਦੀ ਸਿੱਖਾਂ ਨੂੰ ਖਿੱਚ ਕੇ ਆਪਣੇ ਵਿਰੋਧੀਆਂ ਦੇ ਧੜੇ ਵਿਚ ਨਾ ਖੜੇ ਕਰ ਦੇਂਦੇ ਤਾਂ ਸਿੱਖ ਏਥੇ ਵੀ ਓਹਾ ਕੁਝ ਕਰਦੇ ਜੋ ਉਹਨਾਂ ਕਲਕੱਤੇ ਵਿਚ ਕੀਤਾ ਸੀ।

ਮੁਸਲਮ ਲੀਗ ਨੇ ਜਿਹੜਾ ਚਾਅ ਪੂਰਾ ਕਰਨ ਬਦਲੇ ਕਲਕੱਤੇ ਵਿਚ ਫ਼ਸਾਦ ਸ਼ੁਰੂ ਕੀਤਾ ਸੀ, ਉਹ ਨਾ ਹੋਇਆ, ਸਗੋਂ ਉਥੇ ਉਹਨਾਂ ਨੂੰ ਬੜੀ ਬੁਰੀ ਤਰ੍ਹਾਂ ਮਾਰ ਖਾਣੀ ਪਈ। ਇਸ ਗੱਲੋਂ ਉਹਨਾਂ ਨੂੰ ਸਗੋਂ ਬੜਾ ਗੁੱਸਾ ਆਇਆ। ਉਹ

ਨਵਾਖਲੀ

ਸੋਚਣ ਲੱਗੇ ਕਿ ਹੁਣ ਸਾਰਾ ਕਹਿਰ ਕਿਥੋਂ ਦੇ ਕਮਜ਼ੋਰ ਹਿੰਦੂਆਂ ਉੱਤੇ ਕੱਢਿਆ ਜਾਵੇ ? ਅੰਤ ਉਹਨਾਂ ਦੀ ਨਿਗ੍ਹਾ ਪੂਰਬੀ ਬੰਗਾਲ ਦੇ ਇਲਾਕਾ ਨਵਾਖਲੀ 'ਤੇ ਪਈ। ਇਥੇ ਹਿੰਦੂਆਂ ਦੀ ਬੜੀ ਥੋੜ੍ਹੀ ਗਿਣਤੀ ਸੀ। ਮੁਸਲਮ ਲੀਗ ਨੇ ਅੰਦਰਖ਼ਾਨੇ ਸਾਰਾ ਪ੍ਰੋਗਰਾਮ ਬਣਾ ਕੇ ੧੪ ਅਕਤੂਬਰ ੧੯੪੬ ਨੂੰ ਨਵਾਖਲੀ ਵਿਚ ਕਈ ਪਿੰਡਾਂ ਉੱਤੇ ਹਮਲਾ ਕਰ ਦਿੱਤਾ। ਹਿੰਦੂ ਕਤਲ ਕਰ ਦਿੱਤੇ ਗਏ, ਉਹਨਾਂ ਦੀਆਂ ਮੁਟਿਆਰ ਇਸਤਰੀਆਂ ਚੁੱਕ ਲਈਆਂ ਗਈਆਂ, ਸਾਮਾਨ ਲੁੱਟ ਲਿਆ ਤੇ ਘਰਾਂ ਨੂੰ ਅੱਗ ਲਾ ਦਿੱਤੀ ਗਈ। ਇਸ ਤਰ੍ਹਾਂ ਪਿੰਡਾਂ ਦੇ ਪਿੰਡ ਤਬਾਹ ਕਰ ਦਿੱਤੇ ਗਏ। ਕਲਕੱਤੇ ਵਿਚ ਖਾਧੀ ਹਾਰ ਲੀਗੀਆਂ ਨੂੰ ਰੜਕ ਰਹੀ ਸੀ, ਇਸ ਵਾਸਤੇ ਉਹਨਾਂ ਨਵਾਖਲੀ ਵਿਚ ਆਪਣੇ ਕਾਰਿਆਂ ਨੂੰ ਵਧੇਰੇ ਜ਼ੁਲਮੀ ਬਣਾ ਦਿੱਤਾ। ਘਰ ਨੂੰ ਅੱਗ ਲਾ ਕੇ ਛੋਟੇ ਛੋਟੇ ਬੱਚਿਆਂ ਨੂੰ ਜਿਊਂਦਿਆਂ ਹੀ ਸੜਨ ਵਾਸਤੇ ਅੱਗ ਵਿਚ ਸੁੱਟ ਦੇਂਦੇ। ਇਹ ਸਭ ਕੁਝ ਮਾਪਿਆਂ ਦੀਆਂ ਅੱਖਾਂ ਦੇ ਸਾਹਮਣੇ ਕੀਤਾ ਗਿਆ। ਜੁਆਨ ਲੜਕੀਆਂ ਦੀ ਪਤ ਉਹਨਾਂ ਦੇ ਘਰਦਿਆਂ ਦੇ ਸਾਹਮਣੇ ਲਾਹੀ ਗਈ। ਲੀਗੀ ਗੁੰਡੇ ਨੰਗੇ ਹੋ ਕੇ ਹਿੰਦੂਆਂ ਦੇ ਘਰਾਂ ਵਿਚ ਨੱਚਦੇ ਤੇ ਹਿੰਦੂ ਦੇਵੀਆਂ ਨੂੰ ਨੰਗੀਆਂ ਨੱਚਣ ਉੱਤੇ ਮਜਬੂਰ ਕਰਦੇ। ਖੋਹੀਆਂ ਹੋਈਆਂ ਹਿੰਦੂ ਇਸਤਰੀਆਂ ਤੋਂ ਵੇਸਵਾ ਵਾਲਾ ਕੰਮ ਲਿਆ ਗਿਆ। ਕਾਬੂ ਆਏ ਆਦਮੀਆਂ, ਬੱਚਿਆਂ ਤੇ ਵਡੇਰੀ ਉਮਰ ਦੀਆਂ ਇਸਤਰੀਆਂ ਨੂੰ ਬੜਾ ਤਰਸਾ-ਤਰਸਾ ਕੇ ਮਾਰਿਆ ਗਿਆ। ਬਹੁਤ ਸਾਰੇ ਹਿੰਦੂ ਘਰ ਘਾਟ ਛੱਡ ਕੇ ਕਲਕੱਤੇ ਆ ਵੜੇ ਤੇ ਕਈ ਹੋਰ ਇਲਾਕਿਆਂ ਨੂੰ ਨੱਸ ਗਏ।

ਨਵਾਖਲੀ 'ਚੋਂ ਨੱਸੇ ਹੋਏ ਕੁਝ ਹਿੰਦੂ ਬਿਹਾਰ ਵਿਚ ਵੀ ਆਏ। ਜਦ ਉਹਨਾਂ ਦੀ ਹਾਲਤ ਬਿਹਾਰੀਆਂ ਨੇ ਵੇਖੀ ਤਾਂ ਉਹਨਾਂ ਦਾ ਜੋਸ਼ ਠੱਲ੍ਹਿਆ ਨਾ ਰਿਹਾ। ਖ਼ਾਸ ਕਰ ਲੀਗੀਆਂ ਹੱਥੋਂ ਕਸ਼ਟ ਸਹਿ ਚੁੱਕੀਆਂ ਇਸਤਰੀਆਂ ਦੀ ਹਾਲਤ ਵੇਖ ਕੇ ਸਭਯਤਾ ਕੁਰਲਾ ਉੱਠੀ। ਉਹਨਾਂ ਦੀਆਂ ਛਾਤੀਆਂ ਹਿੱਕ ਨਾਲੋਂ ਰਗੜ ਕੇ ਵੱਢੀਆਂ ਹੋਈਆਂ ਸਨ। ਕਈਆਂ ਦੇ ਨੱਕ ਤੇ ਕੰਨ ਵੀ ਵੱਢੇ ਹੋਏ ਸਨ। ਉਹ ਪੱਟੀਆਂ ਖੋਲ੍ਹ ਕੇ ਆਪਣੇ ਜ਼ਖ਼ਮ ਵਿਖਾਉਂਦੀਆਂ ਸਨ ਤੇ ਜ਼ਾਲਮਾਂ ਤੋਂ ਬਦਲਾ ਲੈਣ ਵਾਸਤੇ ਕਹਿੰਦੀਆਂ ਸਨ। ਜੋ ਕੁਝ ਲੀਗੀਆਂ ਨੇ ਨਵਾਖਲੀ ਵਿਚ ਕੀਤਾ ਸੀ, ਇਸ ਬਾਰੇ ਕੀ ਵਿਆਖਿਆ ਕਰਨੀ ਸੱਭਿਅਤਾ ਦੇ ਉਲਟ ਹੈ, ਪਰ ਇਸ [illegible] ਤੋਂ

Sri Satguru Jagjit Singh Ji eLibrary NamdhariElibrary@gmail.com

ਬਿਹਾਰ

ਉਸ ਦਾ ਉੱਕਾ ਇਸ਼ਾਰਾ ਤੱਕ ਨਾ ਕਰਨਾ ਵੀ ਲਿਖਾਰੀ ਲਈ ਇਤਿਹਾਸ ਦਾ ਖ਼ੂਨ ਕਰਨ ਦੇ ਬਰਾਬਰ ਹੈ। ਲੀਗੀਆਂ ਨੇ ਇਸਤਰੀਆਂ ਦੇ ਗੁਪਤ ਥਾਵਾਂ 'ਤੇ ਛੁਰੇ ਮਾਰਨ ਤੋਂ ਵੀ ਸੰਕੋਚ ਨਹੀਂ ਕੀਤਾ ਸੀ, ਜਿਸ ਦੇ ਕਾਰਨ ਕਈ ਤਾਂ ਉਥੇ ਹੀ ਮਰ ਗਈਆਂ ਸਨ ਤੇ ਕਈ ਉਹਨਾਂ ਦੀ ਕਰਤੂਤ ਦੱਸਣ ਵਾਸਤੇ ਬਿਹਾਰ ਵਿਚ ਫਿਰ ਰਹੀਆਂ ਸਨ। ਇਹਨਾਂ ਕਾਰਨਾਂ ਕਰਕੇ ਨਵਾਖਲੀ ਦਾ ਬਦਲਾ ਲੈਣ ਵਾਸਤੇ ਬਿਹਾਰੀਏ ਭੜਕ ਉੱਠੇ ਤੇ ੨੯ ਅਕਤੂਬਰ ਨੂੰ ਓਥੇ ਵੀ ਫ਼ਸਾਦ ਸ਼ੁਰੂ ਹੋ ਗਿਆ।

ਭੜਕੀ ਵਿਚ ਬੰਗਾਲ ਦੇ ਜਾਂ ਫ਼ੌਜ ਜਿਨਾਹੀ
ਕੀਤੀ ਹਿੰਦੂ ਕੌਮ ਦੀ ਉਸ ਪੂੰਜ ਤਬਾਹੀ
ਪਿੰਡਾਂ ਦੇ ਪਿੰਡ ਸਾੜ ਕੇ ਸਭ ਖ਼ਾਕ ਉਡਾਈ
ਛੱਡੀ ਨਾ ਮੁਟਿਆਰ ਕੋਈ ਕੁਆਰੀ ਜਾਂ ਵਿਆਹੀ
ਬੱਚੇ ਖੋਹ ਦੁੱਧ ਚੁੰਘਦੇ ਬੇਫਿਕਰ ਕਸਾਈ
ਭੋਕੇ ਅੰਦਰ ਛੱਠਿਆਂ ਲਾਹ ਖ਼ੌਫ਼ ਖ਼ੁਦਾਈ
ਉੱਠੇ ਮਰਦ ਬਿਹਾਰੀਏ ਉਹਨਾਂ ਰੱਖ ਵਿਖਾਈ
ਭਾਜੀ ਸਿਰੋਂ ਸ਼ਰੀਕ ਦੀ ਸੱਜਰੀ ਹੀ ਲਾਹੀ
ਚੁਣ-ਚੁਣ ਮਾਰੇ ਲੀਗੀਏ ਕਰ ਦਿੱਤੀ ਸਫ਼ਾਈ
ਮੁਸਲਮਲੀਗੀ ਰੋਗ ਦੀ ਉਹਨਾਂ ਧਾਰ ਭੁਆਈ
ਭਜ ਮਿਆਨੇ ਜਾ ਵੜੀ ਉਹ ਖ਼ੂਨ ਤਿਹਾਈ
ਹੱਥਾਂ ਬਾਝ ਕਰਾਰਿਆਂ ਨਾ ਸਮਝੇ ਕਾਈ

ਸੂਬਾ ਬਿਹਾਰ ਵਿਚ ਮੁਸਲਮਾਨ ਬੜੇ ਥੋੜ੍ਹੇ ਸਨ। ਉਹਨਾਂ ਨੂੰ ਆਪਣੇ ਦੀਨ ਭਾਈਆਂ ਦੀ ਕੀਤੀ ਦਾ ਫਲ ਭੁਗਤਣਾ ਪਿਆ। ਹਿੰਦੂਆਂ ਨੇ ਉਹਨਾਂ ਦੇ ਪਿੰਡ ਉਜਾੜ ਕੇ ਥੇਹ ਕਰ ਦਿੱਤੇ। ਹਜ਼ਾਰਾਂ ਇਸਤਰੀ ਪੁਰਸ਼ ਸਦਾ ਦੀ ਨੀਂਦ ਸੁਆ ਦਿੱਤੇ। ਕਈਆਂ ਘਰਾਣਿਆਂ ਵਿਚ ਨਾਂ ਲੈਣ ਨੂੰ ਵੀ ਕੋਈ ਬਾਕੀ ਨਾ ਰਿਹਾ। ਪਰ ਇਹ ਸਭ ਕੁਝ ਕਰਾਇਆ ਮੁਸਲਮ ਲੀਗ ਦਾ ਹੀ ਹੋਇਆ। ਜਦੋਂ ਨਵਾਖਲੀ ਵਿਚ ਹਿੰਦੂਆਂ ਦਾ ਕਤਲ ਸ਼ੁਰੂ ਸੀ, ਬਿਹਾਰ ਵਿਚ ਉਜੜ ਕੇ ਆਏ ਹੋਏ ਬੰਗਾਲੀ ਹਿੰਦੂ ਧਰਮ ਦਾ ਵਾਸਤਾ ਪਾ ਕੇ ਬਦਲਾ ਲੈਣ ਵਾਸਤੇ ਹਿੰਦੂਆਂ ਕੋਲ ਅਰਦਾਸਾਂ ਕਰ ਰਹੇ ਸਨ, ਓਦੋਂ ਬਿਹਾਰ ਦੇ ਮੁਸਲਮ ਲੀਗੀਆਂ ਨੇ ਵੀ ਬਲਦੀ 'ਤੇ ਤੇਲ ਪਾਉਣ ਦਾ ਹੀ ਕੰਮ ਕੀਤਾ। ਉਹ ਭਾਵੇਂ ਥੋੜ੍ਹੀ ਗਿਣਤੀ ਵਿਚ ਸਨ, ਪਰ ਉਹ ਮੁਸਲਮ ਰਾਜ ਦੇ ਸੁਪਨਿਆਂ ਵਿਚ ਲੀਨ, ਬੜੇ ਦਲੇਰ ਹੋਏ ਹੋਏ ਸਨ। ਸੋ ਉਹਨਾਂ ਬਿਹਾਰ ਵਿਚ ਵੀ 'ਪਾਕਿਸਤਾਨ ਜ਼ਿੰਦਾਬਾਦ' 'ਲੇ ਕੇ ਰਹੇਂਗੇ ਪਾਕਿਸਤਾਨ' ਦੇ ਨਾਅਰੇ ਲਾ ਕੇ ਧੁਖਦੀ ਨੂੰ ਛੇੜੀ ਬਾਲਣ ਦਾ ਉੱਦਮ ਕੀਤਾ। ਇਸ ਕਾਰਨ ਬਿਹਾਰੀਏ ਸਾਰੇ ਭੜਕ ਉੱਠੇ ਤੇ ਜਿੰਨੀ ਲੁੱਟ ਮਾਰ ਨਵਾਖਲੀ ਵਿਚ ਹੋਈ ਸੀ, ਉਸ ਤੋਂ

Sri Satguru Jagjit Singh Ji eLibrary NamdhariElibrary@gmail.com

ਵਧੇਰੇ ਬਿਹਾਰ ਵਿਚ ਕਰ ਦਿੱਤੀ। ਇਹ ਸਭ ਬਦਲੇ ਦੀ ਅੱਗ ਸੀ।

ਗਾਂਧੀ ਜੀ ਬਿਹਾਰ ਵਿੱਚ

ਜਿੱਥੇ ਨਵਾਖਲੀ ਵਿਚ ਲੀਗੀ ਜ਼ੁਲਮ ਦੇ ਕਾਰਨਾਮੇ ਸੁਣ ਕੇ ਕਿਸੇ ਇਕ ਲੀਗੀ ਲੀਡਰ ਨੇ ਉਸ ਨੂੰ ਰੋਕਣ ਵਾਸਤੇ ਦੋ ਝੂਠੇ ਸੱਚੇ ਸ਼ਬਦ ਵੀ ਨਹੀਂ ਕਹੇ ਸਨ, ਸਗੋਂ ਅੰਦਰਖਾਨੇ ਉਹਨਾਂ ਨੂੰ ਵਧੇਰੇ ਭੜਕਾਉਣ ਦਾ ਯਤਨ ਕੀਤਾ ਸੀ, ਓਥੇ ਬਿਹਾਰ ਵਿਚ ਬਦਲੇ ਦੀ ਬਲੀ ਅੱਗ ਵੇਖ ਕੇ ਮਹਾਤਮਾ ਗਾਂਧੀ ਜੀ ਆਪ ਮੁਸਲਮਾਨਾਂ ਦੀ ਰੱਖਿਆ ਵਾਸਤੇ ਓਥੇ ਜਾ ਬੈਠੇ ਤੇ ਏਥੋਂ ਤੱਕ ਕਿਹਾ ਕਿ ਜੇ ਕੋਈ ਹਿੰਦੂ ਕਿਸੇ ਮੁਸਲਮਾਨ ਨੂੰ ਛੁਰਾ ਮਾਰੇਗਾ ਤਾਂ ਮੇਰੀ ਛਾਤੀ ਵਿਚ ਮਾਰੇਗਾ।

ਆਪੋ ਵਿਚ ਲੱਗੀ ਵੇਖੀ ਅੱਗ ਜਾਂ ਮਹਾਤਮਾ ਨੇ
ਐਸਾ ਖ਼ੂਨੀ ਕਾਰਾ ਉਹਤੋਂ ਗਿਆ ਨਾ ਸਹਾਰਿਆ
ਸ਼ਾਂਤੀ ਦਾ ਦੇਵਤਾ ਅਹਿੰਸਾ ਦਾ ਪੁਜਾਰੀ ਗਾਂਧੀ
ਪ੍ਰੇਮ ਦਾ ਸੁਨੇਹਾ ਲੈ ਕੇ ਓਥੇ ਜਾ ਪਧਾਰਿਆ
ਦੇਸ਼-ਨੇਤਾ ਜਾਣ ਉਹਦੀ ਮੰਨ ਲਈ ਬਿਹਾਰੀਆਂ ਨੇ
ਸੁੱਟ ਹਥਿਆਰ, ਦਿਲੋਂ ਵੈਰ ਨੂੰ ਵਿਸਾਰਿਆ
ਐਪਰ ਨਾ ਲੀਗੀ ਟਲੇ ਕਾਰਿਆਂ ਤੋਂ 'ਸੀਤਲ' ਜੀ
ਗੁੰਡਿਆਂ ਨੂੰ ਕਦੋਂ ਉਪਦੇਸ਼ ਨੇ ਸੁਧਾਰਿਆ ?

ਗਾਂਧੀ ਜੀ ਦੇ ਜਾਣ ਦੀ ਦੇਰ ਸੀ ਕਿ ਬਿਹਾਰ ਵਿਚ ਅਗਨੀ ਬਿਲਕੁਲ ਸ਼ਾਂਤ ਹੋ ਗਈ। ਉਹਦੇ ਕਹਿਣ ਉੱਤੇ ਕਈਆਂ ਹਿੰਦੂਆਂ ਨੇ ਆਪਣੇ ਆਪ ਨੂੰ ਪੋਲੀਸ ਦੇ ਹਵਾਲੇ ਕਰ ਦਿੱਤਾ ਤੇ ਆਪਣਾ ਜੁਰਮ ਮੰਨ ਲਿਆ, ਪਰ ਨਵਾਖਲੀ ਵਿਚ ਉਸ ਦਾ ਉਲਟਾ ਹੀ ਅਸਰ ਹੋਇਆ। ਜਦੋਂ ਬਿਹਾਰ ਵਿਚ ਮੁਸਲਮਾਨਾਂ ਦਾ ਕਤਲ ਸ਼ੁਰੂ ਹੋਇਆ ਸੀ, ਓਦੋਂ ਨਵਾਖਲੀ ਵਿਚ ਇਸ ਭੈਅ ਤੋਂ ਲੀਗੀ ਖਲੋ ਗਏ ਸਨ ਕਿ ਜੇ ਓਥੇ ਇਕ ਹਿੰਦੂ ਮਰਦਾ ਸੀ ਤਾਂ ਬਿਹਾਰ ਵਿਚ ਉਸ ਦੇ ਬਦਲੇ ਦੋ ਮੁਸਲਮਾਨ ਮਾਰੇ ਜਾਂਦੇ ਸਨ, ਪਰ ਜਦ ਗਾਂਧੀ ਜੀ ਨੇ ਬਿਹਾਰੀਆਂ ਤੋਂ ਹਥਿਆਰ ਸੁਟਾ ਦਿੱਤੇ ਤਾਂ ਨਵਾਖਲੀ ਵਿਚ ਲੀਗੀਆਂ ਨੇ ਫੇਰ ਹਿੰਦੂਆਂ ਨੂੰ ਮਾਰਨਾ ਆਰੰਭ ਦਿੱਤਾ। ਗਾਂਧੀ ਜੀ ਨਵਾਖਲੀ ਵਿਚ ਵੀ ਗਏ ਆਪਣਾ ਪ੍ਰੇਮ-ਸੁਨੇਹਾ ਲੈ ਕੇ, ਪਰ ਓਥੇ ਸੁਣਨ ਵਾਲੇ ਹਿੰਦੂ ਨਹੀਂ, ਮੁਸਲਮਾਨ ਸਨ। ਸੋ ਓਥੇ ਗਾਂਧੀ ਜੀ ਨੂੰ ਬਹੁਤ ਸਫਲਤਾ ਨਾ ਹੋਈ। ਅੰਤ ਤੰਗ ਆ ਕੇ ਉਹਨਾਂ ਨੂੰ ਇਹ ਸ਼ਬਦ ਕਹਿਣੇ ਪਏ ਕਿ ਨਵਾਖਲੀ ਦੇ ਹਿੰਦੂਆਂ ਨੂੰ ਓਥੋਂ ਨਿਕਲ ਆਉਣਾ ਚਾਹੀਦਾ ਹੈ।

ਸੂਬਾ ਸਰਹੱਦ

ਮੁਲਕ ਵਿਚ ਚੜ੍ਹਦੇ ਪਾਸੇ ਬਲਦੀ ਵਿਚੋਂ ਕੁਝ ਮੁਆੜੇ ਲੈ ਕੇ ਲੀਗੀ ਮੌਲਵੀ ਲਹਿੰਦੇ ਪਾਸੇ ਜਾ ਪੁੱਜੇ ਤੇ ਸੁੱਕੇ ਕੱਖਾਂ ਉੱਤੇ ਮਘਦੇ ਅੰਗਿਆਰ ਰੱਖ ਕੇ ਲੱਗੇ ਫੂਕਾਂ ਮਾਰ-ਮਾਰ ਕੇ ਬਾਲਣ। ਸਰਹੱਦੀ ਸੂਬੇ ਦੇ ਪਿੰਡ-ਪਿੰਡ ਵਿਚ ਫਿਰ ਕੇ ਉਹਨਾਂ ਖ਼ੂਬ ਜੋਸ਼ੀਲੀਆਂ ਤਕਰੀਰਾਂ ਕੀਤੀਆਂ। ਆਦਮੀਆਂ

ਦੀਆਂ ਖੋਪਰੀਆਂ ਤੇ ਕੁਰਾਨ ਸ਼ਰੀਫ਼ ਦੇ ਪਾਟੇ ਹੋਏ ਵਰਕੇ ਵਿਖਾ-ਵਿਖਾ ਕੇ ਹਿੰਦੂਆਂ ਦੇ ਬਰਖਿਲਾਫ਼ ਅਨਪੜ੍ਹ ਮੁਸਲਮਾਨਾਂ ਨੂੰ ਭੜਕਾਉਣ ਲੱਗੇ। ਬਿਹਾਰ ਵਿਚ ਮੁਸਲਮਾਨਾਂ ਨਾਲ ਹੋਏ ਜ਼ੁਲਮ ਨੂੰ ਮਸਾਲੇ ਲਾ-ਲਾ ਕੇ ਵਧਾ ਚੜ੍ਹਾ ਕੇ ਦੱਸਣ

ਹਜ਼ਾਰਾ

ਲੱਗੇ। ਥੋੜ੍ਹੇ ਹੀ ਚਿਰ ਵਿਚ ਉਹਨਾਂ ਹਜ਼ਾਰੇ ਦੇ ਮੋਮਨਾਂ ਨੂੰ ਕਾਫ਼ਰਾਂ ਦੇ ਕਤਲ ਵਾਸਤੇ ਤਿਆਰ ਕਰ ਲਿਆ। ਸਾਧਾਰਨ ਮੌਲਵੀਆਂ ਦਾ ਹੀ ਨਹੀਂ, ਇਸ ਵਿਚ ਵੱਡੇ-ਵੱਡੇ ਜ਼ਿੰਮੇਵਾਰ ਲੀਗੀ ਲੀਡਰਾਂ ਦਾ ਵੀ ਹੱਥ ਸੀ। ਮੁਸਲਮ ਲੀਗ ਦੀ ਅਣਥੱਕ ਕੋਸ਼ਿਸ਼ ਨਾਲ ਦਸੰਬਰ ਦੇ ਮਹੀਨੇ ਹਜ਼ਾਰੇ ਵਿਚ ਵੀ ਫ਼ਸਾਦ ਸ਼ੁਰੂ ਹੋ ਗਿਆ।

ਕੁਝ ਦਿਨ ਪਾ ਕੇ ਫੇਰ ਆ ਅੱਗ ਬਲੀ ਹਜ਼ਾਰੇ
ਮੋਮਨ ਬਣ ਨਮਰੂਦ ਗਏ, ਫੁੱਲ ਬਣੇ ਅੰਗਾਰੇ
ਆਦਮ ਜੰਨਤ ਫੂਕਿਆ ਸ਼ੈਤਾਨ ਇਸ਼ਾਰੇ
ਵਸਦਾ ਦੇਸ ਉਜਾੜਿਆ ਢਾਹ ਮਹਿਲ ਮੁਨਾਰੇ
ਸੀਤਾ ਜੇਹੀਆਂ ਦੇਵੀਆਂ ਲੈ ਗਏ ਹਤਿਆਰੇ
ਹੋਈਆਂ ਨਗਨ ਦਰੋਪਤਾਂ ਕਈ, ਚੀਰ ਉਤਾਰੇ
ਦੁੱਧ ਚੁੰਘਦੇ ਨਿਰਦੋਸ਼ ਫੜ ਚੀਰੇ ਧਰ ਆਰੇ
ਹਿੰਦੂ ਸਾਰੇ ਦੇਸ਼ ਦੇ ਗਏ ਲੁੱਟੇ ਮਾਰੇ

ਸਭ ਤੋਂ ਪਹਿਲਾਂ ਹਜ਼ਾਰੇ ਵਿਚ ਕੰਮ ਆਰੰਭ ਹੋਇਆ। ਹਜ਼ਾਰਾਂ ਦੀ ਗਿਣਤੀ ਵਿਚ ਇਲਾਕੇ ਦੇ ਮੁਸਲਮਾਨ ਹਥਿਆਰ ਲੈ ਕੇ ਢੋਲ ਵਜਾਉਂਦੇ ਸ਼ਹਿਰ 'ਤੇ ਚੜ੍ਹ ਆਏ। ਓਥੋਂ ਦੇ ਹਿੰਦੂ ਸਿੱਖ ਬੜੇ ਭੈ-ਭੀਤ ਹੋਏ, ਪਰ ਗਵਾਂਢੀ ਮੁਸਲਮਾਨਾਂ ਨੇ ਕੁਰਾਨ ਸ਼ਰੀਫ਼ ਦੀਆਂ ਕਸਮਾਂ ਖਾ ਕੇ ਉਹਨਾਂ ਨੂੰ ਮਦਦ ਦਾ ਭਰੋਸਾ ਦੁਆਇਆ। ਹਿੰਦੂਆਂ ਸਿੱਖਾਂ ਤੋਂ ਕਾਫ਼ੀ ਪੈਸਾ ਇਸ ਵਾਸਤੇ ਉਹਨਾਂ ਮੁਸਲਮਾਨਾਂ ਨੇ ਲਿਆ ਕਿ ਬਾਹਰੋਂ ਆਏ ਬਲਵੱਈਆਂ ਤੋਂ ਉਹ ਉਹਨਾਂ ਦੀ ਜਾਨ ਬਚਾਉਣਗੇ। ਜਦ ਬਾਹਰ ਦੇ ਮੁਸਲਮਾਨ ਆਣ ਪੁੱਜੇ ਤਾਂ ਸ਼ਹਿਰ ਦੇ ਮੁਸਲਮਾਨ ਵੀ ਖਾਧੀਆਂ ਕਸਮਾਂ ਭੁਲਾ ਕੇ ਬਲਵੱਈਆਂ ਨਾਲ ਰਲ ਗਏ। ਕੁਝ ਹਿੰਦੂ ਸਿੱਖ ਗੁਰਦੁਆਰੇ ਵਿਚ ਇਕੱਠੇ ਹੋ ਗਏ। ਮੁਸਲਮਾਨਾਂ ਨੇ ਉਹਨਾਂ ਉੱਤੇ ਓਥੇ ਹੀ ਹਮਲਾ ਕਰ ਦਿੱਤਾ। ਗੁਰਦੁਆਰੇ ਨੂੰ ਅੱਗ ਲਾ ਕੇ ਗੁਰੂ ਗ੍ਰੰਥ ਸਾਹਿਬ ਤੇ ਕਈ ਨਿਰਦੋਸ਼ ਪ੍ਰਾਣੀ ਜਿਉਂਦੇ ਸਾੜ ਦਿੱਤੇ। ਸਾਰੇ ਸ਼ਹਿਰ ਦੇ ਹਿੰਦੂ ਇਕ-ਇਕ ਕਰਕੇ ਮਾਰੇ ਗਏ। ਦੁੱਧ ਚੁੰਘਦੇ ਬੱਚੇ ਬਰਛਿਆਂ 'ਤੇ ਟੰਗੇ ਗਏ ਤੇ ਕਈ ਥਾਈਂ ਜਿਊਂਦੇ ਅੱਗ ਵਿਚ ਸੁੱਟ ਗਏ। ਜੁਆਨ ਉਮਰ ਦੀਆਂ ਸਭ ਇਸਤਰੀਆਂ ਧੋਹ ਕੇ ਦੂਰ ਪਹਾੜਾਂ ਵਿਚ ਕਬਾਇਲੀਆਂ ਦੇ ਘਰੀਂ ਪੁਚਾਈਆਂ ਗਈਆਂ। ਇਕ ਸ਼ਹਿਰ ਤੱਕ ਹੀ ਨਹੀਂ, ਸਾਰੇ ਇਲਾਕੇ ਵਿਚ ਦੂਰ-ਦੂਰ ਤੱਕ ਇਹ ਅੱਗ ਖਿੱਲਰ ਗਈ। ਇਲਾਕਾ ਭਰ ਦੇ ਅਨੇਕਾਂ ਕਾਫ਼ਰ ਮੋਮਨਾਂ ਦੀ ਛੁਰੀਏ-ਤਕਬੀਰ ਦੀ ਭੇਟ ਹੋ ਗਏ। ਉਹਨਾਂ

Sri Satguru Jagjit Singh Ji eLibrary NamdhariElibrary@gmail.com

ਦੇ ਸਾਮਾਨ ਲੁੱਟੇ ਗਏ, ਘਰ ਸਾੜੇ ਗਏ ਤੇ ਇਸਤਰੀਆਂ ਖੋਹੀਆਂ ਗਈਆਂ। ਜਿਨ੍ਹਾਂ ਨੂੰ ਸਮਾਂ ਮਿਲ ਗਿਆ, ਉਹ ਹਿੰਦੂ ਸਿੱਖ ਘਰ ਬਾਰ ਛੱਡ ਅਤੇ ਪ੍ਰਾਣ ਬਚਾ ਕੇ ਪੂਰਬੀ ਪੰਜਾਬ ਵਿਚ ਆਣ ਵੜੇ।

ਬੰਗਾਲ ਬਿਹਾਰ ਦੇ ਫ਼ਸਾਦਾਂ ਵਿਚ ਸਿੱਖ ਤਰਫ਼ੈਣ ਬਣ ਕੇ ਰਹੇ ਸਨ, ਪਰ ਹਜ਼ਾਰੇ ਦੇ ਇਲਾਕੇ ਵਿਚ ਮੁਸਲਮ ਲੀਗੀਆਂ ਨੇ ਉਹਨਾਂ ਨੂੰ ਲਾਂਭੇ ਨਾ ਰਹਿਣ ਦਿੱਤਾ। ਹਿੰਦੂਆਂ ਦੇ ਨਾਲ ਹੀ ਉਹਨਾਂ ਨੇ ਸਿੱਖਾਂ ਉੱਤੇ ਵੀ ਅਜਿਹੇ ਹੀ ਅੱਤਿਆਚਾਰ ਢਾਹੇ ਤੇ ਕਈ ਗੁਰਦੁਆਰੇ ਸਾੜ ਦਿੱਤੇ। ਕਈ ਥਾਵਾਂ 'ਤੇ ਓਥੋਂ ਦੇ ਹਿੰਦੂ ਸਿੱਖਾਂ ਨੇ ਅੱਗੋਂ ਡਟ ਕੇ ਬਲਵੱਈਆਂ ਦਾ ਟਾਕਰਾ ਕੀਤਾ, ਪਰ ਗਿਣਤੀ ਵਿਚ ਕਈ ਗੁਣਾ ਫ਼ਰਕ ਹੋਣ ਕਰਕੇ, ਅੰਤ ਉਹਨਾਂ ਨੂੰ ਘਰ ਘਾਟ ਤਿਆਗ ਕੇ ਨੱਸਣਾ ਪਿਆ। ਇਹਨਾਂ ਘਟਨਾਵਾਂ ਦਾ ਪੰਜਾਬ ਵਿਚ ਸਿੱਖਾਂ ਦੇ ਦਿਲ 'ਤੇ ਬੜਾ ਅਸਰ ਹੋਇਆ, ਪਰ ਉਹਨਾਂ ਸਬਰ ਨੂੰ ਹੱਥੋਂ ਨਾ ਜਾਣ ਦਿੱਤਾ। ਖ਼ਾਸ ਕਰ ਸਿੱਖ ਲੀਡਰਾਂ ਨੇ ਅਮਨ ਕਾਇਮ ਰੱਖਣ ਦਾ ਬੜਾ ਉੱਦਮ ਕੀਤਾ, ਜਿਸ ਕਰਕੇ ਓਦੋਂ ਏਥੇ ਅਮਨ ਰਿਹਾ। ਨਹੀਂ ਤਾਂ ਜੇ ਮੁਸਲਮ ਲੀਗੀ ਲੀਡਰਾਂ ਵਾਂਗ ਸਿੱਖ ਲੀਡਰ ਫ਼ਸਾਦ ਕਰਾਉਣਾ ਚਾਹੁੰਦੇ ਤਾਂ ਉਸੇ ਵੇਲੇ ਸਾਰੇ ਪੰਜਾਬ ਵਿਚ ਅੱਗ ਭੜਕ ਪੈਂਦੀ।

ਇਸੇ ਸਮੇਂ ਵਿਚ ਅੰਗਰੇਜ਼ ਨੇ ਕਈ ਵਾਰ ਹਿੰਦੂ-ਮੁਸਲਮ ਸਮਝੌਤਾ ਕਰਾਉਣ ਦਾ ਯਤਨ ਕੀਤਾ, ਪਰ ਇਹ ਉੱਦਮ ਕਦੇ ਵੀ ਨੇਪਰੇ ਨਾ ਚੜ੍ਹਿਆ। ਦਿੱਲੀ ਵਿਚ ਕਾਂਗਰਸ ਦੀ ਆਰਜ਼ੀ ਹਕੂਮਤ ਵੀ ਬਣਾ ਦਿੱਤੀ ਗਈ। ਪਿੱਛੋਂ ਉਸ ਵਿਚ ਲੀਗੀ ਵਜ਼ੀਰ ਵੀ ਸ਼ਾਮਲ ਹੋ ਗਏ, ਪਰ ਕੰਮ ਚਲਾਉਣ ਵਾਸਤੇ ਨਹੀਂ, ਚਲਦੇ ਕੰਮ ਨੂੰ ਵਿਗਾੜਨ ਵਾਸਤੇ। ਇਸੇ ਹੀ ਝਗੜੇ ਝਾਂਜੇ ਵਿਚ ਸੰਨ ੧੯੪੭ ਚੜ੍ਹ ਪਿਆ। ਫ਼ਰਵਰੀ ਵਿਚ ਅੰਗਰੇਜ਼ ਨੇ ਐਲਾਨ ਕੀਤਾ ਕਿ ਜੇ ਹਿੰਦੂਆਂ ਮੁਸਲਮਾਨਾਂ ਦਾ ਕੋਈ ਸਮਝੌਤਾ ਨਾ ਹੋਇਆ ਤਾਂ ਉਹ ਜੂਨ ੧੯੪੮ ਵਿਚ ਸੂਬਕ ਵਜ਼ਾਰਤਾਂ ਨੂੰ ਅਖ਼ਤਿਆਰ ਸੌਂਪ ਕੇ ਚਲੇ ਜਾਣਗੇ। ਇਸ ਐਲਾਨ ਨੇ ਮੁਸਲਮ ਲੀਗ ਦਾ ਧਿਆਨ ਇਕ ਹੋਰ ਪਾਸੇ ਖਿੱਚ ਲਿਆ। ਪੰਜਾਬ ਅਸੈਂਬਲੀ ਵਿਚ ਸਭ ਤੋਂ ਵੱਡੀ ਪਾਰਟੀ ਮੁਸਲਮ ਲੀਗ ਸੀ; ਪਰ ਉਹ ਏਥੇ ਆਪਣੀ ਵਜ਼ਾਰਤ ਨਹੀਂ ਬਣਾ ਸਕੀ ਸੀ। ਏਥੇ ਅਕਾਲੀ, ਕਾਂਗਰਸ ਤੇ ਯੂਨੀਨਿਸਟ ਪਾਰਟੀਆਂ ਦੀ ਸਾਂਝੀ ਵਜ਼ਾਰਤ ਸੀ ਤੇ ਖ਼ਿਜ਼ਰ ਹਯਾਤ ਖ਼ਾਂ ਵੱਡਾ ਵਜ਼ੀਰ। ਮੁਸਲਮ ਲੀਗ ਨੇ ਪੰਜਾਬ ਵਿਚ ਵਜ਼ਾਰਤ ਬਣਾਉਣ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾਇਆ ਸੀ, ਪਰ ਸਫਲ ਨਹੀਂ ਹੋਈ ਸੀ। ਖ਼ਿਜ਼ਰ ਹਯਾਤ ਉਹਨਾਂ ਦੇ ਰਾਹ ਵਿਚ ਬੜੀ ਭਾਰੀ ਰੁਕਾਵਟ ਸੀ। ਉਹ ਛੇਤੀ ਤੋਂ ਛੇਤੀ ਇਸ ਰੁਕਾਵਟ ਨੂੰ ਦੂਰ ਕਰਨਾ ਚਾਹੁੰਦੇ ਸਨ। ਸੋ ਉਹਨਾਂ ਨੇ ਆਪਣੇ ਨੀਅਤ ਪ੍ਰੋਗਰਾਮ ਅਨੁਸਾਰ ਕੰਮ ਆਰੰਭ ਦਿੱਤਾ। ਖ਼ਿਜ਼ਰ ਵਜ਼ਾਰਤ ਨੇ ਗੜਬੜ ਤੋਂ ਡਰਦਿਆਂ ਪੰਜਾਬ ਵਿਚ ਪਬਲਿਕ ਸੇਫ਼ਟੀ ਆਰਡੀਨੈਂਸ ਲਾ ਕੇ ਜਲਸੇ ਜਲੂਸ ਬੰਦ ਕਰ ਦਿੱਤੇ ਤੇ ਮੁਸਲਮ ਨੈਸ਼ਨਲ ਗਾਰਡ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਦਿੱਤਾ। ਮੁਸਲਮ

ਖ਼ਿਜ਼ਰ ਵਜ਼ਾਰਤ ਤੇ ਲੀਗ

ਲੀਗ ਨੇ—ਜੋ ਕਿਸੇ ਬਹਾਨੇ ਦੀ ਟੋਲ ਵਿਚ ਹੀ ਸੀ—ਪੰਜਾਬ ਵਿਚ ਸੱਤਿਆਗ੍ਰਹਿ ਆਰੰਭ ਦਿੱਤਾ। ਲੱਗੇ ਮੁਸਲਮ ਲੀਗੀ ਥਾਂ-ਥਾਂ ਸ਼ਹਿਰਾਂ ਤੇ ਪਿੰਡਾਂ ਵਿਚ ਰੌਲਾ ਪਾਉਣ। ਖ਼ਿਜ਼ਰ ਹਯਾਤ ਨੇ ਮੁਸਲਮ ਲੀਗ ਦੇ ਕੁਝ ਲੀਡਰ (ਸਰ ਫ਼ੀਰੋਜ਼ ਖ਼ਾਂ ਨੂੰਨ, ਨਵਾਬ ਮਮਦੋਟ, ਬੇਗਮ ਸ਼ਾਹਨਿਵਾਜ਼, ਸ਼ੌਕਤ ਹਯਾਤ ਖ਼ਾਂ, ਆਦਿ) ਜੇਲ੍ਹ ਵਿਚ ਡੱਕ ਦਿੱਤੇ। ਲੀਗੀਆਂ ਨੇ ਸਗੋਂ ਅਸਮਾਨ ਸਿਰ 'ਤੇ ਚੁੱਕ ਲਿਆ। ਉਹ ਸਾਰਾ ਦਿਨ ਬਜ਼ਾਰਾਂ ਵਿਚ ਜਲੂਸ ਕੱਢਦੇ ਫਿਰਦੇ ਤੇ ਬੜੇ ਭੜਕਾਊ ਨਾਅਰੇ ਲਾਉਂਦੇ। ਉਹਨਾਂ ਦੇ ਨਾਅਰੇ ਦੋ ਕਿਸਮ ਦੇ ਹੁੰਦੇ ਸਨ : ਖ਼ਿਜ਼ਰ ਹਯਾਤ ਨੂੰ ਗਾਲ੍ਹੀਂ ਵਜੋਂ (ਜਿਵੇਂ 'ਹਾਏ, ਹਾਏ ਖ਼ਿਜ਼ਰੂ ਮਰ ਗਿਆ' 'ਖ਼ਿਜ਼ਰੂ ਕੁੱਤਾ ਹਾਇ ਹਾਇ' ਆਦਿ) ਤੇ ਜਾਂ ਪਾਕਿਸਤਾਨ ਬਣਾਉਣ ਦੀਆਂ ਹਿੰਦੂ ਸਿੱਖਾਂ ਨੂੰ ਧਮਕੀਆਂ ਵਜੋਂ ('ਹੱਕ ਹਮਾਰਾ ਪਾਕਿਸਤਾਨ' 'ਲੇ ਕੇ ਰਹੇਂਗੇ ਪਾਕਿਸਤਾਨ' 'ਜੈਸੇ ਲੀਆ ਥਾ ਹਿੰਦੁਸਤਾਨ, ਵੈਸੇ ਲੇਂਗੇ ਪਾਕਿਸਤਾਨ' ਆਦਿ)। ਕਈ ਵਾਰ ਉਹ ਸੱਭਿਅਤਾ ਤੇ ਭਲਮਾਣਸੀ ਦੀ ਹੱਦ ਟੱਪ ਜਾਂਦੇ ਸਨ : ਜਿਵੇਂ ਖ਼ਿਜ਼ਰ ਹਯਾਤ ਖ਼ਾਂ ਜਾਂ ਉਸ ਦੀ ਮਾਂ ਦਾ ਜਨਾਜ਼ਾ (ਅਰਥੀ) ਬਣਾ ਕੇ ਕੱਢਣਾ, ਉਸ ਨੂੰ ਲੜਕੀਆਂ ਤੱਕ ਦੀਆਂ ਗਾਲ੍ਹੀਂ ਦੇਣੀਆਂ ਆਦਿ। ਕਈ ਥਾਵਾਂ 'ਤੇ ਪੁਲੀਸ ਨਾਲ ਵੀ ਝਗੜੇ ਹੋਏ ਤੇ ਲੀਗੀਆਂ ਨੇ ਅੱਗੋਂ ਇੱਟਾਂ ਮਾਰੀਆਂ। ਮਾੜੇ ਭਾਗਾਂ ਨੂੰ ਪੰਜਾਬ ਦੀ ਪੁਲੀਸ ਵਿਚ ਬਹੁਤੀ ਗਿਣਤੀ ਮੁਸਲਮਾਨਾਂ ਦੀ ਸੀ, ਜੋ ਅੰਦਰੋਂ ਮੁਸਲਮ ਲੀਗ ਤੇ ਪਾਕਿਸਤਾਨ ਦੇ ਹਾਮੀ ਸਨ। ਪੁਲੀਸ ਤੇ ਖ਼ਿਜ਼ਰ ਦੀ ਨਰਮ ਵਰਤੋਂ ਨੇ ਲੀਗੀਆਂ ਨੂੰ ਸਗੋਂ ਸ਼ੂਹੇ ਕਰ ਦਿੱਤਾ। ਪਬਲਿਕ ਥਾਵਾਂ ਤੇ ਸਰਕਾਰੀ ਥਾਵਾਂ ਉੱਤੇ ਲੀਗ ਦਾ ਝੰਡਾ ਝੁਲਾਉਣਾ ਉਹਨਾਂ ਦਾ ਨਿਸ਼ਾਨਾ ਸੀ। ਜਿਸ ਥਾਂ 'ਤੇ ਪੁਲੀਸ ਜ਼ਰਾ ਸਖ਼ਤੀ ਕਰਦੀ ਸੀ, ਉਥੇ ਉਹ ਚੁੱਪ ਹੋ ਜਾਂਦੇ ਸਨ ਤੇ ਦੂਜੇ ਥਾਂ ਦੂਣੇ ਸ਼ੋਰ। ਰੇਲਾਂ ਉੱਤੇ ਬਿਨਾਂ ਟਿਕਟ ਸਫ਼ਰ ਕਰਨਾ ਤੇ ਕਿਸੇ ਹਿੰਦੂ ਸਿੱਖ ਸਟੇਸ਼ਨ ਮਾਸਟਰ ਨੂੰ ਘੂਰ ਕੇ ਲੰਘਣਾ ਉਹਨਾਂ ਦਾ ਵੱਡਾ ਕੰਮ ਸੀ। ਮੁੱਕਦੀ ਗੱਲ, ਇਕ ਮਹੀਨਾ ਉਹਨਾਂ ਨੇ ਭਾਰਾ ਊਧਮ ਮਚਾ ਛੱਡਿਆ, ਪਰ ਕਿਸੇ ਨੇ ਉਹਨਾਂ ਦੀ ਵਾਅ ਵੱਲ ਨਾ ਵੇਖਿਆ। ਖ਼ਾਸ ਕਰ ਸਿੱਖਾਂ ਨੂੰ ਭੜਕਾਉਣ ਵਾਸਤੇ ਉਹਨਾਂ ਬੜਾ ਜ਼ੋਰ ਲਾਇਆ। ਸਿੱਖਾਂ ਨੇ ਭਾਰਾ ਜੇਰਾ ਕਰਕੇ ਆਪਣੇ ਸਬਰ ਨੂੰ ਕਾਬੂ ਰੱਖਿਆ। ਸਿੱਖਾਂ ਨੂੰ ਰਾਹ ਜਾਂਦੇ ਵੇਖ ਕੇ ਲੀਗੀ ਚਾਂਗਰਾਂ ਮਾਰਨ ਲੱਗ ਪੈਂਦੇ ਸਨ ਤੇ ਚਿੜਾ ਚਿੜਾ ਕੇ 'ਪਾਕਿਸਤਾਨ' ਦੇ ਨਾਅਰੇ ਲਾਉਂਦੇ ਸਨ। ਸੱਚੀ ਗੱਲ ਕਿ ਉਹਨਾਂ ਨੇ ਅਮਨ ਪਸੰਦ ਹਿੰਦੂ ਸਿੱਖਾਂ ਦਾ ਜਿਊਣਾ ਔਖਾ ਕਰ ਦਿੱਤਾ ਸੀ। ਉਹ ਬਦੋਬਦੀ ਹਿੰਦੂ ਸਿੱਖਾਂ ਦੇ ਗਲ੍ਹ ਪੈਣਾ ਚਾਹੁੰਦੇ ਸਨ ਪਰ ਉਹ ਅਗੋਂ ਟਾਲਾ ਕਰੀ ਜਾਂਦੇ ਸਨ।

ਖ਼ਿਜ਼ਰ ਦਾ ਅਸਤੀਫ਼ਾ

ਅੰਤ ਖ਼ਿਜ਼ਰ ਹਯਾਤ ਡਰ ਗਿਆ। ਉਹਨੇ ਮੁਸਲਮ ਨੈਸ਼ਨਲ ਗਾਰਡ ਤੋਂ ਪਾਬੰਦੀ ਉਠਾ ਲਈ ਤੇ ਮੁਸਲਮ ਲੀਗੀ ਲੀਡਰ ਛੱਡ ਦਿੱਤੇ। ਦੋ ਮਾਰਚ ੧੯੪੭ ਨੂੰ ਉਹਨਾਂ ਵਜ਼ਾਰਤ ਤੋਂ ਤਿਆਗ ਪੱਤਰ (ਅਸਤੀਫ਼ਾ) ਦੇ ਦਿੱਤਾ। ਗਵਰਨਰ ਪੰਜਾਬ ਨੇ ਮੁਸਲਮ ਲੀਗ

Sri Satguru Jagjit Singh Ji eLibrary NamdhariElibrary@gmail.com

ਨਾਲ ਗੱਲ ਬਾਤ ਪਹਿਲਾਂ ਹੀ ਗਿਣੀ ਹੋਈ ਸੀ, ਸੋ ਉਸ ਨੂੰ ਵਜ਼ਾਰਤ ਬਣਾਉਣ ਵਾਸਤੇ ਕਿਹਾ।

ਲੀਗ ਅਸੈਂਬਲੀ ਵਿੱਚ

ਮੁਸਲਮ ਲੀਗੀ ਮੈਂਬਰ ਜਲੂਸ ਦੀ ਸ਼ਕਲ ਵਿਚ ਲੀਗ ਦਾ ਝੰਡਾ ਲਹਿਰਾਉਂਦੇ ਤੇ 'ਪਾਕਿਸਤਾਨ' ਦੇ ਨਾਅਰੇ ਲਾਉਂਦੇ ਹੋਏ ਅਸੈਂਬਲੀ ਹਾਲ ਤੱਕ ਪਹੁੰਚੇ। ਉਹਨਾਂ ਅਸੈਂਬਲੀ ਹਾਲ ਵਿਚ ਜਾ ਕੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ। ਸਿੱਖ ਲੀਡਰ ਇਹ ਸੁਣ ਕੇ ਸਹਿ ਨਾ ਸਕੇ। ਪਾਕਿਸਤਾਨ ਦਾ ਨਾਅਰਾ ਲਾਉਣਾ ਸਿੱਖਾਂ ਨੂੰ ਮੌਤ ਦਾ ਸੁਨੇਹਾ ਦੇਣਾ ਸੀ। ਅਸੈਂਬਲੀ ਦੇ ਸਿੱਖ ਮੈਂਬਰ ਤੇ ਹਰਮਨ ਪਿਆਰੇ ਲੀਡਰ ਮਾਸਟਰ ਤਾਰਾ ਸਿੰਘ ਜੀ ਉਸ ਵੇਲੇ ਉਥੇ ਹੀ ਸਨ ਤੇ ਖ਼ਿਜ਼ਰ ਹਯਾਤ ਦੇ ਤਿਆਗ ਪੱਤਰ ਪਿੱਛੋਂ ਬਦਲੀ ਹੋਈ ਹਾਲਤ ਉੱਤੇ ਵਿਚਾਰ ਕਰ ਰਹੇ ਸਨ।

ਮਾਸਟਰ ਜੀ ਦੀ ਦਲੇਰੀ

ਸਿੱਖਾਂ ਨੂੰ ਵੇਖ ਕੇ ਲੀਗੀਆਂ ਨੇ ਸਗੋਂ ਚਿੜਾਉਣ ਵਾਸਤੇ ਜ਼ੋਰ-ਜ਼ੋਰ ਦੀ ਨਾਅਰੇ ਲਾਉਣੇ ਸ਼ੁਰੂ ਕੀਤੇ। ਅੱਗੋਂ ਮਾਸਟਰ ਤਾਰਾ ਸਿੰਘ ਜੀ ਨੇ ਵੀ ਸਿੱਖੀ ਜੋਸ਼ ਵਿਚ ਆ ਕੇ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਲਾਇਆ। ਮੁਸਲਮ ਮੈਂਬਰ ਇਸ ਤੋਂ ਬਹੁਤ ਭੜਕੇ। ਅੰਤ ਦੋਵੇਂ ਧਿਰਾਂ (ਮੁਸਲਮ ਤੇ ਸਿੱਖ) ਉਥੇ ਹੀ ਲੜਨ ਵਾਸਤੇ ਤਿਆਰ ਹੋ ਪਏ, ਪਰ ਪੋਲੀਸ ਨੇ ਦੋਹਾਂ ਦੇ ਵਿਚ ਖਲੋ ਕੇ ਝਗੜਾ ਖ਼ਤਮ ਕਰਾ ਦਿੱਤਾ। ਉਸ ਦਿਨ ਦੀ ਕਾਰਵਾਈ ਉਥੇ ਹੀ ਬੰਦ ਹੋ ਗਈ ਤੇ ਦਿਲਾਂ ਵਿਚ ਅਥਾਹ ਸਾੜ ਲੈ ਕੇ ਸਾਰੇ ਆਪਣੇ-ਆਪਣੇ ਰਾਹ ਪਏ।

ਸ਼ਾਮ ਨੂੰ ਅਸੈਂਬਲੀ ਦੇ ਕਾਂਗਰਸੀ ਤੇ ਅਕਾਲੀ ਮੈਂਬਰ ਕਪੂਰਥਲਾ ਹਾਊਸ ਵਿਚ ਇਕੱਠੇ ਹੋਏ ਤੇ ਫ਼ੈਸਲਾ ਕੀਤਾ ਕਿ ਪੰਜਾਬ ਵਿਚ ਇਕ ਫ਼ਿਰਕੇ ਦੀ ਹਕੂਮਤ ਪ੍ਰਵਾਨ ਨਹੀਂ ਕੀਤੀ ਜਾਵੇਗੀ।

ਚਾਰ ਮਾਰਚ ਨੂੰ ਅੰਮ੍ਰਿਤਸਰ ਗੁਰੂ ਕੇ ਬਾਗ਼ ਵਿਚ ਹਿੰਦੂਆਂ ਸਿੱਖਾਂ ਦਾ ਬੜਾ ਭਾਰੀ ਦੀਵਾਨ ਸੱਜਿਆ। ਸੰਗਤ ਵਿਚ ਅਥਾਹ ਜੋਸ਼ ਸੀ। ਲੀਡਰਾਂ ਨੇ ਆਉਣ ਵਾਲੀ ਬਿਪਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਸਰਬ ਸੰਮਤੀ ਨਾਲ ਹਿੰਦੂਆਂ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਆਪਣਾ ਪੂਰਨ ਲੀਡਰ ਮੰਨਿਆ ਤੇ ਮਤਾ ਪਾਸ ਕੀਤਾ ਕਿ ਪੰਜਾਬ ਵਿਚ ਮੁਸਲਮ ਲੀਗ ਦੀ ਹਕੂਮਤ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

ਉਧਰ ਲਾਹੌਰ ਵਿਚ ਕਾਲਜਾਂ ਦੇ ਹਿੰਦੂ ਸਿੱਖ ਵਿਦਿਆਰਥੀਆਂ ਨੇ ਆਪਣਾ ਰੋਸ ਪ੍ਰਗਟ ਕਰਨ ਵਾਸਤੇ ਗੋਲ ਬਾਗ਼ ਵਿਚ ਜਲਸਾ ਕੀਤਾ। ਪੰਜਾਬ ਦਾ ਅੰਗਰੇਜ਼

ਲਾਹੌਰ ਵਿਦਿਆਰਥੀਆਂ ਦਾ ਜਲਸਾ

ਗਵਰਨਰ ਸਰ ਜੈਨਕਿਨ ਖੁਲ੍ਹ-ਮ-ਖੁਲ੍ਹਾ ਮੁਸਲਮ ਲੀਗ ਦੀ ਮਦਦ ਕਰ ਰਿਹਾ ਸੀ, ਜਿਸ ਨੂੰ ਹਿੰਦੂ ਸਿੱਖ ਉੱਕਾ ਪਸੰਦ ਨਹੀਂ ਕਰਦੇ ਸਨ। ਇਸੇ ਗੱਲ ਦਾ ਚਰਚਾ ਵਿਦਿਆਰਥੀਆਂ ਦੇ ਜਲਸੇ ਵਿਚ ਹੋ ਰਿਹਾ ਸੀ। ਮੁਸਲਮ ਪੋਲੀਸ ਬੰਦੂਕਾਂ ਤੇ ਡਾਂਗਾਂ ਲੈ ਕੇ ਜਲਸੇ ਕੋਲ

ਆਣ ਪਹੁੰਚੀ ਤੇ ਬੜੀ ਖਰ੍ਹਵੀ ਬੋਲੀ ਵਿਚ ਵਿਦਿਆਰਥੀਆਂ ਨੂੰ ਖਿੰਡਰ ਜਾਣ ਵਾਸਤੇ ਕਿਹਾ। ਇਸ ਤੋਂ ਪਹਿਲਾਂ ਮੁਸਲਮ ਲੀਗੀ ਮਹੀਨਾ ਭਰ ਮਨ ਆਈਆਂ ਕਰਦੇ ਰਹੇ ਸਨ; ਪਰ ਕਿਸੇ ਅਫ਼ਸਰ ਨੇ ਉਹਨਾਂ ਵੱਲ ਅੱਖ ਚੁੱਕ ਕੇ ਨਹੀਂ ਸੀ ਵੇਖਿਆ। ਉਹਨਾਂ ਤੋਂ ਗਾਲ੍ਹਾਂ ਤੇ ਇੱਟਾਂ ਖਾ ਕੇ ਵੀ ਪੁਲੀਸ ਕਰਮਚਾਰੀ ਉਭਾਸਰੇ ਨਹੀਂ ਸਨ, ਪਰ ਹਿੰਦੂ ਸਿੱਖ ਵਿਦਿਆਰਥੀ ਅਮਨ ਸਹਿਤ ਇਕੱਠੇ ਹੀ ਹੋਏ ਸਨ ਕਿ ਪੋਲੀਸ ਉਹਨਾਂ ਨੂੰ ਧਮਕਾਉਣ ਵਾਸਤੇ ਆਣ ਧਮਕੀ। ਅੱਗੋਂ ਵਿਦਿਆਰਥੀਆਂ ਨੇ ਖਿਲਰਨ ਤੋਂ ਇਨਕਾਰ ਕੀਤਾ ਤੇ ਕਿਹਾ 'ਜੇ ਮੁਸਲਮ ਲੀਗ ਮਹੀਨਾ ਭਰ ਕਾਨੂੰਨ ਵਿਰੁੱਧ ਜਲਸੇ ਜਲੂਸ ਕੱਢ ਸਕਦੀ ਹੈ ਤਾਂ ਸਾਨੂੰ ਵੀ ਜਲਸਾ ਕਰਨ ਦਾ ਹੱਕ ਹੈ।' ਫੇਰ ਕੀ ਸੀ ? ਪੋਲੀਸ ਨੇ ਅੰਨ੍ਹੇ ਵਾਹ ਡਾਂਗਾਂ ਮਾਰਨੀਆਂ ਆਰੰਭ ਦਿੱਤੀਆਂ। ਬਹੁਤ ਸਾਰੇ ਵਿਦਿਆਰਥੀ ਫੱਟੜ ਹੋ ਗਏ। ਕੁਝ ਮੁਸਲਮ ਲੀਗੀ ਲੜਕੇ ਹਿੰਦੂ ਬਣ ਕੇ ਜਲਸੇ ਵਿਚ ਆਏ ਹੋਏ ਸਨ। ਉਹਨਾਂ ਪੁਲੀਸ ਨਾਲ ਪਹਿਲਾਂ ਹੀ ਗੰਢੀ ਹੋਈ ਸੀ। ਸੋ ਉਹਨਾਂ ਨੇ ਉੱਚੀ-ਉੱਚੀ ਰੌਲਾ ਪਾਉਂਦਿਆਂ ਹੋਇਆਂ ਅੱਗੋਂ ਪੋਲੀਸ ਨੂੰ ਇੱਟਾਂ ਮਾਰੀਆਂ। ਬਸ, ਇਹ ਬਹਾਨਾ ਮਿਲਣ ਦੀ ਦੇਰ ਸੀ ਕਿ ਪੋਲੀਸ ਨੇ ਗੋਲੀ ਚਲਾ ਦਿੱਤੀ। ਲੋਕਾਂ ਨੂੰ ਖਿਲਾਰਨ ਵਾਸਤੇ ਅਕਸਰ ਪਹਿਲਾਂ ਹਵਾ ਵਿਚ ਗੋਲੀਆਂ ਚਲਾਈਆਂ ਜਾਂਦੀਆਂ ਹਨ, ਪਰ ਪੋਲੀਸ ਨੇ ਖਿਲਾਰਨ ਵਾਸਤੇ ਨਹੀਂ, ਮਾਰਨ ਵਾਸਤੇ ਗੋਲੀ ਚਲਾਈ ਸੀ। ਸੋ ਪਹਿਲੀ ਵਾਰ ਗੋਲੀ ਚੱਲਣ ਨਾਲ ਹੀ ਕਈ ਵਿਦਿਆਰਥੀ ਡਿੱਗ ਪਏ। ਨੱਸਣ ਦੇ ਥਾਂ, ਬਹੁਤ ਸਾਰੇ ਵਿਦਿਆਰਥੀ ਫੱਟੜਾਂ ਕੋਲ ਇਕੱਠੇ ਹੋ ਗਏ। ਸਾਰੇ ਜਲਸੇ ਵਿਚ ਹਲਚਲ ਮਚ ਗਈ ਤੇ 'ਮੁਸਲਮ ਲੀਗ ਮੁਰਦਾਬਾਦ' 'ਪਾਕਿਸਤਾਨ ਮੁਰਦਾਬਾਦ' 'ਹਿੰਦੁਸਤਾਨ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਆਸਮਾਨ ਗੂੰਜ ਉੱਠਿਆ। ਪੋਲੀਸ ਨੇ ਫੇਰ ਗੋਲੀ ਚਲਾਈ, ਜਿਸ ਨਾਲ ਕੁਝ ਹੋਰ ਲੜਕੇ ਘਾਇਲ ਹੋ ਕੇ ਡਿੱਗ ਪਏ। ਕੁਝ ਲੜਕੇ ਤਾਂ ਆਪਣੇ ਜ਼ਖ਼ਮੀਆਂ ਤੇ ਸ਼ਹੀਦ ਹੋਇਆਂ ਨੂੰ ਸੰਭਾਲਣ ਲੱਗ ਪਏ ਤੇ ਬਾਕੀ ਜਲੂਸ ਬਣਾ ਕੇ ਤੁਰ ਪਏ। ਸੜਕ ਕਚਹਿਰੀ ਉੱਤੇ ਪੋਲੀਸ ਨੇ ਫਿਰ ਡਾਂਗਾਂ ਬਰਸਾਈਆਂ ਤੇ ਬੜੀ ਬੇਕਿਰਕੀ ਨਾਲ ਲਾਠਾਂ ਪਲੇ ਵਿਦਿਆਰਥੀਆਂ ਨੂੰ ਫੱਟੜ ਕੀਤਾ। ਤਿੰਨ ਥਾਵਾਂ 'ਤੇ (ਜ਼ਿਲ੍ਹਾ ਕਚਹਿਰੀ, ਡੀ. ਏ. ਵੀ. ਕਾਲਜ ਤੇ ਗੌਰਮਿੰਟ ਕਾਲਜ ਕੋਲ) ਫੇਰ ਜਲੂਸ ਉੱਤੇ ਗੋਲੀ ਚੱਲੀ। ਸਾਰੀ ਗੜਬੜ ਵਿਚ ਦਸ ਵਿਦਿਆਰਥੀ ਸ਼ਹੀਦ ਹੋਏ ਤੇ ੧੫ ਗੋਲੀਆਂ ਨਾਲ ਜ਼ਖ਼ਮੀ। ਡਾਂਗਾਂ ਨਾਲ ਫਟੜ ਹੋਇਆਂ ਦੀ ਗਿਣਤੀ ਢੇਰ ਸੀ। ਇਸ ਧਕੇਸ਼ਾਹੀ ਨਾਲ ਵਿਦਿਆਰਥੀਆਂ ਦਾ ਜੋਸ਼ ਹੱਦੋਂ ਵੱਧ ਗਿਆ। ਉਹਨਾਂ ਦਾ ਗੁਨਾਹ ਏਨਾ ਹੀ ਸੀ ਕਿ ਉਹ ਮੁਸਲਮਾਨ ਨਹੀਂ ਸਨ, ਜਿਸ ਕਰਕੇ ਉਹਨਾਂ ਨੂੰ ਪੋਲੀਸ ਦਾ ਜ਼ੁਲਮੀ ਵਾਰ ਸਹਿਣਾ ਪਿਆ। ਪ੍ਰਸਿੱਧ ਸਿੱਖ ਲੀਡਰ ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਤੇ ਮਿਸਟਰ ਭੀਮ ਸੈਨ ਸੱਚਰ ਨੇ ਵਿਦਿਆਰਥੀਆਂ ਨੂੰ ਸ਼ਾਂਤ ਰਹਿਣ ਵਾਸਤੇ ਕਿਹਾ ਤੇ ਬੜੀ ਔਖਿਆਈ ਨਾਲ ਉਹਨਾਂ ਨੂੰ ਘਰੋ-ਘਰੀ

ਮੁੜ ਜਾਣ ਵਾਸਤੇ ਕਿਹਾ। ਉਹ ਆਪਣੇ ਲੀਡਰਾਂ ਦਾ ਹੁਕਮ ਮੰਨ ਗਏ ਤੇ ਅਸੈਂਬਲੀ ਹਾਲ ਤੋਂ–ਬਿਨਾਂ ਕੋਈ ਕਾਰਵਾਈ ਕੀਤੇ–ਐਬਟ ਰੋਡ ਤੇ ਨਿਸਬਤ ਰੋਡ ਰਾਹੀਂ ਵਾਪਸ ਮੁੜ ਪਏ। ਜਲੂਸ ਮਿਉ ਹਸਪਤਾਲ ਕੋਲ ਹੀ ਪੁੱਜਾ ਸੀ ਕਿ ਚੌਕ

ਫ਼ਸਾਦ ਅਰੰਭ

ਮਤੀ ਵਿਚ ਫ਼ਸਾਦ ਹੋ ਜਾਣ ਦੀ ਖ਼ਬਰ ਮਿਲ ਗਈ। ਜਲੂਸ ਦਾ ਜੋਸ਼ ਬੇਕਾਬੂ ਹੋ ਗਿਆ ਤੇ ਉਹ ਵਾਹੋ ਦਾਹੀ ਚੌਕ ਮਤੀ ਵਿਚ ਜਾ ਪੁੱਜਾ। ਮੁਸਲਮਲੀਗੀ, ਪੋਲੀਸ ਸਣੇ, ਓਥੇ ਤਿਆਰ ਬੈਠੇ ਸਨ, ਸੋ ਦੋਹਾਂ ਧਿਰਾਂ ਵਿਚ ਖੁਲ੍ਹਮ-ਖੁੱਲ੍ਹਾ ਲੜਾਈ ਹੋ ਪਈ; ਕੁਝ ਮਰੇ ਤੇ ਕੁਝ ਫਟੜ ਹੋ ਗਏ। ਏਥੋਂ ਪੰਜਾਬ ਦੇ ਫ਼ਸਾਦਾਂ ਦਾ ਆਰੰਭ ਹੋਇਆ। ਸ਼ਾਮ ਤੱਕ ਮੋਚੀ ਦਰਵਾਜ਼ਾ, ਗੋਲ ਸੜਕ, ਚੌਕ ਦਾਲਗਰਾਂ, ਚੌਕ ਮਤੀ, ਭਾਟੀ ਦਰਵਾਜ਼ਾ, ਮੱਛੀ ਹੱਟਾ, ਚੌਕ ਰੰਗ ਮਹਿਲ ਆਦਿ ਥਾਵਾਂ 'ਤੇ ਲੜਾਈ ਸ਼ੁਰੂ ਹੋ ਗਈ। ਇਸ ਦਿਨ ੨੦ ਆਦਮੀ ਮਰੇ ਤੇ ੧੦੦ ਦੇ ਲਗਪਗ ਜ਼ਖ਼ਮੀ ਹੋਏ (ਸਰਕਾਰੀ ਖ਼ਬਰ ੧੪ ਮਰੇ ਤੇ ੩੦ ਜ਼ਖ਼ਮੀ)।

www.archive.org/details/namdhari

ਦੂਜਾ ਕਾਂਡ

ਜਿਸ ਕੰਮ ਵਾਸਤੇ ਮੁਸਲਮ ਲੀਗ ਮਹੀਨੇ ਭਰ ਦੀ ਜ਼ੋਰ ਲਾ ਰਹੀ ਸੀ, ਉਹ ਹੋ ਗਿਆ। ਖ਼ਿਜ਼ਰ ਹਯਾਤ ਨੇ ਵਜ਼ਾਰਤ ਤੋਂ ਤਿਆਗ ਪੱਤਰ ਦੇ ਦਿੱਤਾ, ਪਰ ਮੁਸਲਮ ਲੀਗੀ ਵਜ਼ਾਰਤ ਫੇਰ ਵੀ ਪੰਜਾਬ ਵਿਚ ਨਾ ਬਣ ਸਕੀ ਕਿਉਂਕਿ ਕੋਈ ਵੀ ਹਿੰਦੂ ਸਿੱਖ ਮੈਂਬਰ ਉਸ ਨਾਲ ਮਿਲਣ ਵਾਸਤੇ ਤਿਆਰ ਨਾ ਹੋਇਆ। ਉਸ ਨੂੰ ਸਾਰੀ ਦੁਨੀਆਂ ਵਿਚੋਂ ਕਿਸੇ ਬੰਦੇ ਉੱਤੇ ਐਨਾ ਗੁੱਸਾ ਨਹੀਂ ਸੀ, ਜਿੰਨਾ ਮਾਸਟਰ ਤਾਰਾ ਸਿਘ ਜੀ 'ਤੇ ਸੀ। ਚਾਰ ਮਾਰਚ ਨੂੰ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਹਿੰਦੂਆਂ ਸਿੱਖਾਂ ਨੇ ਮਾਸਟਰ ਸਾਹਿਬ ਜੀ ਨੂੰ ਆਪਣਾ ਪੂਰਨ ਲੀਡਰ ਮੰਨ ਲਿਆ। ਇਸ ਗੱਲ ਤੋਂ ਮੁਸਲਮ ਲੀਗੀ ਵਧੇਰੇ ਹੀ ਭੜਕ ਉੱਠੇ। ਪੰਜਾਬ ਪੋਲੀਸ ਵਿਚ ਮੁਸਲਮਾਨਾਂ ਦੀ ਬੜੀ ਭਾਰੀ ਬਹੁਗਿਣਤੀ ਸੀ ਤੇ ਪੰਜਾਬ ਦਾ ਪੋਲੀਸ ਇਸਪੈਕਟਰ ਜੈਨਰਲ ਮਿਸਟਰ ਬੈਨਿਟ (ਅੰਗਰੇਜ਼) ਲੀਗ ਦਾ ਪੱਕਾ ਹਮਾਇਤੀ। ਇਸ ਵਾਸਤੇ ਮੁਸਲਮ ਲੀਗ ਨੂੰ ਪੂਰਾ ਭਰੋਸਾ ਸੀ ਕਿ ਉਹ ਪੋਲੀਸ ਦੀ ਸਹਾਇਤਾ ਨਾਲ ਪੰਜਾਬ ਭਰ ਦੇ ਹਿੰਦੂ ਸਿੱਖਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਸਕਦੀ ਹੈ। ਇਸ ਵਾਸਤੇ ਉਹਨੇ ਵੱਡੇ ਲੀਡਰਾਂ ਦੇ ਬਣਾਏ ਹੋਏ ਪ੍ਰੋਗਰਾਮ ਅਨੁਸਾਰ ਪੰਜ ਮਾਰਚ ਨੂੰ ਲਾਹੌਰ, ਅੰਮ੍ਰਿਤਸਰ, ਰਾਵਲਪਿੰਡੀ, ਕੈਮਲਪੁਰ, ਜਿਹਲਮ, ਮੁਲਤਾਨ, ਗੁੜਗਾਓਂ, ਜਲੰਧਰ ਆਦਿ ਜ਼ਿਲ੍ਹਿਆਂ ਵਿਚ ਲੁੱਟ ਮਾਰ ਸ਼ੁਰੂ ਕਰ ਦਿੱਤੀ। ਹਿੰਦੂ ਸਿੱਖਾਂ ਨੂੰ ਚਿਤ ਚੇਤੇ ਵੀ ਨਹੀਂ ਸੀ ਕਿ ਉਹਨਾਂ ਉੱਤੇ ਮੁਸਲਮਾਨਾਂ ਨੇ ਥਾਂ-ਥਾਂ ਹਮਲੇ ਕਰ ਦਿੱਤੇ। ਕੋਈ ਇਕ ਥਾਂ ਵੀ ਨਹੀਂ, ਜਿੱਥੇ ਹਿੰਦੂਆਂ ਸਿੱਖਾਂ ਪਹਿਲ ਕੀਤੀ ਹੋਵੇ। ਹਰ ਥਾਂ ਮੁਸਲਮਾਨਾਂ ਨੇ ਹਿੰਦੂਆਂ ਸਿੱਖਾਂ ਉੱਤੇ ਉਹ ਅਤਿਆਚਾਰ ਕੀਤੇ ਕਿ ਤੰਗ ਆ ਕੇ ਉਹਨਾਂ ਨੂੰ ਵੀ ਅੱਗੋਂ ਹੱਥ ਚੁੱਕਣੇ ਪਏ। ਇਸ ਦਾ ਸਿੱਟਾ ਇਹ ਨਿਕਲਿਆ ਕਿ ਹਜ਼ਾਰਾਂ ਜਾਨਾਂ, ਸੈਂਕੜੇ ਮਕਾਨ ਤੇ ਕਰੋੜਾਂ ਰੁਪੈ ਦਾ ਮਾਲ ਇਸ ਦੀਨ ਮਜ਼ਬ ਦੀ ਜੰਗ ਦੀ ਭੇਂਟ ਹੋ ਗਿਆ। ਵੱਖੋ-ਵੱਖ ਥਾਵਾਂ 'ਤੇ ਕੀ ਹੋਇਆ, ਅਸੀਂ ਥੋੜ੍ਹੇ ਅੱਖਰਾਂ ਵਿਚ ਲੜੀਵਾਰ ਲਿਖਣ ਦਾ ਯਤਨ ਕਰਦੇ ਹਾਂ।

ਜੇ ਖ਼ਿਜ਼ਰ ਹਯਾਤ ਖ਼ਾਂ ਵਜ਼ਾਰਤ ਨਾ ਛੱਡਦਾ ਤਾਂ ਐਡੀ ਛੇਤੀ ਫ਼ਸਾਦ ਸ਼ੁਰੂ ਨਾ ਹੁੰਦੇ, ਪਰ ਉਹਨੇ ਪਹਿਲਾਂ ਇਕ ਮਹੀਨਾ ਨਰਮ ਨੀਤੀ ਵਰਤ ਕੇ ਲੀਗੀਆਂ ਨੂੰ ਸ਼ੂਹੇ ਕਰ ਦਿੱਤਾ ਤੇ ਅੰਤ ਵਜ਼ਾਰਤ ਤੋਂ ਪਾਸੇ ਹੋ ਕੇ ਉਹਨਾਂ ਨੂੰ ਮਨ ਆਈਆਂ ਕਰਨ ਦੀ ਛੁੱਟੀ ਦੇ ਦਿੱਤੀ। ਵਿਦਿਆਰਥੀਆਂ ਉੱਤੇ ਗੋਲੀ ਚਲਾ ਕੇ ਪੋਲੀਸ ਨੇ ਪ੍ਰਗਟ ਕਰ ਦਿੱਤਾ ਕਿ ਉਹ ਫ਼ਿਰਕੇਦਾਰੀ ਦੀ ਜੰਗ ਵਿਚ ਕਿਸੇ ਧੜੇ ਦੀ ਮਦਦ [illegible] ਚਾਹੁੰਦੀ ਹੈ। ਵਿਦਿਆਰਥੀਆਂ ਦਾ ਜਲੂਸ ਅਜੇ ਜਾ ਹੀ ਰਿਹਾ ਸੀ, ਜਾਂ

Sri Satguru Jagjit Singh Ji eLibrary NamdhariElibrary@gmail.com

ਲਾਹੌਰ

ਮੁਸਲਮਾਨਾਂ ਨੇ ਚੌਕ ਮਤੀ ਵਿਚ ਗੜਬੜ ਆਰੰਭ ਦਿੱਤੀ। ਖ਼ਬਰ ਸੁਣ ਕੇ ਹਿੰਦੂ ਸਿੱਖ ਵਿਦਿਆਰਥੀ ਵੀ ਚੌਕ ਮਤੀ ਵਿਚ ਜਾ ਪੁੱਜੇ। ਮੁਸਲਮਾਨ ਪਹਿਲਾਂ ਹੀ ਓਥੇ ਤਿਆਰ ਖੜੇ ਸਨ। ਉਹਨਾਂ ਨੇ ਡਾਂਗਾਂ, ਹਾਕੀਆਂ ਤੇ ਛੁਰਿਆਂ, ਚਾਕੂਆਂ ਨਾਲ ਵਿਦਿਆਰਥੀਆਂ ਉੱਤੇ ਹਮਲਾ ਕਰ ਦਿੱਤਾ। ਵਿਦਿਆਰਥੀਆਂ ਵੀ ਅੱਗੋਂ ਟਾਕਰਾ ਕੀਤਾ। ਹਥੋਂ ਹੱਥ ਲੜਾਈ ਸ਼ੁਰੂ ਹੋ ਗਈ, ਪਰ ਛੇਤੀ ਹੀ ਪੋਲੀਸ ਨੇ ਗੋਲੀ ਚਲਾ ਕੇ ਸਾਰਿਆਂ ਨੂੰ ਖਿਲਾਰ ਦਿੱਤਾ। ਇਹ ਝਗੜਾ ਏਥੇ ਹੀ ਠਪਿਆ ਗਿਆ। ਪਰ ਸ਼ਾਮ ਤੱਕ ਗੋਲ ਸੜਕ, ਮੋਚੀ ਦਰਵਾਜ਼ਾ, ਚੌਕ ਦਾਲ ਗਰਾਂ, ਭਾਟੀ ਦਰਵਾਜ਼ਾ ਆਦਿ ਥਾਵਾਂ ਉੱਤੇ ਹੋਰ ਵਾਰਦਾਤਾਂ ਹੋਈਆਂ।

ਅਗਲੇ ਦਿਨ ਪੰਜ ਮਾਰਚ ਨੂੰ ਹੋਰ ਕਈ ਥਾਈਂ ਬੁਰੀਆਂ ਘਟਨਾਵਾਂ ਹੋ ਗਈਆਂ। ਦੋ ਹਿੰਦੂ ਕੋਤਵਾਲੀ ਕੋਲ ਤੇ ੧੦ ਹਿੰਦੂ ਸਿੱਖ ਕਰਾਊਨ ਬੱਸ ਦੇ ਅੱਡੇ ਕੋਲ ਮਾਰ ਦਿੱਤੇ ਗਏ। ਇਹ ਖ਼ਬਰਾਂ ਸੁਣ ਕੇ ਹਿੰਦੂ ਸਿੱਖ ਵੀ ਭੜਕ ਉੱਠੇ। ਉਹਨਾਂ ਮੱਛੀ ਹਟੇ ਤੇ ਰੰਗ ਮਹਿਲ ਚੌਕ ਵਿਚ ਹਮਲੇ ਕੀਤੇ, ਕੁਝ ਮੁਸਲਮਾਨ ਮਾਰੇ, ਦੁਕਾਨਾਂ ਲੁੱਟੀਆਂ ਤੇ ਕੁਝ ਦੁਕਾਨਾਂ ਨੂੰ ਅੱਗਾਂ ਲਾਈਆਂ। ਮੁਸਲਮਾਨ ਅੱਗ ਬੁਝਾਉਣ ਲੱਗੇ ਤਾਂ ਹਿੰਦੂ ਸਿੱਖਾਂ ਅੱਗੋਂ ਗੋਲੀਆਂ ਚਲਾਈਆਂ। ਕੁਝ ਸਿਪਾਹੀ ਵੀ ਮੁਸਲਮਾਨਾਂ ਦੇ ਨਾਲ ਟਾਕਰੇ 'ਤੇ ਆਏ, ਪਰ ਅੱਗੋਂ ਗੋਲੀ ਚੱਲਦੀ ਵੇਖ ਕੇ ਨੱਸ ਗਏ। ਸ਼ਹਿਰ ਵਿਚ ਕੁਝ ਹੋਰ ਥਾਵਾਂ ਉੱਤੇ ਵੀ ਛੁਰੇ ਮਾਰੇ ਗਏ। ਸਾਰੇ ਸ਼ਹਿਰ ਵਿਚ ਹਲਚਲ ਮੱਚ ਗਈ। ਪੋਲੀਸ ਥਾਂ-ਥਾਂ ਦੌੜਨ ਭੱਜਣ ਲੱਗੀ। ਅਮਨ ਪਸੰਦ ਸ਼ਹਿਰੀਆਂ ਦੇ ਦਿਲਾਂ ਵਿਚ ਅਥਾਹ ਡਰ ਛਾ ਗਿਆ। ਛੇ ਮਾਰਚ ਨੂੰ ਸਵੇਰੇ ਹੀ ਪੰਜਾਬ ਵਿਚ ਦਫ਼ਾ ੯੩ (ਗਵਰਨਰੀ ਰਾਜ) ਲਾਗੂ ਕਰ ਦਿੱਤੀ ਗਈ। ਸ਼ਹਿਰ ਵਿਚ ਕਈ ਥਾਈਂ ਇਕ ਦੂਜੇ ਨੂੰ ਛੁਰੇ ਮਾਰੇ ਗਏ। ਇਸ ਦਿਨ ਨਾਲ ਲਗਵੀਆਂ ਬਾਹਰਲੀਆਂ ਆਬਾਦੀਆਂ ਵਿਚ ਵੀ ਝਗੜੇ ਸ਼ੁਰੂ ਹੋ ਗਏ। ਕਈ ਬਜ਼ਾਰਾਂ ਵਿਚ ਆਹਮੋ-ਸਾਹਮਣੇ ਦੋਵੇਂ ਧੜੇ ਖੜੇ ਹੋ ਗਏ, ਜੋ ਪੋਲੀਸ ਨੂੰ ਗੋਲੀ ਚਲਾ ਕੇ ਵੱਖ-ਵੱਖ ਕਰਨੇ ਪਏ। ਦੁਪਹਿਰ ਤੱਕ ਤਿੰਨਾਂ ਥਾਵਾਂ 'ਤੇ ਗੋਲੀ ਚੱਲੀ। ਤੰਗ ਆ ਕੇ ੧੨ ਵਜੇ ਦਿਨ ਦੇ ਕਰਮਚਾਰੀਆਂ ਨੇ ੨੪ ਘੰਟੇ ਦਾ ਕਰਫ਼ੀਊ ਲਾ ਦਿੱਤਾ। ਪਰ ਕਰਫੀਊ ਦੇ ਹੁੰਦਿਆਂ ਹੋਇਆਂ ਵੀ ਕਈ ਥਾਈਂ (ਕਿਲ੍ਹਾ ਗੁੱਜਰ ਸਿੰਘ, ਗਵਾਲ ਮੰਡੀ ਗੋਲ ਸੜਕ ਆਦਿ) ਨਾਅਰੇ ਲੱਗਦੇ ਰਹੇ ਤੇ ਗੜ੍ਹੀ ਸ਼ਾਹੂ, ਮੁਗ਼ਲਪੁਰਾ, ਕ੍ਰਿਸ਼ਨਾ ਨਗਰ, ਅਛਰਾ ਆਦਿ ਥਾਵਾਂ 'ਤੇ ਇੱਕਾ ਦੁੱਕਾ ਛੁਰੇ ਵੀ ਮਾਰੇ ਗਏ। ਹਿੰਦੂ ਸਿੱਖ ਲੀਡਰਾਂ ਨੇ ਬੜਾ ਉੱਦਮ ਕੀਤਾ ਤਾਂ ਗਵਰਨਰ ਨੇ ਵੀ ਸ਼ਰਮੋਂ ਸ਼ਰਮੀ ਜ਼ਰਾ ਪੁਲੀਸ ਨੂੰ ਕੋਸਿਆ, ਜਿਸ ਕਰਕੇ ਕੁਝ ਦਿਨ ਇਹ ਅੱਗ ਦਬ ਗਈ। ਮੁਸਲਮ ਲੀਗੀ ਲੀਡਰ ਲਾਹੌਰ ਵਿਚ ਹੀ ਸਨ, ਪਰ ਉਹਨਾਂ ਨੇ ਫ਼ਸਾਦ ਬੰਦ ਕਰਾਉਣ ਵਾਸਤੇ ਕੱਖ ਨਹੀਂ ਕੀਤਾ, ਸਗੋਂ ੨੩ ਮਾਰਚ ਨੂੰ ਪਾਕਿਸਤਾਨ ਦਿਨ ਮਨਾਇਆ

Sri Satguru Jagjit Singh Ji eLibrary NamdhariElibrary@gmail.com

ਮਾਰਚ ਦੇ ਫ਼ਸਾਦ ਵਿਚ ਵਾਧਾ ਵੀ ਮੁਸਲਮਾਨਾਂ ਨੇ ਕੀਤਾ ਸੀ ਤੇ ਨੁਕਸਾਨ ਵੀ ਵਧੇਰੇ ਉਹਨਾਂ ਦਾ ਹੀ ਹੋਇਆ ਸੀ। ਇਸ ਗੱਲ ਤੋਂ ਉਹ ਬੜੇ ਚਿੜੇ ਹੋਏ ਸਨ। ਉਹ ਅੰਦਰੋਂ ਅੰਦਰ ਤਿਆਰੀ ਕਰਦੇ ਰਹੇ। ਇਉਂ ਭਾਸਦਾ ਹੈ ਕਿ ਨਵੇਂ ਹਮਲੇ ਵਾਸਤੇ ਉਹਨਾਂ ਪੂਰੀ ਗੱਲ ਮਿਥੀ ਹੋਈ ਸੀ। ਸੋ ੧੫ ਮਈ ਨੂੰ ਸ਼ਹਿਰ ਵਿਚ ਕਈ ਥਾਵਾਂ 'ਤੇ ਦੁਰਘਟਨਾਵਾਂ ਹੋ ਗਈਆਂ। ਲੁਹਾਰੀ, ਭਾਟੀ, ਖੁਾਂਡਰਥ ਰੋਡ, ਨਿਸਬਤ ਰੋਡ ਆਦਿ ਉੱਤੇ ਹਿੰਦੂਆਂ ਸਿੱਖਾਂ ਨੂੰ ਛੁਰੇ ਮਾਰੇ ਗਏ। ਉਹਨਾਂ ਵੀ ਅੱਗੋਂ ਸ੍ਵੈ-ਰੱਖਿਆ ਲਈ ਹੱਥ ਉਠਾਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਦੋ ਸਿੱਖ, ਦੋ ਹਿੰਦੂ ਤੇ ਛੇ ਮੁਸਲਮਾਨ ਮਾਰੇ ਗਏ ਤੇ ੩੦ ਆਦਮੀ ਜ਼ਖਮੀ ਹੋਏ। ਮੁਸਲਮਾਨਾਂ ਦਾ ਇਕ ਇਕੱਠ ਪੁਲੀਸ ਨੂੰ ਨਾਲ ਲੈ ਕੇ ਸ਼ਾਹਲਮੀ ਦਰਵਾਜ਼ੇ ਅੰਦਰ ਪਿਆ ਤੇ ਕੁਝ ਦੁਕਾਨਾਂ ਨੂੰ ਅੱਗਾਂ ਲਾਈਆਂ। ਹਿੰਦੂਆਂ ਨੇ ਕੋਠਿਆਂ ਤੋਂ ਇੱਟਾਂ ਚਲਾਈਆਂ ਤਾਂ ਪੁਲੀਸ ਨੇ ਅੱਗੋਂ ਹਿੰਦੂਆਂ ਉੱਤੇ ਗੋਲੀਆਂ ਬਰਸਾਈਆਂ। ਉਹ ਬਨੇਰਿਆਂ ਦੇ ਆਸਰੇ ਵਿਚ ਸਨ, ਇਸ ਵਾਸਤੇ ਕੋਈ ਖ਼ਾਸ ਨੁਕਸਾਨ ਨਾ ਹੋਇਆ। ਕੋਈ ਪੇਸ਼ ਨਾ ਜਾਂਦੀ ਵੇਖ ਕੇ ਮੁਸਲਮਾਨ ਪਿੱਛੇ ਹਟ ਗਏ। ਦੂਜੇ ਪਾਸੇ ਕੂਚਾ ਵਾਣ ਵੱਟਾਂ ਤੇ ਪਿੱਪਲ ਵਿਹੜਾ ਵਿਚ ਮੁਸਲਮਾਨਾਂ ਨੇ ਅੱਗਾਂ ਲਾਈਆਂ। ਵਾਹਿਗੁਰੂ ਦੀ ਮਾਇਆ: ਹਿੰਦੂਆਂ ਦੇ ਮਕਾਨਾਂ ਨੂੰ ਲਾਈ ਹੋਈ ਅੱਗ ਨੇ ਮੁਸਲਮ ਮਕਾਨਾਂ ਨਾਲ ਵੀ ਵਿਤਕਰਾ ਰੱਖਣਾ ਚੰਗਾ ਨਾ ਸਮਝਿਆ ਤੇ ਹਿੰਦੂਆਂ ਨਾਲੋਂ ਤਿੰਨ ਗੁਣਾ ਵਧੇਰੇ ਮਕਾਨ ਮੁਸਲਮਾਨਾਂ ਦੇ ਸੜ ਗਏ। ਇਹ ਦੋਵੇਂ ਮਹੱਲੇ ਸ਼ਮਸ਼ਾਨ ਭੂਮੀ ਦਾ ਰੂਪ ਬਣ ਗਏ।

ਇਕ ਭਾਰੀ ਮੁਸਲਮ ਇਕੱਠ ਨੇ ਮਹੱਲਾ ਸਰੀਨ ਉੱਤੇ ਧਾਵਾ ਕੀਤਾ। ਉਹਨਾਂ ਕੋਲ ਅੱਗ ਲਗਾਉਣ ਦਾ ਬੜਾ ਸਾਮਾਨ ਸੀ। ਉਹ ਚਾਹੁੰਦੇ ਸਨ ਕਿ ਮੁਸਲਮਾਨਾਂ ਵਿਚ ਘਿਰੀ ਹੋਈ ਇਸ ਥੋੜ੍ਹੀ ਜਿਹੀ ਵੱਸੋਂ ਨੂੰ ਅਸਲੋਂ ਖ਼ਤਮ ਕਰ ਦਿੱਤਾ ਜਾਵੇ। ਅੱਗੋਂ ਹਿੰਦੂਆਂ ਸਿੱਖਾਂ ਨੇ ਬੜਾ ਡਟ ਕੇ ਟਾਕਰਾ ਕੀਤਾ ਤੇ ਆਏ ਮੁਸਲਮ ਭਰਾਵਾਂ ਦੇ ਸਵਾਗਤ ਵਾਸਤੇ ਮਕਾਨਾਂ ਤੋਂ ਇੱਟਾਂ ਤੇ ਗੋਲੀਆਂ ਬਰਸਾਈਆਂ। ਬਲਵਈਆਂ ਦੀ ਮਦਦ ਵਾਸਤੇ ਪੁਲੀਸ ਵੀ ਮਗਰ ਆ ਰਹੀ ਸੀ, ਸੋ ਉਸ ਨੇ ਹਿੰਦੂਆਂ ਉੱਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਜੋ ਆਦਮੀ ਅੱਗ ਬੁਝਾਉਣ ਦਾ ਯਤਨ ਕਰਦੇ ਸਨ, ਪੁਲੀਸ ਗੋਲੀ ਮਾਰਦੀ ਸੀ। ਇਸ ਲੜਾਈ ਵਿਚ ਇਕ ਸਿੱਖ, ਤਿੰਨ ਹਿੰਦੂ ਤੇ ੧੨ ਮੁਸਲਮਾਨ ਮਰੇ। ਪਿੱਛੋਂ ਹੜਤਾਲ ਦੀ ਵਾਰੀ ਆਈ ਤਾਂ ਮਿਸਟਰ ਅਬਦੁਲ ਗ਼ਨੀ ਚੀਮਾ ਨੇ ਕੇਵਲ ਕੁਝ ਹਿੰਦੂ ਸਿੱਖ ਹੀ ਗ੍ਰਿਫ਼ਤਾਰ ਕੀਤੇ, ਜਿਨ੍ਹਾਂ ਨੂੰ ਹਵਾਲਾਤ ਅੰਦਰ ਬੜੇ ਤਸੀਹੇ ਦਿੱਤੇ ਗਏ। ਇਹ ਝਗੜਾ ਜਸਟਿਸ ਤੇਜਾ ਸਿੰਘ ਦੀ ਕਚਹਿਰੀ ਵਿਚ ਗਿਆ। ਸ. ਹਰਦਿਆਲ ਸਿੰਘ ਮੈਜਿਸਟਰੇਟ ਨੇ ਚੀਮੇ ਦੇ ਵਿਰੁੱਧ ਗਵਾਹੀ ਦਿੱਤੀ। ਜਸਟਿਸ ਸਾਹਿਬ ਨੇ ਹਿੰਦੂ ਸਿੱਖਾਂ ਨੂੰ ਰਿਹਾ ਕਰ ਦਿੱਤਾ ਤੇ ਚੀਮੇ ਦੇ ਵਿਰੁੱਧ ਰੀਮਾਰਕ ਲਿਖ ਦਿੱਤੀ। ਚੀਮਾ ਜਾਣਦਾ ਸੀ ਕਿ ਮੁਸਲਮਾਨ ਦੀ

Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਿਚ ਹਰ ਤਰ੍ਹਾਂ ਮਦਦ ਹੋ ਸਕਦੀ ਹੈ, ਸੋ ਉਹ ਆਪਣੀਆਂ ਕਾਰਸਤਾਨੀਆਂ ਤੋਂ ਨਾ ਹਟਿਆ। ਕਈ ਥਾਈਂ ਉਹਨੇ ਅਜਿਹੀਆਂ ਹੀ ਕਾਰਵਾਈਆਂ ਕੀਤੀਆਂ।

੧੯ ਮਈ ਨੂੰ ਪੌਲੀਸ ਨੇ ਸਿੱਖ ਨੈਸ਼ਨਲ ਕਾਲਜ ਦੇ ਗੁਰਦੀਪ ਸਿੰਘ ਤੇ ਉਸ ਦੇ ਸਾਥੀ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਉਹਨਾਂ ਸਿਰ ਮੁਸਲਮਾਨਾਂ ਨੂੰ ਕਤਲ ਕਰਨ ਦਾ ਗੁਨਾਹ ਥਪਿਆ ਗਿਆ ਸੀ। ਪੌਲੀਸ ਨੇ ਉਹਨਾਂ ਨੂੰ ਇਹ ਗੱਲ ਮਨਾਉਣ ਬਦਲੇ ਅਨੇਕਾਂ ਕਸ਼ਟ ਦਿੱਤੇ ਕਿ ਉਹ ਮਾਸਟਰ ਤਾਰਾ ਸਿੰਘ ਜੀ ਤੇ (ਉਹਨਾਂ ਦੇ ਭਾਈ) ਪ੍ਰਿੰਸੀਪਲ ਨਿਰੰਜਨ ਸਿੰਘ ਜੀ ਦੇ ਨਾਂ ਕਾਤਲਾਂ ਵਿਚ ਲੈ ਦੇਣ, ਪਰ ਉਹ ਸਿੱਖ ਵਿਦਿਆਰਥੀ ਪੌਲੀਸ ਦੀ ਬੇਹੱਦ ਮਾਰ ਖਾ ਕੇ ਵੀ ਸੱਚ 'ਤੇ ਡਟੇ ਰਹੇ ਤੇ ਪੌਲੀਸ ਦੇ ਕਹੇ ਝੂਠਾ ਬਿਆਨ ਦੇਣ ਨੂੰ ਤਿਆਰ ਨਾ ਹੋਏ।

ਪੌਲੀਸ ਦੀ ਧੱਕੇਸ਼ਾਹੀ ਨਿਰਦੋਸ਼ ਆਦਮੀਆਂ ਦੀ ਗ੍ਰਿਫ਼ਤਾਰੀ ਤੱਕ ਹੀ ਬੱਸ ਨਹੀਂ ਸੀ, ਮਹੱਲਾ ਸਰੀਨ ਦੀਆਂ ਹਿੰਦੂ ਸਿੱਖ ਦੇਵੀਆਂ ਨੂੰ ਗ੍ਰਿਫ਼ਤਾਰ ਕਰਕੇ ਸਭਿਅਤਾ ਦੇ ਉਲਟ ਵਰਤਾਉ ਕੀਤਾ ਗਿਆ। ਸਾਰਾ ਦਿਨ ਉਹਨਾਂ ਦੇਵੀਆਂ ਨੂੰ ਅੱਧ-ਨੰਗੇ ਬਦਨ ਧੁਪ ਵਿਚ ਬਠਾਈ ਰੱਖਿਆ। ਇਸ ਦੁਰਘਟਨਾ ਤੋਂ ਹਿੰਦੂ ਸਿੱਖ ਗਭਰੂ ਬਹੁਤ ਭੜਕ ਉੱਠੇ। ਲਾਹੌਰ ਦੇ ਕਾਲਜ, ਸਕੂਲ ਸਾਰੇ ਬੰਦ ਹੋ ਚੁੱਕੇ ਸਨ, ਇਸ ਵਾਸਤੇ ਵਿਦਿਆਰਥੀ ਇਸ ਗੜਬੜ ਵਿਚ ਬਹੁਤ ਹਿੱਸਾ ਲੈ ਰਹੇ ਸਨ।

ਬਾਗ਼ਬਾਨਪੁਰਾ ਵਿਚ ਬੰਬ ਸੁੱਟਿਆ ਗਿਆ, ਪਰ ਕਾਮਯਾਬ ਨਾ ਹੋਇਆ। ਪੌਲੀਸ ਨੇ ਸਮੇਂ ਸਿਰ ਪਹੁੰਚ ਕੇ ਗੋਲੀ ਚਲਾਈ ਤਾਂ ਇਹ ਝਗੜਾ ਵਧੇਰੇ ਨਾ ਵਧਿਆ। ਫਿਰ ਉਥੋਂ ਦੇ ਹਿੰਦੂ ਸਿੱਖ ਪੌਲੀਸ ਦੇ ਇਕਤਰਫ਼ਾ ਲਗਾਉ ਤੋਂ ਡਰ ਕੇ ਘਰ ਖ਼ਾਲੀ ਕਰਨ ਲਗ ਪਏ, ਪਿੱਛੋਂ ਮੁਸਲਮਾਨਾਂ ਨੇ ਖ਼ਾਲੀ ਮਕਾਨਾਂ ਨੂੰ ਅੱਗ ਲਾ ਦਿੱਤੀ।

ਮਹਾਰਾਜਾ ਫ਼ਰੀਦਕੋਟ ਨੇ ਇਸ ਘੱਲੂਘਾਰੇ ਵਿਚ ਸਿੱਖ ਪੰਥ ਦੀ ਯਥਾਸ਼ਕਤ ਬੜੀ ਸੇਵਾ ਕੀਤੀ। ਅਕਾਲੀ ਦਲ ਨੂੰ ਹਥਿਆਰ, ਕਾਰਾਂ, ਟਰੱਕ ਤੇ ਨਕਦ ਮਾਇਆ ਵੀ ਉਹਨੇ ਭੇਟਾ ਕੀਤੀ। ਉਸ ਦੀ ਇਹ ਕੌਮੀ ਸੇਵਾ ਸਦਾ ਯਾਦ ਰਹੇਗੀ। ਰਾਜਗੜ੍ਹ ਦੇ ਪ੍ਰਸਿੱਧ ਸਾਕੇ ਵਿਚ ਫ਼ਰੀਦਕੋਟ ਦਾ ਹੀ ਹੱਥ ਸੀ। ਇਕ ਕਾਰ ਤੇ ਇਕ ਵੱਡੀ ਟੈਕਸੀ (ਦੋਵੇਂ ਰਿ: ਫ਼ਰੀਦਕੋਟ ਦੀਆਂ) ਲੈ ਕੇ ਸੋਲਾਂ ਆਦਮੀ, ਜਿਨ੍ਹਾਂ ਵਿਚੋਂ ਦਸ ਸਿੱਖ (ਚਾਰ ਫ਼ਰੀਦਕੋਟ ਦੇ ਫ਼ੌਜੀ) ਤੇ ਛੇ ਹਿੰਦੂ ਉਥੋਂ ਦੀ ਮੁਸਲਮ ਆਬਾਦੀ ਉੱਤੇ ਜਾ ਪਏ। ਪਹਿਲਾਂ ਅੱਗ ਲਾਉਣ ਵਾਲੇ ਬੰਬ ਸੁੱਟੇ ਤੇ ਫਿਰ ਸਟੇਨਗੰਨਾਂ ਨਾਲ ਗੋਲੀਆਂ ਬਰਸਾਉਣੀਆਂ ਸ਼ੁਰੂ ਕੀਤੀਆਂ। ਹਮਲਾ ਕਰਨ ਵਾਲੇ ੧੯ ਮਿੰਟ ਉਥੇ ਰਹੇ। ਡੇਢ ਸੌ ਦੇ ਕਰੀਬ ਆਦਮੀ ਮਰੇ ਤੇ ੫੦ ਦੇ ਲਗਪਗ ਫਟੜ ਹੋਏ। ਕ੍ਰਿਸ਼ਨਾ ਨਗਰ ਦੇ ਇਕ ਕਾਂਗਰਸੀ ਹਿੰਦੂ ਨੇ ਇਸ ਘਟਨਾ ਦੀ ਖ਼ਬਰ ਪੌਲੀਸ ਨੂੰ ਦਿੱਤੀ। ਪੌਲੀਸ ਦੇ ਪਹੁੰਚਣ ਤੋਂ ਪਹਿਲਾਂ ਹੀ ਹਮਲਾ ਕਰਨ ਵਾਲੇ ਨਿਕਲ ਗਏ ਸਨ, ਸੋ ਉਸ ਦੇ ਹਜ਼ਾਰ ਯਤਨ ਕਰਨ 'ਤੇ ਵੀ ਉਹ ਹੱਥ ਨਾ ਆਏ। ਉਹ ਮੌਕਲਾ

ਦਾ ਲਾਹੌਰ ਉੱਤੇ ਐਨਾ ਡਰ ਛਾਇਆ ਕਿ ਇਕ ਲੱਖ ਦੇ ਲਗਪਗ ਮੁਸਲਮਾਨ ਸ਼ਹਿਰ ਛੱਡ ਕੇ ਚਲੇ ਗਏ। ਇਸ ਤਰਾੜੇ ਵਿਚ ਕਈ ਪਤਵੰਤੇ ਫੜੇ ਗਏ, ਪਰ ਕਿਸੇ ਸਿਰ ਜੁਰਮ ਸਾਬਤ ਨਾ ਹੋਇਆ। ਇਸੇ ਸਮੇਂ ਭਾਟੀ ਦਰਵਾਜ਼ਾ, ਚੰਗੜ ਮਹੱਲਾ, ਮੁਜ਼ੰਗ ਆਦਿ ਥਾਵਾਂ 'ਤੇ ਅੱਗ ਨੇ ਬਥੇਰੇ ਮਕਾਨ ਸੁਆਹ ਕਰ ਦਿੱਤੇ।

ਅਪ੍ਰੈਲ ਤੋਂ ਹੁਣ ਤੱਕ ਲਾਹੌਰ ਨੇ ਬਹੁਤ ਕੁਝ ਵੇਖਿਆ। ਉਸ ਸ਼ਹਿਰ ਵਿਚ ਜਿੱਥੇ ਅੱਠ ਪਹਿਰ ਵਿਚੋਂ ਛੇ ਪਹਿਰ ਰੌਣਕ ਰਹਿੰਦੀ ਸੀ, ਸੱਠ-ਸੱਠ ਘੰਟੇ (ਕਰਫ਼ੀਊ ਕਰਕੇ) ਸੁੰਞ ਵਰਤੀ ਰਹੀ। ਜਿਹੜੇ ਇਕ ਕੰਧ ਦੀ ਵਿਥ 'ਤੇ ਹਿੰਦੂ ਤੇ ਮੁਸਲਮਾਨ ਗਵਾਂਢੀ ਵਸਦੇ ਸਨ, ਉਹਨਾਂ ਇਕ ਦੂਜੇ ਦੇ ਮਕਾਨ ਨੂੰ ਅੱਗ ਲਗਾ ਕੇ ਹੱਥ ਸੇਕੇ। ਬਾਲ ਸਖਾਈਆਂ ਤੇ ਵੀਰਾਂ ਵਰਗੇ ਮਿੱਤਰਾਂ ਨੇ ਇਕ ਦੂਜੇ ਦੀ ਹਿੱਕ ਵਿਚ ਛੁਰੇ ਖੋਭਣ ਦੀ ਜਾਚ ਸਿਖੀ। ਜੇ ਇਕ ਹਿੰਦੂ ਮੁਟਿਆਰ ਮਰੇ ਸੁਹਾਗ ਦੇ ਸਰ੍ਹਾਣੇ ਬਹਿ ਕੇ ਵੈਣ ਪਾਉਂਦੀ ਸੀ ਤਾਂ ਉਹਦੀ ਮੁਸਲਮ ਸਹੇਲੀ ਦੀਨ ਦੇ ਜੋਸ਼ ਵਿਚ ਹੱਸਦੀ ਤੇ ਗੀਤ ਗਾਉਂਦੀ ਸੀ। ਪੁਰੇਰੇ ਖ਼ੂਨ ਦੇ ਸੋਹਲੇ ਗਾਵੇਂ ਜਾ ਰਹੇ ਸਨ :

ਬੁੱਢੇ ਸ਼ਹਿਰ ਲਾਹੌਰ ਦੀ ਸੁਣ ਨਵੀਂ ਕਹਾਨੀ
ਪੁੱਠੇ ਰਾਹੇ ਪੈ ਗਈ ਉਹਦੀ ਮੂੜ੍ਹ ਜਵਾਨੀ
ਮਿੱਤਰ ਮੰਗਣ ਮਿੱਤਰਾਂ ਤੋਂ ਪ੍ਰਾਣ ਨਸ਼ਾਨੀ
ਵੱਧੀਂ ਛੁਰੀਆਂ ਖੋਭਦੇ ਛਾਤੀ ਵਿਚ ਕਾਨੀ
ਦੁਧੀਂ ਪਾਲੇ ਸੜਕ 'ਤੇ ਸਹਿਕਣ ਬਿਨ ਪਾਨੀ
ਜੰਮੇ ਇਕੋ ਦੇਸ ਦੇ ਬਣੇ ਦੁਸ਼ਮਣ ਜਾਨੀ
ਕਿਧਰੇ ਚਮਕਣ ਬਰਛੀਆਂ ਕਿਧਰੇ ਤਲਵਾਰਾਂ
ਛੁਰੇ ਪਿਆਸੇ ਰੱਤ ਦੇ ਉਛਲਣ ਖਾ ਧਾਰਾਂ
ਚੱਲਣ ਵਾਂਗ ਫੁਹਾਰਿਆਂ ਲਹੂ ਸੰਧੀਆਂ ਧਾਰਾਂ
ਛੈਲ ਖਿਰਾਜੇ ਸੱਥਰੀਂ ਛੱਡ ਵਿਧਵਾ ਨਾਰਾਂ
ਮੱਲ ਸਰ੍ਹਾਣੇ ਪਿਟਦੀਆਂ ਸੁੰਦਰ ਮੁਟਿਆਰਾਂ
ਹੁਸਨ ਬੇਕਦਰਾ ਹੋ ਗਿਆ ਰੁਲ ਰਿਹਾ ਬਾਜ਼ਾਰਾਂ

ਜਿਵੇਂ ਹਿੰਦੁਸਤਾਨ ਦੀ ਸ਼ਾਨ ਪੰਜਾਬ ਹੈ, ਓਸੇ ਤਰ੍ਹਾਂ ਪੰਜਾਬ ਦੀ ਸ਼ਾਨ ਲਾਹੌਰ ਤੇ ਅੰਮ੍ਰਿਤਸਰ। ਅੰਮ੍ਰਿਤਸਰ ਸਿੱਖਾਂ ਦਾ ਤੀਰਥ ਹੋਣ ਕਰਕੇ ਮੁਸਲਮ ਲੀਗੀਆਂ ਦੇ ਸੀਨੇ ਵਿਚ ਰੜਕਦਾ ਸੀ। ਉਸ ਨੂੰ ਬਿਲਕੁਲ ਤਬਾਹ ਕਰਨ ਦੀਆਂ ਉਹਨਾਂ ਸਲਾਹਾਂ ਪੱਕੀਆਂ ਕੀਤੀਆਂ ਹੋਈਆਂ ਸਨ।

ਅੰਮ੍ਰਿਤਸਰ

ਚਾਰ ਮਾਰਚ ਨੂੰ ਬੜੇ ਭਾਰੇ ਇਕੱਠ ਵਿਚ ਹਿੰਦੂਆਂ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਆਪਣਾ ਪੂਰਨ ਲੀਡਰ ਮੰਨ ਲਿਆ। ਇਸ ਗੱਲ ਤੋਂ ਅੰਮ੍ਰਿਤਸਰੀ ਮੁਸਲਮਾਨ ਵਧੇਰੇ ਭੜਕ ਉੱਠੇ। ਚਾਰ ਮਾਰਚ ਦੀ ਰਾਤ ਨੂੰ ਮੁਸਲਮਾਨਾਂ ਨੇ ਅਗਲੇ ਦਿਨ ਦੀ

Sri Satguru Jagjit Singh Ji eLibrary NamdhariElibrary@gmail.com

ਪੂਰੀ ਕੰਮ-ਵੰਡ ਕਰ ਲਈ। ਪੰਜ ਮਾਰਚ ਵਾਲੇ ਦਿਨ ਹਿੰਦੂ ਸਿੱਖਾਂ ਨੇ ਪੰਜਾਬ ਗਵਰਨਰ ਦੀ ਇਕਦਾਈ ਨੀਤੀ ਨਾਲ ਰੋਸ ਪ੍ਰਗਟ ਕਰਨ ਵਾਸਤੇ ਫਿਰ ਦੀਵਾਨ ਕਰਨਾ ਚਾਹਿਆ। ਕੁਝ ਸਿੱਖ ਤਾਂਗੇ 'ਤੇ ਚੜ੍ਹ ਕੇ ਬਾਜ਼ਾਰਾਂ ਵਿਚ ਢੰਡੋਰਾ ਦੇ ਰਹੇ ਸਨ, ਜਾਂ ਉਹਨਾਂ ਨੂੰ ਵੇਖ ਕੇ ਕੁਝ ਮੁਸਲਮਾਨਾਂ ਨੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ। ਸਿੱਖਾਂ ਵੀ ਅੱਗੋਂ 'ਪਾਕਿਸਤਾਨ ਮੁਰਦਾਬਾਦ' ਦੇ ਨਾਅਰੇ ਲਾਏ। ਕੁਝ ਮੁਸਲਮਾਨ ਅੱਗੋਂ ਤਾਂਗਾ ਰੋਕ ਕੇ ਖੜੇ ਹੋ ਗਏ। ਜਦ ਸਿੱਖ ਟਾਕਰੇ ਵਾਸਤੇ ਤਾਂਗੇ ਤੋਂ ਉਤਰੇ ਤਾਂ ਮੁਸਲਮਾਨ ਭੱਜ ਗਏ। ਏਥੇ ਝਗੜਾ ਹੋਣ ਤੋਂ ਬਚ ਗਿਆ। ਥੋੜ੍ਹੇ ਚਿਰ ਪਿੱਛੋਂ ਖ਼ਬਰ ਆਈ ਕਿ ਚੌਕ ਮੋਨੀ ਵਿਚ ਇਕ ਸਿੱਖ ਮਾਰ ਦਿੱਤਾ ਗਿਆ ਹੈ। ਸਰਕਾਰੀ ਖ਼ਬਰ ਅਨੁਸਾਰ ਵੀ ਸਭ ਤੋਂ ਪਹਿਲਾਂ ਜਿਹੜੀ ਲੋਥ ਹਸਪਤਾਲ ਵਿਚ ਆਈ, ਉਹ ਇਕ ਸਿੱਖ ਦੀ ਸੀ। ਇਸ ਘਟਨਾ ਤੋਂ ਪੰਜ ਮਾਰਚ ਦੀ ਜਵਾਲਾ ਦਾ ਆਰੰਭ ਹੋਇਆ।

ਇਸੇ ਦਿਨ ਸਭ ਤੋਂ ਭੜਕਾਊ ਘਟਨਾ ਗੱਡੀ ਵਾਲੀ ਹੋਈ। ਬਟਾਲੇ ਵਲੋਂ ਆਉਣ ਵਾਲੀ ਗੱਡੀ ਮੁਸਲਮਾਨਾਂ ਨੇ ਜ਼ੰਜੀਰ ਖਿੱਚ ਕੇ ਰੋਕ ਲਈ। ਸ਼ਰੀਫ਼ਪੁਰੇ ਦੇ ਮੁਸਲਮਾਨ ਬਰਛੇ ਤੇ ਛੁਰੇ ਲੈ ਕੇ ਗੱਡੀ 'ਤੇ ਆਣ ਪਏ। ਡੱਬਿਆਂ ਵਿਚੋਂ ਕੱਢ ਕੇ ਵੀਹ ਹਿੰਦੂ ਸਿੱਖ ਤੇ ਮੈਡੀਕਲ ਕਾਲਜ ਦੀਆਂ ਲੜਕੀਆਂ ਮਾਰ ਦਿੱਤੀਆਂ ਗਈਆਂ। ਜੰਗਲ ਦੀ ਅੱਗ ਵਾਂਗ ਇਹ ਖ਼ਬਰ ਸਾਰੇ ਸ਼ਹਿਰ ਵਿਚ ਖਿਲਰ ਗਈ। ਪਲ ਵਿਚ ਸਾਰਾ ਸ਼ਹਿਰ ਬੰਦ ਹੋ ਗਿਆ। ਹਿੰਦੂ, ਸਿੱਖ ਤੇ ਮੁਸਲਮਾਨ ਹਥਿਆਰ ਲੈ ਕੇ ਬਜ਼ਾਰਾਂ ਵਿਚ ਫਿਰਨ ਲੱਗੇ। ਮੁਸਲਮਾਨਾਂ ਨੇ ਗਿਣ ਮਿਥ ਕੇ ਤੇ ਪੂਰੀ ਤਿਆਰੀ ਕਰਕੇ ਹਮਲਾ ਕੀਤਾ ਸੀ, ਸੋ ਸਾਰਾ ਦਿਨ ਉਹਨਾਂ ਦਾ ਪਾਸਾ ਭਾਰਾ ਰਿਹਾ। ਉਹਨਾਂ ਪੈਂਦੀ ਸੱਟੇ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਹੋਲੀਆਂ ਦੇ ਦਿਨ ਸਨ, ਸੋ ਬਹੁਤ ਸਾਰੇ ਸਿੱਖ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਉੱਤੇ ਗਏ ਹੋਏ ਸਨ। ਚੁਫੇਰਿਓਂ ਹੀ ਮੁਸਲਮਾਨ ਜ਼ੋਰ ਦੇ ਕੇ ਹਰਿਮੰਦਰ ਸਾਹਿਬ ਵੱਲ ਵੱਧ ਰਹੇ ਸਨ। ਉਹ ਸਿੱਖਾਂ ਦੀ ਅਣਖ ਨੂੰ ਪੈਰਾਂ ਥੱਲੇ ਰੋਲਣਾ ਚਾਹੁੰਦੇ ਸਨ, ਪਰ ਸਿੱਖ ਕੌਮ ਦਾ ਇਕ ਆਦਮੀ ਵੀ ਜਿਊਂਦੀ ਜਾਨ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ? ਉਹ ਅੱਗੋਂ ਮਰਦਾਂ ਵਾਂਗ ਹਿੱਕਾਂ ਡਾਹ ਕੇ ਲੜੇ। ਇਸ ਦਿਨ ਸਿੱਖਾਂ ਹਿੰਦੂਆਂ ਦਾ ਨੁਕਸਾਨ ਤਾਂ ਵਧੇਰੇ ਹੋਇਆ ਕਿਉਂਕਿ ਉਹਨਾਂ ਉੱਤੇ ਬੇਖ਼ਬਰੀ ਵਿਚ ਹਮਲਾ ਹੋਇਆ ਸੀ, ਪਰ ਲੋਗੀਆਂ ਨੂੰ ਉਹਨਾਂ ਹਰਿਮੰਦਰ ਸਾਹਿਬ ਦੇ ਨੇੜੇ ਤੱਕ ਨਹੀਂ ਪਹੁੰਚਣ ਦਿੱਤਾ। ਇਸ ਦਿਨ ਸੱਤਰ ਦੇ ਲਗਪਗ ਆਦਮੀ ਮਰੇ ਤੇ ਫੱਟੜ ਹੋਏ। ਕਟੜਾ ਕਰਮ ਸਿੰਘ, ਲੋਹਗੜ੍ਹ, ਹਾਲ ਬਾਜ਼ਾਰ, ਚੌਕ ਢੋਲਣ, ਗੋਕਲ ਮਾਰਕਿਟ ਆਦਿ ਸ਼ਹਿਰ ਦੇ ਕਈ ਹਿੱਸੇ ਸੜ ਕੇ ਢੇਰੀ ਹੋ ਗਏ। ਸਾਰੀ ਰਾਤ ਥਾਂ-ਥਾਂ ਅੱਗਾਂ ਬਲਦੀਆਂ ਰਹੀਆਂ ਤੇ ਨਵੀਆਂ ਲੱਗਦੀਆਂ ਰਹੀਆਂ।

ਛੇ ਮਾਰਚ ਦਾ ਸੂਰਜ ਚੜ੍ਹਿਆ ਤਾਂ ਮੁਸਲਮਾਨਾਂ ਨੇ ਅੱਗੇ ਨਾਲੋਂ ਵਧੇਰੇ ਜੋਸ਼

ਨਾਲ ਹਮਲਾ ਸ਼ੁਰੂ ਕਰ ਦਿੱਤਾ। ਇਸ ਘਮਸਾਣ ਵਿਚ ਅੰਮ੍ਰਿਤਸਰ ਦਾ ਹਰ ਮੁਸਲਮਾਨ—ਭਾਵੇਂ ਉਹ ਲੀਗੀ ਸੀ ਤੇ ਭਾਵੇਂ ਕਾਂਗਰਸੀ—ਕਾਫ਼ਰਾਂ (ਹਿੰਦੂਆਂ ਸਿੱਖਾਂ) ਨੂੰ ਤਬਾਹ ਕਰਨ ਵਾਸਤੇ ਜੁੱਟਿਆ ਹੋਇਆ ਸੀ। ਉਹ ਘਰਾਂ ਤੋਂ ਕਸਮਾਂ ਖਾ ਕੇ ਤੁਰੇ ਕਿ ਹਰਿਮੰਦਰ ਵਿਚ ਜਾ ਕੇ ਨਮਾਜ਼ ਪੜ੍ਹਨੀ ਹੈ :

ਚੜ੍ਹ ਪਏ ਗ਼ਾਜ਼ੀ ਦੀਨ ਦੇ ਲੱਖ ਕਸਮਾਂ ਖਾ ਕੇ।
ਅਸਾਂ ਅਜ ਨਮਾਜ਼ ਗੁਜ਼ਾਰਨੀ ਗੁਰਦੁਆਰੇ ਜਾ ਕੇ।
ਅਸਾਂ ਫਿਰ ਅਬਦਾਲੀ ਵਾਂਗ ਅੱਜ ਹਰਿਮੰਦਿਰ ਢਾਹ ਕੇ।
ਉਥੇ ਗੱਡਣਾ ਝੰਡਾ ਲੀਗ ਦਾ ਮਸੀਤ ਬਣਾ ਕੇ।
ਜਿਉਂ ਬਦਲਿਆ ਮੰਦਰ ਰਾਮ ਦਾ ਮਸਜਿਦ ਵਿਚ ਢਾਹ ਕੇ।
ਹੈ ਵਿਚ ਅਯੁੱਧਿਆ ਅਜੇ ਤੱਕ ਜਗ ਵੇਖੇ ਜਾ ਕੇ।

ਇਸ ਕਾਰਜ ਵਾਸਤੇ ਉਹਨਾਂ ਬੇਅੰਤ ਹਥਿਆਰ ਇਕੱਠੇ ਕੀਤੇ ਹੋਏ ਸਨ। ਉਹ ਜਾਣਦੇ ਸਨ ਕਿ ਜੇ ਅੰਮ੍ਰਿਤਸਰ ਫ਼ਤਹਿ ਕਰ ਲਿਆ ਤਾਂ ਸਾਰਾ ਪੰਜਾਬ ਫ਼ਤਹਿ ਹੋ ਜਾਵੇਗਾ। ਤੇ ਇਹ ਗੱਲ ਪੁਰਾਣੇ ਇਤਿਹਾਸ ਤੋਂ ਸਿੱਧ ਹੈ ਕਿ ਜੋ ਪੰਜਾਬ ਫ਼ਤਹਿ ਕਰ ਲੈਂਦਾ ਰਿਹਾ ਹੈ, ਸਾਰਾ ਹਿੰਦੁਸਤਾਨ ਉਹਦੇ ਸਾਹਮਣੇ ਝੁਕ ਜਾਂਦਾ ਰਿਹਾ ਹੈ। ਇਸ ਕਰਕੇ ਮੁਸਲਮਾਨ ਅੰਮ੍ਰਿਤਸਰ ਉੱਤੇ ਸਾਰਾ ਟਿੱਲ ਲਾ ਦੇਣਾ ਚਾਹੁੰਦੇ ਸਨ। ਇਸ ਦਿਨ ਦੋ ਵਜੇ ਦੁਪਹਿਰ ਤੱਕ ਉਹ ਹਰ ਮੋਰਚੇ ਉੱਤੇ ਅੱਗੇ ਵੱਧਦੇ ਰਹੇ। ਹਿੰਦੂਆਂ, ਸਿੱਖਾਂ ਵਾਸਤੇ ਉਹ ਦਿਨ ਸਭ ਤੋਂ ਭਾਰੂ ਸੀ। ਜੱਥੇਦਾਰ ਊਧਮ ਸਿੰਘ ਜੀ ਨੂੰ ਇਸ ਘਟਨ ਦੀ ਖ਼ਬਰ ਖਡੂਰ ਸਾਹਿਬ ਪੁੱਜੀ। ਉਥੇ ਉਸ ਵੇਲੇ ਹੋਲੇ ਦਾ ਦੀਵਾਨ ਸੱਜਿਆ ਹੋਇਆ ਸੀ। ਆਪ ਬਾਰਾਂ ਵਜੇ ਵੀਹ ਕੁ ਮਿੰਟ ਜੋਸ਼ ਭਰਿਆ ਲੈਕਚਰ ਦੇ ਕੇ ਓਥੋਂ ਅੰਮ੍ਰਿਤਸਰ ਨੂੰ ਚਲ ਪਏ। ਆਪ ਦੋ ਵਜੇ ਦਫ਼ਤਰ ਵਿਚ ਪਹੁੰਚੇ। ਉਸ ਵੇਲੇ ਬਾਹਰੋਂ ਨੇੜੇ ਦੇ ਪਿੰਡਾਂ ਦੇ ਬਹੁਤ ਸਾਰੇ ਸਿੰਘ 'ਮਰਉਂ ਤਉ ਹਰਿ ਕੇ ਦੁਆਰ' ਦੇ ਪੁਜਾਰੀ ਓਥੇ ਪਹੁੰਚ ਚੁੱਕੇ ਸਨ। ਜੱਥੇਦਾਰ ਸਾਹਿਬ ਜੀ ਆਪ ਬੰਦੂਕ ਲੈ ਕੇ ਜੱਥੇ ਦੇ ਅੱਗੇ ਲਗ ਪਏ ਤੇ ਆਉਂਦਿਆਂ ਹੀ ਜੰਗ ਦਾ ਰੰਗ ਬਦਲ ਦਿੱਤਾ। ਮਾਈ ਸੇਵਾਂ ਦੇ ਬਾਜ਼ਾਰ ਵਿਚੋਂ ਕ੍ਰਿਪਾਨਾਂ ਵਾਲੀਆਂ ਦੁਕਾਨਾਂ ਦੇ 'ਜੰਦਰੇ' ਤੋੜ ਕੇ ਵਿਚ ਪਏ ਹਥਿਆਰ ਸਿੰਘਾਂ ਨੂੰ ਵੰਡ ਦਿੱਤੇ। ਸਿੰਘ ਤਿੰਨਾਂ ਜੱਥਿਆਂ ਵਿਚ ਹੋ ਕੇ ਅੱਗੇ ਵਧੇ। ਮਾਸਟਰ ਤਾਰਾ ਸਿੰਘ ਜੀ, ਜੱਥੇਦਾਰ ਊਧਮ ਸਿੰਘ ਜੀ ਨਾਗੋਕੇ ਤੇ ਸ. ਸੋਹਣ ਸਿੰਘ ਜਲਾਲਉਸਮਾ ਆਪ ਬੰਦੂਕਾਂ ਲੈ ਕੇ ਮੈਦਾਨ ਵਿਚ ਆ ਗਏ। ਸ. ਈਸ਼ਰ ਸਿੰਘ ਜੀ 'ਮਝੈਲ' ਤੇ ਹੋਰ ਸਿੱਖ ਲੀਡਰ ਵੀ ਇਸ ਧਰਮ-ਯੁੱਧ ਵਿਚ ਹਿੱਸਾ ਲੈਣ ਤੋਂ ਪਿੱਛੇ ਨਾ ਰਹੇ। ਸਭ ਤੋਂ ਵੱਡੀ ਟੱਕਰ ਫੁਹਾਰੇ ਵਾਲੇ ਚੌਕ ਵਿਚ ਹੋਈ। ਦਸ ਮਿੰਟ ਦੇ ਟਾਕਰੇ ਪਿੱਛੋਂ ਕਸਮਾਂ ਖਾ ਕੇ ਆਏ ਹੋਏ ਗ਼ਾਜ਼ੀ ਕੰਡ ਵਿਖਾ ਕੇ ਨੱਸ ਉੱਠੇ। ਉਹਨਾਂ ਉੱਤੇ ਤਿੰਨਾਂ ਪਾਸਿਆਂ ਤੋਂ ਹਮਲਾ ਹੋਇਆ ਸੀ। ਇਕ ਪਾਸਿਉਂ ਜੱਥੇਦਾਰ ਊਧਮ ਸਿੰਘ ਜੀ ਆਪ ਗੋਲੀਆਂ ਬਰਸਾ ਰਹੇ ਹਨ, ਦੂਜੇ ਪਾਸਿਓਂ ਕੁਝ ਹੋਰ ਸਿੱਖ ਗੱਭਰੂ

ਦਿਲ ਦੀਆਂ ਸੱਧਰਾਂ ਪੂਰੀਆਂ ਕਰ ਰਹੇ ਸਨ ਤੇ ਤੀਜੇ ਪਾਸਿਓਂ ਬਿਜਲੀ ਪਹਿਲਵਾਨ ਹਿੰਦੂ ਗੱਭਰੂਆਂ ਨੂੰ ਨਾਲ ਲੈ ਕੇ ਰਾਹ ਰੋਕੀ ਖੜਾ ਸੀ। ਜਿੰਨਾ ਪਿਆਰ ਤੇ ਇਤਫ਼ਾਕ ਹਿੰਦੂ ਸਿੱਖਾਂ ਵਿਚ ਉਸ ਵੇਲੇ ਸੀ, ਗੁਰੂ ਕਰੇ ਸਦਾ ਰਹੇ। ਚੌਥੀ ਬਾਹੀ ਖ਼ਾਲੀ ਸੀ, ਜਿਧਰ ਪਿਛਲੇ ਪਾਸੇ ਮੁਸਲਮ ਪੋਲੀਸ ਲੀਗੀਆਂ ਦੀ ਮਦਦ ਵਾਸਤੇ ਖੜੀ ਸੀ। ਜਥੇਦਾਰ ਊਧਮ ਸਿੰਘ ਜੀ ਦੇ ਇਸ ਕਹਿਰੀ ਹੱਲੇ ਸਾਹਮਣੇ ਗ਼ਾਜ਼ੀ ਖਲੋ ਨਾ ਸਕੇ ਤੇ ਅੰਤ ਪੋਲੀਸ ਦਾ ਆਸਰਾ ਲੈ ਕੇ ਉਸੇ ਪਾਸੇ ਨੱਸ ਉਠੇ। ਫੇਰ ਕੀ ਸੀ ? ਕਿਤੇ ਵੀ ਮੁਸਲਮਾਨਾਂ ਦੇ ਪੈਰ ਨਾ ਲੱਗ ਸਕੇ। ਹਾਲ ਬਾਜ਼ਾਰ ਵਿਚ ਦੋ ਥਾਈਂ ਟਾਕਰਾ ਹੋਇਆ, ਪਰ ਸਿੱਖਾਂ ਨੂੰ ਵੇਖਦੇ ਸਾਰ ਹੀ ਮੁਸਲਮਾਨ ਭਜ ਉੱਠਦੇ ਰਹੇ। ਹਾਂ, ਭੱਜੇ ਜਾਂਦੇ ਕੁਝ ਆਦਮੀ ਸਿੱਖਾਂ ਦੀਆਂ ਗੋਲੀਆਂ ਤੇ ਬਰਛਿਆਂ ਦਾ ਸ਼ਿਕਾਰ ਹੋ ਗਏ। ਕਾਠੀਆਂ ਵਾਲੇ ਬਜ਼ਾਰ ਵਿਚ ਵੀ ਕੁਝ ਮੁਸਲਮਾਨ ਮਰੇ, ਸਾਹਮਣੇ ਲੜ ਕੇ ਨਹੀਂ, ਸਗੋਂ ਨੱਸੇ ਜਾਂਦੇ ਕੰਡਾਂ ਵਿਚ ਬਰਛੇ ਖਾ ਕੇ। ਸ਼ਾਮ ਤੱਕ ਮੁਸਲਮਾਨਾਂ ਦਾ ਓਹੋ ਹਾਲ ਹੋਇਆ, ਜੋ ਦੋ ਵਜੇ ਤੋਂ ਪਹਿਲਾਂ ਹਿੰਦੂਆਂ ਸਿੱਖਾਂ ਦਾ ਹੋਇਆ ਸੀ।

ਬਾਕੀ ਗੱਲ ਰਹੀ ਅੱਗਾਂ ਦੀ। ਮੁਸਲਮਾਨਾਂ ਦੇ ਦਿਲ ਵਿਚ ਸੀ ਕਿ ਅੱਗਾਂ ਕੇਵਲ ਉਹਨਾਂ ਹੀ ਲਾਉਣੀਆਂ ਹਨ, ਹੋਰ ਕਿਸੇ ਨਹੀਂ। ਸੋ ਉਹਨਾਂ ਆਪਣੀਆਂ ਦੁਕਾਨਾਂ ਉੱਤੇ ਮੁਸਲਮ ਸ਼ਾਪ (ਦੁਕਾਨ) ਤੇ ਘਰਾਂ ਉੱਤੇ ਮੁਸਲਮ ਹਾਊਸ (ਘਰ) ਲਿਖਿਆ ਹੋਇਆ ਸੀ। ਉਹ ਇਸ ਖ਼ਿਆਲ 'ਤੇ ਕਿ ਸਾਥੋਂ ਕਿਸੇ ਮੁਸਲਮਾਨ ਦਾ ਮਕਾਨ ਭੁਲੇਖੇ ਵਿਚ ਨਾ ਸੜ ਜਾਵੇ, ਉਹਨਾਂ ਦੀ ਇਹ ਸਕੀਮ ਉਹਨਾਂ ਦੇ ਹੀ ਉਲਟ ਪਈ। ਸਿੱਖਾਂ ਹਿੰਦੂਆਂ ਨੂੰ ਅੱਗਾਂ ਲਾਉਣ ਲੱਗਿਆਂ ਬਹੁਤ ਪੁਣ ਛਾਣ ਨਾ ਕਰਨੀ ਪਈ। ਕਟੜਾ ਜੈਮਲ ਸਿੰਘ (ਜਿਸ ਵਿਚ ਮੁਸਲਮਾਨ ਸ਼ੇਖਾਂ ਦੀਆਂ ਬੂਟਾਂ ਦੀਆਂ ਵੱਡੀਆਂ-ਵੱਡੀਆਂ ਦੁਕਾਨਾਂ ਸਨ), ਹਾਲ ਬਾਜ਼ਾਰ, ਕਾਠੀਆਂ ਵਾਲਾ ਬਾਜ਼ਾਰ, ਚੌਂਕ ਫ਼ਰੀਦ, ਚੌਂਕ ਪਰਾਗਦਾਸ ਦੀ ਮਸਜਿਦ ਆਦਿ ਕਈ ਥਾਵਾਂ ਅਗਨ ਭੇਟ ਹੋਈਆਂ। ਚੌਂਕ ਫ਼ਰੀਦ ਤੇ ਕਟੜਾ ਜੈਮਲ ਸਿੰਘ ਤਾਂ ਸਮੂਲਚੋਂ ਹੀ ਸੁਆਹ ਹੋ ਗਏ। ਮਰਨ ਵਾਲਿਆਂ ਤੇ ਫੱਟੜ ਹੋਣ ਵਾਲਿਆਂ ਦੀ ਗਿਣਤੀ ਤਿੰਨ-ਚਾਰ ਸੌ ਤੱਕ ਸੀ। ਇਸ ਇਕ ਰਾਤ ਵਿਚ ਅੱਗ ਨਾਲ ਲੱਗਪੱਗ ੫੦ ਕਰੋੜ ਦਾ ਨੁਕਸਾਨ ਹੋ ਗਿਆ। ਇਸ ਵਿਚ ਮੁਸਲਮਾਨਾਂ ਦਾ ਨੁਕਸਾਨ ਹਿੰਦੂ, ਸਿੱਖਾਂ ਨਾਲੋਂ ਦਸ ਗੁਣਾ ਸੀ। ਪਹਿਲੀ ਰਾਤ ਵਿਚ ਹਿੰਦੂ ਤੇ ਦੂਜੀ ਰਾਤ ਵਿਚ ਮੁਸਲਮਾਨ ਹਜ਼ਾਰਾਂ ਦੀ ਗਿਣਤੀ ਵਿਚ ਸ਼ਹਿਰ ਛੱਡ ਗਏ।

੭ ਮਾਰਚ ਚੜ੍ਹਿਆ ਤਾਂ ਸਿੱਖਾਂ ਨੇ ਫਿਰ ਵਾਧੀ ਧਰ ਲਈ। ਉਹਨਾਂ ਨੂੰ ਏਨਾ ਜੋਸ਼ ਆਇਆ ਕਿ ਉਹ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ, ਦੁਸ਼ਮਣ ਤੋਂ ਬਦਲੇ ਲੈਣ ਲੱਗੇ। ਸਾਰੇ ਸ਼ਹਿਰ ਦੇ ਬਾਜ਼ਾਰਾਂ ਤੇ ਨਾਲੀਆਂ ਵਿਚ ਥਾਂ-ਥਾਂ ਲੋਥਾਂ ਪਈਆਂ ਸਨ। ਅੰਮ੍ਰਿਤਸਰ ਵਿਚ ਵੀ ਮੁਸਲਮ ਪੋਲੀਸ ਹੀ ਵਧੇਰੇ ਸੀ। ਉਹ ਖੁੱਲ੍ਹ-ਮ-ਖੁੱਲ੍ਹਾ ਮੁਸਲਮਾਨਾਂ ਦੀ ਮਦਦ ਕਰਨ ਲੱਗੀ। ਸਿੱਖਾਂ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ

ਕੀਤੀ ਤੇ ਕਈ ਥਾਈਂ ਪੁਲੀਸ ਦਾ ਵੀ ਡਟ ਕੇ ਟਾਕਰਾ ਕੀਤਾ। ਦੁਪਹਿਰ ਤੱਕ ਹਾਲਤ ਏਥੋਂ ਤੱਕ ਪਹੁੰਚ ਗਈ ਕਿ ਮੁਸਲਮਾਨ ਸਿਰ ਲੁਕਾਣ ਲਈ ਥਾਂ ਭਾਲਣ ਲੱਗੇ। ਸ਼ਰੀਫ਼ਪੁਰੇ ਤੇ ਭਗਤਾਂ ਵਾਲੇ ਵਿਚ ਵੀ ਇਸ ਵੇਲੇ ਸਿੱਖਾਂ ਦੇ ਡਰ ਨਾਲ ਭਾਜੜ ਪੈ ਗਈ ਸੀ। ਜੇ ਇਕ ਦਿਨ ਹੋਰ ਕਰਫ਼ੀਊ ਨਾ ਲੱਗਦਾ ਤਾਂ ਸਾਰਾ ਅੰਮ੍ਰਿਤਸਰ ਮੁਸਲਮਾਨਾਂ ਤੋਂ ਖ਼ਾਲੀ ਹੋ ਜਾਂਦਾ। ਪੰਜਾਬ ਸਰਕਾਰ ਇਹ ਕਿਵੇਂ ਸਹਿ ਸਕਦੀ ਸੀ ? ਇਕ ਵਜੇ ਅੰਗਰੇਜ਼ੀ ਫ਼ੌਜ ਗਈ। ਦੋ ਵਜੇ (੭ ਮਾਰਚ ਨੂੰ) ੨੪ ਘੰਟੇ ਵਾਸਤੇ ਕਰਫ਼ੀਊ ਲਗਾ ਦਿੱਤਾ ਗਿਆ। ਕਰਫ਼ੀਊ ਦੀਆਂ ਸ਼ਰਤਾਂ ਏਨੀਆਂ ਕਰੜੀਆਂ ਸਨ ਕਿ ਜ਼ਰਾ ਕਿਸੇ ਸਿਰ ਬਾਰੀਓਂ ਬਾਹਰ ਕੱਢਿਆ ਤਾਂ ਗੋਲੀ ਮਾਰ ਦਿੱਤੀ ਗਈ। ਗੋਰਾ ਸਿਪਾਹੀ ਗੋਲੀ ਮਾਰ ਕੇ (Well Shoot) ਕਹਿੰਦਾ ਹੋਇਆ ਖਿੜ ਖਿੜਾ ਕੇ ਹੱਸ ਪੈਂਦਾ ਸੀ। ਇਸ ਕਰਫ਼ੀਊ ਵਿਚ ਦੋ ਆਦਮੀ, ਇਕ ਲੜਕੀ ਤੇ ਇੱਕ ਬੱਚਾ ਗੋਲੀ ਨਾਲ ਮਾਰਿਆ ਗਿਆ। ਇਸ ਤੋਂ ਪਿੱਛੋਂ ੧੦ ਦਿਨ ਵਾਸਤੇ ਅੱਠ ਵਜੇ ਸ਼ਾਮ ਤੋਂ ਲੈ ਕੇ ਸੱਤ ਵਜੇ ਸਵੇਰ ਤੱਕ ਕਰਫ਼ੀਊ ਲਗਾ ਦਿੱਤਾ ਗਿਆ।

੫-੬-੭ ਮਾਰਚ ਤਿੰਨਾਂ ਦਿਨਾਂ ਵਿਚ ਚਾਰ ਪੰਜ ਸੌ ਆਦਮੀ ਮਰੇ ਜਾਂ ਫਟੜ ਹੋਏ। ਕੁਝ ਹਿੰਦੂ ਲੜਕੀਆਂ ਮੁਸਲਮਾਨਾਂ ਦੇ ਕਾਬੂ ਵਿਚੋਂ ਛੁੜਾਈਆਂ ਗਈਆਂ। ਤਿੰਨ ਸੌ ਦੇ ਲਗਪਗ ਮੁਸਲਮਾਨ ਬੀਬੀਆਂ—ਜਿਨ੍ਹਾਂ ਦੇ ਆਦਮੀ ਸਾਥ ਛੱਡ ਕੇ ਨੱਸ ਗਏ ਸਨ—ਗੁਰਦੁਆਰੇ ਦੇ ਦਫ਼ਤਰ ਵਿਚ ਲਿਆਂਦੀਆਂ ਗਈਆਂ। ਸਿੱਖ ਲੀਡਰਾਂ ਨੇ ਉਹਨਾਂ ਦੀ ਇੱਜ਼ਤ ਦੀ ਪੂਰੀ ਰਾਖੀ ਕੀਤੀ ਤੇ ਕਈ ਦਿਨ ਤੱਕ ਉਹਨਾਂ ਦੀ ਰਿਹਾਇਸ਼ ਤੇ ਖ਼ੁਰਾਕ ਦਾ ਪ੍ਰਬੰਧ ਕੀਤਾ। ਅੰਮ੍ਰਿਤਸਰੀ ਮੁਸਲਮ ਲੀਗ ਨੇ ਉਹਨਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ, ਸਿੱਖ ਲੀਡਰ ਮੰਨ ਗਏ, ਪਰ ਉਹ ਮੁਸਲਮ ਇਸਤਰੀਆਂ ਲੀਗੀਆਂ ਨਾਲ ਜਾਣ ਵਾਸਤੇ ਰਾਜ਼ੀ ਨਾ ਹੋਈਆਂ। ਕੁਝ ਦਿਨਾਂ ਪਿੱਛੋਂ ਉਹ ਮੁਸਲਮ ਪੌਲੀਸ ਤੇ ਅਫ਼ਸਰਾਂ ਦੇ ਹਵਾਲੇ ਕੀਤੀਆਂ ਗਈਆਂ। ਇਸ ਸਮੇਂ ਕੁਝ ਇਸਤ੍ਰੀਆਂ ਨੇ—ਜਿਨ੍ਹਾਂ ਦੇ ਆਦਮੀ ਮਾਰੇ ਗਏ ਸਨ—ਸਿੱਖੀ ਧਾਰਨ ਕਰਕੇ ਸਿੱਖ ਘਰਾਂ ਵਿਚ ਵਿਆਹ ਕਰਾਉਣ ਦੀ ਇੱਛਿਆ ਪ੍ਰਗਟ ਕੀਤੀ, ਪਰ ਸਿੱਖ ਲੀਡਰਾਂ ਨੇ ਇਸ ਗੱਲ ਦੀ ਆਗਿਆ ਨਾ ਦਿੱਤੀ।

ਲਗਾਤਾਰ ਕਈ ਦਿਨਾਂ ਤੱਕ ਰਾਤ ਨੂੰ ਕਰਫ਼ੀਊ ਲੱਗਾ ਰਹਿਣ 'ਤੇ ਵੀ ਸ਼ਹਿਰ ਵਿਚ ਸ਼ਾਂਤੀ ਨਾ ਹੋਈ। ਆਹਮੋ-ਸਾਹਮਣੇ ਮਹੱਲਿਆਂ ਵਿਚ ਨਾਅਰੇ ਮਾਰਨੇ, ਇਕ ਦੂਜੇ ਉੱਤੇ ਇੱਟਾਂ ਮਾਰਨੀਆਂ, ਇਕੱਲੇ ਕਾਬੂ ਆਏ ਨੂੰ ਛੁਰਾ ਮਾਰ ਦੇਣਾ, ਇਹ ਕੰਮ ਰੋਜ਼ ਹੀ ਹੁੰਦੇ ਰਹੇ। ਜੇ ਇਕ ਬਾਜ਼ਾਰ ਵਿਚ ਕਿਸੇ ਹਿੰਦੂ ਜਾਂ ਸਿੱਖ ਨੂੰ ਛੁਰਾ ਵੱਜ ਜਾਂਦਾ ਤਾਂ ਖ਼ਬਰ ਸੁਣ ਕੇ ਦੂਜੀ ਘੜੀ ਹੀ ਕਿਸੇ ਦੂਜੇ ਬਾਜ਼ਾਰ ਵਿਚ ਕੋਈ ਮੁਸਲਮਾਨ ਮਾਰ ਦਿੱਤਾ ਜਾਂਦਾ। ਸ਼ਹਿਰੋਂ ਬਾਹਰ ਆਬਾਦੀਆਂ ਉੱਤੇ, ਬਾਜ਼ਾਰਾਂ ਵਿਚ ਤੇ ਗੰਦੇ ਨਾਲਿਆਂ ਵਿਚ ਪਈਆਂ ਲੋਥਾਂ ਕਈ ਦਿਨ ਤਰੱਕਦੀਆਂ ਰਹਿੰਦੀਆਂ।

ਮੁਸਲਿਮ ਮਹੱਲ ਵਿਚ ਆਇਆ ਹੋਇਆ ਕੋਈ ਹਿੰਦੂ, ਸਿੱਖ ਤੇ ਹਿੰਦੂ ਸਿੱਖਾਂ ਦੇ ਮਹੱਲੇ ਵਿਚੋਂ ਕੋਈ ਮੁਸਲਮਾਨ ਬਚ ਕੇ ਨਾ ਜਾਂਦਾ। ਇਸੇ ਤਰ੍ਹਾਂ ਮਾਰਚ ਬੀਤ ਗਿਆ।

ਪਰਾਗਦਾਸ ਚੌਕ ਵਾਲੀ ਮਸਜਿਦ ਸੜ ਚੁੱਕੀ ਸੀ। ਉਸ ਵਿਚ ਮੁਸਲਮਾਨਾਂ ਨੇ ਦਰਬਾਰ ਸਾਹਿਬ 'ਤੇ ਹੱਲਾ ਕਰਨ ਵਾਸਤੇ ਬੜੇ ਹਥਿਆਰ, ਦਾਰੂ ਸਿੱਕਾ ਤੇ ਪਟਰੋਲ ਆਦਿ ਅੱਗ ਲਾਉਣ ਵਾਲਾ ਮਸਾਲਾ ਇਕੱਠਾ ਕੀਤਾ ਹੋਇਆ ਸੀ। ਜਦ ਸਿੱਖਾਂ ਨੇ ਉਸ ਉੱਤੇ ਹਮਲਾ ਕੀਤਾ ਤਾਂ ਅੱਗੋਂ ਮਸੀਤ ਵਿਚੋਂ ਮੁਸਲਮਾਨਾਂ ਨੇ ਬੜੀ ਗੋਲੀ ਬਰਸਾਈ, ਪਰ ਸਿੱਖਾਂ ਦੇ ਅਮੁੱਕ ਜੋਸ਼ ਅੱਗੇ ਉਹਨਾਂ ਦੀ ਪੇਸ਼ ਨਾ ਗਈ। ਜਦ ਬੰਦੂਕਾਂ ਵਾਲੇ ਮਾਰੇ ਗਏ, ਜੋ ਮਸਜਿਦ ਦੀ ਛੱਤ ਉੱਤੇ ਮੋਰਚਿਆਂ ਵਿਚ ਬੈਠੇ ਗੋਲੀਆਂ ਚਲਾ ਰਹੇ ਸਨ ਤਾਂ ਬਾਕੀਆਂ ਵਿਚ ਟਾਕਰੇ ਦੀ ਸਮਰੱਥਾ ਨਾ ਰਹਿ ਗਈ। ਸਿੱਖ ਬੂਹੇ ਭੰਨ ਕੇ ਅੰਦਰ ਜਾ ਵੜੇ ਤੇ ਅੰਦਰਲੇ ਸਾਰੇ ਆਦਮੀ (ਤੀਹ, ਚਾਲੀ) ਉਥੇ ਹੀ ਝਟਕਾ ਦਿੱਤੇ। ਅੰਦਰਲੇ ਹਥਿਆਰਾਂ ਨੂੰ ਕਾਬੂ ਕਰਕੇ ਵਿਚ ਪਿਆ ਪਟਰੌਲ ਬੂਹਿਆਂ ਉੱਤੇ ਛਿੜਕ ਕੇ ਅੱਗ ਲਾ ਦਿੱਤੀ ਗਈ, ਜਿਸ ਨਾਲ ਮਸੀਤ ਸੜ ਕੇ ਸੁਆਹ ਦਾ ਢੇਰ ਬਣ ਗਈ। ਅਪ੍ਰੈਲ ਦੇ ਪਹਿਲੇ ਜੁੰਮੇ ਵਾਲੇ ਦਿਨ ਛੇ ਕੁ ਹਜ਼ਾਰ ਮੁਸਲਮਾਨ ਮਿਲਟਰੀ ਤੇ ਪੁਲੀਸ ਦੀ ਮਦਦ ਨਾਲ ਉਸ ਮਸੀਤ ਵਿਚ ਨਮਾਜ਼ ਪੜ੍ਹਨ ਆਏ। ਸਿੱਖਾਂ ਨੇ ਉਹਨਾਂ ਉੱਤੇ ਹਮਲਾ ਕਰਨ ਦੀ ਠਾਣੀ, ਪਰ ਇਕ ਸਿੱਖ ਪੁਲੀਸ ਅਫ਼ਸਰ ਦੇ ਕਹਿਣ ਕਰਕੇ ਉਹਨਾਂ ਇਹ ਕੰਮ ਨਾ ਕੀਤਾ। ਜਦੋਂ ਉਹ ਮੁਸਲਮਾਨ ਨਮਾਜ਼ ਤੋਂ ਵਿਹਲੇ ਹੋ ਕੇ ਹਿੰਦੂ ਸਿੱਖਾਂ ਦੇ ਮਹੱਲਿਆਂ ਵਿਚ ਪਹੁੰਚੇ ਤਾਂ ਉਹਨਾਂ ਹਿੰਦੂ, ਸਿੱਖਾਂ ਨੂੰ ਛੁਰੇ ਮਾਰਨੇ ਸ਼ੁਰੂ ਕਰ ਦਿੱਤੇ। ਇਹ ਖ਼ਬਰ ਸੁਣ ਕੇ ਸਿੱਖਾਂ ਵੀ ਤਲਵਾਰਾਂ ਧੂਹ ਲਈਆਂ ਤੇ ਜਿੱਥੇ ਕੋਈ ਮੁਸਲਮਾਨ ਮਿਲਿਆ, ਖ਼ਤਮ ਕਰ ਦਿੱਤਾ। ਦੋ, ਤਿੰਨ ਥਾਈਂ ਆਹਮੋ-ਸਾਹਮਣੇ ਟੱਕਰ ਵੀ ਹੋਈ। ਉਸ ਦਿਨ ਦੋ ਹਿੰਦੂ, ਇਕ ਸਿੱਖ ਤੇ ਪੰਦਰਾਂ ਮੁਸਲਮਾਨ ਫੱਟੜ ਹੋਏ। ਫੇਰ ਹਰ ਜੁੰਮੇ ਵਾਲੇ ਦਿਨ ਥੋੜ੍ਹੀ ਬਹੁਤੀ ਗੜਬੜ ਹੋ ਜਾਂਦੀ ਰਹੀ। ਓਸੇ ਦਿਨ ਕਟੜਾ ਮਹਾਂ ਸਿੰਘ, ਹਾਥੀ ਦਰਵਾਜ਼ਾ, ਲੋਹਗੜ੍ਹ, ਕਟੜਾ ਕਰਮ ਸਿੰਘ ਆਦਿ ਕਈ ਥਾਵਾਂ 'ਤੇ ਅੱਗਾਂ ਲੱਗੀਆਂ।

੭ ਹਿੰਦੂ ਇਕ ਬੱਚੇ ਦਾ ਸਸਕਾਰ ਕਰਕੇ ਸ਼ਮਸ਼ਾਨ ਭੂਮੀ ਤੋਂ ਵਾਪਸ ਆ ਰਹੇ ਸਨ। ਉਹਨਾਂ ਨਿਹੱਥਿਆਂ ਉੱਤੇ ਮੁਸਲਮਾਨਾਂ ਨੇ ਹਮਲਾ ਕਰਕੇ ਛੁਰਿਆਂ ਨਾਲ ਫੱਟੜ ਕਰ ਦਿੱਤਾ ਤੇ ਅੰਤ ਜਿਊਂਦਿਆਂ ਨੂੰ ਹੀ ਪਟਰੌਲ ਪਾ ਕੇ ਸਾੜ ਦਿੱਤਾ। ਹਿੰਦੂ ਸਿੱਖਾਂ ਇਸ ਦਾ ਬਦਲਾ ਇਉਂ ਲਿਆ ਕਿ ਓਸੇ ਦਿਨ ਪਿੱਛਲੇ ਪਹਿਰ ਇਕ ਮੁਸਲਮਾਨਾਂ ਦੀ ਜੰਞ (ਸੌ ਕੁ ਆਦਮੀ) ਤਲਵਾਰ ਭੇਟ ਕਰ ਦਿੱਤੀ। ਇਸੇ ਦਿਨ ਹਾਥੀ ਦਰਵਾਜ਼ੇ ਤੇ ਲੋਹਗੜ੍ਹ ਦੇ ਅੰਦਰ ਬੰਬ ਵੀ ਫਟੇ। ਇਹਨਾਂ ਦੁਰਘਟਨਾਵਾਂ ਦੀ ਰੋਕ ਵਾਸਤੇ ਸ਼ਹਿਰ ਉੱਤੇ ੧੨ ਮਈ ਨੂੰ ੨੪ ਘੰਟੇ ਦਾ ਕਰਫ਼ਿਊ ਲੱਗ ਗਿਆ।

ਅਗਲੇ ਦਿਨ ਕਰਫ਼ੀਊ ਹਟਦਿਆਂ ਹੀ ਦੋ ਘੰਟਿਆਂ ਦੇ ਅੰਦਰ-ਅੰਦਰ ਕਈ ਵਾਰਦਾਤਾਂ ਹੋ ਗਈਆਂ ਤੇ ਸ਼ਹਿਰ ਵਿਚ ਚਾਰ ਥਾਈਂ ਬੰਬ ਫਟੇ। ਸਰਕਾਰ ਨੇ ਫੇਰ ੪੮ ਘੰਟੇ ਵਾਸਤੇ ਕਰਫ਼ੀਊ ਲਗਾ ਦਿੱਤਾ।

ਮਈ ਦੇ ਬਾਕੀ ਦਿਨ ਵੀ ਇਸੇ ਤਰ੍ਹਾਂ ਲੰਘੇ। ਖ਼ਾਲਸਾ ਕਾਲਜ ਜਾਂ ਦਰਬਾਰ ਸਾਹਿਬ ਦੇ ਨੇੜੇ ਦੀ ਕੋਈ ਮੁਸਲਮਾਨ ਨਹੀਂ ਸੀ ਲੰਘਦਾ ਤੇ ਭਗਤਾਂ ਵਾਲਾ ਤੇ ਸ਼ਰੀਫ਼ਪੁਰੇ ਦੇ ਵਿਚ ਦੀ ਕੋਈ ਹਿੰਦੂ, ਸਿੱਖ। ਪਹਿਲੀ ਜੂਨ ਨੂੰ ਦੋਵੇਂ ਧਿਰਾਂ ਫਿਰ ਨਵੇਂ ਜੋਸ਼ ਨਾਲ ਉੱਠੀਆਂ ਤੇ ਇਸ ਰਾਤ ਸ਼ਹਿਰ ਵਿਚ ਕਈ ਥਾਈਂ ਅੱਗਾਂ ਲੱਗੀਆਂ।

ਮਾਰਚ ਦੇ ਫ਼ਸਾਦਾਂ ਵਿਚ ਸਭ ਤੋਂ ਵਧੇਰੇ ਅੱਤਿਆਚਾਰ ਰਾਵਲਪਿੰਡੀ ਜ਼ਿਲ੍ਹੇ ਵਿਚ ਹੋਏ। ਪੰਜ ਮਾਰਚ ਨੂੰ ਓਥੋਂ ਦੇ ਹਿੰਦੂ ਸਿੱਖ ਵਿਦਿਆਰਥੀਆਂ ਨੇ ਜਲੂਸ ਕੱਢਿਆ।

ਰਾਵਲਪਿੰਡੀ

ਓਥੋਂ ਦੀ ਮੁਸਲਮ ਲੀਗ ਨੇ ਜਲੂਸ ਦਾ ਰਾਹ ਆਣ ਰੋਕਿਆ, ਜਿੱਥੋਂ ਗੜਬੜ ਸ਼ੁਰੂ ਹੋ ਗਈ। ਲੀਗੀਆਂ ਨੇ ਵਿਦਿਆਰਥੀਆਂ ਕੋਲੋਂ ਕਾਂਗਰਸੀ ਝੰਡਾ ਖੋਹ ਕੇ ਪਾੜ ਦਿੱਤਾ, ਜਿਸ ਗਲੋਂ ਜੋਸ਼ ਵਿਚ ਆ ਕੇ ਵਿਦਿਆਰਥੀਆਂ ਨੇ ਝੰਡਾ ਪਾੜਨ ਵਾਲੇ ਨੂੰ ਜ਼ਖ਼ਮੀ ਕਰ ਦਿੱਤਾ। ਬਾਕੀ ਮੁਸਲਮਾਨ ਭੱਜ ਗਏ ਤੇ ਜੁੰਮਾ ਮਸਜਿਦ ਵਿਚ ਜਾ ਇਕੱਠੇ ਹੋਏ। ਏਥੇ ਉਹਨਾਂ ਨੇ ਬਹੁਤ ਸਾਰਾ ਜੰਗੀ ਸਾਮਾਨ ਇਕੱਠਾ ਕੀਤਾ ਹੋਇਆ ਸੀ। ਗੋਲੜਾ ਵਾਲੇ ਪੀਰ ਦੇ ਭੇਜੇ ਹੋਏ ਬਹੁਤ ਸਾਰੇ ਪੇਂਡੂ ਮੁਸਲਮਾਨ ਵੀ ਏਥੇ ਆਏ ਹੋਏ ਸਨ। ਮੁਸਲਮ ਲੀਗੀ ਦੇ ਦੋਹਤਿਆਂ ਪੁਤੇਤਿਆਂ ਨੇ ਐਵੇਂ ਰੌਲਾ ਪਾ ਦਿੱਤਾ ਕਿ ਸ਼ਹਿਰ ਵਿਚ ਫ਼ਸਾਦ ਹੋ ਗਿਆ ਹੈ। ਇਹ ਅਫ਼ਵਾਹ ਸਾਰੇ ਸ਼ਹਿਰ ਵਿਚ ਖਿਲਰ ਗਈ। ਬਾਜ਼ਾਰ ਬੰਦ ਹੋ ਗਏ ਤੇ ਛੁਰਿਆਂ ਕੁਹਾੜੀਆਂ ਵਾਲੇ ਗਲੀਆਂ ਵਿਚ ਭੱਜੇ ਫਿਰਦੇ ਨਜ਼ਰ ਆਉਣ ਲੱਗੇ। ਕਮੇਟੀ ਮਹੱਲਾ ਵਿਚ ਆਹਮੋ-ਸਾਹਮਣੀ ਲੜਾਈ ਹੋਈ, ਜਿਸ ਵਿਚ ਮੁਸਲਮਾਨਾਂ ਨੂੰ ਹਾਰ ਖਾ ਕੇ ਨੱਸਣਾ ਪਿਆ। ਸ਼ਾਮ ਤੱਕ ਕਈਆਂ ਆਦਮੀਆਂ ਨੂੰ ਛੁਰੇ ਵਜੇ, ਕੁਝ ਮੌਤਾਂ ਵੀ ਹੋ ਗਈਆਂ ਤੇ ਕੁਝ ਦੁਕਾਨਾਂ ਵੀ ਲੁੱਟੀਆਂ ਗਈਆਂ। ਇਸ ਲੜਾਈ ਵਿਚ ਹਿੰਦੂ ਸਿੱਖਾਂ ਦਾ ਪਾਸਾ ਭਾਰਾ ਰਿਹਾ।

ਛੇ ਮਾਰਚ ਨੂੰ ਮੁਸਲਮਾਨ ਦੋ ਵਾਰ ਗੁਰਦੁਆਰਾ ਸਿੰਘ ਸਭਾ ਉੱਤੇ ਹਮਲਾ ਕਰਨ ਵਾਸਤੇ ਆਏ, ਪਰ ਸਿੰਘਾਂ ਦੇ ਜੈਕਾਰੇ ਸੁਣ ਕੇ ਪਿਛਾਂਹ ਮੁੜ ਜਾਂਦੇ ਰਹੇ। ਰਾਜਾ ਬਾਜ਼ਾਰ ਵਿਚ ਵੀ ਦੋਹਾਂ ਧਿਰਾਂ ਦੀ ਟੱਕਰ ਹੁੰਦੀ-ਹੁੰਦੀ ਹਟੀ। ਸ. ਨਰਿੰਦਰ ਸਿੰਘ ਡਿਪਟੀ ਸੁਪਰਿੰਟੈਂਡੈਂਟ ਦੇ ਉੱਦਮ ਤੇ ਦਲੇਰੀ ਨਾਲ ਇੱਥੇ ਲਾਹੌਰ ਜਾਂ ਅੰਮ੍ਰਿਤਸਰ ਵਰਗਾ ਖ਼ੂਨ-ਖ਼ਰਾਬਾ ਹੋਣੋਂ ਬਚ ਗਿਆ। ਇਸ ਗੱਲੋਂ ਖਿਝ ਕੇ ਪੁਲਿਸ ਦੇ ਇਕ ਮੁਸਲਮਾਨ ਸਿਪਾਹੀ ਨੇ ਸਰਦਾਰ ਸਾਹਿਬ ਉੱਤੇ ਗੋਲੀ ਵੀ ਚਲਾਈ, ਜੋ ਲੱਗੀ ਨਾ।

ਸੱਤ ਮਾਰਚ ਨੂੰ ਪੀਰ ਗੋਲੜਾ ਦੇ ਭੜਕਾਏ ਹੋਏ ੧੦-੧੫ ਹਜ਼ਾਰ ਪੇਂਡੂ ਮੁਸਲਮਾਨ ਗੱਡੀਆਂ, ਊਠ ਤੇ ਗਧੇ ਨਾਲ ਲੈ ਕੇ ਰਾਵਲਪਿੰਡੀ ਸ਼ਹਿਰ 'ਤੇ ਚੜ੍ਹ

ਆਏ। ਉਹਨਾਂ ਦੀ ਅਗਵਾਈ ਮੁਸਲਮ ਲੀਗੀ ਲੀਡਰ ਮੁਹੰਮਦ ਸਰਵਰ ਕਰ ਰਿਹਾ ਸੀ। ਦੂਜੇ ਪਾਸੇ ਜ਼ਿਲ੍ਹਾ ਲੀਗ ਦੇ ਪ੍ਰਧਾਨ ਨੇ ਹਜ਼ਾਰਾਂ ਬੰਦੇ ਨਾਲ ਲੈ ਕੇ ਹਮਲਾ ਕੀਤਾ। ਅੱਗੋਂ ਹਿੰਦੂ, ਸਿੱਖਾਂ ਨੇ ਬੜੇ ਤਕੜੇ ਮੋਰਚੇ ਬਣਾਏ ਹੋਏ ਸਨ। ਉਹਨਾਂ ਮੋਰਚਿਆਂ ਵਿਚੋਂ ਮੇਜਰ ਸੁਰਿੰਦਰ ਸਿੰਘ ਬੇਦੀ, ਮੇਜਰ ਹਰਦਿਤ ਸਿੰਘ, ਸ. ਪਿਆਰਾ ਸਿੰਘ, ਸ. ਸਵਰਨ ਸਿੰਘ, ਲਾਲਾ ਸੇਵਾ ਰਾਮ ਸਰਾਫ਼, ਸ. ਹਾਕਮ ਸਿੰਘ ਆਦਿ ਨੇ ਦਿਲ ਲਾ ਕੇ ਗੋਲੀਆਂ ਬਰਸਾਈਆਂ। ਸਿੱਟਾ ਇਹ ਨਿਕਲਿਆ ਕਿ ਲੁੱਟ ਦਾ ਸਾਮਾਨ ਲੱਦਣ ਵਾਸਤੇ ਨਾਲ ਆਂਦੀਆਂ ਹੋਈਆਂ ਗੱਡੀਆਂ ਉੱਤੇ ਤਿੰਨ ਕੁ ਸੌ ਲੋਥਾਂ ਤੇ ਪੰਜ ਕੁ ਸੌ ਫਟੜਾਂ ਨੂੰ ਲੱਦ ਕੇ ਮੁਸਲਮਾਨ ਵਾਪਸ ਮੁੜ ਗਏ। ਇਸ ਤਰ੍ਹਾਂ ਉਹਨਾਂ ਬਹਾਦਰ ਹਿੰਦੂ ਸਿੱਖਾਂ ਨੇ ਸ਼ਹਿਰ ਬਰਬਾਦ ਹੋਣੋਂ ਬਚਾ ਲਿਆ। ਬਾਹਰੋਂ ਆਏ ਬਲਵਈ ਤਾਂ ਮੂੰਹ ਦੀ ਖਾ ਕੇ ਵਾਪਸ ਮੁੜ ਗਏ, ਪਰ ਸ਼ਹਿਰ ਦੇ ਵਿਚ ਦੋਵੇਂ ਧਿਰਾਂ ਛੁਰੇ ਚਲਾਉਂਦੀਆਂ ਰਹੀਆਂ, ਜਿਸ ਨਾਲ ਕੁਝ ਆਦਮੀ ਮਾਰੇ ਗਏ, ਅੰਤ ਨੌਂ ਮਾਰਚ ਨੂੰ ਕਰਫ਼ੀਊ ਲਗਾ ਦਿੱਤਾ ਗਿਆ।

ਗੁਰਦੁਆਰਾ ਅਕਾਲਗੜ੍ਹ ਉੱਤੇ ਮੁਸਲਮਾਨਾਂ ਨੇ ਕਈ ਵਾਰ ਹਮਲਾ ਕੀਤਾ, ਪਰ ਸਫ਼ਲ ਨਾ ਹੋਏ। ਸ਼ਹਿਰ ਵਿਚ ਕੁਝ ਦੁਕਾਨਾਂ ਲੁੱਟੀਆਂ ਗਈਆਂ ਤੇ ਕੁਝ ਕੁ ਥਾਈਂ ਅੱਗ ਵੀ ਲੱਗੀ, ਪਰ ਬਹੁਤਾ ਨੁਕਸਾਨ ਨਾ ਹੋਇਆ। ਸ਼ਹਿਰ ਦੇ ਵਿਚਲੇ ਹਿੱਸੇ ਵਿਚ ਤਾਂ ਮੁਸਲਮਾਨਾਂ ਦੀ ਕੋਈ ਪੇਸ਼ ਨਾ ਗਈ, ਪਰ ਉਦਾਲੇ ਦੀਆਂ ਕੁਝ ਬਸਤੀਆਂ ਵਿਚ ਉਹਨਾਂ ਬਹੁਤ ਨੁਕਸਾਨ ਕੀਤਾ। ਢੋਕ ਰੱਤਾ ਵਿਚ ਹਿੰਦੂਆਂ, ਸਿੱਖਾਂ ਦੀਆਂ ਦੁਕਾਨਾਂ ਲੁੱਟ ਲਈਆਂ, ਘਰ ਸਾੜ ਦਿੱਤੇ ਤੇ ਕਈ ਆਦਮੀ ਮਾਰੇ। ਲਾਲ ਕੁਰਤੀ ਮਹੱਲੇ ਵਿਚ ਨੌਂ ਹਿੰਦੂ, ਸਿੱਖ ਅਮਨ ਕਮੇਟੀ ਬਣਾਉਣ ਬਦਲੇ ਸੱਦ ਕੇ, ਮੁਸਲਮਾਨਾਂ ਨੇ ਵਿਸਾਹਘਾਤ ਕਰਕੇ ਮਾਰ ਦਿੱਤੇ। ਹੋਰ ਵੀ ਇਕੱਲੇ ਦੁਕੱਲੇ ਆਦਮੀ ਕਈ ਥਾਈਂ ਮਾਰੇ ਗਏ। ੧੨ ਮਾਰਚ ਨੂੰ ਗੋਰਖਾ ਫ਼ੌਜ ਸ਼ਹਿਰ ਵਿਚ ਆ ਗਈ, ਇਸ ਵਾਸਤੇ ਬਾਕੀ ਸ਼ਹਿਰ ਉਜੜਨੋਂ ਬੱਚ ਗਿਆ। ੧੫ ਅਗਸਤ ਤੱਕ ਫੇਰ ਕੋਈ ਖ਼ਾਸ ਦੁਰਘਟਨਾ ਨਹੀਂ ਹੋਈ।

ਰਾਵਲਪਿੰਡੀ ਦੇ ਪਿੰਡ

ਸ਼ਹਿਰ ਤਾਂ ਬਚ ਗਿਆ, ਪਰ ਜੋ ਜ਼ਿਲ੍ਹਾ ਰਾਵਲਪਿੰਡੀ ਦੇ ਪਿੰਡਾਂ ਨਾਲ ਹੋਈ, ਉਹ ਕਹਿਣ ਸੁਣਨ ਤੋਂ ਬਾਹਰ ਹੈ। ਲੀਗੀ ਲੀਡਰਾਂ ਤੇ ਮੌਲਵੀਆਂ ਨੇ ਇਲਾਕੇ ਦੇ ਅਨਪੜ੍ਹ ਤੇ ਬੇਸਮਝ ਮੁਸਲਮਾਨ ਭੜਕਾਏ ਹੋਏ ਸਨ। ਉਹ ਲੁੱਟ ਦੇ ਲਾਲਚ ਤੇ ਦੀਨ ਇਸਲਾਮ ਦੇ ਨਾਂ ਉੱਤੇ ਸਵਾਬ (ਪੁੰਨ) ਖੱਟਣ ਵਾਸਤੇ ਇਨਸਾਨਾਂ ਤੋਂ ਹੈਵਾਨਾਂ ਵਿਚ ਬਦਲ ਗਏ। ਹਿੰਦੂ, ਸਿੱਖਾਂ ਦੇ ਇਕ-ਇਕ ਪਿੰਡ ਉੱਤੇ ਉਹ ਕਈ ਹਜ਼ਾਰ ਦੇ ਇਕੱਠ ਬਣ ਕੇ ਜਾ ਪਏ। ਪਿੰਡਾਂ ਦੇ ਪਿੰਡ ਸਾੜ ਦਿੱਤੇ ਤੇ ਘਰਾਣਿਆਂ ਦੇ ਘਰਾਣੇ ਤਲਵਾਰ ਦੀ ਭੇਟਾ ਕਰ ਦਿੱਤੇ। [illegible] ਨਾਚ ਨੱਚਿਆ, [illegible]

Sri Satguru Jagjit Singh Ji eLibrary NamdhariElibrary@gmail.com

ਸੁਣ ਨਹੀਂ ਸਕਦਾ। ਪਰ ਇਤਿਹਾਸਕਾਰ ਦਾ ਫ਼ਰਜ਼ ਉਸ ਨੂੰ ਮਜਬੂਰ ਕਰਦਾ ਹੈ ਕਿ ਉਹ ਚੰਗੀ ਤੇ ਬੁਰੀ ਹਰ ਤਸਵੀਰ ਲੋਕਾਂ ਦੇ ਸਾਹਮਣੇ ਹੂ-ਬ-ਹੂ ਪੇਸ਼ ਕਰੇ। ਮੁਸਲਮਾਨ ਮਜ਼੍ਹਬੀ ਨਾਅਰਾ ਲਾਉਂਦੇ ਸਨ : 'ਅੱਲਾ ਹੂ ਅਕਬਰ' (ਪਰਮਾਤਮਾ ਸਭ ਤੋਂ ਵੱਡਾ ਹੈ) ਤੇ ਕੰਮ ਕੀ ਕਰਦੇ ਸਨ ? ਹਿੰਦੂ, ਸਿੱਖਾਂ ਦੇ ਛੋਟੇ ਜਿਹੇ ਪਿੰਡ ਉੱਤੇ ਹਜ਼ਾਰਾਂ ਮੁਸਲਮਾਨ ਹੱਲਾ ਬੋਲਦੇ, ਪਹਿਲਾਂ ਉਹਨਾਂ ਤੋਂ ਸੁਲ੍ਹਾ ਦੇ ਬਹਾਨੇ ਪੈਸੇ ਲੈਂਦੇ, ਫਿਰ ਮੁਸਲਮਾਨ ਹੋਣ ਵਾਸਤੇ ਕਹਿੰਦੇ, ਜਦ ਉਹ ਦੂਜੀ ਸ਼ਰਤ ਨਾ ਮੰਨਦੇ ਤਾਂ ਲੁੱਟਣਾ ਮਾਰਨਾ ਸ਼ੁਰੂ ਕਰ ਦਿੰਦੇ। ਮਰਦ ਕਤਲ, ਘਰ ਅਗਨ ਭੇਟ ਤੇ ਇਸਤਰੀਆਂ ? ਉੱਥੇ ਜੁਆਨ ਹਿੰਦੂ, ਸਿੱਖ ਲੜਕੀਆਂ ਨੂੰ ਨੰਗੀਆਂ ਕਰਕੇ ਜਲੂਸ ਕੱਢੇ ਗਏ। ਟਾਂਗਿਆਂ ਉੱਤੇ ਲੀਗੀ ਲੀਡਰਾਂ ਤੇ ਮੌਲਵੀਆਂ ਨੂੰ ਬਿਠਾ ਕੇ ਅੱਗੇ ਨੰਗੀਆਂ ਇਸਤਰੀਆਂ ਨੂੰ ਜੋਅ ਕੇ ਭਜਾਇਆ ਗਿਆ। ਜਦ ਉਹ ਲੇਖਾਂ ਸੜੀਆਂ ਬੇਦੋਸ਼, ਅਬਲਾਵਾਂ ਤਾਂਗਾ ਖਿੱਚਦੀਆਂ-ਖਿੱਚਦੀਆਂ ਥੱਕ ਜਾਂਦੀਆਂ ਤਾਂ ਪਿੱਛੋਂ ਆਰਾਂ ਤੇ ਛਾਂਟੇ ਮਾਰੇ ਜਾਂਦੇ। ਮਜ਼੍ਹਬ ਦੇ ਠੇਕੇਦਾਰ ਮੌਲਵੀਆਂ ਦੇ ਸਾਹਮਣੇ ਨੰਗੀਆਂ ਇਸਤਰੀਆਂ ਦਾ ਨਾਚ ਕਰਵਾਇਆ ਗਿਆ। ਇਸਤਰੀਆਂ ਦੇ ਪੇਟ ਵਿਚ ਬੰਦੂਕ ਦੀ ਨਾਲੀ ਦੇ ਕੇ ਫ਼ਾਇਰ ਕੀਤੇ ਗਏ ਤੇ ਇਸ ਤਰ੍ਹਾਂ ਕਈ ਸਤਵੰਤੀਆਂ ਮਾਰੀਆਂ ਗਈਆਂ। ਮਾਪਿਆਂ ਨੂੰ ਦਰੱਖਤਾਂ ਨਾਲ ਬੰਨ੍ਹ ਕੇ ਉਹਨਾਂ ਦੀਆਂ ਮੁਟਿਆਰ ਲੜਕੀਆਂ ਨਾਲ ਉਹਨਾਂ ਦੇ ਸਾਹਮਣੇ ਬੁਰਾ ਕੀਤਾ ਗਿਆ। ਵਹਿਸ਼ੀਪੁਣੇ ਦੀ ਹੱਦ ਹੋ ਗਈ ਜਦ ਇਕ ਲੜਕੀ ਨਾਲ ਆਮ ਲੋਕਾਂ ਦੇ ਸਾਹਮਣੇ ਪੰਜਾਹ-ਪੰਜਾਹ ਮੁਸਲਮਾਨਾਂ ਨੇ ਬੁਰਾ ਕੀਤਾ। ਕਈ ਲੜਕੀਆਂ ਇਸੇ ਹਾਲਤ ਵਿਚ ਮਰ ਗਈਆਂ, ਪਰ (ਇਸ ਕੌਮ ਤੋਂ ਸਦਕੇ ਜਾਵਾਂ) ਮੁਸਲਮਾਨ ਉਹਨਾਂ ਵਿਚਾਰੀਆਂ ਦੀਆਂ ਲੋਥਾਂ ਨਾਲ ਵੀ ਬੁਰਾ ਕਰਨ ਤੋਂ ਨਾ ਟਲੇ। ਲੋਹੇ ਦੇ ਠੱਪੇ (ਜਿਨ੍ਹਾਂ ਵਿਚ 'ਪਾਕਿਸਤਾਨ ਜ਼ਿੰਦਾਬਾਦ' ਉਕਰਿਆ ਹੋਇਆ ਸੀ) ਅੱਗ ਵਿਚ ਲਾਲ ਕਰਾਏ ਤੇ ਇਸਤਰੀਆਂ ਦੇ ਮੱਥਿਆਂ 'ਤੇ ਛਾਤੀਆਂ ਉੱਤੇ ਲਾਏ ਗਏ।* ਜਦ ਬੱਚਿਆਂ ਦੀ ਵਾਰੀ ਆਈ ਤਾਂ ਦੁੱਧ ਚੁੰਘਦੇ ਬੱਚਿਆਂ ਨੂੰ ਨੇਜ਼ੇ ਵਿਚ ਪਰੋਇਆ ਗਿਆ, ਸੂਏ ਤਪ ਕੇ ਉਹਨਾਂ ਦੀਆਂ ਅੱਖਾਂ ਵਿਚ ਫੇਰੇ ਗਏ, ਫਿਰ ਬੱਚਿਆਂ ਦੀਆਂ ਬੋਟੀਆਂ ਵੇਸਣ ਵਿਚ ਲਪੇਟ ਕੇ ਪਕੌੜਿਆਂ ਵਾਂਗ ਤਲ ਕੇ ਮਾਵਾਂ ਨੂੰ ਖੁਆਈਆਂ ਗਈਆਂ। ਇਸ ਤਰ੍ਹਾਂ ਬਣਿਆ ਹੈ ਇਹ ਪਾਕਿਸਤਾਨ।

ਸੈਂਕੜੇ ਪਿੰਡਾਂ ਨਾਲ ਇਹ ਹਾਲ ਹੋਇਆ। ਪੰਡਤ ਜਵਾਹਰ ਲਾਲ ਨਹਿਰੂ ਤੇ ਲਾਰਡ ਮਾਊਂਟਬੇਟਨ ਨੇ ਜਦ ਇਹਨਾਂ ਦਾ ਹਾਲ ਵੇਖਿਆ ਤਾਂ ਤਰਾਹ-ਤਰਾਹ ਕਰ ਉਠੇ। ਕੁਝ-ਕੁ ਪਿੰਡਾਂ ਦਾ ਵੇਰਵਾ ਅਸੀਂ ਹੇਠਾਂ ਲਿਖਦੇ ਹਾਂ।

---

*ਜੋ ਖੋਹੀਆਂ ਹੋਈਆਂ ਲੜਕੀਆਂ ਹੁਣ ਪਾਕਿਸਤਾਨ ਵਿੱਚੋਂ ਆ ਰਹੀਆਂ ਹਨ, [illegible] ਉੱਤੇ ਅਜਿਹੇ [illegible]

Sri Satguru Jagjit Singh Ji eLibrary NamdhariElibrary@gmail.com

ਕਸਬੇ ਦੇ ਬਾਹਰ ਦੇ ਮੁਸਲਮਾਨਾਂ ਨੇ ਰਲ ਕੇ ਹਮਲਾ ਕੀਤਾ। ਜਿਹੜੇ ਮੁਸਲਮਾਨ ਕਲ੍ਹ ਤੱਕ ਕੁਰਾਨ ਦੀਆਂ ਕਸਮਾਂ ਖਾ ਕੇ ਹਿੰਦੂ ਸਿੱਖਾਂ ਨੂੰ ਰਾਖੀ ਦਾ ਭਰੋਸਾ ਦੁਆਉਂਦੇ ਸਨ, ਉਹ ਵੀ ਬਲਵੱਈਆਂ ਨਾਲ ਰਲ ਗਏ। ਕੁਝ ਹਿੰਦੂ, ਸਿੱਖ ਕਤਲ ਹੋਏ ਤੇ ਕੁਝ ਘਰਾਂ ਦੇ ਅੰਦਰ ਜਿਊਂਦੇ ਸੜ ਗਏ। ਸਾਰਾ ਕਸਬਾ ਸਥਾਨਕ ਅਫ਼ਸਰਾਂ ਦੇ ਸਾਹਮਣੇ ਲੁੱਟਿਆ ਤੇ ਸਾੜਿਆ ਗਿਆ। ਇਹ ਘਟਨਾ ੭ ਮਾਰਚ ਦੀ

ਤਖ਼ਤਪੜੀ

ਹੈ। ੮ ਮਾਰਚ ਨੂੰ ਤਖ਼ਤਪੜੀ ਦੀ ਵਾਰੀ ਆ ਗਈ। ਸੂਰਜ ਦੀ ਲਾਲੀ ਫੁੱਟਣ ਨਾਲ ਓਥੋਂ ਦੇ ਮਕਾਨਾਂ ਵਿਚੋਂ ਲਾਟਾਂ ਨਿਕਲਦੀਆਂ ਨਜ਼ਰ ਆ ਰਹੀਆਂ ਸਨ। ਓਥੋਂ ਦੇ ਕੁਝ ਆਦਮੀ ਮਾਰੇ ਗਏ ਤੇ ਬਹੁਤੇ ਭੱਜ ਗਏ। ਇਸੇ ਦਿਨ ਪਿੱਛਲੇ ਪਹਿਰ ਤਿੰਨ ਕੁ ਹਜ਼ਾਰ ਮੁਸਲਮਾਨ ਬਸਾਲੀ 'ਤੇ ਆ ਪਏ। ਓਥੋਂ ਦੇ ਹਿੰਦੂ ਸਿੱਖ ਅੱਗੋਂ ਟਾਕਰੇ ਲਈ ਤਿਆਰ ਬੈਠੇ ਸਨ; ਸੋ ਦੋਹਾਂ ਪਾਸਿਆਂ ਤੋਂ ਗੋਲੀ ਚਲਣੀ ਸ਼ੁਰੂ ਹੋ ਗਈ। ਸਾਰੀ ਰਾਤ ਗੋਲੀ ਚੱਲਦੀ ਰਹੀ। ਦਿਨ ਚੜ੍ਹਦੇ ਨੂੰ ਬਾਹਰੋਂ ਮੁਸਲਮਾਨ

ਬਸਾਲੀ

ਹੋਰ ਆ ਗਏ ਤੇ ਉਹਨਾਂ ਦੀ ਗਿਣਤੀ ਅੱਠ ਹਜ਼ਾਰ ਤੋਂ ਵੀ ਵੱਧ ਗਈ। ਕੁਝ ਮੁਸਲਮਾਨਾਂ ਨੇ ਸਿੱਖਾਂ ਨੂੰ ਸੁਲ੍ਹਾ ਦੀ ਗੱਲਬਾਤ ਕਰਨ ਵਾਸਤੇ ਬਾਹਰ ਆਉਣ ਲਈ ਕਿਹਾ। ਜਿਹੜੇ ਬਾਹਰ ਆਏ, ਉਹ ਓਥੇ ਹੀ ਧੋਖੇ ਨਾਲ ਮਾਰ ਦਿੱਤੇ ਗਏ ਤੇ ਬਾਕੀਆਂ ਉੱਤੇ ਹਮਲਾ ਕੀਤਾ ਗਿਆ। ਕੁਝ ਧਰਮੀ ਦੇਵੀਆਂ ਨੇ ਆਪਣੇ ਘਰਾਂ ਨੂੰ ਅੱਗ ਲਾ ਕੇ ਉਸ ਵਿਚ ਛਾਲਾਂ ਮਾਰ ਕੇ ਆਪਣੀ ਇੱਜ਼ਤ ਬਚਾਈ। ਆਦਮੀ ਲੜਦੇ ਲੜਾਉਂਦਿਆਂ ਬਾਹਰ ਨਿਕਲੇ ਤੇ ਗੁੱਜਰ ਖ਼ਾਨ ਵੱਲ ਤੁਰ ਪਏ। ਰਾਹ ਵਿਚ ਉਹਨਾਂ ਨੂੰ ਦੋ ਥਾਵਾਂ 'ਤੇ ਦੁਸ਼ਮਣਾਂ ਦਾ ਟਾਕਰਾ ਕਰਨਾ ਪਿਆ। ਇਸ ਤਰ੍ਹਾਂ ਅੱਧੇ ਕੁ ਰਾਹ ਵਿਚ ਮਾਰੇ ਗਏ ਤੇ ਬਾਕੀ ਗੁੱਜਰਖ਼ਾਨ ਪਹੁੰਚ ਗਏ।

ਬਲਵੱਈਆਂ ਦਾ ਆਉਣਾ ਸੁਣ ਕੇ ਕਹੂਟਾ ਦੇ ਹਿੰਦੂ, ਸਿੱਖਾਂ ਨੇ ਮੋਰਚੇ ਬਣਾ

ਕਹੂਟਾ

ਲਏ। ਸਭ ਤੋਂ ਵੱਡਾ ਮੋਰਚਾ ਗੁਰਦੁਆਰੇ ਵਿਚ ਸੀ। ੯ ਮਾਰਚ ਨੂੰ ਦਸ ਹਜ਼ਾਰ ਬਲਵਈ ਆਣ ਪਏ, ਜਿਨ੍ਹਾਂ ਦੀ ਅਗਵਾਈ ਮੌਲਵੀ ਅਬਦੁਲ ਰਹਿਮਾਨ ਤੇ ਕੈਪਟਨ ਲਾਲ ਖ਼ਾਂ ਕਰ ਰਹੇ ਸਨ। ਦੋ ਦਿਨ ਆਹਮੋ-ਸਾਹਮਣੀ ਗੋਲੀ ਚੱਲਦੀ ਰਹੀ। ੨੦-੨੫ ਹਿੰਦੂ, ਸਿੱਖ ਤੇ ਏਨੇ ਕੁ ਹੀ ਮੁਸਲਮਾਨ ਮਾਰੇ ਗਏ। ਅਜੇ ਲੜਾਈ ਹੋ ਹੀ ਰਹੀ ਸੀ, ਕਿ ਫ਼ੌਜ ਕਸਬੇ ਵਿਚ ਪਹੁੰਚ ਗਈ। ਉਹ ਹਿੰਦੂ, ਸਿੱਖਾਂ ਦੀਆਂ ਜਾਨਾਂ ਬਚਾ ਕੇ ਲੈ ਗਈ। ਪਿੱਛੋਂ ਬਲਵਈਆਂ ਦੇ ਹੱਥੋਂ ਕਸਬੇ ਦਾ ਇਕ ਮਕਾਨ ਵੀ ਸੜਨੋਂ ਨਾ ਬਚਿਆ।

ਇਸੇ ਦਿਨ (੯ ਮਾਰਚ) ਨਾੜਾ, ਥੋਥਲ ਧਮਾਲੀ, ਥੋਦਾ, ਨੜਈ, ਸ਼ਾਹਪੁਰ

ਨਾੜਾ

ਆਦਿ ਪਿੰਡਾਂ ਉੱਤੇ ਹੱਲੇ ਹੋਏ। ਨਾੜਾ ਉੱਤੇ ਹਮਲਾ ਕਰਨ ਆਏ ਮੁਸਲਮਾਨ ਪਹਿਲੇ ਦਿਨ ਤਾਂ ਪੈਸੇ ਲੈ ਕੇ ਵਾਪਸ ਚਲੇ ਗਏ, ਪਰ ਅਗਲੇ ਦਿਨ ਫੇਰ ਆਣ ਧਮਕੇ। ਸਿੱਖਾਂ ਨੇ ਹੋਰ ਕੋਈ ਚਾਰਾ ਨਾ ਵੇਖਿਆ ਤਾਂ

Sri Satguru Jagjit Singh Ji eLibrary NamdhariElibrary@gmail.com

ਕਈ ਸਿੰਘ ਆਪਣੇ ਹੱਥੀਂ ਇਸਤਰੀਆਂ ਤੇ ਬੱਚਿਆਂ ਨੂੰ ਕਤਲ ਕਰਕੇ ਸ਼ਹੀਦੀ ਬਾਟੇ ਛਕਣ ਵਾਸਤੇ ਮੈਦਾਨ ਵਿਚ ਡਟ ਗਏ। ਅਜਿਹੇ ਸੂਰਮਿਆਂ ਵਿਚੋਂ ਸ. ਅਜੀਤ ਸਿੰਘ ਜੋ ਸਭ ਤੋਂ ਮੋਢੀ ਸਨ। ਸ. ਅਜੀਤ ਸਿੰਘ, ਸ. ਮੱਖਣ ਸਿੰਘ, ਸ. ਬੁਧ ਸਿੰਘ, ਸ. ਕਰਤਾਰ ਸਿੰਘ, ਸ. ਮੋਹਣ ਸਿੰਘ ਆਦਿ ਯੋਧੇ ਕਈਆਂ ਨੂੰ ਮਾਰ ਕੇ ਸ਼ਹੀਦ ਹੋਏ। ਅੰਤ ਬਲਵਈਆਂ ਦਾ ਜ਼ੋਰ ਪੈ ਗਿਆ ਤੇ ਉਹਨਾਂ ਨੇ ਘਰਾਂ ਨੂੰ ਅੱਗਾਂ ਲਾਉਣੀਆਂ ਆਰੰਭ ਦਿੱਤੀਆਂ। ਕਈ ਦੇਵੀਆਂ ਨੇ ਅੱਗ ਵਿਚ ਤੇ ਕਈਆਂ ਨੇ ਖੂਹ ਵਿਚ ਛਾਲਾਂ ਮਾਰ ਕੇ ਆਪਣੀ ਪਤ ਬਚਾਈ। ਲੜਾਈ ਵਿਚ ਹਿੰਦੂ, ਸਿੱਖਾਂ ਨਾਲੋਂ ਮੁਸਲਮਾਨ ਬਹੁਤੇ ਮਰੇ। ਕੁਝ ਮੁਕਾਮੀ ਮੁਸਲਮਾਨਾਂ ਨੇ ਸੁਲ੍ਹਾ ਦਾ ਰੌਲਾ ਪਾ ਕੇ ਲੜਾਈ ਬੰਦ ਕਰਾਈ ਤੇ ਫ਼ੈਸਲੇ ਵਾਸਤੇ ਸਿੱਖਾਂ ਨੂੰ ਬਾਹਰ ਆਉਣ ਵਾਸਤੇ ਕਿਹਾ। ਮੁਸਲਮਾਨਾਂ ਦੀਆਂ ਕਸਮਾਂ ਉੱਤੇ ਇਤਬਾਰ ਕਰਕੇ ਸੌ-ਕੁ ਸਿੱਖ ਬਾਹਰ ਆਏ ਤਾਂ ਉਹਨਾਂ ਨੂੰ ਕੈਦੀ ਬਣਾ ਲਿਆ ਗਿਆ। ਉਹਨਾਂ ਨੇ ਇਸਲਾਮ ਧਾਰਨ ਕਰਨ ਤੋਂ ਨਾਂਹ ਕੀਤੀ ਤਾਂ ਮਾਰਨਾ ਆਰੰਭ ਦਿੱਤਾ। ਕੁਝ ਆਦਮੀ ਗੋਲੀ ਦਾ ਨਿਸ਼ਾਨਾ ਬਣਾਏ ਗਏ, ਪਰ ਪਿੱਛੋਂ ਮੌਲਵੀ ਨੇ ਫ਼ਤਵਾ ਸੁਣਾਇਆ ਕਿ ਇਕ ਕਾਫ਼ਰ ਦੀ ਜਾਨ ਨਾਲੋਂ ਇਕ ਗੋਲੀ ਦਾ ਮੁਲ ਵਧੇਰੇ ਹੈ; ਬਾਕੀਆਂ ਨੂੰ ਬਰਛਿਆਂ ਤੇ ਕੁਹਾੜੀਆਂ ਨਾਲ ਕਤਲ ਕੀਤਾ ਗਿਆ।

ਥੋਵਾਲ

ਇਸ ਜ਼ਿਲ੍ਹੇ ਦੇ ਇਕ-ਇਕ ਪਿੰਡ ਦੀ ਕਥਾ ਅਨੋਖੀ ਹੈ, ਅਸੀਂ ਕਿਹੜੀ-ਕਿਹੜੀ ਲਿਖੀਏ। ਜਦ ਜਸਟਿਸ ਤੇਜਾ ਸਿੰਘ ਦੇ ਪਿੰਡ ਥੋਵਾਲ ਉੱਤੇ ਹਮਲਾ ਹੋਇਆ ਤਾਂ ਗੁਰਦੁਆਰੇ ਵਿਚ ਹੱਥੀਂ ਚਿਖਾ ਬਣਾ ਕੇ ਉੱਤੇ ਤੇਲ ਛਿੜਕ ਕੇ ਹਿੰਦੂ, ਸਿੱਖ ਦੇਵੀਆਂ ਛੋਟੇ-ਛੋਟੇ ਬੱਚਿਆਂ ਨੂੰ ਨਾਲ ਲੈ ਕੇ ਸਤੀ ਹੋ ਗਈਆਂ। ਕੁਝ ਦੇਵੀਆਂ ਅੰਤ ਦੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਇਹ ਕਹਿੰਦੀਆਂ ਹੋਈਆਂ 'ਸਾਡੇ ਪ੍ਰਾਣ ਆਧਾਰ ਗੁਰੂ ਮਹਾਰਾਜ ਨੂੰ ਸਾਥੋਂ ਪਿੱਛੋਂ ਕਿਹਨੇ ਮੱਥਾ ਟੇਕਣਾ ਹੈ' ਮਹਾਰਾਜ ਜੀ ਦੀਆਂ ਬੀੜਾਂ ਸਿਰ 'ਤੇ ਚੁੱਕ ਕੇ ਚਿਖਾ ਵਿਚ ਕੁਦ ਪਈਆਂ। ਚਿਖਾ ਬਲ ਰਹੀ ਸੀ, ਮਾਵਾਂ ਬੱਚਿਆਂ ਨੂੰ ਗੋਦੀ ਵਿਚ ਲਈ ਬੈਠੀਆਂ ਸ਼ਬਦ ਪੜ੍ਹ ਰਹੀਆਂ ਸਨ ਤੇ ਸਿੰਘਾਂ ਨੂੰ ਲੜ ਕੇ ਸ਼ਹੀਦ ਹੋਣ ਦਾ ਉਪਦੇਸ਼ ਦੇ ਰਹੀਆਂ ਸਨ। ਏਥੋਂ ਥੋੜ੍ਹੇ ਹੀ ਆਦਮੀ ਬਚ ਕੇ ਨਿਕਲੇ, ਬਾਕੀ ਸਭ ਲੜ ਕੇ

ਧਮਾਲੀ

ਸ਼ਹੀਦ ਹੋ ਗਏ। ਧਮਾਲੀ ਵਾਲੇ ਬਹਾਦਰ ੯ ਮਾਰਚ ਤੋਂ ੧੪ ਮਾਰਚ ਤੱਕ ਲੜਦੇ ਰਹੇ। ਉਸ ਸਮੇਂ ਤੱਕ ਬਲਵਈ ਮੁਸਲਮਾਨਾਂ ਦੀ ਗਿਣਤੀ ੨੨ ਹਜ਼ਾਰ ਤੱਕ ਪੁੱਜ ਗਈ ਸੀ। ਅੰਤ ਸਾਰਾ ਪਿੰਡ ਸਾੜ ਕੇ ਸੁਆਹ ਕਰ ਦਿੱਤਾ ਗਿਆ।

ਨੜਾਲੀ

੧੦ ਮਾਰਚ ਵਾਲੇ ਦਿਨ ਨੜਾਲੀ, ਥੋਹਾ, ਕੱਲਰ, ਸਾਗਰੀ, ਥੂਹਾ ਖ਼ਾਲਸਾ ਆਦਿ ਪਿੰਡਾਂ ਉੱਤੇ ਹਮਲਾ ਹੋਇਆ। ਨੜਾਲੀ ਵਾਲੇ ਤਿੰਨ ਦਿਨ ਲੜਦੇ ਰਹੇ, ਪਰ ਆਪਣੇ ਪਿੰਡ ਨੂੰ ਸੜਨ ਤੋਂ ਨਾ ਬਚਾ ਸਕੇ। ਚੋਣਵੇਂ

Sri Satguru Jagjit Singh Ji eLibrary NamdhariElibrary@gmail.com

ਆਦਮੀ ਮਾਰੇ ਗਏ, ਪਿੰਡ ਲੁੱਟਿਆ, ਸਾੜਿਆ ਗਿਆ ਤੇ ਕੁਝ ਮਰਦ ਔਰਤਾਂ ਦਾ ਧੱਕੇ ਨਾਲ ਧਰਮ ਖੋਹਿਆ ਗਿਆ। ਏਹਾ ਹਾਲ ਥੂਹਾ ਖ਼ਾਲਸਾ ਦਾ ਹੋਇਆ।

ਥੂਹਾ ਖਾਲਸਾ

ਪਹਿਲੇ ਦਿਨ ਮੁਸਲਮਾਨਾਂ ਨੇ ਹਮਲਾ ਕੀਤਾ ਤਾਂ ਸਿੱਖਾਂ ਨੇ ਅੱਗੋਂ ਟਾਕਰਾ ਕਰਕੇ ਮਾਰ ਭਜਾਇਆ। ਦੂਜੇ ਦਿਨ ਮੁਸਲਮਾਨ ਫੇਰ ਆਣ ਪਏ। ਸਿੱਖ ਟਾਕਰੇ ਵਾਸਤੇ ਤਿਆਰ ਹੋਏ ਤਾਂ ਮੁਸਲਮਾਨਾਂ ਨੇ ਦਸ ਹਜ਼ਾਰ ਰੁਪੈ ਲੈ ਕੇ ਸੁਲ੍ਹਾ ਕਰ ਲੈਣ ਵਾਸਤੇ ਕਿਹਾ। ਸਿੱਖਾਂ ਨੇ ਇਹ ਸ਼ਰਤ ਮੰਨ ਲਈ ਤੇ ਮੁਸਲਮਾਨ ਪੈਸੇ ਲੈ ਕੇ ਮੁੜ ਗਏ। ਪਰ ਤੀਜੇ ਦਿਨ ਮੁਸਲਮਾਨ ਫੇਰ ਆਣ ਪਏ ਤੇ ਪੈਸੇ ਮੰਗਣ ਲੱਗੇ। ਉਹਨਾਂ ਦੇ ਆਗੂਆਂ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਕਿਹਾ ਕਿ ਇਸ ਵਾਰ ਪੈਸੇ ਦੇ ਦਿਓ, ਅਸੀਂ ਫੇਰ ਇਸ ਪਿੰਡ ਉੱਤੇ ਹਮਲਾ ਨਹੀਂ ਹੋਣ ਦਿਆਂਗੇ। ਸਿੱਖਾਂ ਨੇ ਫੇਰ ਵੀ ਪੈਸੇ ਦੇ ਦਿੱਤੇ। ਮੁਸਲਮਾਨ ਕਸਮਾਂ 'ਤੇ ਪੂਰੇ ਨਾ ਉਤਰੇ। ਉਹਨਾਂ ਚੁਫੇਰਿਓਂ ਹਮਲਾ ਕਰ ਦਿੱਤਾ। ਕੁਝ ਸਿੰਘ (ਸ. ਰਾਜਾ ਸਿੰਘ, ਸ. ਹਰਬੰਸ ਸਿੰਘ, ਸ. ਪ੍ਰਤਾਪ ਸਿੰਘ, ਸ. ਦਾਨ ਸਿੰਘ ਆਦਿ) ਲੜ ਕੇ ਸ਼ਹੀਦ ਹੋਏ, ਕੁਝ ਖੂਹ ਵਿਚ ਛਾਲ ਮਾਰ ਕੇ ਪ੍ਰਾਣ ਤਿਆਗ ਗਏ ਤੇ ਕੁਝ ਧੱਕੇ ਨਾਲ ਮੁਸਲਮਾਨ ਬਣਾ ਲਏ ਗਏ।

ਦੁਬੇਰਨ

ਦੁਬੇਰਨ ਉਹਨਾਂ ਪਿੰਡਾਂ ਵਿਚੋਂ ਇਕ ਹੈ, ਜਿਨ੍ਹਾਂ ਦਾ ਸਭ ਤੋਂ ਬੁਰਾ ਹਾਲ ਹੋਇਆ। ਓਥੋਂ ਦੇ ਵਸਨੀਕ ਆਪਣੇ ਬਚਾਉ ਬਾਰੇ ਸੋਚ ਹੀ ਰਹੇ ਸਨ ਜਾਂ ਦਸ-ਕੁ ਹਜ਼ਾਰ ਮੁਸਲਮਾਨਾਂ ਦੇ ਵਿਗੜੇ ਹੋਏ ਇਕੱਠ ਨੇ ਪਿੰਡ ਨੂੰ ਘੇਰਾ ਆਣ ਪਾਇਆ। ਬਲਵਈਆਂ ਕੋਲ ਬੰਦੂਕਾਂ, ਪਸਤੌਲਾਂ, ਟਾਮੀਗੰਨਾਂ ਤੇ ਮਸ਼ੀਨਗੰਨਾਂ ਤੱਕ ਮਾਰੂ ਹਥਿਆਰ ਸਨ। ਉਹਨਾਂ ਦੇ ਨਾਲ ਮੁਸਲਮ ਪੋਲੀਸ ਵੀ ਸੀ, ਜੋ ਪ੍ਰਗਟ ਤੌਰ 'ਤੇ ਪਿੰਡ ਦੀ ਰਾਖੀ ਵਾਸਤੇ ਸੀ। ਪੋਲੀਸ ਨੇ ਬਲਵਈਆਂ ਨੂੰ ਵੱਢੀ ਦੇਣ ਵਾਸਤੇ ਪਿੰਡ ਵਾਲਿਆਂ ਤੋਂ ਵੀਹ ਹਜ਼ਾਰ ਰੁਪੈ ਮੰਗੇ, ਜੋ ਸ. ਸਾਧੂ ਸਿੰਘ ਨੇ ਦਿੱਤੇ। ਉਸ ਵੇਲੇ ਪਿੰਡ ਦੇ ਬਹੁਤ ਹਿੰਦੂ ਸਿੱਖ ਗੁਰਦੁਆਰੇ ਵਿਚ ਇਕੱਠੇ ਹੋਏ ਸਨ। ਰੁਪੈ ਲੈਣ ਪਿੱਛੋਂ ਮੁਸਲਮਾਨਾਂ ਨੇ ਹਿੰਦੂ ਸਿੱਖਾਂ ਨੂੰ ਇਸਲਾਮ ਪ੍ਰਵਾਨ ਕਰਨ ਵਾਸਤੇ ਕਿਹਾ। ਜਦ ਉਹਨਾਂ ਇਸ ਤੋਂ ਇਨਕਾਰ ਕੀਤਾ ਤਾਂ ਬਲਵਈਆਂ ਨੇ ਗੁਰਦੁਆਰੇ ਉੱਤੇ ਹਮਲਾ ਕਰ ਦਿੱਤਾ। ਗੋਲੀ ਵਰ੍ਹਨ ਲੱਗ ਪਈ। ਸ. ਸਾਧੂ ਸਿੰਘ ਨੇ ਕਈ ਵੈਰੀ ਮਾਰ ਕੇ ਗੁਰਦੁਆਰੇ ਦੇ ਬੂਹੇ ਬੰਦ ਕਰ ਦਿੱਤੇ। ਬਲਵਈਆਂ ਨੇ ਅੱਗੋਂ ਵੱਧ ਕੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ, ਜਿਸ ਨਾਲ ਪੰਜ ਸੌ ਦੇ ਲਗਪਗ ਇਸਤ੍ਰੀ, ਪੁਰਸ਼, ਬਾਲ ਬੱਚੇ ਗੁਰਦੁਆਰੇ ਵਿਚ ਜਿਊਂਦੇ ਹੀ ਸਤੀ ਹੋ ਗਏ। ਸਾਰਾ ਪਿੰਡ ਲੁਟ ਕੇ ਪਿੱਛੋਂ ਅੱਗ ਦੀ ਭੇਟਾ ਕਰ ਦਿੱਤਾ ਗਿਆ। ਕੁਝ ਲੜਕੀਆਂ ਜਿਊਂਦੀਆਂ ਬਲਵਈਆਂ ਦੇ ਹੱਥ ਆ ਗਈਆਂ। ਜੋ ਵਰਤਾਉ ਉਹਨਾਂ ਨਾਲ ਕੀਤਾ ਗਿਆ, ਉਸ ਦਾ ਇਸ਼ਾਰਾ ਅਸੀਂ ਉੱਤੇ ਕਰ ਆਏ ਹਾਂ।*

*ਉਹਨਾਂ ਵਿਚੋਂ ਕੁਝ ਲੜਕੀਆਂ ਵਾਪਸ ਹਿੰਦੁਸਤਾਨ ਲਿਆਂਦੀਆਂ ਗਈਆਂ ਹਨ। ਜੋ ਹੱਡਬੀਤੀ ਉਹ ਸੁਣਾਉਂਦੀਆਂ ਹਨ, ਸੁਣ ਕੇ ਕੋਈ ਵੀ ਸਹਾਰ ਨਹੀਂ ਸਕਦਾ।

Sri Satguru Jagjit Singh Ji eLibrary NamdhariElibrary@gmail.com

੧੧ ਮਾਰਚ ਨੂੰ ਮਾਸਟਰ ਤਾਰਾ ਸਿੰਘ ਜੀ ਦੇ ਜੱਦੀ ਪਿੰਡ ਹਰਿਆਲ ਉੱਤੇ ਹਮਲਾ ਹੋਇਆ। ਆਪ ਜੀ ਦੇ ਘਰ ਦੇ ਸਾਹਮਣੇ ਲੀਗੀਆਂ ਨੇ ਬੜੇ ਜ਼ੋਰ ਨਾਲ 'ਪਾਕਿਸਤਾਨ ਜ਼ਿੰਦਾਬਾਦ' ਤੇ 'ਮਾਸਟਰ ਤਾਰਾ ਸਿੰਘ ਮੁਰਦਾਬਾਦ' ਦੇ ਨਾਅਰੇ ਲਾਏ। ਅੱਗੋਂ ਪਿੰਡ ਵਾਲਿਆਂ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ, ਪਰ ਬਹੁਤਿਆਂ ਅੱਗੇ ਥੋੜ੍ਹਿਆਂ ਦੀ ਕੀ ਪੇਸ਼ ਜਾਂਦੀ ਹੈ ? ਸਾਰਾ ਪਿੰਡ ਸਾੜ ਕੇ ਸੁਆਹ ਕਰ ਦਿੱਤਾ ਗਿਆ ਤੇ ਪਿੰਡ ਦੇ ਵਾਸੀ ਮੌਤ ਦੇ ਹਵਾਲੇ। ਇਸ ਪਿੰਡ ਨਾਲ ਲੀਗੀਆਂ ਨੂੰ ਬਹੁਤ ਸਾੜਾ ਸੀ, ਜੋ ਉਹਨਾਂ ਨੇ ਕਿਸੇ ਹੱਦ ਤੱਕ ਦੂਰ ਕਰ ਲਿਆ। ਮਾਸਟਰ ਜੀ ਦੇ ਸੰਬੰਧੀ ਚੁਣ-ਚੁਣ ਕੇ ਮਾਰੇ ਗਏ। ਉਸ ਤੋਂ ਪਿੱਛੋਂ ਲਾਗੇ ਵਸਦੇ ਪਿੰਡ ਹਰਨਾਲ ਦਾ ਵੀ ਓਹਾ ਹਾਲ ਕੀਤਾ ਗਿਆ। ੩੦ ਦੇ ਲਗਪਗ ਇਸਤਰੀ ਪੁਰਸ਼ ਮਾਰੇ ਗਏ, ਕੁਝ ਲੜਕੀਆਂ ਉਧਾਲੀਆਂ ਗਈਆਂ ਤੇ ਬੰਦਿਆਂ ਨੂੰ ਜਿਊਂਦਿਆਂ ਨੂੰ ਖੂਹ ਵਿਚ ਸੁੱਟਿਆ ਗਿਆ।

ਹਰਿਆਲ

ਇਹ ਕੁਝ ਕੁ ਪਿੰਡਾਂ ਦਾ ਹਾਲ ਨਮੂਨੇ ਮਾਤਰ ਲਿਖ ਦਿੱਤਾ ਹੈ, ਨਹੀਂ ਤਾਂ ਇਸ ਜ਼ਿਲ੍ਹੇ ਵਿਚ ਸੈਂਕੜੇ ਅਜਿਹੇ ਅਭਾਗੇ ਪਿੰਡ ਸਨ, ਜਿਨ੍ਹਾਂ ਦਾ ਲਹੂ ਪਾਕਿਸਤਾਨ ਦਾ ਨਕਸ਼ਾ ਉਲੀਕਣ ਵਾਸਤੇ ਵਰਤਿਆ ਗਿਆ। ੧੦ ਮਾਰਚ ਨੂੰ ਟੈਕਸਲਾ ਸਟੇਸ਼ਨ ਉੱਤੇ ਫ਼ਰੰਟੀਅਰ ਮੇਲ ਰੋਕ ਕੇ ਕੁਝ ਹਿੰਦੂ ਸਿੱਖ ਕਤਲ ਕੀਤੇ ਗਏ ਤੇ ਕੁਝ ਫਟੜ। ਅਜਿਹੀਆਂ ਘਟਨਾਵਾਂ ਕੁਝ ਹੋਰ ਸਟੇਸ਼ਨਾਂ 'ਤੇ ਵੀ ਹੋਈਆਂ।

ਮਿਸਟਰ ਕਪੂਰ ਡਿਪਟੀ ਕਮਿਸ਼ਨਰ ਦੇ ਉੱਦਮ ਨਾਲ ਮਾਰਚ ਵਿਚ ਸ਼ਹਿਰ ਕੈਮਲਪੁਰ ਤਾਂ ਲੁੱਟ ਮਾਰ ਤੋਂ ਬਚ ਗਿਆ, ਪਰ ਇਲਾਕਾ ਨਾ ਬਚ ਸਕਿਆ। ਮਾਰਚ ੯ ਤੋਂ ੧੪ ਤੱਕ ਕਈ ਪਿੰਡ ਸਾੜੇ ਤੇ ਲੁੱਟੇ ਗਏ। ਸ੍ਰੀ ਪੰਜਾ ਸਾਹਿਬ ਗੁਰਦੁਆਰੇ ਉੱਤੇ ਹਮਲਾ ਕਰਨ ਵਾਸਤੇ ਵੀ ਪਠਾਣ ਆਏ। ੯ ਨੂੰ ਤਾਂ ਵਾਪਸ ਚਲੇ ਗਏ, ਪਰ ੧੧ ਨੂੰ ਉਹਨਾਂ ਬਾਜ਼ਾਰ ਵਿਚ ਕੁਝ ਦੁਕਾਨਾਂ ਲੁੱਟੀਆਂ ਸਾੜੀਆਂ। ਗੁਰਦੁਆਰੇ ਵਿਚ ਖ਼ਾਲਸੇ ਤਿਆਰ ਬਰ ਤਿਆਰ ਸਨ, ਇਸ ਵਾਸਤੇ ਅਗਾਂ ਪਹੁੰਚਣ ਦਾ ਕਿਸੇ ਨੂੰ ਹੌਸਲਾ ਨਾ ਪਿਆ। ੧੦ ਮਾਰਚ ਨੂੰ ਮੰਦਵਾਲ ਉੱਤੇ ਹਮਲਾ ਕਰਕੇ ਕਈ ਹਿੰਦੂ ਸਿੱਖ ਮਾਰ ਦਿੱਤੇ ਗਏ ਤੇ ਕਈਆਂ ਦਾ ਧਰਮ ਬਦਲ ਦਿੱਤਾ ਗਿਆ। ਓਥੋਂ ਦੀਆਂ ਕੁਝ ਧਰਮੀ ਦੇਵੀਆਂ ਨੇ ਅੱਗ ਵਿਚ ਸੜੀ ਹੋ ਕੇ ਜਾਂ ਖੂਹ ਵਿਚ ਛਾਲਾਂ ਮਾਰ ਕੇ ਆਪਣੀ ਇੱਜ਼ਤ ਬਚਾਈ। ਪਿੰਡ ਝਨ ਸਮੂਲਚੋਂ ਤਬਾਹ ਕਰ ਦਿੱਤਾ ਗਿਆ। ਕੋਈ ਕਿਸਮਤ ਵਾਲਾ ਹੀ ਉਹਦੇ ਵਿਚੋਂ ਬੱਚ ਕੇ ਨਿਕਲਿਆ। ਸੰਗਰਾਲ ਦੇ ਜ਼ੈਲਦਾਰ ਨੇ ਆਪਣੇ ਪਿੰਡ ਦੇ ਮੁਠੀ ਭਰ ਹਿੰਦੂ ਸਿੱਖਾਂ ਨੂੰ ਗਾਂ ਦਾ ਮਾਸ ਖੁਆ ਕੇ ਮੁਸਲਮਾਨ ਬਣਾ ਲਿਆ। ਫਿਰ ਨਵੇਂ ਬਣੇ ਮੁਸਲਮਾਨਾਂ ਦੀਆਂ ਇਸਤਰੀਆਂ ਤੇ ਲੜਕੀਆਂ ਹੋਰ ਮੁਸਲਮਾਨਾਂ ਦੇ ਹਵਾਲੇ ਕਰ ਦਿੱਤੀਆਂ ਤੇ ਅਗਲੇ ਦਿਨ ਉਹਨਾਂ ਸਾਰਿਆਂ ਨੂੰ ਕਤਲ ਕਰਨ ਦਾ ਹੌਸਲਾ ਕਰ ਲਿਆ। ਮੋਹਨ ਲਾਲ ਸੂਰੀ ਨੂੰ ਇਸ ਗੱਲ ਦਾ ਪਤਾ

ਕੈਮਲਪੁਰ

ਸੰਗਰਾਲ

Sri Satguru Jagjit Singh Ji eLibrary NamdhariElibrary@gmail.com

ਲੱਗ ਗਿਆ। ਉਹਨੇ ਆਪਣੇ ਲੜਕੇ ਨੂੰ ਭੇਜ ਕੇ ਫ਼ੌਜ ਬੁਲਾ ਲਈ। ਚੰਗੇ ਭਾਗਾਂ ਨੂੰ ਫ਼ੌਜ ਉਹਨਾਂ ਦੇ ਕਤਲ ਹੋਣ ਤੋਂ ਕੁਝ ਘੰਟੇ ਪਹਿਲਾਂ ਪਹੁੰਚ ਗਈ, ਜੋ ਉਹਨਾਂ ਨੂੰ ਪਿੰਡ ਵਿਚੋਂ ਕੱਢ ਕੇ 'ਵਾਹ' ਕੈਂਪ ਵਿਚ ਲੈ ਗਈ। ਹੂਬਹੂ ਏਹਾ ਹਾਲ ਪਿੰਡ ਸਰੋਬਾ ਵਾਲੇ ਹਿੰਦੂਆਂ ਦਾ ਹੋਇਆ। ਇਲਾਕੇ ਦੇ ਅਨੇਕਾਂ ਪਿੰਡ ਲੁੱਟੇ ਸਾੜੇ ਗਏ ਤੇ ਕੁਝ ਫ਼ੌਜ ਦੇ ਵੇਲੇ ਸਿਰ ਪੁੱਜ ਜਾਣ ਨਾਲ ਬਚ ਗਏ। ਕਈ ਪਿੰਡਾਂ ਨੇ ਅੱਗੋਂ

ਚਕਰੀ

ਬੜਾ ਡਟ ਕੇ ਟਾਕਰਾ ਕੀਤਾ—ਜਿਵੇਂ 'ਜੰਡ' ਵਾਲਿਆਂ ਨੇ—ਤੇ ਆਪਣੇ ਨਾਲੋਂ ਵਧੇਰੇ ਮੁਸਲਮਾਨ ਮਾਰੇ। ਚਕਰੀ ਵਾਲੇ ਸਿੱਖਾਂ ਨੇ ਗੁਰਦੁਆਰੇ ਵਿਚ ਮੋਰਚੇ ਬਣਾ ਕੇ ਕਈ ਦਿਨ ਤੱਕ ਬਲਵਈਆਂ ਦਾ ਟਾਕਰਾ ਕੀਤਾ। ਮੁਸਲਮਾਨ ਦਿਨ ਵਿਚ ਕਈ ਵਾਰ ਹੱਲਾ ਕਰਦੇ ਤੇ ਹਰ ਵਾਰ ਕੁਝ ਆਦਮੀ ਮਰਵਾ ਕੇ ਪਿੱਛੇ ਹਟ ਜਾਂਦੇ। ਪਿੰਡ ਵਾਲੇ ਸਿੱਖ, ਫ਼ੌਜ ਦੇ ਆਉਣ ਤੱਕ

ਢੇਰੀ

ਡਟੇ ਰਹੇ। ਇਸ ਤਰ੍ਹਾਂ ਉਹ ਬਚ ਕੇ ਹਿੰਦੁਸਤਾਨ ਆ ਗਏ। ਢੇਰੀ ਪਿੰਡ ਦੇ ਸ. ਜਸਵੰਤ ਸਿੰਘ (ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਜਦ ਕੋਈ ਬਚਾਉ ਦਾ ਰਾਹ ਨਾ ਡਿੱਠਾ ਤਾਂ ਆਪਣੀ ਬ੍ਰਿਧ ਮਾਤਾ, ਧਰਮ ਪਤਨੀ, ਲੜਕੀ ਤੇ ਪੋਤਰੇ ਪੋਤਰੀ ਨੂੰ ਹੱਥੀਂ ਕਤਲ ਕਰਕੇ ਫਿਰ ਵੈਰੀਆਂ ਨਾਲ ਲੜ ਕੇ ਸ਼ਹੀਦ ਹੋ ਗਿਆ। ਸਰਦਾਰ ਸਾਹਿਬ ਦੀ ਲੋਥ ਦੇ ਉਦਾਲੇ ਦਸ ਬਾਰਾਂ ਲੋਥਾਂ ਮੁਸਲਮਾਨਾਂ ਦੀਆਂ ਵੀ ਢੇਰੀ ਹੋਈਆਂ ਪਈਆਂ ਸਨ। ਇਹ ਘਮਸਾਣ ਹੋ ਰਿਹਾ ਸੀ, ਜਦ ਫ਼ੌਜ ਪਹੁੰਚ ਗਈ, ਜਿਸ ਕਰਕੇ ਕੁਝ ਸਿੱਖ ਬਚ ਗਏ।

ਕਈ ਪਿੰਡਾਂ ਨਾਲ ਮੁਸਲਮਾਨਾਂ ਨੇ ਇਸ ਨਾਲੋਂ ਵੀ ਵਧੇਰੇ ਜ਼ੁਲਮ ਕੀਤਾ।

ਪੜਿਆਲ

ਪਰਿਵਾਰਾਂ ਦੇ ਪਰਿਵਾਰ ਫੜ ਕੇ ਪਹਿਲਾਂ ਉਹਨਾਂ ਦੇ ਬੱਚਿਆਂ ਨੂੰ ਦਰੱਖ਼ਤਾਂ ਨਾਲ ਬੰਨ੍ਹ ਕੇ ਸਾੜਿਆ ਤੇ ਫੇਰ ਬਾਕੀ ਆਦਮੀਆਂ ਨੂੰ। ਪੜਿਆਲ ਪਿੰਡ ਵਿਚ ਡੇਢ ਕੁ ਸੌ ਨਿੱਕੇ ਵੱਡੇ ਹਿੰਦੂ ਸਿੱਖ ਸਨ। ਉਹਨਾਂ ਨੂੰ ਇਸਲਾਮ ਧਾਰਨ ਕਰਨ ਵਾਸਤੇ ਕਿਹਾ ਗਿਆ। ਉਹਨਾਂ ਇਹ ਸ਼ਰਤ ਕਬੂਲ ਨਾ ਕੀਤੀ ਤੇ ਜੀਵਨ ਦਾ ਆਖ਼ਰੀ ਪੰਧ ਮੁਕਾਉਣ ਵਾਸਤੇ ਗੁਰਦੁਆਰੇ ਵਿਚ ਇਕੱਠੇ ਹੋ ਗਏ। ਪਹਿਲਾਂ ਉਹਨਾਂ ਦੇ ਘਰ ਉੱਤੇ ਹਮਲਾ ਕਰ ਦਿੱਤਾ, ਫਿਰ ਗੁਰਦੁਆਰੇ ਨੂੰ ਅੱਗ ਲਾ ਕੇ ਉਹ ਸਾਰੇ ਵਿਚੇ ਮਾੜ ਦਿੱਤੇ ਗਏ। ਜਿਸ ਵੇਲੇ ਫ਼ੌਜ ਪੁੱਜੀ, ਉਹ ਵਿਚਾਰੇ ਸੜ ਕੇ ਠੰਢੇ ਹੋ ਚੁੱਕੇ ਸਨ। ਇਹ ਕਹਾਣੀਆਂ ਸਾਰੇ ਜ਼ੁਲਮ-ਅਖਾੜੇ ਵਿਚੋਂ ਵੰਨਗੀ ਮਾਤਰ ਹਨ, ਨਹੀਂ ਤਾਂ ਜੋ ਕੁਝ ਹੋਇਆ, ਵੇਰਵੇ ਨਾਲ ਲਿਖਣ ਲਈ ਇਕ ਨਹੀਂ, ਕਈ ਕਿਤਾਬਾਂ ਦਾ ਪੇਟ ਭਰਿਆ ਜਾ ਸਕਦਾ ਹੈ।

ਜ਼ਿਲ੍ਹਾ ਜਿਹਲਮ ਵਿਚ ਨਲੂਆ ਸ. ਬਲਵੰਤ ਸਿੰਘ ਜ਼ਿਲ੍ਹਾ ਮੈਜਿਸਟ੍ਰੇਟ ਲੱਗਾ

ਜਿਹਲਮ

ਹੋਇਆ ਸੀ। ਉਸ ਨੇ ਆਪਣੇ ਬਲ ਨਾਲ ਬਹੁਤ ਸਾਰਾ ਇਲਾਕਾ ਉਜੜਨ ਤੋਂ ਬਚਾ ਲਿਆ, ਪਰ ਤਹਿਸੀਲ ਚਕਵਾਲ ਮਾਰਚ ਦੇ [illegible] ਨਾ ਬਚ ਸਕੀ। ਉਸ ਦੇ ਕਈ ਪਿੰਡ ਸਾੜੇ ਫੂਕੇ ਗਏ। ਸ਼ੁਰੂ ਤੋਂ ਚੰਗੀ

Sri Satguru Jagjit Singh Ji eLibrary NamdhariElibrary@gmail.com

ਘਟਨਾ ਓਥੋਂ ਢੁਡਿਆਲ ਦੀ ਹੈ। ੧੧ ਮਾਰਚ ਨੂੰ ਉਸ ਉੱਤੇ ਹਮਲਾ ਹੋਇਆ। ਸਿੱਖਾਂ ਨੇ ਗੁਰਦੁਆਰੇ ਵਿਚ ਬਹਿ ਕੇ ਟਾਕਰਾ ਕੀਤਾ। ਸਾਰਾ ਦਿਨ ਗੋਲੀ ਚੱਲਦੀ ਰਹੀ। ੧੦ ਸਿੱਖ ਤੇ ਸੌ ਦੇ ਲਗਪਗ ਮੁਸਲਮਾਨ ਮਰੇ। ਅਗਲੇ ਦਿਨ ਹੋਰ ਹਜ਼ਾਰਾਂ ਮੁਸਲਮਾਨ ਚੜ੍ਹ ਆਏ। ਲੜਾਈ ਸ਼ੁਰੂ ਹੋਣ ਵਾਲੀ ਸੀ ਕਿ ਮੁਸਲਮਾਨ ਫ਼ੌਜ ਆ ਗਈ। ਉਸ ਦੇ ਅਫ਼ਸਰਾਂ ਨੇ ਦੋਹਾਂ ਧਿਰਾਂ ਵਿਚ ਸੁਲ੍ਹਾ ਦੀ ਗੱਲ ਛੇੜ ਦਿੱਤੀ, ਜੋ ਨੇਪਰੇ ਨਾ ਚੜ੍ਹੀ। ਅੰਤ ਰਾਤ ਨੂੰ ਫ਼ੌਜ ਦੀ ਮਦਦ ਨਾਲ ਮੁਸਲਮਾਨਾਂ ਨੇ ਸਾਰਾ ਪਿੰਡ ਸਾੜ ਦਿੱਤਾ ਤੇ ਗੁਰਦੁਆਰਾ ਉਡਾ ਦਿੱਤਾ। ਢੁਡਿਆਲ ਦੇ ਖ਼ਤਮ ਹੋਣ ਪਿੱਛੋਂ ਉਦਾਲੇ ਦੇ ਛੋਟੇ-ਛੋਟੇ ਪਿੰਡਾਂ ਦਾ ਬੁਰਾ ਹਾਲ ਕੀਤਾ ਗਿਆ। ਮੁਸਲਮਾਨ ਪਿੰਡਾਂ ਵਿਚ ਵਾਜੇ ਵਜਾਉਂਦੇ ਫਿਰਦੇ ਸਨ ਤੇ ਨਾਲ ਉਧਾਲੀਆਂ ਹੋਈਆਂ ਹਿੰਦੂ ਲੜਕੀਆਂ ਨੂੰ ਨੰਗੀਆਂ ਨਚਾਉਂਦੇ ਫਿਰਦੇ ਸਨ।

ਗੁਜਰਾਤ ਭਾਵੇਂ ਨਿਰੋਲ ਮੁਸਲਮ ਜ਼ਿਲ੍ਹਾ ਸੀ, ਪਰ ਮਾਰਚ ਵਿਚ ਓਥੇ ਕੋਈ ਗੜਬੜ ਨਹੀਂ ਹੋਈ। ਸਿਆਲਕੋਟ ਵਿਚ ੧੧ ਮਾਰਚ ਨੂੰ ਗੜਬੜ ਹੋ ਗਈ, ਇਕ ਸਿੱਖ ਤੇ ਦੋ ਮੁਸਲਮਾਨ ਮਾਰੇ ਗਏ, ਪਰ ਕਰਫ਼ੀਊ ਲੱਗ ਜਾਣ ਨਾਲ ਇਹ ਅੱਗ ਇਥੇ ਹੀ ਰੁਕ ਗਈ। ਗੁਜਰਾਂਵਾਲਾ ਤੇ ਸ਼ੇਖ਼ੂਪੁਰੇ ਵਿਚ ਵੀ ਇਹ ਦਿਨ ਸ਼ਾਂਤੀ ਨਾਲ ਬੀਤ ਗਏ। ਸਰਗੋਧੇ ਦੇ ਬਾਕੀ ਇਲਾਕੇ ਸ਼ਾਂਤ ਰਹੇ, ਪਰ ਖ਼ੁਸ਼ਾਬ ਵਿਚ ੧੪ ਮਾਰਚ

ਖ਼ੁਸ਼ਾਬ

ਨੂੰ ਗੜਬੜ ਹੋ ਗਈ। ਮੁਸਲਮਾਨਾਂ ਨੇ ਪਹਿਲਾਂ ਇਕ ਮਸੀਤ ਨੂੰ ਅੱਗ ਲਾ ਦਿੱਤੀ ਤੇ ਫੇਰ ਹੋਰਨਾਂ ਨੂੰ ਭੜਕਾ ਕੇ ਹਿੰਦੂਆਂ ਸਿੱਖਾਂ ਉੱਤੇ ਧਾਵਾ ਕਰਾ ਦਿੱਤਾ। ਕੁਝ ਆਦਮੀ ਮਾਰੇ ਗਏ ਤੇ ਕੁਝ ਜ਼ਖ਼ਮੀ ਹੋਏ। ਕਈ ਮਕਾਨ ਤੇ ਦੁਕਾਨਾਂ ਸਾੜੀਆਂ ਗਈਆਂ। ਇਕ ਉਦਾਸੀਆਂ ਦਾ ਡੇਰਾ ਸਣੇ ਸਾਧੂਆਂ ਦੇ ਸਾੜ ਦਿੱਤਾ ਗਿਆ।

ਜਿੰਨਾ ਚਿਰ ਪਾਕਿਸਤਾਨ ਦਾ ਐਲਾਨ ਨਹੀਂ ਹੋ ਗਿਆ, ਓਨਾ ਚਿਰ ਲਾਇਲਪੁਰ ਵਿਚ ਗੜਬੜ ਕਰਨ ਦਾ ਕਿਸੇ ਨੂੰ ਹੌਸਲਾ ਨਹੀਂ ਪਿਆ। ਜ਼ਿਲ੍ਹਾ ਝੰਗ ਵਿਚ ਡਿਪਟੀ ਕਮਿਸ਼ਨਰ ਸਿੱਖ ਲੱਗਾ ਹੋਇਆ ਸੀ, ਇਸ ਵਾਸਤੇ ਓਥੇ ਵੀ ਅਮਨ ਹੀ ਰਿਹਾ।

ਪੰਜ ਮਾਰਚ ਨੂੰ ਮੁਲਤਾਨ ਦੇ ਹਿੰਦੂ ਸਿੱਖ ਵਿਦਿਆਰਥੀਆਂ ਨੇ ਹਮਦਰਦੀ

ਮੁਲਤਾਨ

ਪ੍ਰਗਟ ਕਰਨ ਵਾਸਤੇ ਜਲੂਸ ਕੱਢਿਆ। ਓਥੋਂ ਦੇ ਮੁਸਲਮਾਨ—ਜੋ ਕਿਸੇ ਬਹਾਨੇ ਦੀ ਟੋਲ ਵਿਚ ਹੀ ਸਨ—ਭੜਕ ਉਠੇ ਤੇ ਸ਼ਹਿਰ ਨੂੰ ਬਰਬਾਦ ਕਰਨ ਵਾਸਤੇ ਹਥਿਆਰ ਲੈ ਕੇ ਬਾਜ਼ਾਰਾਂ ਵਿਚ ਆ ਗਏ। ਸਭ ਤੋਂ ਪਹਿਲਾਂ ਬੋਹੜਘਾਟ ਕੋਲ ਅਕਾਲੀ ਜੱਥਾ ਮੁਲਤਾਨ ਦੇ ਸਕੱਤਰ ਸ. ਨਾਨਕ ਸਿੰਘ ਵਕੀਲ-ਸਣੇ ਛੋਟੇ ਬੱਚੇ ਦੇ—ਕਤਲ ਕੀਤਾ ਗਿਆ। ਫੇਰ ਕੀ ਸੀ ? ਸਾਰੇ ਸ਼ਹਿਰ ਵਿਚ ਅੱਗ ਭੜਕ ਉੱਠੀ। ਥਾਂ-ਥਾਂ ਲੁੱਟ ਮਾਰ ਤੇ ਅੱਗਾਂ ਦੀਆਂ ਲੰਬਾਂ ਉਠਣ ਲੱਗੀਆਂ। ਚਵ੍ਹੀ ਘੰਟੇ ਦੇ ਥੋੜ੍ਹੇ ਜਿਹੇ ਸਮੇਂ ਅੰਦਰ ਸ਼ਹਿਰ ਦਾ ਬਹੁਤ ਸਾਰਾ ਹਿੱਸਾ

Sri Satguru Jagjit Singh Ji eLibrary NamdhariElibrary@gmail.com

(ਲਾਹੌਰੀ ਦਰਵਾਜ਼ਾ, ਪਾਰਕ ਦਰਵਾਜ਼ਾ, ਦਿੱਲੀ ਦਰਵਾਜ਼ਾ, ਹਰਮ ਦਰਵਾਜ਼ਾ, ਸਬਜ਼ ਮੰਡੀ, ਗਿਆਨ ਥਲਾ, ਆਦਿ) ਸੜ ਕੇ ਸੁਆਹ ਹੋ ਗਿਆ। ਲਗਪਗ ਲਾਹੌਰ ਤੇ ਅੰਮ੍ਰਿਤਸਰ ਵਾਲਾ ਹਾਲ ਹੀ ਏਥੇ ਹੋਇਆ। ਸੈਂਕੜੇ ਗੱਭਰੂ ਮੌਤ ਦੀ ਭੇਟਾ ਕੀਤੇ ਗਏ। ਕਈ ਸਤਵੰਤੀਆਂ ਦੇ ਸੱਤ ਲੁੱਟੇ ਗਏ। ਮੁਸਲਮਾਨਾਂ ਦੀ ਨੇਕੀ ਦੀ ਕੀ ਪੁੱਛਦੇ ਓ ? ਉਹਨਾਂ ਦਾ ਸਭ ਤੋਂ ਵੱਡਾ ਹਮਦਰਦ ਸੇਠ ਕਲਿਆਨ ਦਾਸ—ਹਿੰਦੂ ਹੋਣ ਦੇ ਗੁਨਾਹ ਵਿਚ—ਸਣੇ ਪਰਿਵਾਰ ਕਤਲ ਕੀਤਾ ਗਿਆ ਤੇ ਉਹਦੀ ਕੋਠੀ ਲੁੱਟੀ ਸਾੜੀ ਗਈ। ਤਪਦਿਕ ਦੇ ਹਸਪਤਾਲ ਵਿਚੋਂ ਹਿੰਦੂ ਸਿੱਖ ਰੋਗੀ ਕਤਲ ਕੀਤੇ ਗਏ। ਜਿਊਂਦੇ ਬੱਚੇ ਬਲਦੀ ਅੱਗ ਵਿਚ ਸੁੱਟੇ ਗਏ। ਸਾਰੇ ਸ਼ਹਿਰ ਵਿਚ ਤਿੰਨ ਕੁ ਸੌ ਆਦਮੀ ਮਰੇ, ਪੰਜ ਸੌ ਫੱਟੜ ਹੋਏ, ਅੱਠ ਮੰਦਰ, ਸੱਤ ਗੁਰਦੁਆਰੇ, ਤਿੰਨ ਮਸੀਤਾਂ ਤੇ ਇਕ ਹਜ਼ਾਰ ਮਕਾਨ ਸੜ ਕੇ ਸੁਆਹ ਹੋ ਗਏ। ੬ ਤੇ ੭ ਮਾਰਚ ਨੂੰ ਵੀ ਛੁਰੇ, ਬਰਛੇ ਚਲਦੇ ਰਹੇ। ਅੱਠ ਨੂੰ ਕੁਝ ਖਲ੍ਹਾਰ ਹੋਈ। ਪੰਜਾਬ ਸਰਕਾਰ ਨੇ ਸ਼ਹਿਰ ਦੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਨੂੰ ਦਸ ਲੱਖ ਰੁਪਏ ਜੁਰਮਾਨਾ ਕਰ ਦਿੱਤਾ। ਪੰਜਾਬ ਦੀ ਸ਼ਾਨ ਮਾਸਟਰ ਤਾਰਾ ਸਿੰਘ ਜੀ ਨੇ ਇਸ ਦੇ ਉਲਟ ਆਵਾਜ਼ ਉਠਾਈ ਤਾਂ ਹਿੰਦੂਆਂ ਸਿੱਖਾਂ ਤੋਂ ਜੁਰਮਾਨੇ ਦਾ ਭਾਰ ਕੁਝ ਹੌਲਾ ਕਰ ਦਿੱਤਾ ਗਿਆ। ਸ਼ਹਿਰ ਦੇ ਪਿੱਛੋਂ ਇਲਾਕੇ ਦੀ ਵਾਰੀ ਆਈ ਤਾਂ ਕਈ ਪਿੰਡ ਲੁੱਟੇ ਤੇ ਸਾੜੇ ਗਏ।

ਜਲੰਧਰ

ਹੁਣ ਬਾਕੀ ਪੂਰਬੀ ਪੰਜਾਬ ਵੱਲ ਚੱਲੋ। ਅੰਮ੍ਰਿਤਸਰ ਤੋਂ ਅਗਲੇ ਦਿਨ ਜਲੰਧਰ ਦੀ ਹਾਲਤ ਵਿਗੜ ਗਈ। ਇਸ ਸ਼ਹਿਰ ਵਿਚ ਮੁਸਲਮਾਨਾਂ ਦੀ ਭਾਰੀ ਬਹੁ-ਗਿਣਤੀ ਸੀ। ਛੇ ਮਾਰਚ ਨੂੰ ਉਹ ਭੜਕੇ ਹੋਏ ਬਾਜ਼ਾਰਾਂ ਵਿਚ ਫਿਰਨ ਲੱਗੇ। ਰੈਣਕ ਬਾਜ਼ਾਰ ਵਿਚ ਸੈਂਕੜੇ ਮੁਸਲਮਾਨ ਇਕੱਠੇ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਾਬੂ ਲਾਭ ਸਿੰਘ ਜੀ ਉਹਨਾਂ ਪਾਸ ਅਮਨ ਦੀ ਅਪੀਲ ਕਰਨ ਆਏ। ਮੁਸਲਮ ਇਕੱਠ ਨੇ ਉਹਨਾਂ ਦੀਆਂ ਗੱਲਾਂ ਦੀ ਪਰਵਾਹ ਨਾ ਕੀਤੀ ਤੇ ਓਥੋਂ ਬਾਜ਼ਾਰ ਸ਼ੇਖਾਂ ਵੱਲ ਵਧੇ। ਬਾਬੂ ਲਾਭ ਸਿੰਘ ਜੀ ਉਹਨਾਂ ਦੇ ਨਾਲ ਹੀ ਆ ਰਹੇ ਸਨ ਤੇ ਪੰਜਾਬ ਦੀ ਪਵਿੱਤਰ ਭੂਮੀ ਦਾ ਵਾਸਤਾ ਪਾ ਕੇ ਅਮਨ ਕਾਇਮ ਰੱਖਣ ਵਾਸਤੇ ਕਹਿ ਰਹੇ ਸਨ। ਜਦ ਆਪ ਬਾਜ਼ਾਰ ਸ਼ੇਖਾਂ ਦੀ ਮਸੀਤ ਕੋਲ ਪਹੁੰਚੇ ਤਾਂ ਮੁਸਲਮਾਨਾਂ ਨੇ ਛੁਰਾ ਮਾਰ ਕੇ ਉਸ ਅਮਨ ਦੇ ਦੇਵਤਾ ਨੂੰ ਸ਼ਹੀਦ ਕਰ ਦਿੱਤਾ। ਇਸ ਘਟਨਾ ਨੇ ਸ਼ਹਿਰ ਦੇ ਹਿੰਦੂ ਸਿੱਖਾਂ ਵਿਚ ਇੰਨਾ ਜੋਸ਼ ਪੈਦਾ ਕੀਤਾ ਕਿ ਉਹ ਗਿਣਤੀ ਵਿਚ ਥੋੜ੍ਹੇ ਹੁੰਦਿਆਂ ਹੋਇਆਂ ਵੀ ਟਾਕਰੇ ਵਾਸਤੇ ਤਿਆਰ ਹੋ ਪਏ। ਕਈ ਥਾਂਈਂ ਟਾਕਰਾ ਹੋਇਆ ਤੇ ਦੋਹਾਂ ਧਿਰਾਂ ਦੇ ਕੁਝ ਆਦਮੀ ਮਾਰੇ ਗਏ, ਪਰ ਲਾਹੌਰ, ਅੰਮ੍ਰਿਤਸਰ ਜਾਂ ਮੁਲਤਾਨ ਵਾਲਾ ਹਾਲ ਨਹੀਂ ਹੋਇਆ।

ਗੁੜਗਾਵਾਂ

ਇਹਨਾਂ ਇਲਾਕਿਆਂ ਤੋਂ ਜ਼ਰਾ ਦੁਰੇਡੇ ਪੰਜਾਬ ਦੇ ਪੂਰਬ-ਦੱਖਣ ਵਿਚ ਜ਼ਿਲ੍ਹਾ ਗੁੜਗਾਵਾਂ ਨੇ ਵੀ ਮਾਰਚ ਅਪ੍ਰੈਲ ਦੇ ਕਾਰਨਾਮਿਆਂ ਵਿਚ ਹਿੱਸਾ ਲਿਆ। ਓਥੇ ਮੁਸਲਮਾਨਾਂ ਦੀ ਮਾਰ ਧਾੜ ਕਰਨ ਵਾਲੀ ਕੌਮ ਮਿਉ ਵਸਦੀ ਸੀ। ਜਿਹਨਾਂ ਦੇ ਇਲਾਕੇ ਵਿਚ ਨਿਰੋਲ ਉਹਨਾਂ ਦੀ ਹੀ ਵੱਸੋਂ ਸੀ। ਲਾਹੌਰ,

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਦੀਆਂ ਖ਼ਬਰਾਂ ਸੁਣ ਕੇ ਉਹਨਾਂ ਲਾਗੇ ਦੇ ਹਿੰਦੂ ਪਿੰਡਾਂ ਉੱਤੇ ਹਮਲੇ ਸ਼ੁਰੂ ਕਰ ਦਿੱਤੇ। ਪਹਿਲਾਂ-ਪਹਿਲਾਂ ਪਸ਼ੂ ਖੋਹਣ ਤੇ ਫ਼ਸਲਾਂ ਲੁੱਟਣ ਤੋਂ ਕੰਮ ਅਰੰਭ ਹੋਇਆ ਤੇ ਫੇਰ ਪਿੰਡਾਂ ਦੇ ਪਿੰਡ ਸਾੜਨ ਤੱਕ ਨੌਬਤ ਪਹੁੰਚੀ। ਤੰਗ ਆ ਕੇ ਅੱਗੋਂ ਹਿੰਦੂਆਂ ਵੀ ਅਜਿਹੇ ਹਥਿਆਰ ਵਰਤਣੇ ਆਰੰਭ ਦਿੱਤੇ। ਸਿੱਟਾ ਇਹ ਨਿਕਲਿਆ ਕਿ ਇਕ ਮਹੀਨੇ ਦੇ ਅੰਦਰ ਸੈਂਕੜੇ ਮਰੇ, ਕਰੋੜਾਂ ਦਾ ਮਾਲ ਲੁੱਟਿਆ ਸਾੜਿਆ ਗਿਆ ਤੇ ਅਨੇਕਾਂ ਪਿੰਡ ਤਬਾਹ ਹੋ ਗਏ। ਹਰ ਕੰਮ ਵਿਚ ਪਹਿਲ ਮੁਸਲਮਾਨਾਂ ਨੇ ਕੀਤੀ ਤੇ ਹਿੰਦੂਆਂ ਨੇ ਉਹਦਾ ਜਵਾਬ ਦਿੱਤਾ। ਇਕ ਧੜਾ ਦੂਜੀ ਧਿਰ ਦੇ ਪਿੰਡ 'ਤੇ ਪੈਂਦਾ, ਹੱਥ ਆਏ ਆਦਮੀ ਮਾਰ ਕੇ, ਮਾਲ ਲੁੱਟ ਕੇ ਤੇ ਪਿੰਡ ਨੂੰ ਅੱਗ ਲਾ ਕੇ ਪਹਾੜੀਆਂ ਵਿਚ ਭੱਜ ਜਾਂਦਾ। ਕਿਸੇ ਦੂਜੇ ਥਾਂ ਦੂਜਾ ਧੜਾ ਉਸ ਦਾ ਬਦਲਾ ਲੈ ਲੈਂਦਾ। ਇਸ ਜ਼ਿਲ੍ਹੇ ਵਿਚ ਸਮੁੱਚੇ ਤੌਰ 'ਤੇ ਮੁਸਲਮਾਨਾਂ ਦਾ ਵਧੇਰੇ ਨੁਕਸਾਨ ਹੋਇਆ। ਸਾਰੇ ਇਲਾਕੇ ਨੂੰ ਫ਼ਸਾਦੀ ਕਰਾਰ ਦੇ ਦਿੱਤਾ ਗਿਆ ਤੇ ਸਰਕਾਰ ਵੱਲੋਂ ਹਿੰਦੂਆਂ ਉੱਤੇ ਲੱਖਾਂ ਰੁਪਏ ਜੁਰਮਾਨਾ ਕੀਤਾ ਗਿਆ।

ਇਹ ਸਨ ਕਾਰਨ, ਜਿਨ੍ਹਾਂ ਕਰਕੇ ਪਾਕਿਸਤਾਨ ਬਣਿਆ। ਅੰਗਰੇਜ਼ ਨਾਲ ਲੜਨ ਵਿਚ ਕਾਂਗਰਸ ਜਿੰਨੀ ਬਲਵਾਨ ਸਾਬਤ ਹੋਈ, ਮੁਸਲਮ ਲੀਗ ਸਾਹਮਣੇ ਓਨੀ ਹੀ ਕਮਜ਼ੋਰ। ਜਿਉਂ-ਜਿਉਂ ਇਹ ਮੁਸਲਮ ਲੀਗ ਸਾਹਮਣੇ ਝੁਕਦੀ ਗਈ, ਤਿਉਂ-ਤਿਉਂ ਲੀਗ ਦੁਰੇਡੀ ਤੇ ਸਖ਼ਤ ਹੁੰਦੀ ਗਈ। ਅੰਤ ਮਿ. ਜਿਨਾਹ ਪਾਕਿਸਤਾਨ ਤੋਂ ਘੱਟ ਕੁਝ ਵੀ ਲੈਣ ਨੂੰ ਤਿਆਰ ਨਾ ਹੋਇਆ। ਨਹੀਂ ਤਾਂ ਜੇ ਮੁਸਲਮ ਲੀਗ ੧੯੪੬ ਵਾਲੀ ਕੈਬਨਿਟ ਮਿਸ਼ਨ ਸਕੀਮ ਮੰਨ ਲੈਂਦੀ ਤਾਂ ਉਹ ਇਸ ਪਾਕਿਸਤਾਨ ਨਾਲੋਂ ਚੰਗੀ ਸੀ। ਨਾਲੇ ਤਾਂ ਸਾਰੇ ਹਿੰਦ ਵਿਚ ਮੁਸਲਮਾਨਾਂ ਦੀ ਤਾਕਤ ਬਣੀ ਰਹਿੰਦੀ ਤੇ ਨਾਲੇ ਦੇਸ਼ ਵਿਚ ਐਨਾ ਖ਼ੂਨ ਖ਼ਰਾਬਾ ਨਾ ਹੁੰਦਾ। ਪਰ ਲੀਗ ਇਕ ਜ਼ਿੱਦ ਉੱਤੇ ਡਟੀ ਹੋਈ ਸੀ। ਸੋ ਉਹਨੇ ਉਹ ਰਾਜ-ਬਣਤਰ ਅਪ੍ਰਵਾਨ ਕਰਕੇ ਮਜ਼੍ਹਬੀ ਫ਼ਸਾਦ ਸ਼ੁਰੂ ਕਰ ਦਿੱਤਾ। ਬੰਗਾਲ, ਬਿਹਾਰ, ਸਰਹੱਦ ਤੇ ਪੰਜਾਬ ਆਦਿ ਸੂਬਿਆਂ ਵਿਚ ਫ਼ਸਾਦ ਹੋਏ, ਪਰ ਪੰਜਾਬ ਵਿਚ ਸਭ ਨਾਲੋਂ ਵੱਧ ਗਏ। ਜਿੰਨੀ ਤਬਾਹੀ ਅੰਮ੍ਰਿਤਸਰ ਸ਼ਹਿਰ ਦੀ ਹੋਈ, ਇੰਨੀ ਵੱਡੀ ਜੰਗ ਯੂਰਪ, ਵਿਚ ਲੰਡਨ, ਬਰਲਨ ਜਾਂ ਹੋਰ ਕਿਸੇ ਸ਼ਹਿਰ ਦੀ ਨਹੀਂ ਹੋਈ। ਅੰਤ ਇਹਨਾਂ ਫ਼ਸਾਦਾਂ ਤੋਂ ਕਾਂਗਰਸ ਬਹੁਤ ਹੀ ਯਰਕ ਗਈ ਤੇ ਪਾਕਿਸਤਾਨ ਮੰਨਣ ਨੂੰ ਤਿਆਰ ਹੋ ਗਈ। ਇਸ ਦੇ ਕਈ ਕਾਰਨ ਸਨ। ਕਾਂਗਰਸ ਦੇ ਸਿਧਾਂਤ ਅਨੁਸਾਰ ਇਸ ਫ਼ਸਾਦ ਵਿਚ ਹਿੰਦੁਸਤਾਨੀ ਮਰਦੇ ਸਨ ਤੇ ਲੀਗ ਦੇ ਵਿਚਾਰ ਅਨੁਸਾਰ ਦੀਨ ਦੇ ਗ਼ਾਜ਼ੀ ਸ਼ਹੀਦ ਹੁੰਦੇ ਸਨ ਤੇ ਕਾਫ਼ਰ (ਹਿੰਦੂ ਸਿੱਖ) ਕਤਲ ਹੋ ਕੇ ਦੋਜ਼ਖ਼ ਨੂੰ ਜਾਂਦੇ ਸਨ। ਕਾਂਗਰਸ ਮੁਸਲਮਾਨਾਂ ਨੂੰ ਭਰਾ ਸਮਝਦੀ ਸੀ ਤੇ ਇਸ ਭਰਾਪੁਣੇ ਦਾ ਸਬੂਤ ਦੇਣ ਬਦਲੇ ਕੋਈ ਕਾਂਗਰਸੀ ਅੰਧਾ-ਧੁੰਧ ਅਜਿਹੇ ਕੰਮ ਵੀ ਕਰ ਬਹਿੰਦੇ ਸਨ*, ਜਿਨ੍ਹਾਂ ਤੋਂ ਹਿੰਦੂਆਂ ਸਿੱਖਾਂ ਦਾ ਨੁਕਸਾਨ

---

*ਪੋਲੀਸ ਨੂੰ ਰਾਜਗੜ੍ਹ ਦੇ ਹਮਲੇ ਦੀ ਖ਼ਬਰ ਸਭ ਤੋਂ ਪਹਿਲਾਂ ਇਕ ਹਿੰਦੂ ਕਾਂਗਰਸੀ ਨੇ ਹੀ ਦਿੱਤੀ ਸੀ।

ਹੋਵੇ ਤੇ ਮੁਸਲਮ ਲੀਗ ਦੇ ਪੱਖਪਾਤ ਦਾ ਇਹ ਹਾਲ ਸੀ ਕਿ ਮੁਸਲਮਾਨਾਂ ਦੀ ਖ਼ਾਤਰ ਕੁਰਬਾਨ ਹੋ ਜਾਣ ਵਾਲਾ ਮਹਾਤਮਾ ਗਾਂਧੀ ਵੀ ਇਕ 'ਹਿੰਦੂ ਲੀਡਰ' ਹੀ ਸੀ। ਲੀਗ, ਕਾਂਗਰਸ ਨੂੰ ਹਿੰਦੂ ਜੱਥੇਬੰਦੀ ਸਮਝਦੀ ਤੇ ਉਸ ਨਾਲ ਵੈਰੀ ਵਰਗੀ ਦਵੈਤ ਰੱਖਦੀ ਸੀ। ਲੀਗ ਨੂੰ ਹੋਰ ਕਿਸੇ 'ਤੇ ਭਰੋਸਾ ਹੋ ਸਕਦਾ ਸੀ, ਪਰ ਕਾਂਗਰਸ ਉੱਤੇ ਨਹੀਂ। ਇਕ ਹੋਰ ਵੀ ਕਾਰਨ ਸੀ : ਕਾਂਗਰਸ ਅੰਗਰੇਜ਼ ਨੂੰ ਏਥੋਂ ਕੱਢਣ ਵਾਸਤੇ ਇਨੀ ਦੀਵਾਨੀ ਹੋਈ ਪਈ ਸੀ ਕਿ ਉਹ ਉਸ ਨਾਲੋਂ ਵੱਡੀ ਬੁਰਾਈ ਝੱਲਣ ਨੂੰ ਵੀ ਤਿਆਰ ਹੋ ਬੈਠੀ। ਕੀ ਅੰਗਰੇਜ਼ ਦੀ ਚੰਦ ਦਿਨਾਂ ਦੀ ਹੋਰ ਗ਼ੁਲਾਮੀ ਨਾਲੋਂ ਪਾਕਿਸਤਾਨ ਸਦਾ ਦਾ ਰੋਗ ਵੱਡੀ ਬੁਰਾਈ ਨਹੀਂ ? ਇਸ ਵੇਲੇ ਦੁਨੀਆਂ ਭੈ-ਭੀਤ ਹੋਈ-ਹੋਈ ਤੀਜੀ ਲੜਾਈ ਦੇ ਆਹਰ ਵਿਚ ਹੈ, ਪਰ ਸਾਨੂੰ ਕਿਸੇ ਹੋਰ ਮੁਲਕ ਦਾ ਨਹੀਂ, ਪਾਕਿਸਤਾਨ ਦਾ ਹੈ ਤੇ ਪਾਕਿਸਤਾਨ ਨੂੰ ਹਿੰਦੁਸਤਾਨ ਦਾ। ਜੇ ਕਾਂਗਰਸ ਪਾਕਿਸਤਾਨ ਨਾ ਮੰਨਦੀ ਤਾਂ ਅੰਗਰੇਜ਼ ਤਾਂ ਵੀ ਹਿੰਦੁਸਤਾਨ ਵਿਚ ਵਧੇਰੇ ਚਿਰ ਨਹੀਂ ਰਹਿ ਸਕਦਾ ਸੀ। ਦੁਨੀਆਂ ਦੇ ਨੀਤਕ ਹਾਲਾਤ ਨੇ ਉਹਨੂੰ ਬੇਵੱਸ ਕਰ ਦਿੱਤਾ ਸੀ ਕਿ ਉਹ ਹਿੰਦੁਸਤਾਨ ਛੱਡ ਦੇਵੇ। ਕਈ ਵਿਦਵਾਨ ਕਹਿੰਦੇ ਹਨ ਕਿ ਕਾਂਗਰਸ ਦੀਆਂ ਬੇਅੰਤ ਕੁਰਬਾਨੀਆਂ ਤੇ 'ਆਜ਼ਾਦ ਹਿੰਦ ਫ਼ੌਜ' ਦੇ ਕਾਰਨਾਮਿਆਂ ਨੇ ਦੇਸ਼ ਨੂੰ ਆਜ਼ਾਦ ਕਰਾਇਆ ਹੈ। ਅਸੀਂ ਇਹ ਗੱਲ ਮੰਨਣ ਤੋਂ ਇਨਕਾਰੀ ਨਹੀਂ, ਪਰ ਸਭ ਤੋਂ ਵੱਡਾ ਕਾਰਨ ਸਿਰ 'ਤੇ ਕੂਕ ਰਹੀ ਤੀਸਰੀ ਭਿਆਨਕ ਜੰਗ ਹੈ, ਜੋ ਅਵੱਸ਼ ਹੋ ਕੇ ਰਹੇਗੀ। ਦੂਜੀ ਜੰਗ ਬੰਦੂਕ ਤੋਂ ਆਰੰਭ ਹੋਈ ਸੀ ਤੇ ਪਰਮਾਣੂ ਬੰਬ (ਐਟਮਿਕ ਬੰਬ) 'ਤੇ ਆਣ ਕੇ ਮੁੱਕੀ ਸੀ; ਤੇ ਤੀਜੀ ਜੰਗ ਕਿਸ ਹਥਿਆਰ ਤੋਂ ਆਰੰਭ ਹੋਵੇਗੀ ਤੇ ਕਿਸ ਨਾਲ ਖ਼ਤਮ ਹੋਵੇਗੀ, ਇਹ ਤੁਸੀਂ ਕਿਆਸ ਕਰ ਲਵੋ। ਸੋ ਦੁਨੀਆਂ ਦੀ ਨੀਤਕ ਚਾਲ ਦੇ ਚੱਕਰ ਵਿਚ ਆਣ ਕੇ ਸਾਡੇ ਆਜ਼ਾਦੀ ਦੇ ਮੋਹਰੇ ਪੱਕੇ ਨੇ। ਇਹਨਾਂ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਜੇ ਕਾਂਗਰਸ ਪਾਕਿਸਤਾਨ ਨਾ ਵੀ ਮੰਨਦੀ ਤਾਂ ਵੀ ਹਿੰਦ ਨੂੰ ਆਜ਼ਾਦੀ ਮਿਲ ਜਾਂਦੀ।

ਕੁਝ ਸੱਜਣਾਂ ਦਾ ਇਹ ਵੀ ਖ਼ਿਆਲ ਹੈ ਕਿ ਜੇ ਕਾਂਗਰਸ ਪਾਕਿਸਤਾਨ ਨਾ ਮੰਨਦੀ ਤਾਂ ਦੇਸ਼ ਵਧੇਰੇ ਉਜੜਦਾ। ਮੇਰਾ ਵਿਚਾਰ ਹੈ ਕਿ ਜਿੰਨੀ ਹੁਣ ਬਰਬਾਦੀ ਹੋਈ ਹੈ, ਓਨੀ ਨਾ ਹੁੰਦੀ। ਆਪ ਅੱਟਾ-ਸੱਟਾ ਲਾ ਲਵੋ ਕਿ ੧੬ ਅਗਸਤ ੧੯੪੬ ਤੋਂ ਲੈ ਕੇ ਦੋ ਜੂਨ ੧੯੪੭ ਤੱਕ ਕਿੰਨਾ ਨੁਕਸਾਨ ਹੋਇਆ ਹੈ ਤੇ ਉਸ ਤੋਂ ਪਿੱਛੋਂ ਕਿੰਨਾ। ਸੋ ਕਾਂਗਰਸ ਦੇ ਇਸ ਵਹਿਮ ਨੇ ਮੁਸਲਮ ਲੀਗ ਦੀ ਜ਼ਿੱਦ (ਜਾਂ ਕਹੋ : ਲਹੂ ਭਰੇ ਛੁਰੇ) ਨੇ ਪਾਕਿਸਤਾਨ ਬਣਾ ਦਿੱਤਾ।

ਅੰਤ ਤਿੰਨ ਜੂਨ ੧੯੪੭ ਈ. ਨੂੰ ਪਾਕਿਸਤਾਨ ਦਾ ਐਲਾਨ ਹੋ ਗਿਆ। ਲਾਰਡ ਮਾਊਂਟ ਬੇਟਨ ਨੇ (ਜੋ ਲਾਰਡ ਵੇਵਲ ਦੀ ਥਾਂ ਹਿੰਦ ਦਾ ਵਾਇਸਰਾਏ ਬਣਿਆ) ਬੜਾ ਚਾਰਾ ਕੀਤਾ ਕਿ ਲੀਗ ਤੇ ਕਾਂਗਰਸ ਵਿਚ ਸਮਝੌਤਾ ਹੋ ਜਾਏ, ਪਰ ਜਦ ਕੋਈ ਪੇਸ਼ ਨਾ ਗਈ, (ਜਾਂ ਇਉਂ ਸਮਝੋ ਕਿ ਕਾਂਗਰਸ ਤੇ ਉਸ ਦੇ ਮਿੱਤਰਾਂ ਦੀ ਨੀਤੀ ਲੀਗ ਤੇ ਦਰਬਲ ਪਾਰਟੀ ਦੇ ਸਾਹਮਣੇ ਹਾਰ ਗਈ) ਤਾਂ

ਅੰਗਰੇਜ਼ ਪਾਰਲੀਮੈਂਟ ਦੀ ਸਲਾਹ ਨਾਲ ਉਹਨੇ ਪਾਕਿਸਤਾਨ ਦਾ ਐਲਾਨ ਸਰਬ ਹਿੰਦ ਰੇਡੀਓ 'ਤੇ ਕਰ ਦਿੱਤਾ। ਉਸ ਤੋਂ ਪਿੱਛੋਂ ਮਿ. ਜਿਨਾਹ ਨੇ ਪਾਕਿਸਤਾਨ ਬਣਨ ਦੀ ਖ਼ੁਸ਼ੀ ਵਿਚ ਤਕਰੀਰ ਕਰਦਿਆਂ ਹੋਇਆਂ ਆਪਣੀ ਕੌਮ ਨੂੰ ਵਧਾਈ ਦਿੱਤੀ। (ਭਾਵ ਉਹਨਾਂ ਦਾ ਧੰਨਵਾਦ ਕੀਤਾ, ਜਿੰਨਾ ਛੁਰੇ ਨਾਲ ਦੇਸ਼ ਵੰਡਾ ਲਿਆ) ਤੇ ਰੇਡੀਓ 'ਤੇ 'ਪਾਕਿਸਤਾਨ ਜ਼ਿੰਦਾਬਾਦ' ਦਾ ਨਾਅਰਾ ਲਾਇਆ। 'ਅਖੰਡ ਭਾਰਤ' ਦੇ ਨਾਅਰੇ ਲਾਉਣ ਵਾਲੀ ਤੇ ਸਾਰੇ ਹਿੰਦੀਆਂ ਦੀ ਪ੍ਰਤੀਨਿਧ 'ਇੰਡੀਅਨ ਨੈਸ਼ਨਲ ਕਾਂਗਰਸ' ਦੇ ਨੇਤਾ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਪਾਕਿਸਤਾਨ ਮੰਨ ਲਿਆ ਤੇ ਰੇਡੀਓ 'ਤੇ ਤਕਰੀਰ ਕਰਦਿਆਂ ਕਿਹਾ, 'ਅਸਾਂ ਮਜਬੂਰ ਹੋ ਕੇ ਪਾਕਿਸਤਾਨ ਮੰਨਿਆ ਹੈ।' ਜਿਥੋਂ ਤੱਕ ਸ਼ਬਦ 'ਮਜਬੂਰ' ਦਾ ਸੰਬੰਧ ਹੈ, ਦੁਨੀਆਂ ਸਾਨੂੰ ਉਦੋਂ ਤੱਕ ਮਜਬੂਰ ਕਰਦੀ ਰਹੇਗੀ, ਜਦੋਂ ਤੱਕ ਅਸੀਂ ਮਜਬੂਰ ਹੋਣ ਦੀ ਆਦਤ ਨੂੰ ਤਿਆਗ ਨਹੀਂ ਦਿਆਂਗੇ।

ਫੇਰ ਵਾਰੀ ਆਈ ਸਿੱਖ ਪੰਥ ਦੇ ਪ੍ਰਤੀਨਿਧ ਸ. ਬਲਦੇਵ ਸਿੰਘ ਦੀ। ਉਸ ਨੇ ਵੀ ਪਾਕਿਸਤਾਨ ਮੰਨ ਲਿਆ। ਆਪਣੇ ਮੂੰਹੋਂ ਪਾਕਿਸਤਾਨ ਮੰਨਣਾ ਸਾਰੀ ਸਿੱਖ ਕੌਮ ਦੀ ਮੌਤ ਦੇ ਵਾਰੰਟਾਂ ਉੱਤੇ ਦਸਤਖ਼ਤ ਕਰਨ ਦੇ ਬਰਾਬਰ ਸੀ। ੧੮੪੯ ਵਿਚ ਅੰਗਰੇਜ਼ ਨਾਲ ਕੀਤੇ ਅਹਿਦਨਾਮੇ* ਉੱਤੇ ਸਹੀ ਪਾ ਕੇ ਸਿੱਖਾਂ ਦੇ ਧਦੋਖਦੀ ਬਣੇ ਲੀਡਰ ਪੰਡਿਤ ਤੇਜ ਸਿੰਘ ਨੇ ਜੋ ਪਾਪ ਕੀਤਾ ਸੀ, ਓਸੇ ਨੂੰ ਬਲਦੇਵ ਸਿੰਘ ਜੀ ਨੇ ਤਿੰਨ ਜੂਨ ਨੂੰ ਇਕ ਵਾਰ ਫੇਰ ਦੁਹਰਾ ਦਿੱਤਾ।

ਮੁੱਕਦੀ ਗੱਲ, ਦੇਸ਼ ਦੇ ਦੋ ਟੁਕੜੇ ਹੋ ਗਏ ਅਤੇ ਪਾਕਿਸਤਾਨ ਬਣ ਗਿਆ।

---

*ਇਸ ਅਹਿਦਨਾਮੇ ਰਾਹੀਂ ਸ. ਦਲੀਪ ਸਿੰਘ ਨੂੰ ਤਖ਼ਤੋਂ ਉਤਾਰਿਆ ਗਿਆ ਸੀ, ਅਤੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ ਗਿਆ ਸੀ।

www.archive.org/details/namdhari

ਤੀਜਾ ਕਾਂਡ

ਪਾਕਿਸਤਾਨ ਦਾ ਐਲਾਨ ਹੋ ਗਿਆ। ਸੂਬਾ ਸਰਹਦ, ਬਲੋਚਿਸਤਾਨ, ਸਿੰਧ, ਅੱਧਾ ਪੰਜਾਬ, ਅੱਧਾ ਬੰਗਾਲ ਤੇ ਆਸਾਮ ਦਾ ਜ਼ਿਲ੍ਹਾ ਸਲਹਟ, ਪਾਕਿਸਤਾਨ ਵਿਚ ਦੇ ਦਿੱਤੇ ਗਏ। ਮੁਸਲਮ ਤੇ ਨਾ-ਮੁਸਲਮ ਗਿਣਤੀ ਦੇ ਆਧਾਰ 'ਤੇ ਪੰਜਾਬ ਦੇ ੧੨ ਜ਼ਿਲ੍ਹੇ ਹਿੰਦੁਸਤਾਨ ਵਿਚ ਤੇ ੧੭ ਪਾਕਿਸਤਾਨ ਵਿਚ ਕਰ ਦਿੱਤੇ ਗਏ। ਨਾਲ ਹੀ ਇਹ ਵੀ ਕਹਿ ਦਿੱਤਾ ਗਿਆ ਕਿ ਹੱਦ ਦਾ ਪੱਕਾ ਫ਼ੈਸਲਾ 'ਹੱਦਬੰਦੀ ਕਮਿਸ਼ਨ' ਕਰੇਗਾ। ਬਿਆਸ ਤੋਂ ਲਹਿੰਦੇ ਪਾਸੇ ਦਾ ਜ਼ਿਲ੍ਹਾ ਅੰਮ੍ਰਿਤਸਰ ਹਿੰਦ ਵਿਚ ਤੇ ਗੁਰਦਾਸਪੁਰ, ਲਾਹੌਰ, ਮਿੰਟਗੁਮਰੀ ਆਦਿ ਪਾਕਿਸਤਾਨ ਵਿਚ ਦਿੱਤੇ ਗਏ।

ਹੱਦ ਦਾ ਪੱਕਾ ਫ਼ੈਸਲਾ ਕਮਿਸ਼ਨ ਨੇ ਕਰਨਾ ਸੀ। ਇਸ ਵਾਸਤੇ ਦੋਹਾਂ ਧਿਰਾਂ ਨੇ ਮੱਧ ਪੰਜਾਬ ਉੱਤੇ ਆਪਣਾ ਹੱਕ ਪ੍ਰਗਟ ਕਰਨ ਲਈ ਤਿਆਰੀ ਆਰੰਭ ਦਿੱਤੀ। ਇਸ ਕਾਰਜ ਵਾਸਤੇ ਇਕ ਤਾਂ ਕਾਗ਼ਜ਼ੀ ਸਬੂਤ ਦੀ ਲੋੜ ਸੀ ਤੇ ਦੂਜੀ ਬਾਹੂ ਬਲ ਦੀ। ਪਹਿਲੇ ਕੰਮ ਵਾਸਤੇ ਮੁਸਲਮਾਨ ਤਾਂ ਨਿਰਾ ਆਦਮ-ਗਿਣਤੀ 'ਤੇ ਜ਼ੋਰ ਦੇਂਦੇ ਸਨ ਤੇ ਸਿੱਖ ਹਿੰਦੂ ਬਾਕੀ ਗੱਲਾਂ (Other Factors) ਉੱਤੇ। ਆਦਮ-ਗਿਣਤੀ ੧੯੪੧ ਈ. ਦੀ ਮੰਨੀ ਗਈ ਸੀ, ਜਿਸ ਬਾਰੇ ਵੱਡੇ-ਵੱਡੇ ਅਫ਼ਸਰਾਂ ਦੀ ਰਾਇ ਸੀ ਕਿ ਉਹ ਝੂਠੀ ਤੇ ਅਯੋਗ ਢੰਗ ਨਾਲ ਹੋਈ ਹੈ।

ਅਸਲ ਵਿਚ ਅਮਲੀ ਦੁਨੀਆਂ ਅੰਦਰ ਆਦਮ-ਗਿਣਤੀ ਦਾ ਕੋਈ ਬਹੁਤਾ ਮੁੱਲ ਨਹੀਂ। ਲੋਕ-ਰਾਜ (ਜਮਹੂਰੀਅਤ) ਦੇ ਹਾਮੀ ਮੁਲਕ ਲੋੜ ਅਨੁਸਾਰ ਇਸ ਦਾ ਆਸਰਾ ਲੈ ਲੈਂਦੇ ਹਨ, ਨਹੀਂ ਤਾਂ ਦੁਨੀਆਂ ਉੱਤੇ ਸਦਾ ਦੋ ਚੀਜ਼ਾਂ ਦਾ ਬੋਲਬਾਲਾ ਰਿਹਾ ਹੈ : ਮਾਇਆ ਤੇ ਬਲ ਦਾ। ਜਰਮਨ ਤੇ ਜਾਪਾਨ ਜਿੱਤੇ ਬਲ ਨਾਲ ਗਏ ਹਨ ਤੇ ਇਸ ਵੇਲੇ ਅਮਰੀਕਾ ਦੁਨੀਆ ਦਾ ਆਗੂ ਮਾਇਆ ਦੇ ਜ਼ੋਰ 'ਤੇ ਹੈ। ਜੇ ਆਦਮ-ਗਿਣਤੀ ਹੀ ਸਭ ਕੁਝ ਹੁੰਦੀ ਤਾਂ ਦੁਨੀਆਂ ਦਾ ਆਗੂ ਇਸ ਵੇਲੇ ਚੀਨ ਹੁੰਦਾ, ਜਿਸ ਦੀ ਗਿਣਤੀ ੬੫ ਕਰੋੜ ਹੈ।

ਆਦਮ-ਗਿਣਤੀ ਨੂੰ ਮੁੱਖ ਰੱਖ ਕੇ ਮੁਸਲਮਾਨ ਨਕਸ਼ੇ ਦੇ ਰਹੇ ਸਨ ਕਿ ਜ਼ਿਲ੍ਹਾ ਫ਼ੀਰੋਜ਼ਪੁਰ ਦੀਆਂ ਤਹਿਸੀਲਾਂ ਫ਼ਾਜ਼ਿਲਕਾ, ਫ਼ੀਰੋਜ਼ਪੁਰ, ਜ਼ੀਰਾ, ਰਿਆਸਤ ਕਪੂਰਥਲਾ, ਜ਼ਿਲ੍ਹਾ ਜਲੰਧਰ ਦੀਆਂ ਤਹਿਸੀਲਾਂ ਨਕੋਦਰ, ਜਲੰਧਰ, ਜ਼ਿਲ੍ਹਾ ਹੁਸ਼ਿਆਰ ਦੀ ਤਹਿਸੀਲ ਦਸੂਹਾ, ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਤੇ ੧੭ ਜ਼ਿਲ੍ਹੇ ਪਹਿਲਾਂ ਦੱਸੇ ਹੋਏ ਪਾਕਿਸਤਾਨ ਵਿਚ ਆਉਣੇ ਚਾਹੀਦੇ ਹਨ। ਜ਼ਿਲ੍ਹਾ ਅੰਮ੍ਰਿਤਸਰ ਦੀਆਂ ਤਹਿਸੀਲਾਂ ਅੰਮ੍ਰਿਤਸਰ ਤੇ ਤਰਨਤਾਰਨ ਹਿੰਦੁਸਤਾਨ ਵਿਚ

Sri Satguru Jagjit Singh Ji eLibrary NamdhariElibrary@gmail.com

ਰਹਿ ਜਾਣ। ਤਿੰਨ ਜੂਨ ਦੇ ਐਲਾਨ ਵਿਚ ਲਾਰਡ ਮਾਊਂਟ ਬੇਟਨ ਨੇ ਆਦਮ-ਗਿਣਤੀ ਦੇ ਨਾਲ ਹੋਰ ਚੀਜ਼ਾਂ, (Other Factors) ਵੀ ਕਿਹਾ ਸੀ। ਇਸ ਵਾਸਤੇ ਸਿੱਖ 'ਹੋਰ ਚੀਜ਼ਾਂ' ਉੱਤੇ ਜ਼ੋਰ ਦੇਂਦੇ ਸਨ। ਹਿੰਦੁਸਤਾਨ ਦੀ ਵੰਡ ਵੰਡਾਈ ਵਿਚ ਜੇ ਕਿਸੇ ਸਮੁੱਚੀ ਕੌਮ ਨੂੰ ਨੁਕਸਾਨ ਪੁੱਜਾ ਹੈ ਤਾਂ ਉਹ 'ਸਿੱਖ' ਹਨ ਤੇ ਜਿੰਨੀ ਬੇਇਨਸਾਫ਼ੀ ਇਹਨਾਂ ਨਾਲ ਹੋਈ ਹੈ, ਹੋਰ ਕਿਸੇ ਨਾਲ ਵੀ ਨਹੀਂ। ਏਥੋਂ ਤੱਕ ਕਿ ਇਹਨਾਂ ਦੀ ਤਬਾਹੀ ਦਾ ਹੁਕਮ ਸੁਣਾਉਣ ਵਾਲੇ ਧਰਮ ਰਾਜ (ਅੰਗਰੇਜ਼) ਨੂੰ ਵੀ ਕਹਿਣਾ ਪਿਆ ਕਿ ਸਿੱਖਾਂ ਨਾਲ ਬੜਾ ਧੱਕਾ ਤੇ ਅਨਰਥ ਹੋਇਆ ਹੈ।

ਜਦ ਅੰਗਰੇਜ਼ ਨੂੰ ਯਕੀਨ ਹੋ ਗਿਆ ਕਿ ਅਸੀਂ ਹੁਣ ਹੋਰ ਸਮਾਂ ਹਿੰਦ ਵਿਚ ਨਹੀਂ ਰਹਿ ਸਕਦੇ ਤਾਂ ਸਭ ਤੋਂ ਪਹਿਲਾਂ ਉਸ ਨੇ ਹਿੰਦੂਆਂ (ਕਾਂਗਰਸ) ਨਾਲ ਗੰਢਣੀ ਚਾਹੀ। ਜਦ ਉਹਨਾਂ ਦਾ ਨੇਤਾ (ਪੰਡਿਤ ਜਵਾਹਰ ਲਾਲ) ਮਿੱਤਰ ਬਣਨ ਵਾਸਤੇ ਤਿਆਰ ਨਾ ਹੋਇਆ ਤਾਂ ਫਿਰ ਸਿੱਖਾਂ ਵੱਲ ਦੋਸਤੀ ਦਾ ਹੱਥ ਵਧਾਇਆ। ਜਦ ਵਲਾਇਤ ਵਿਚ ਸ. ਬਲਦੇਵ ਸਿੰਘ ਤੋਂ (ਦਸੰਬਰ ੧੯੪੬ ਈ.) ਪੁੱਛਿਆ ਗਿਆ ਸੀ ਕਿ ਸਿੱਖ ਵੱਖਰੀ ਤੀਜੀ ਰਿਆਸਤ ਲੈਣਾ ਚਾਹੁੰਦੇ ਹਨ ਜਾਂ ਕਾਂਗਰਸ ਦੇ ਨਾਲ ਹੀ ਰਹਿਣਾ ਚਾਹੁੰਦੇ ਹਨ ਤਾਂ ਉਸ ਦਾ ਸਾਫ਼ ਅਰਥ ਦੇਸ਼ ਨੂੰ ਤਿੰਨ ਹਿੱਸਿਆਂ ਵਿਚ ਵੰਡਣਾ ਸੀ। ਪੰਜਾਬੀ ਦਾ ਇਕ ਪ੍ਰਸਿੱਧ ਅਖਾਣ ਹੈ : 'ਭ਼ਾਈ ਚੱਠੇ, ਖਾਣ ਪੀਣ ਨੂੰ ਅੱਡੋ-ਅੱਡ ਤੇ ਲੜਨ ਭਿੜਨ ਨੂੰ ਕੱਠੇ'। ਜੇ ਕਦੇ ਸਾਡੇ ਦੋਵੇਂ ਨੇਤਾ (ਨਹਿਰੂ ਜੀ ਤੇ ਸ. ਬਲਦੇਵ ਸਿੰਘ) ਇਸ ਅਖਾਣ ਨੂੰ ਮੁੱਖ ਰੱਖ ਕੇ, ਦੋ ਦੀ ਥਾਂ ਤਿੰਨ ਰਿਆਸਤਾਂ ਮੰਨ ਲੈਂਦੇ ਤਾਂ ਪਾਕਿਸਤਾਨ ਦੀ ਹੱਦ ਹੁਣ ਵਾਲੇ ਥਾਂ ਨਾ ਪੈਂਦੀ। ਉਸ ਤਰ੍ਹਾਂ ਸਿੱਖ ਰਿਆਸਤ ਬਨਾਉਣ ਵਾਸਤੇ ਘੱਟ ਤੋਂ ਘੱਟ ਚਾਰ ਜ਼ਿਲ੍ਹੇ (ਲਾਹੌਰ, ਮਿੰਟਗੁਮਰੀ, ਸ਼ੇਖ਼ੂਪੁਰਾ ਤੇ ਗੁਜਰਾਂਵਾਲਾ) ਹੋਰ ਪਾਕਿਸਤਾਨ ਵਿਚ ਜਾਣ ਤੋਂ ਬਚ ਜਾਂਦੇ। ਇਨਸਾਫ਼ ਦੀ ਅੱਖ ਨਾਲ ਵੇਖੀਏ ਤਾਂ ਇਹਨਾਂ ਜ਼ਿਲ੍ਹਿਆਂ ਉੱਤੇ ਸਿੱਖਾਂ ਦਾ ਪੂਰਨ ਹੱਕ ਹੈ ਵੀ। ਜ਼ਿਲ੍ਹਾ ਸ਼ੇਖ਼ੂਪੁਰਾ (ਸ੍ਰੀ ਨਨਕਾਣਾ ਸਾਹਿਬ) ਵਿਚ ਹੀ ਸਿੱਖੀ ਬੂਟਾ ਲਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਸਨ। ਉਹ ਥਾਂ ਸਿੱਖਾਂ ਵਾਸਤੇ ਓਹਾ ਦਰਜਾ ਰੱਖਦਾ ਹੈ, ਜੋ ਮੁਸਲਮਾਨਾਂ ਲਈ ਮੱਕਾ, ਹਿੰਦੂਆਂ ਲਈ ਅਯੁੱਧਿਆ ਤੇ ਈਸਾਈਆਂ ਲਈ ਯੇਰੋਸ਼ਲਮ। ਹੁਣ ਵੀ, ਜਿੰਨਾ ਚਿਰ ਸ੍ਰੀ ਨਨਕਾਣਾ ਸਾਹਿਬ ਸਿੱਖਾਂ ਦੇ ਕਬਜ਼ੇ ਵਿਚ ਨਹੀਂ ਆਵੇਗਾ, ਹਿੰਦ ਵਿਚ ਓਨਾ ਚਿਰ ਸ਼ਾਂਤੀ ਕਾਇਮ ਨਹੀਂ ਰਹਿ ਸਕੇਗੀ। ਦੂਜਾ ਜ਼ਿਲ੍ਹਾ ਲਾਹੌਰ ਹੈ, ਇੱਥੇ ਸਿੱਖੀ ਵਧੀ ਫੁੱਲੀ ਹੈ। ਇੱਥੇ ਸਿੱਖੀ ਨੇ ਤੱਤੀਆਂ ਤਵੀਆਂ 'ਤੇ ਸਬਕ ਪਕਾਏ ਹਨ, ਆਰਿਆਂ ਦੇ ਦੰਦਿਆਂ ਨਾਲ ਖੇਡ ਖੇਡੀ ਹੈ ਤੇ ਤਲਵਾਰਾਂ ਦੀ ਛਾਂ ਥੱਲੇ ਪਲ ਕੇ ਜੁਆਨ ਹੋਈ ਹੈ। ਬਾਰਾਂ ਮਿਸਲਾਂ ਵਿਚੋਂ ਛੇ ਮਿਸਲਾਂ ਜ਼ਿਲ੍ਹਾ ਲਾਹੌਰ ਵਿਚੋਂ ਹੀ ਉਠੀਆਂ ਸਨ। ਗੁਜਰਾਂਵਾਲਾ ਉਹ ਜ਼ਿਲ੍ਹਾ ਹੈ, ਜਿੱਥੇ 'ਸਿੱਖ ਰਾਜ' ਨੂੰ ਅਸਥਾਪਨ ਕਰਕੇ ਜਗਤ ਭਰ ਵਿਚ ਪ੍ਰਸਿੱਧਤਾ ਦੇਣ ਵਾਲਾ ਮਹਾਰਾਜਾ ਰਣਜੀਤ ਸਿੰਘ

ਜਨਮਿਆ ਸੀ। ਜਿਸ ਕੌਮ ਨੇ ਜ਼ਿੰਦਾ ਰਹਿਣਾ ਹੈ, ਉਸ ਨੂੰ ਪੂਜਾ ਕਰਨ ਵਾਸਤੇ ਆਪਣੇ ਕੌਮੀ ਯੋਧਿਆਂ ਦੇ ਜਨਮ ਅਸਥਾਨ ਆਪਣੇ ਹੱਥ ਵਿਚ ਲੈਣੇ ਅਤੀ ਜ਼ਰੂਰੀ ਹੁੰਦੇ ਹਨ। ਬਾਕੀ ਗੱਲ ਰਹੀ ਮਿੰਟਗੁਮਰੀ ਦੀ : ਸਿੱਖਾਂ ਨੇ ਆਪਣਾ ਲਹੂ ਪਾਣੀ ਇਕ ਕਰਕੇ ਬਾਰਾਂ ਵਸਾਈਆਂ ਹਨ। ਮਿੰਟਗੁਮਰੀ, ਸਰਗੋਧਾ, ਲਾਇਲਪੁਰ ਆਦਿ ਦੇ ਨਵੇਂ ਵੱਸੇ ਇਲਾਕੇ ਸਿੱਖਾਂ ਦੀ ਮਿਹਨਤ ਦਾ ਹੀ ਫਲ ਹਨ। ਖ਼ਾਸ ਕਰ ਲਾਇਲਪੁਰ ਸਿੱਖਾਂ ਦਾ ਜ਼ਿਲ੍ਹਾ ਹੈ, ਜਿਸ ਦੀ ਅੱਸੀ ਫ਼ੀਸਦੀ ਜ਼ਮੀਨ ਉਹਨਾਂ ਦੀ ਮਾਲਕੀ ਹੈ। ਮਿੰਟਗੁਮਰੀ ਤੇ ਲਾਇਲਪੁਰ : ਦੋਹਾਂ ਵਿਚੋਂ ਇਕ ਮੰਗ ਲੈਣਾ ਸਿੱਖਾਂ ਦਾ ਹੱਕ ਸੀ। ਇਹਨਾਂ ਦਲੀਲਾਂ ਅਨੁਸਾਰ ਇਹ ਚਾਰੇ ਜ਼ਿਲ੍ਹੇ ਮੁਸਲਮਾਨਾਂ ਦੇ ਨਹੀਂ, ਸਿੱਖਾਂ ਦਾ ਹੱਕ ਸੀ।

ਹਿੰਦੂ ਤੇ ਸਿੱਖ ਹੁਣ ਇਕੱਠੇ ਹਨ ਤੇ ਉਸ ਸੂਰਤ ਵਿਚ ਵੀ ਇਹਨਾਂ ਦਾ ਆਪਸ ਵਿਚ ਮਤਭੇਦ ਹੋ ਸਕਦਾ ਹੈ, ਭਰਾਵਾਂ-ਭਰਾਵਾਂ ਵਾਂਗ ਝਗੜਾ ਵੀ ਹੋ ਸਕਦਾ ਹੈ, ਪਰ ਦੁਸ਼ਮਣ-ਦੁਸ਼ਮਣ ਵਰਗੀ ਲੜਾਈ ਨਹੀਂ ਹੋ ਸਕਦੀ। ਤਾਂ ਕੀ, ਜੇ ਦੋ ਦੀ ਥਾਂ ਤਿੰਨ ਰਿਆਸਤਾਂ ਲੈ ਕੇ (ਜਿਸ ਨਾਲ ਸਾਨੂੰ ਹੁਣ ਨਾਲੋਂ ਵਧੇਰੇ ਹਿੱਸਾ ਮਿਲਦਾ ਸੀ) ਅਸੀਂ ਦੋਵੇਂ ਫੇਰ ਇਕੱਠੇ ਨਹੀਂ ਸਾਂ ਹੋ ਸਕਦੇ ? ਇਹ ਸਾਡੇ ਆਗੂਆਂ ਨੇ ਨੀਤਕ ਭੁੱਲ ਕੀਤੀ ਹੈ, ਜਿਸ ਦਾ ਕੌੜਾ ਫਲ ਸਾਨੂੰ ਚੱਖਣਾ ਪਿਆ ਹੈ ਤੇ ਅਜੇ ਹੋਰ ਚੱਖਣਾ ਪਵੇਗਾ।

ਅਸੀਂ ਉੱਪਰ ਲਿਖ ਆਏ ਹਾਂ ਕਿ ਅੰਗਰੇਜ਼ ਨੇ ਹਿੰਦੂ ਸਿੱਖਾਂ ਨੂੰ ਮਿੱਤਰ ਬਣਾਉਣਾ ਚਾਹਿਆ, ਪਰ ਜਦ ਉਹ ਨਾ ਬਣੇ ਤਾਂ ਅੰਗਰੇਜ਼ ਨੇ ਪੁਰਾਣੇ ਸਾਥੀ ਮੁਸਲਮਾਨ ਨਾਲ ਗੰਢ ਲਈ ਤੇ ਪਾਕਿਸਤਾਨ ਬਣਾ ਦਿੱਤਾ।

ਸਭ ਤੋਂ ਵਧੇਰੇ ਝਗੜਾ ਪੰਜਾਬ ਦਾ ਸੀ। ਏਥੇ ਹਿੰਦੂ ਮੁਸਲਮਾਨਾਂ ਦੇ ਨਾਲ ਤੀਸਰਾ ਪੰਥ ਸਿੱਖ ਵੀ ਸੀ। ਆਦਮ-ਗਿਣਤੀ ਅਨੁਸਾਰ ਪੰਜਾਬ ਵਿਚ ਸੌ ਵਿਚੋਂ ੫੫ ਮੁਸਲਮਾਨ, ੧੪ ਸਿੱਖ ਤੇ ਬਾਕੀ ਹਿੰਦੂ ਆਦਿ (ਜਨਰਲ) ਸਨ। ਪਰ ਸੂਬੇ ਦੀ ਵਾਹਦੀ ਜ਼ਮੀਨ ਵਿਚੋਂ ੪੦ ਫ਼ੀਸਦੀ ਸਿੱਖਾਂ ਦੀ ਮਾਲਕੀ ਸੀ। ਹਰ ਤਰ੍ਹਾਂ ਦੀ ਸਮੁੱਚੀ ਜਾਇਦਾਦ ਵਿਚੋਂ ਹਿੰਦੂ ਸਿੱਖ ੬੦ ਫ਼ੀਸਦੀ ਨਾਲੋਂ ਵੀ ਵਧੇਰੇ ਦੇ ਮਾਲਕ ਸਨ। ਜੇ ਇਹਨਾਂ ਚੀਜ਼ਾਂ ਦਾ ਧਿਆਨ ਰੱਖਿਆ ਜਾਂਦਾ ਤਾਂ ਜ਼ਿਲ੍ਹਾ ਲਾਹੌਰ, ਮਿੰਟਗੁਮਰੀ, ਸ਼ੇਖ਼ੂਪੁਰਾ ਤੇ ਕੁਝ ਹਿੱਸਾ ਗੁਜਰਾਂਵਾਲੇ ਦਾ ਪੂਰਬੀ ਪੰਜਾਬ ਵਿਚ ਆਉਣਾ ਚਾਹੀਦਾ ਸੀ।

ਸਿੱਖਾਂ ਨਾਲ ਇਕ ਹੋਰ ਵੀ ਧੱਕਾ ਹੋਇਆ। ਛੋਟੀ ਜਿਹੀ ਕੌਮ, ਜੋ ਕੇਵਲ ਪੰਜਾਬ ਵਿਚ ਹੀ ਸੀ, ਉਸ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਉਸ ਦੀ ਜਾਇਦਾਦ ਤੇ ਪ੍ਰਾਣਾਂ ਤੋਂ ਪਿਆਰੇ ਗੁਰਦੁਆਰੇ ਵੀ ਦੋਹੀਂ ਪਾਸੀਂ ਵੰਡ ਦਿੱਤੇ ਗਏ। ਇਹਨਾਂ ਗੱਲਾਂ ਨੂੰ ਸੁਆਰਥ ਸਿੱਧੀ ਵਾਸਤੇ ਅੰਗਰੇਜ਼ੀ ਪਾਰਲੀਮੈਂਟ ਵਿਚ ਵੀ ਉਛਾਲਿਆ ਜਾਂਦਾ ਰਿਹਾ। ਅਸਲ ਵਿਚ ਅੰਗਰੇਜ਼ ਦੀ ਇੱਛਿਆ ਸਿੱਖਾਂ ਨੂੰ

ਸਮੂਲਚੋਂ ਖ਼ਤਮ ਕਰਨ ਦੀ ਸੀ। ੧੮੪੯ ਵਿਚ ਸਿੱਖ ਰਾਜ ਦੇ ਖ਼ਤਮ ਹੋਣ ਤੋਂ ਲੈ ਕੇ ਅੱਜ ਤੱਕ ਸਮੇਂ-ਸਮੇਂ ਸਿੱਖ ਅੰਗਰੇਜ਼ ਦਾ ਟਾਕਰਾ ਕਰਦੇ ਆਏ ਹਨ। ਕਦੇ ਨਾਮਧਾਰੀ ਲਹਿਰ, ਕਦੇ ਬੱਬਰ ਅਕਾਲੀ ਤੇ ਕਦੇ ਗੁਰਦੁਆਰਾ ਲਹਿਰ, ਸਾਰੀਆਂ ਅੰਗਰੇਜ਼ ਰਾਜ ਨੂੰ ਹਿਲਾਉਣ ਵਾਸਤੇ ਸਿੱਧੀ ਟੱਕਰ ਸਨ। ਕਾਂਗਰਸ ਵਿਚ ਵੀ ਸਭ ਤੋਂ ਵਧੇਰੇ ਕੁਰਬਾਨੀਆਂ ਸਿੱਖਾਂ ਹੀ ਦਿੱਤੀਆਂ ਹਨ। ਦੂਜੇ ਮਹਾਂ ਯੁੱਧ ਵਿਚ ਆਜ਼ਾਦ ਹਿੰਦ ਫ਼ੌਜ ਬਣੀ ਤਾਂ ਉਸ ਵਿਚ ਵੀ ਬਹੁ-ਗਿਣਤੀ ਸਿੱਖਾਂ ਦੀ ਹੀ ਸੀ ਤੇ ਉਹਦਾ ਜਨਮ-ਦਾਤਾ ਵੀ ਸਿੱਖ (ਜਰਨੈਲ ਮੋਹਣ ਸਿੰਘ ਸਾਹਿਬ) ਹੀ ਸੀ। ਸਭ ਤੋਂ ਆਖ਼ਰੀ ਜੰਗ (ਮੁਲਕ ਦੀ ਵੰਡ) ਵਿਚ ਵੀ ਸਿੱਖਾਂ ਨੇ ਕਾਂਗਰਸ ਦਾ ਹੀ ਸਾਥ ਦਿੱਤਾ ਤੇ ਵੱਖਰੀ ਤੀਜੀ ਰਿਆਸਤ ਪ੍ਰਵਾਨ ਨਾ ਕੀਤੀ। ਇਹਨਾਂ ਕਾਰਨਾਂ ਕਰਕੇ ਅੰਗਰੇਜ਼ ਦਿਲੋਂ ਸਿੱਖਾਂ ਦੇ ਵਿਰੁੱਧ ਸੀ।

ਸਿੱਖਾਂ ਨੂੰ ਸ਼ਾਂਤ ਰੱਖਣ ਵਾਸਤੇ ਤੇ ਨਿਰਾ ਧੋਖਾ ਦੇਣ ਵਾਸਤੇ ਪਾਰਲੀਮੈਂਟ ਵਿਚ ਇਹ ਕਿਹਾ ਜਾਂਦਾ ਸੀ ਕਿ ਉਹਨਾਂ ਨਾਲ ਬੇ-ਇਨਸਾਫ਼ੀ ਹੋਈ ਹੈ ਤੇ ਹੱਦ-ਬੰਦੀ ਦਾ ਕਮਿਸ਼ਨ ਉਹਨਾਂ ਦਾ ਧਿਆਨ ਰੱਖੇਗਾ। ਜੇ ਧਿਆਨ ਰੱਖਣਾ ਹੁੰਦਾ, ਭਾਵ ਸਿੱਖਾਂ ਨਾਲ ਇਨਸਾਫ਼ ਕਰਨਾ ਹੁੰਦਾ ਤਾਂ ਰੈਡ ਕਲਫ਼ ਨਾਲੋਂ ਲਾਰਡ ਮਾਊਂਟ ਬੇਟਨ ਘੱਟ ਜਾਣਦਾ ਸੀ ? ਤੇ ਕੀ ਉਹ ਬਾਰਾਂ ਜ਼ਿਲ੍ਹਿਆਂ ਦੀ ਥਾਂ ਪਹਿਲਾਂ ਹੀ ਸੋਲਾਂ ਜ਼ਿਲ੍ਹੇ ਪੂਰਬੀ ਪੰਜਾਬ ਵਿਚ ਨਹੀਂ ਸੀ ਦੇ ਸਕਦਾ ? ਅਸਲ ਵਿਚ ਜਿਹੜਾ ਆਏ ਦਿਨ ਇਹ ਕਿਹਾ ਜਾਂਦਾ ਸੀ ਕਿ ਕਮਿਸ਼ਨ ਸਿੱਖਾਂ ਦੀ ਜਾਇਦਾਦ, ਗੁਰਦੁਆਰੇ ਤੇ ਬਹੁਤੀ ਗਿਣਤੀ ਇਕ ਪਾਸੇ ਰੱਖੇਗਾ, ਇਸ ਦਾ ਭਾਵ ਸੀ ਕਿ ਸਾਰੇ ਸਿੱਖ ਪਾਕਿਸਤਾਨ ਵਿਚ ਦਿੱਤੇ ਜਾਣ ਤੇ ਹੱਦ ਸਤਲੁਜ ਬਣਾ ਦਿੱਤੀ ਜਾਏ। ਪਰ ਸਾਡੇ ਲੀਡਰ ਉਸੇ ਵੇਲੇ ਤੋਂ ਰੌਲਾ ਪਾਉਣ ਲੱਗ ਪਏ ਕਿ ਉਹ ਇਕ ਪਾਸਾ—ਜਿੱਧਰ ਸਾਨੂੰ ਰੱਖਣਾ ਹੈ—ਕੇਵਲ ਪੂਰਬੀ ਪੰਜਾਬ ਹੀ ਹੋਵੇ। ਇਸ ਕਰਕੇ ਅੰਗਰੇਜ਼ ਦੀ ਉਹ ਚਾਲ ਸਫਲ ਨਾ ਹੋਈ। ਅੰਤ ਜਿੰਨਾ ਕੁ ਧੱਕਾ ਉਹ ਸਿੱਖਾਂ ਨਾਲ ਕਰ ਸਕਦਾ ਸੀ, ਕਰ ਦਿੱਤਾ ਤੇ ਸਿੱਖਾਂ ਦੀਆਂ ਹੱਕੀ ਦਲੀਲਾਂ ਦਾ ਧਿਆਨ ਨਾ ਰੱਖਦਿਆਂ ਹੋਇਆਂ ਹੁਣ ਵਾਲੀ ਹੱਦਬੰਦੀ ਦਾ ਫ਼ੈਸਲਾ ਸੁਣਾ ਦਿੱਤਾ ਗਿਆ।

ਪਾਕਿਸਤਾਨ ਦੇ ਬਣਨ ਦਾ ਸਭ ਤੋਂ ਵੱਡਾ ਕਾਰਨ ਛੁਰਾ ਸੀ। ਜੇ ਮੁਸਲਮ ਲੀਗ ਛੁਰਾ ਨਾ ਵਰਤਦੀ ਤਾਂ ਕਾਂਗਰਸ ਕਦੇ ਵੀ ਪਾਕਿਸਤਾਨ ਪ੍ਰਵਾਨ ਨਾ ਕਰਦੀ। ਲੀਗ ਨੇ ਥਾਂ-ਥਾਂ ਫ਼ਿਰਕੂ ਫ਼ਸਾਦ ਸ਼ੁਰੂ ਕੀਤੇ, ਸੈਂਕੜੇ ਆਦਮੀ ਮਾਰੇ, ਹਜ਼ਾਰਾਂ ਲੋਕ ਘਰੋਂ ਬੇਘਰ ਕੀਤੇ, ਕਰੋੜਾਂ ਦਾ ਮਾਲ ਸਾੜਿਆ ਤਾਂ ਕਾਂਗਰਸ ਨੇ ਤਿੰਨ ਜੂਨ ਨੂੰ ਪਾਕਿਸਤਾਨ ਮੰਨ ਲਿਆ। ਹੁਣ ਉਸੇ ਛੁਰੇ ਦੇ ਜ਼ੋਰ ਨਾਲ ਲੀਗ ਹੱਦਬੰਦੀ ਦੇ ਫ਼ੈਸਲੇ ਵਿਚ ਬਹੁਤਾ ਪੰਜਾਬ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੀ ਸੀ। ਸੋ ਤਿੰਨ ਜੂਨ ਤੋਂ ਪਿੱਛੋਂ ਲਾਹੌਰ ਤੇ ਅੰਮ੍ਰਿਤਸਰ ਵਿਚ ਫ਼ਿਰਕੂ ਅੱਗ ਤੇਜ਼ ਹੋ ਗਈ। ਅੰਮ੍ਰਿਤਸਰ ਦੇ ਗੁੰਡਿਆਂ ਨੇ ਲਾਹੌਰ ਦੇ ਕੁਝ ਗੁੰਡਿਆਂ ਨੂੰ ਚੂੜੀਆਂ ਤੇ ਦੁਪੱਟੇ

ਘੱਲੇ। ਇਸ ਨੇ ਬਲਦੀ 'ਤੇ ਤੇਲ ਪਾਇਆ। ਮੁਸਲਮਾਨਾਂ ਨੇ ਮੋਚੀ ਦਿੱਲੀ, ਮਸਤੀ

ਲਾਹੌਰ

ਆਦਿ ਦਰਵਾਜ਼ਿਆਂ ਦੇ ਅੰਦਰਲੇ ਬਹੁਤੇ ਹਿੱਸੇ ਸਾੜ ਕੇ ਸੁਆਹ ਕਰ ਦਿੱਤੇ। ਇਕ ਹਫ਼ਤੇ ਵਿਚ ਸੈਂਕੜੇ ਆਦਮੀ ਮਰੇ ਤੇ ਫੱਟੜ ਹੋਏ। ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਸਿੱਖ ਓਥੋਂ ਨਿਕਲ ਕੇ ਪੂਰਬੀ ਸ਼ਹਿਰਾਂ ਵਿਚ ਜਾ ਵੜੇ। ੧੩ ਤੋਂ ੧੬ ਜੂਨ ਤੱਕ ਫੇਰ ਛੁਰੇ ਤੇ ਅੱਗਾਂ ਦੀਆਂ ਬਹੁਤ ਘਟਨਾਵਾਂ ਹੋਈਆਂ। ਇਕੋ ਦਿਨ ਛੇ ਹਿੰਦੂ ਸਿੱਖ ਛੁਰੇ ਨਾਲ ਮਾਰੇ ਗਏ, ਜਿਸ ਦਾ ਬਦਲਾ ਇਕ ਸਿੱਖ ਗੱਭਰੂ ਨੇ ਸਬਜ਼ੀ ਮੰਡੀ ਵਿਚ ਬੰਬ ਸੁੱਟ ਕੇ ਲਿਆ, ਜਿਸ ਨਾਲ ਸੱਠ ਬੰਦੇ ਮਰੇ। ਇਹਨਾਂ ਹੀ ਦਿਨਾਂ ਵਿਚ ਬਾਗ਼ਬਾਨਪੁਰਾ, ਭਾਟੀ, ਨੌਲੱਖਾ, ਲੋਹਾਰੀ ਆਦਿ ਥਾਂਵਾਂ ਵਿਚ ਬੰਬ ਫਟੇ ਤੇ ਦੁਕਾਨਾਂ ਸੜੀਆਂ।

ਜਿਉਂ-ਜਿਉਂ ਜੂਨ ਦੀ ਗਰਮੀ ਵੱਧਦੀ ਗਈ, ਤਿਉਂ-ਤਿਉਂ ਲੋਕਾਂ ਦੇ ਅੰਦਰਲੀ ਗਰਮੀ ਵਿਚ ਹੋਰ ਵਾਧਾ ਹੁੰਦਾ ਗਿਆ। ਜਿੱਥੇ ਅੱਗੇ ਛੁਰੇ, ਬਰਛੇ ਤੇ ਗੋਲੀਆਂ ਹੀ ਵਰਤੀਆਂ ਜਾਂਦੀਆਂ ਸਨ, ਓਥੇ ਨਾਲ ਬੰਬ ਵੀ ਫਟਣ ਲੱਗ ਪਏ। ਕੋਈ ਦਿਨ ਖ਼ਾਲੀ ਨਹੀਂ ਸੀ ਜਾਂਦਾ ਜਦ ਪੰਜ-ਸੱਤ ਆਦਮੀਆਂ ਦੀ ਕੁਰਬਾਨੀ ਨਹੀਂ ਸੀ ਦਿੱਤੀ ਜਾਂਦੀ। ਜੇ ਇੱਕ ਬਜ਼ਾਰ ਵਿਚ ਕੋਈ ਹਿੰਦੂ ਸਿੱਖ ਮਾਰਿਆ ਜਾਂਦਾ ਤਾਂ ਖ਼ਬਰ ਸੁਣ ਕੇ ਦੂਜੇ ਪਾਸੇ ਦੋ ਮੁਸਲਮਾਨ ਖ਼ਤਮ ਕਰ ਦਿੱਤੇ ਜਾਂਦੇ। ਆਹਮੋ-ਸਾਹਮਣੇ ਮਹੱਲਿਆਂ ਵਿਚ ਸਾਰੀ-ਸਾਰੀ ਰਾਤ ਨਾਅਰੇ ਲੱਗਦੇ ਰਹਿੰਦੇ। ਨਵੇਂ ਤੋਂ ਨਵੇਂ ਆਪ-ਸਾਜੇ ਹਥਿਆਰ ਵਰਤੋਂ ਵਿਚ ਲਿਆਂਦੇ ਜਾ ਰਹੇ ਸਨ। ਬੋਤਲਾਂ ਤੇ ਗੜਵੀਆਂ ਵਿਚ ਬਣਾਏ ਹੋਏ ਬੰਬ ਆਮ ਵਰਤੇ ਜਾਂਦੇ ਸਨ। ਅੱਗ ਲਾਉਣ ਵਾਸਤੇ ਤੀਰ ਕਮਾਨ ਤੇ ਢਾਂਗੇ ਵਰਤੇ ਜਾਂਦੇ ਹਨ। ਮਿੱਟੀ ਦਾ ਤੇਲ ਜਾਂ ਪਟਰੋਲ ਛਿੜਕ ਕੇ ਮਕਾਨਾਂ ਨੂੰ ਅੱਗ ਲਾਉਣੀ ਬੜਾ ਸਾਧਾਰਨ ਢੰਗ ਸੀ। ਕਈ ਨਿਰਦੋਸ਼ ਜਾਨਾਂ ਮਕਾਨਾਂ ਦੇ ਵਿਚੇ ਹੀ ਸੜ ਗਈਆਂ। ਬਜ਼ਾਰਾਂ ਵਿਚ ਰੁਲਦੀਆਂ ਲੋਥਾਂ ਸੰਭਾਲਣ ਵਾਲਾ ਕੋਈ ਨਹੀਂ ਸੀ। ਸਾਰਾ ਸ਼ਹਿਰ ਲਹੂ ਨਾਲ ਰੰਗਿਆ ਗਿਆ ਸੀ।

ਲਾਹੌਰ ਦੇ ਬਚਾਉ ਦੀ ਹੋਰ ਕੋਈ ਸੂਰਤ ਨਾ ਵੇਖ ਕੇ ਹਿੰਦੂ ਸਿੱਖ ਲੀਡਰਾਂ ਨੇ ਮਾਰਸ਼ਲ-ਲਾਅ ਲਾਉਣ ਦੀ ਬੇਨਤੀ ਕੀਤੀ, ਪਰੰਤੂ ਪ੍ਰਵਾਨ ਨਾ ਹੋਈ। ਅੰਗਰੇਜ਼ੀ ਸਰਕਾਰ ਲਾਹੌਰ ਨੂੰ ਬਚਾਉਣਾ ਨਹੀਂ, ਤਬਾਹ ਕਰਾਉਣਾ ਚਾਹੁੰਦੀ ਸੀ।

ਸ਼ਾਹਾਲਮੀ ਦਰਵਾਜ਼ਾ ਲਾਹੌਰ ਵਿਚ ਹਿੰਦੂਆਂ ਦਾ ਗੜ੍ਹ ਸੀ। ਸੋ ਅਬਦੁਲ ਗ਼ਨੀ ਚੀਮੇ ਨੇ ਹਿੰਦੂਆਂ ਤੋਂ ਲਾਹੌਰ ਖ਼ਾਲੀ ਕਰਨ ਬਦਲੇ ਸ਼ਾਹਾਲਮੀ ਦਾ ਨਾਸ ਕਰਨ ਦੀ ਤਿਆਰੀ ਕੀਤੀ।

ਚੜ੍ਹਿਆ ਚੀਮਾ ਕਸਮ ਖਾ, ਲੈ ਨਾਲ ਭਰਾਵਾਂ
ਕਹੇ ਜੋ ਹੋਈ ਵਿਚ ਰਾਜ ਗੜ੍ਹ, ਮੈਂ ਵੱਟਾ ਲਾਹਵਾਂ
ਮੈਂ ਢਾਹਵਾਂ ਅੱਜ ਸ਼ਾਹਾਲਮੀ, ਫੜ ਅੱਗਾਂ ਲਾਵਾਂ

Sri Satguru Jagjit Singh Ji eLibrary NamdhariElibrary@gmail.com

ਮੈਂ ਫੂਕਾਂ ਮਹਿਲ ਅਟਾਰੀਆਂ, ਨਿਸ਼ਾਨ ਮਿਟਾਵਾਂ
ਮੈਂ ਵਿਧਵਾ ਕਰਾਂ ਸੁਹਾਗਣਾਂ, ਤੇ ਵੈਣ ਪੁਆਵਾਂ
ਮੈਂ ਕਈਆਂ ਦੇ ਚੰਦ ਡੋਬ ਕੇ, ਅੱਜ ਈਦ ਮਨਾਵਾਂ
ਕਲ੍ਹ ਸੰਦਲੇ ਬੰਨ੍ਹ ਕੇ ਰੋਣਗੀਆਂ, ਪੁੱਤਰਾਂ ਨੂੰ ਮਾਵਾਂ
ਮੈਂ ਕਬਰ ਬਣਾ ਹਿੰਦਵਾਨ ਦੀ ਚਰਾਗ ਜਗਾਵਾਂ
ਜਦ ਬਖ਼ਸ਼ਿਆ ਹਜ਼ਰਤ ਅਲੀ ਦਾ ਬਲ ਮੇਰੀਆਂ ਬਾਹਵਾਂ
ਮੈਂ ਸੁੱਤਾ ਪੁੱਤਰ ਰਾਮ ਦਾ ਲਲਕਾਰ ਜਗਾਵਾਂ
ਤੇ ਝੰਡਾ ਪਾਕਿਸਤਾਨ ਦਾ ਸਿਰ 'ਲਊ' ਝੁਲਾਵਾਂ

ਅਜਿਹੀਆਂ ਕਸਮਾਂ ਖਾ ਕੇ 'ਚੀਮਾ' ੨੨ ਜੂਨ ਨੂੰ ਸ਼ਾਹਾਲਮੀ 'ਤੇ ਪਿਆ। ਕਰਫ਼ਿਊ ਲੱਗਾ ਹੋਇਆ ਸੀ ਤੇ ਸਾਰੇ ਪਾਸੀਂ ਪੁਲੀਸ ਖੜੀ ਸੀ। ਚੀਮੇ ਦੇ ਸਿਪਾਹੀਆਂ ਨੇ ਰਾਤ ਦੇ ਦੋ ਵਜੇ ਸ਼ਾਹਾਲਮੀ ਦੇ ਅੰਦਰ ਅੱਗ ਲਾ ਦਿੱਤੀ। ਇਕੋ ਸਮੇਂ ਕਈ ਮਕਾਨਾਂ ਨੂੰ ਅੱਗ ਲਾਈ। ਮੁੜ ਕੇ ਆਪ ਹੀ ਪੁਲੀਸ ਨੇ 'ਫੜੋ, ਬੁਝਾਓ, ਅੱਗ ਲੱਗ ਗਈ' ਦਾ ਰੌਲਾ ਪਾ ਦਿੱਤਾ। ਜਦ ਮਕਾਨਾਂ ਵਾਲੇ ਹਿੰਦੂ ਸਿੱਖ ਅੱਗ ਬੁਝਾਉਣ ਵਾਸਤੇ ਨਿਕਲੇ ਤਾਂ ਉਹਨਾਂ ਉੱਤੇ ਕਰਫ਼ਿਊ ਤੋੜਨ ਦਾ ਦੋਸ਼ ਲਾ ਕੇ ਗੋਲੀਆਂ ਚਲਾਈਆਂ। ਇਸ ਤਰ੍ਹਾਂ ਕਈ ਮਾਰੇ ਗਏ ਤੇ ਕਈ ਜਿਊਂਦੇ ਮਕਾਨਾਂ ਅੰਦਰ ਸੜ ਗਏ। ਅੱਗ ਬਾਰਾਂ-ਚੌਦਾਂ ਘੰਟੇ ਤੱਕ ਬਲਦੀ ਰਹੀ ਤੇ ਸਾਰਾ ਬਾਜ਼ਾਰ ਸੜ ਕੇ ਸੁਆਹ ਹੋ ਗਿਆ। ਤੜਕੇ ਦਿਨ ਗ੍ਰਿਫ਼ਤਾਰੀਆਂ ਦੀ ਵਾਰੀ ਆਈ ਤਾਂ ਚੀਮੇ ਨੇ ਇਮ-ਕੂ ਸੌ ਹਿੰਦੂ ਸਿੱਖ ਫੜ ਲਏ। ਇਸ ਤਰ੍ਹਾਂ ਬਣਿਆ ਹੈ ਪਾਕਿਸਤਾਨ। ਮਕਾਨ ਹਿੰਦੂਆਂ ਦੇ ਸੜੇ, ਮਰੇ ਹਿੰਦੂ ਤੇ ਗ੍ਰਿਫ਼ਤਾਰ ਵੀ ਹਿੰਦੂ ਹੀ ਕੀਤੇ ਗਏ। 'ਅੰਨ੍ਹਾ ਰਾਜਾ ਬੇਦਾਦ ਨਗਰੀ' ਵਾਲੀ ਗੱਲ ਹੋ ਗਈ। ਹਿੰਦੂ ਸਿੱਖਾਂ ਦੇ ਹੌਸਲੇ ਟੁੱਟ ਗਏ ਤੇ ਸਾਰੇ ਸ਼ਹਿਰ ਵਿਚੋਂ ਉਹਨਾਂ ਘਰ ਬਾਰ ਛੱਡ ਕੇ ਨੱਸਣਾ ਸ਼ੁਰੂ ਕਰ ਦਿੱਤਾ। ਦਿਨਾਂ ਵਿਚ ਹੀ ਬਹੁਤ ਸਾਰਾ ਸ਼ਹਿਰ ਖ਼ਾਲੀ ਹੋ ਗਿਆ।

ਜੂਨ ਪਿੱਛੋਂ ਜੁਲਾਈ ਦਾ ਮਹੀਨਾ ਆਇਆ ਤੇ ਬੀਤ ਗਿਆ। ਛੁਰਿਆਂ ਤੇ ਅੱਗਾਂ ਦੀਆਂ ਵਾਰਦਾਤਾਂ ਓਸੇ ਤਰ੍ਹਾਂ ਹੁੰਦੀਆਂ ਰਹੀਆਂ। ਭਗਵਾਨ ਰਾਮ ਚੰਦਰ ਦੇ ਪੁੱਤਰ 'ਲਊ' ਦੇ ਵਸਾਏ ਹੋਏ ਸ਼ਹਿਰ ਲਾਹੌਰ ਨੇ ਬੜੇ ਘੱਲੂਘਾਰੇ ਵੇਖੇ ਸਨ, ਪਰ ਇਹ ਬਿਲਕੁਲ ਅਨੋਖੇ ਤੇ ਨਵੇਂ ਢੰਗ ਦਾ ਸੀ। ਅਗਸਤ ਹਿੰਦੁਸਤਾਨ ਦੀ ਆਜ਼ਾਦੀ ਤੇ ਪੰਜਾਬ ਦੀ ਬਰਬਾਦੀ ਦਾ ਮਹੀਨਾ ਸੀ। ੧੧ ਅਗਸਤ ਨੂੰ ਹਾਈਕੋਰਟ ਦੇ ਮੁਸਲਮਾਨ ਜੱਜ ਨੇ ਲਾਹੌਰੀ ਮੁਸਲਮ ਨੈਸ਼ਨਲ ਗਾਰਡ ਤੇ ਗੁੰਡਿਆਂ ਦੇ ਚੌਧਰੀਆਂ ਨੂੰ ਦੱਸਿਆ ਕਿ ਹੱਦ-ਬੰਦੀ ਕਮਿਸ਼ਨ ਨੇ ਲਾਹੌਰ ਪਾਕਿਸਤਾਨ ਵਿਚ ਦੇ ਦਿੱਤਾ ਹੈ, ਹੁਣ ਦਿਲ ਦੇ ਚਾਅ ਲਾਹ ਲਵੋ। ਹੱਦ-ਬੰਦੀ ਦਾ ਫ਼ੈਸਲਾ ਸੁਣਾਉਣ ਦੀ ਵੀ ਪਹਿਲਾਂ ਏਹਾ ਤਾਰੀਖ਼ ਰੱਖੀ ਹੋਈ ਸੀ, ਪਰ ਕਿਸੇ ਖ਼ਾਸ ਕਾਰਨ ਕਰਕੇ ਇਸ ਨੂੰ ਪਿੱਛੇ ਪਾ ਦਿੱਤਾ ਗਿਆ ਸੀ। ਉਸ ਜੱਜ ਦੇ ਮੂੰਹੋਂ ਇਹ ਖ਼ਬਰ ਸੁਣ ਕੇ ਲਾਹੌਰੀ

Sri Satguru Jagjit Singh Ji eLibrary NamdhariElibrary@gmail.com

ਗੁੰਡੇ ਬੇਹਰ ਹੋ ਕੇ ਹਿੰਦੂ ਸਿੱਖਾਂ ਦੀ ਹੱਤਿਆਂ ਵਿਚ ਲੱਕ ਬੰਨ੍ਹ ਕੇ ਲੱਗ ਪਏ। ਰੋਜ਼ ਦੀਆਂ ਸੌ-ਸੌ ਮੌਤਾਂ ਹੋਣ ਲੱਗੀਆਂ ਤੇ ਇਸ ਤੋਂ ਦੂਣੇ ਫਟੜ। ਜਿਹੜੇ ਥੋੜ੍ਹੇ ਬਹੁਤੇ ਮਕਾਨ ਹਿੰਦੂਆਂ ਸਿੱਖਾਂ ਦੇ ਅਜੇ ਬਚੇ ਹੋਏ ਸਨ, ਉਹ ਵੀ ਅਗਨ ਭੇਟ ਹੋਣ ਲੱਗੇ। ਜਿਹੜੇ ਜਾਨ ਪਿਆਰੀ ਕਰਕੇ ਘਰਾਂ ਤੋਂ ਨਿਕਲਦੇ, ਕੁਝ ਗਲੀ ਵਿਚ, ਕੁਝ ਤਾਂਗਿਆਂ ਉੱਤੇ ਤੇ ਕੁਝ ਲਾਰੀ ਜਾਂ ਰੇਲਵੇ ਸਟੇਸ਼ਨ 'ਤੇ ਮਾਰੇ ਜਾਂਦੇ। ਚੌਦਾਂ ਅਗਸਤ ਤੱਕ ਬਾਜ਼ਾਰਾਂ ਵਿਚ, ਸਟੇਸ਼ਨ ਉੱਤੇ ਤੇ ਅੱਡੇ ਉੱਤੇ ਅਣਸੰਭਾਲੀਆਂ ਲੋਥਾਂ ਹੀ ਲੋਥਾਂ ਦਿਸ ਰਹੀਆਂ ਸਨ। ਗੁਰਦੁਆਰਾ ਮੁਜ਼ੰਗ, ਗੁ. ਚੌਮਾਹਲਾ, ਗੁ. ਜਨਮ ਅਸਥਾਨ, ਗੁ. ਡੱਬੀ ਬਾਜ਼ਾਰ ਤੇ ਕਈ ਮੰਦਰ ਸਾੜ ਦਿੱਤੇ ਗਏ। ਗੁ. ਮੁਜ਼ੰਗ ਦੇ ਸਿੱਖਾਂ ਨੇ ਅਗੋਂ ਡਟ ਕੇ ਟਾਕਰਾ ਕੀਤਾ। ਜਦ ਤੱਕ ਉਹਨਾਂ ਵਿਚੋਂ ਇਕ-ਇਕ ਪੁਲੀਸ ਦੀ ਗੋਲੀ ਨਾਲ ਘਾਇਲ ਹੋ ਕੇ ਡਿੱਗ ਨਹੀਂ ਪਿਆ, ਵੈਰੀ ਨੂੰ ਗੁਰਦੁਆਰੇ ਤੱਕ ਨਹੀਂ ਪਹੁੰਚਣ ਦਿੱਤਾ। ਸਿੰਘਾਂ ਦੀ ਗਿਣਤੀ ਚਾਲੀ ਦੇ ਲਗਪਗ ਸੀ, ਜੋ ਓਥੇ ਸ਼ਹੀਦ ਹੋਏ। ਫਿਰ ਮੁਸਲਮਾਨਾਂ ਨੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਤੇ ਘਾਇਲ ਹੋਏ-ਹੋਏ ਸਿੰਘ ਅੰਦਰੇ ਜਿਊਂਦੇ ਜਲਾ ਦਿੱਤੇ।

ਪੰਦਰਾਂ ਅਗਸਤ ਹਕੂਮਤ ਹਿੰਦੁਸਤਾਨ ਦੇ ਹਵਾਲੇ ਕਰਨ ਵਾਸਤੇ ਨੀਯਤ ਸੀ। ਪਾਕਿਸਤਾਨ ਨੂੰ ਵਾਇਸਰਾਏ ਹਿੰਦ ਲਾਰਡ ਮਾਊਂਟ ਬੈਟਨ ਨੇ ਇਕ ਦਿਨ ਪਹਿਲਾਂ (੧੪ ਅਗਸਤ ਨੂੰ) ਹੀ ਰਾਜ-ਪ੍ਰਬੰਧ ਸੌਂਪ ਦਿੱਤਾ। ਮੁਸਲਮ ਲੀਗ ਦੇ ਪ੍ਰਧਾਨ ਮਿਸਟਰ ਮੁਹੰਮਦ ਅਲੀ ਜਿਨਾਹ ਨੂੰ ਪਾਕਿਸਤਾਨ ਦਾ ਗਵਰਨਰ-ਜੈਨਰਲ ਥਾਪ ਦਿੱਤਾ ਗਿਆ। ਫਿਰ ਮੁਸਲਮ ਲੀਗ ਤੇ ਮੁਸਲਮ ਨੈਸ਼ਨਲ ਗਾਰਡ ਨੂੰ ਕਿਸ ਗੱਲ ਦਾ ਭੌਅ ਰਹਿ ਗਿਆ ਸੀ ? ਉਹ ਦਿਲ ਦਾ ਰਹਿੰਦਾ ਸਾੜ ਵੀ ਹਿੰਦੂ ਸਿੱਖਾਂ 'ਤੇ ਕੱਢਣ ਲੱਗੇ। ੧੪-੧੫ ਅਗਸਤ ਨੂੰ ਜੋ ਮਨ ਆਈਆਂ ਮੁਸਲਮਾਨਾਂ ਨੇ ਲਾਹੌਰ ਵਿੱਚ ਕੀਤੀਆਂ, ਕਥਨ ਤੋਂ ਬਾਹਰ ਹਨ। ਹੁਣ ਓਹਾ ਮੰਦਭਾਗੇ ਹਿੰਦੂ ਸਿੱਖ ਓਥੇ ਰਹਿ ਗਏ ਸਨ, ਜਿਨ੍ਹਾਂ ਨੇ ਮਹਾਤਮਾ ਗਾਂਧੀ ਦਾ ਕਿਹਾ ਸਿਰ ਮੱਥੇ ਮੰਨ ਲਿਆ ਸੀ। ਗਾਂਧੀ ਜੀ ਨੇ ਲਾਹੌਰ ਦੇ ਹਿੰਦੂ ਸਿੱਖਾਂ ਅੱਗੇ ਅਪੀਲ ਕੀਤੀ ਸੀ ਕਿ ਸ਼ਹਿਰ ਵਿਚ ਅੰਤਲੇ ਸੁਆਸਾਂ ਤੱਕ ਡਟੇ ਰਹੋ ਤੇ ਉਸ ਦੇ ਨਾਲ ਹੀ ਸਤੀ ਹੋ ਜਾਓ। ਪੁਰਾਤਨ ਭਾਰਤ ਵਿਚ ਜਿਸ ਪੰਡਿਤ ਨੇ ਸ਼ਬਦ 'ਸਤੀ' ਦਾ ਪ੍ਰਚਾਰ ਕੀਤਾ ਸੀ, ਉਹਦੀ ਅਕਲ ਅਤੇ ਜਿਸ ਅਭਾਗਣ ਨੂੰ ਸਤੀ ਹੋਣਾ ਪਿਆ ਸੀ, ਉਸ ਦੀ ਕਿਸਮਤ, ਦੋਵੇਂ ਤਰਸਯੋਗ ਸਨ।

ਅੰਮ੍ਰਿਤਸਰ

ਜੂਨ ਦੀ ਗਰਮੀ ਨਾਲ ਅੰਮ੍ਰਿਤਸਰ ਵਿਚ ਵੀ ਗਰਮੀ ਵੱਧ ਗਈ। ਪਾਕਿਸਤਾਨ ਦੇ ਐਲਾਨ ਪਿੱਛੋਂ ਮੁਸਲਮਾਨ ਨਵੇਂ ਉਤਸ਼ਾਹ ਨਾਲ ਉੱਠੇ ਤੇ ਉਹਨਾਂ ਥਾਂ-ਥਾਂ ਛੁਰੇ ਮਾਰਨੇ ਆਰੰਭ ਦਿੱਤੇ। ਸਿੱਖਾਂ ਨੂੰ ਵੀ ਜੋਸ਼ ਆ ਗਿਆ। ਫੇਰ ਕੀ ਸੀ ? ਥਾਂ-ਥਾਂ ਅੱਗਾਂ, ਛੁਰੇ, ਕ੍ਰਿਪਾਨਾਂ ਤੇ ਬੰਬ ਚੱਲਣ ਲੱਗੇ। ਮੁਸਲਮਾਨ ਦਾ ਛੁਰਾ ਜੋ ਸਿੱਖ ਦੀ ਕ੍ਰਿਪਾਨ ਚੱਲੇ ਹੋਏ ਸੰਭਾਲੇ ਨਹੀਂ ਸਨ ਜਾਂਦੇ। ਸ਼ਹਿਰ ਦੀ

Sri Satguru Jagjit Singh Ji eLibrary NamdhariElibrary@gmail.com

ਬਸੰਤਰ ਦੇ ਕੁਝ ਚੰਗਿਆੜੇ ਬਾਹਰ ਵੀ ਨਿਕਲ ਪਏ। ਰੇਲਵੇ ਸਟੇਸ਼ਨ ਅਟਾਰੀ ਉੱਤੇ ਕਿਸੇ ਸਿੱਖ ਨੇ ਬੰਬ ਸੁੱਟਿਆ, ਜਿਸ ਨਾਲ ਤਿੰਨ ਮੁਸਲਮਾਨ ਉੱਡ ਗਏ। ਛੇਹਰਟਾ ਸਾਹਿਬ ਤੇ ਖ਼ਾਲਸਾ ਕਾਲਜ ਕੋਲੋਂ ਲੰਘਦੇ ਕਈ ਮੁਸਲਮਾਨ ਕ੍ਰਿਪਾਨ ਫੇਟ ਹੋ ਗਏ। ਕੋਟਲੀ ਨਸੀਰ ਖ਼ਾਂ ਉੱਤੇ ਸਿੱਖਾਂ ਨੇ ਹਮਲਾ ਕਰਕੇ ਕਾਫ਼ੀ ਨੁਕਸਾਨ ਕੀਤਾ। ਸੁਲਤਾਨਵਿੰਡ ਤੇ ਸ਼ਹਿਰ ਦੇ ਉਦਾਲੇ ਦੇ ਬਾਗ਼ਾਂ ਵਿਚ ਕਈ ਆਦਮੀ ਮਾਰੇ ਗਏ। ਇਸ ਸ਼ਹਿਰ ਵਿਚ ਬੰਬ ਫੱਟਣ ਦੀਆਂ ਜਿੰਨੀਆਂ ਭਿਆਨਕ ਘਟਨਾਵਾਂ ਹੋਈਆਂ, ਹੋਰ ਕਿਤੇ ਨਹੀਂ। ਬੰਬ ਬਣਾਉਣ ਵਿਚ ਸਿੱਖ ਸਭ ਨਾਲੋਂ ਵੱਧ ਗਏ ਤੇ ਉਹ ਬੜੇ ਭਿਆਨਕ ਬੰਬ ਬਣਾਉਂਦੇ ਸਨ। ਬਾਬਾ ਸਾਹਿਬ ਚੌਕ ਦੇ ਨੇੜੇ ਇਕ ਦੋ ਛੱਤੇ ਮਕਾਨ ਵਿਚ ਚਾਰ ਸਿੱਖ (ਇਕ ਖਾਲਸਾ ਕਾਲਜ ਦਾ ਪ੍ਰੋਫ਼ੈਸਰ ਸੀ) ਬੈਠੇ ਬੰਬ ਬਣਾ ਰਹੇ ਸਨ। ਡੇਵਨੈਟ ਨਾਲ ਤਿਆਰ ਹੋਣ ਤੋਂ ਪਹਿਲਾਂ ਹੀ ਉਹ ਫਟ ਗਿਆ, ਜਿਸ ਨਾਲ ਉਹ ਚਾਰੇ ਉੱਡ ਗਏ। ਮਕਾਨ ਦੀਆਂ ਦੋਵੇਂ ਛੱਤਾਂ ਉਡ ਗਈਆਂ ਤੇ ਬਣਾਉਣ ਵਾਲੇ ਦੀ ਲੋਥ ਮਕਾਨ ਤੋਂ ਬਾਹਰ ਜਾ ਪਈ। ਇਸ ਧਮਾਕੇ ਨੇ ਸਾਰੇ ਸ਼ਹਿਰ ਵਿਚ ਤਹਲਕਾ ਮਚਾ ਦਿੱਤਾ। ਜੁਲਾਈ ਵਿਚ ਸੈਸ਼ਨ ਕੋਰਟ ਵਿਚ ਇਕ ਬੰਬ ਸੁੱਟਿਆ ਗਿਆ, ਜਿਸ ਨਾਲ ੫੦ ਦੇ ਲਗਪਗ ਆਦਮੀ ਫਟੜ ਹੋਏ ਤੇ ਕੁਝ ਮਰ ਗਏ। ੧੪-੧੫ ਅਗਸਤ ਨੂੰ ਏਥੇ ਲਾਹੌਰ ਵਿਚ ਹੋਏ ਅਤਿਆਚਾਰਾਂ ਦਾ ਬਦਲਾ ਪੂਰੀ ਤਰ੍ਹਾਂ ਲਿਆ ਗਿਆ। ੩੧ ਜੁਲਾਈ ਤੋਂ ਅੰਮ੍ਰਿਤਸਰ ਦੇ ਪਿੰਡਾਂ ਵਿਚ ਵੀ ਫ਼ਸਾਦ ਸ਼ੁਰੂ ਹੋ ਗਏ।

ਗੁੜਗਾਉਂ

ਜਿੰਨਾ ਚਿਰ ਪੰਜਾਬ ਦੇ ਵੰਡੇ ਜਾਣ ਦਾ ਫ਼ੈਸਲਾ ਨਹੀਂ ਸੀ ਹੋਇਆ, ਓਨਾ ਚਿਰ ਗੁੜਗਾਉਂ ਦੇ ਮੇਉ ਸਮਝਦੇ ਸਨ ਕਿ ਸਾਰਾ ਪੰਜਾਬ ਪਾਕਿਸਤਾਨ ਵਿਚ ਜਾਵੇਗਾ; ਪਰ ਤਿੰਨ ਜੂਨ ਨੂੰ ਪਾਕਿਸਤਾਨ ਦੇ ਐਲਾਨ ਵਿਚ ਪੰਜਾਬ ਤੇ ਬੰਗਾਲ ਵੰਡਣ ਦਾ ਐਲਾਨ ਵੀ ਹੋ ਗਿਆ। ਹੁਣ ਉਸ ਇਲਾਕੇ ਦੇ ਮੁਕਾਬਲੇ ਮੇਉ ਇਕ ਨਵੀਂ ਬਣਤਰ ਬਾਰੇ ਸੋਚਣ ਲੱਗੇ। ਕੁਝ ਇਲਾਕੇ ਵਿਚ ਮੇਉ ਦੀ ਨਿੱਗਰ ਵੱਸੋਂ ਸੀ। ਉਹਨਾਂ ਦਾ ਲੀਡਰ ਮੇਉਸਥਾਨ ਦੀ ਮੰਗ ਕਰਨ ਲੱਗ ਪਏ। ਉਹ ਸੋਚਦੇ ਸਨ ਕਿ ਜੇ ਛੁਰੇ ਨਾਲ 'ਪਾਕਿਸਤਾਨ' ਬਣ ਸਕਦਾ ਹੈ ਤਾਂ 'ਮੇਉਸਥਾਨ' ਕਿਉਂ ਨਹੀਂ ਬਣ ਸਕਦਾ। ਸੋ ਉਹਨਾਂ ਅੱਗੇ ਨਾਲੋਂ ਵੀ ਅਤਿ ਚੁੱਕ ਲਈ। ਪੰਜ-ਪੰਜ ਹਜ਼ਾਰ ਦਾ ਇਕੱਠ ਬਣ ਕੇ ਉਹ ਉਦਾਲੇ ਦੇ ਹਿੰਦੂ ਪਿੰਡਾਂ ਉੱਤੇ ਪੈਣ ਲੱਗ ਪਏ। ਕਈ ਪਿੰਡ ਸਮੂਲਚੇ ਢੇਹ ਕਰ ਦਿੱਤੇ। ੧੫ ਅਗਸਤ ਤੋਂ ਪਹਿਲਾਂ ਪੰਜ ਕੁ ਸੌ ਪਿੰਡ ਸਾੜੇ ਗਏ ਸਨ। ਉਹਨਾਂ ਨੇ ਪਹਾੜੀਆਂ ਵਿਚ ਆਪਣੇ ਅੱਡੇ ਬਣਾਏ ਹੋਏ ਸਨ। ਭਰਤਪੁਰ ਤੇ ਅਲਵਰ ਰਿਆਸਤਾਂ ਵਿਚ ਮੁਸਲਮਾਨ ਫ਼ੌਜੀ ਵੀ ਹੈਗੇ ਸਨ। ਉਹ ਗੁੜਗਾਉਂ ਦੀ ਮੇਉ ਕੌਮ ਨੂੰ ਹਥਿਆਰ ਦੇਂਦੇ ਸਨ। ਉਹਨਾਂ ਏਨੀ ਉਦੜਧੁੰਮੀ ਚੁੱਕੀ ਕਿ ਉਸ ਇਲਾਕੇ ਦੇ ਹਿੰਦੂਆਂ ਨੂੰ ਘਰ ਬਾਰ ਛੱਡ ਕੇ ਪੌਣਹਾਰੀਆਂ ਵਾਂਗ ਸ਼ਰਨਾਰਥੀ ਬਣ ਕੇ ਪਟਿਆਲਾ ਤੇ ਹਰਦੁਆਰ ਆਦਿ ਥਾਵਾਂ 'ਤੇ ਆਸਰਾ

ਲੈਣਾ ਪਿਆ। ਤੰਗ ਆ ਕੇ ਉਦਾਲੇ ਦੀ ਹਿੰਦੂ ਜਾਟ ਕੌਮ ਨੇ ਉਹਨਾਂ ਤੋਂ ਗਿਣ-ਗਿਣ ਕੇ ਬਦਲੇ ਲਏ। ੧੫ ਅਗਸਤ ਤੋਂ ਪਿੱਛੋਂ ਉਸ ਧਾੜਵੀ ਮੇਉ ਕੌਮ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਹਿੰਦੁਸਤਾਨ ਦੀਆਂ ਸਾਰੀਆਂ ਕੌਮਾਂ ਨਾਲੋਂ ਨਿਸਬਤਨ ਉਹ ਵਧੇਰੇ ਮਰੇ ਤੇ ਵਧੇਰੇ ਲੁੱਟੇ ਗਏ ਹਨ।

ਗੁਜਰਾਂਵਾਲਾ

ਇਸ ਦੌਰ ਵਿਚ ਕਈ ਨਵੇਂ ਥਾਈਂ ਵੀ ਫ਼ਿਰਕੂ ਫ਼ਸਾਦ ਸ਼ੁਰੂ ਹੋ ਗਏ। ਪੰਜ ਜੂਨ ਦੀ ਰਾਤ ਨੂੰ ਗੁਜਰਾਂਵਾਲੇ ਵਿਚ ਪੁਰਾਣੇ ਵੱਟ ਵਿਰੋਧ ਦੇ ਕਾਰਨ ਇਕ ਮੁਸਲਮਾਨ ਨੇ ਇਕ ਮੁਸਲਮਾਨ ਨੂੰ ਛੁਰਾ ਮਾਰ ਕੇ ਮਾਰ ਦਿੱਤਾ।* ਮੁਸਲਮਾਨਾਂ ਨੇ ਉਹ ਕਤਲ ਹਿੰਦੂ ਸਿੱਖਾਂ ਦੇ ਸਿਰ ਮੜ੍ਹਿਆ। ਏਥੋਂ ਹੀ ਛੇੜ ਛਿੜ ਪਈ। ਉੱਥੋਂ ਦੇ ਹਿੰਦੂ ਡਿਪਟੀ ਕਮਿਸ਼ਨਰ ਨੇ ਫ਼ਸਾਦ ਨੂੰ ਦਬਾਉਣ ਬਦਲੇ ੪੮ ਘੰਟੇ ਦਾ ਕਰਫ਼ੀਊ ਲਾ ਦਿੱਤਾ, ਪਰ ਭੜਕੇ ਹੋਏ ਮੁਸਲਮਾਨਾਂ ਨੇ ਕਰਫ਼ੀਊ ਦੇ ਵਿਚ ਹੀ ਛੁਰੇ ਚਲਾਉਣੇ ਸ਼ੁਰੂ ਕਰ ਦਿੱਤੇ। ਡਾਕਟਰ ਚਮਨ ਲਾਲ ਮਾਰ ਦਿੱਤੇ ਗਏ ਤੇ ਦੋ ਸਿੱਖ ਤੇ ਇਕ ਹਿੰਦੂ ਫੱਟੜ ਹੋਇਆ। ਉਸ ਤੋਂ ਪਿੱਛੋਂ ਦੂਜੇ ਤੀਜੇ ਦਿਨ ਛੁਰਿਆਂ ਦੀਆਂ ਕੁਝ ਦੁਰਘਟਨਾਵਾਂ ਹੁੰਦੀਆਂ ਹੀ ਰਹੀਆਂ। ਪੰਜ ਜੁਲਾਈ ਨੂੰ ਦੋਹਾਂ ਧੜਿਆਂ ਵਿਚ ਆਹਮੋ-ਸਾਹਮਣੇ ਲੜਾਈ ਹੋਈ, ਜਿਸ ਵਿਚ ਤਿੰਨ ਸਿੱਖ, ਦੋ ਹਿੰਦੂ ਤੇ ੧੧ ਮੁਸਲਮਾਨ ਮਰੇ। ਪੰਜਾਹ ਸੱਠ ਆਦਮੀ ਦੋਹਾਂ ਪਾਸਿਆਂ ਦੇ ਫੱਟੜ ਹੋਏ। ਕੁਝ ਮਕਾਨਾਂ ਨੂੰ ਅੱਗਾਂ ਵੀ ਲੱਗੀਆਂ। ਗੋਰਾ ਫ਼ੌਜ ਉਸ ਵੇਲੇ ਸ਼ਹਿਰ ਵਿਚ ਹੈਗੀ ਸੀ। ਸ਼ਹਿਰ ਵਿਚ ਉਸ ਦੀ ਰਾਖੀ ਅੰਦਰ ੯੬ ਘੰਟੇ ਦਾ ਕਰਫ਼ੀਊ ਲਗਾ ਦਿੱਤਾ ਗਿਆ। ਪਾਕਿਸਤਾਨ ਦੇ ਐਲਾਨ ਨੂੰ ਸੁਣ ਕੇ ਉੱਥੋਂ ਦੇ ਸਿੱਖ ਹਿੰਦੂ ਪੱਕਾ ਸਮਝ ਗਏ ਸਨ ਕਿ ਸਾਨੂੰ ਅੰਤ ਗੁਜਰਾਂਵਾਲਾ ਛੱਡਣਾ ਪਵੇਗਾ। ਸੋ ਜੁਲਾਈ ਦੇ ਅਖ਼ੀਰ ਤੱਕ ਬਹੁਤ ਸਾਰੇ ਹਿੰਦੂ ਸਿੱਖ ਸ਼ਹਿਰ ਛੱਡ ਕੇ ਪੂਰਬੀ ਪੰਜਾਬ ਵਿਚ ਆ ਗਏ। ਓਧਰੋਂ ਹਿੰਦੂ ਡਿਪਟੀ ਕਮਿਸ਼ਨਰ ਦੇ ਓਥੋਂ ਬਦਲ ਜਾਣ ਨਾਲ ਅਸਲੋਂ ਹੀ ਹਾਲਤ ਵਿਗੜ ਗਈ। ਜਿਹੜੇ ਹਿੰਦੂ ਸਿੱਖ ਬਾਹਰ ਨਾ ਜਾ ਸਕੇ, ਉਹਨਾਂ ਵਿਚੋਂ ਬਹੁਤ ਸਾਰੇ ਖ਼ਾਲਸਾ ਹਾਈ ਸਕੂਲ ਤੇ ਗੁਰਦੁਆਰਾ ਸਿੰਘ ਸਭਾ ਵਿਚ ਇਕੱਠੇ ਹੋ ਗਏ। ੧੩-੧੪ ਅਗਸਤ ਗੁਜਰਾਂਵਾਲੇ ਵਾਸਤੇ ਭਿਆਨਕ ਦਿਨ ਸਨ, ਜਦ ਕਿ ਕਰਫ਼ਿਊ ਲੱਗੇ ਹੋਏ ਵਿਚ ਹੀ ਸ਼ਹਿਰ ਲੁੱਟਿਆ ਤੇ ਸਾੜਿਆ ਗਿਆ। ਉਸ ਵੇਲੇ ਜੋ ਕੁਝ ਹੋਇਆ, ਗੋਰਾ ਫ਼ੌਜ ਤੇ ਮੁਸਲਮ ਪੁਲੀਸ ਦੇ ਵੇਂਹਦਿਆਂ ਤੇ ਉਹਦੀ ਇੱਛਿਆ ਨਾਲ ਹੋਇਆ।

---

*ਅਜਿਹੀ ਇਕ ਘਟਨਾ ਅੰਮ੍ਰਿਤਸਰ ਵਿੱਚ ਵੀ ਹੋਈ ਸੀ। ਇਕ ਮੁਸਲਮਾਨ ਨੇ ਨਿਹੰਗਾਂ ਦਾ ਬਾਣਾ ਪਹਿਨ ਕੇ ਆਪਣੇ ਦੋਖੀ ਮੁਸਲਮਾਨ ਨੂੰ ਮਾਰਿਆ ਸੀ। ਦੋਸ਼ੀ ਥਾਂ 'ਤੇ [illegible] ਗਿਆ। ਇਸ ਵਾਸਤੇ ਸਾਰੀ ਗੱਲ ਸਪੱਸ਼ਟ ਹੋ ਗਈ।

Sri Satguru Jagjit Singh Ji eLibrary NamdhariElibrary@gmail.com

ਲਾਇਲਪੁਰ ਵਿਚ ਵੀ ਕੁਝ ਗੜਬੜ ਹੋ ਗਈ, ਪਰ ਬਹੁਤ ਥੋੜ੍ਹੀ। ਉਹ ਜ਼ਿਲ੍ਹਾ ੧੫ ਅਗਸਤ ਦੀ ਉਡੀਕ ਵਿਚ ਤਿਆਰੀ ਕਰਦਾ ਰਿਹਾ।

ਲਾਇਲਪੁਰ

ਹੁਸ਼ਿਆਰਪੁਰ

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜੁਲਾਈ ਦੇ ਅਖ਼ੀਰੀ ਹਫ਼ਤੇ ਵਿਚ ਗੜਬੜ ਸ਼ੁਰੂ ਹੋਈ। ਮੁਸਲਮਾਨਾਂ ਦੇ ਹੌਸਲੇ ਏਨੇ ਵਧੇ ਹੋਏ ਸਨ ਕਿ ਉਹ ਕਿਤੇ ਵੀ ਪਹਿਲ ਕਰਨੋਂ ਨਹੀਂ ਝਕੇ, ਭਾਵੇਂ ਬਹੁਤੇ ਥਾਈਂ ਉਹਨਾਂ ਨੂੰ ਇਸ ਭੁੱਲ ਬਦਲੇ ਭਾਰੀ ਮਾਰ ਖਾਣੀ ਪਈ। ਅਜਿਹਾ ਹੀ ਹਾਲ ਉਹਨਾਂ ਦਾ ਜ਼ਿਲ੍ਹਾ ਹੁਸ਼ਿਆਰਪੁਰ ਤੇ ਉਸ ਦੇ ਕੁਝ ਪਿੰਡਾਂ ਕਸਬਿਆਂ (ਗੜ੍ਹਸ਼ੰਕਰ, ਮਾਹਲਪੁਰ ਆਦਿ) ਵਿਚ ਹੋਇਆ।

ਇਨ੍ਹਾਂ ਹੀ ਆਹਰਾਂ-ਵਿਹਾਰਾਂ ਵਿਚ ੧੫ ਅਗਸਤ ਦਾ ਦਿਨ ਆ ਗਿਆ। ਅੰਗਰੇਜ਼ ਨੇ ਹਿੰਦੁਸਤਾਨ ਤੇ ਪਾਕਿਸਤਾਨ—ਦੋ ਦੇਸ਼ ਬਣਾ ਕੇ, ਦੋਹਾਂ ਵਿਚ ਨੌਆਬਾਦੀ ਹਕੂਮਤਾਂ ਦੇ ਦਿੱਤੀਆਂ—ਪਾਕਿਸਤਾਨ ਦਾ ਗਵਰਨਰ ਜਨਰਲ ਜਿਨਾਹ ਆਪ ਬਣਿਆ। ਹੁਣ ਕਾਂਗਰਸ ਨੂੰ ਵੀ ਅੰਗਰੇਜ਼ ਨੂੰ ਖ਼ੁਸ਼ ਕਰਨ ਦਾ ਚੇਤਾ ਆਇਆ ਤੇ ਉਸ ਨੇ ਹਿੰਦੁਸਤਾਨ ਦਾ ਗਵਰਨਰ ਜੈਨਰਲ ਲਾਰਡ ਮਾਊਂਟਬੇਟਨ ਨੂੰ ਬਣਾ ਲਿਆ। ਦੋਹਾਂ ਦੇਸ਼ਾਂ ਵਿਚ (ਪਾਕਿਸਤਾਨ ਦੇ) ਮੁਸਲਮਾਨਾਂ ਤੇ (ਹਿੰਦੁਸਤਾਨ ਦੇ) ਹਿੰਦੂਆਂ ਘਰੀਂ ਰੱਜ ਕੇ ਖ਼ੁਸ਼ੀਆਂ ਮਨਾਈਆਂ ਗਈਆਂ। ਸਿੱਖ ਕੌਮ ਵਾਸਤੇ ਇਹ ਸਭ ਤੋਂ ਵੱਡਾ ਸੋਗ ਦਾ ਦਿਨ ਸੀ। ਉਸ ਨੂੰ ਸਮੂਲਚੋਂ ਤਬਾਹ ਕਰਨ ਵਿਚ ਵਿਰੋਧੀ ਤਾਕਤਾਂ ਨੇ ਕੋਈ ਕਸਰ ਨਹੀਂ ਛੱਡੀ। ਹੱਦਬੰਦੀ ਦੇ ਫ਼ੈਸਲੇ ਵਿਚ ਸਿੱਖਾਂ ਦਾ ਕੋਈ ਧਿਆਨ ਨਾ ਰੱਖਿਆ ਗਿਆ ਤੇ ਉਹਨਾਂ ਦੇ ਪ੍ਰਾਣਾਂ ਤੋਂ ਪਿਆਰੇ ਗੁਰਦੁਆਰੇ ਪਾਕਿਸਤਾਨ ਵਿਚ ਦੇ ਦਿੱਤੇ ਗਏ। ੧੭ ਅਗਸਤ ੧੯੪੭ ਦੀ ਸ਼ਾਮ ਨੂੰ ਹੱਦਬੰਦੀ ਦਾ ਐਲਾਨ ਹੋਇਆ। ਗੁਰਦਾਸਪੁਰ ਦੀ ਤਹਿਸੀਲ ਸ਼ਕਰਗੜ੍ਹ ਪਾਕਿਸਤਾਨ ਵਿਚ ਤੇ ਬਾਕੀ ਜ਼ਿਲ੍ਹਾ ਹਿੰਦੁਸਤਾਨ ਵਿਚ ਦਿੱਤਾ ਗਿਆ। ਸਰਹੱਦੀ ਲਕੀਰ ਏਨੀ ਵਿੰਗੀ ਟੇਢੀ ਹੈ, ਜਿਸ ਤਰ੍ਹਾਂ ਦੀ ਅੱਜ ਤੱਕ ਦੁਨੀਆਂ ਵਿਚ ਕਿਤੇ ਨਹੀਂ ਹੋਈ। ਮੁਲਕਾਂ ਦੀਆਂ ਹੱਦਾਂ ਪਹਾੜਾਂ ਜਾਂ ਦਰਿਆਵਾਂ ਦੀਆਂ ਹੁੰਦੀਆਂ ਹਨ, ਪਰ ਏਥੇ ਤਾਂ ਦਰਿਆ ਛੱਡਿਆ, ਕੋਈ ਨਹਿਰ, ਸੜਕ ਜਾਂ ਖਾਲ ਵੀ ਨਹੀਂ। ਪੈਲੀਆਂ ਦੀਆਂ ਵੱਟਾਂ ਉੱਤੇ ਹੱਦ ਹੈ ਤੇ ਪੁਰਾਣੀ ਵੱਸੋਂ ਦੇ ਪਿੰਡਾਂ ਦੀ ਮਾਲਕੀ ਦੀ ਹੱਦ ਜਿਸ ਪਾਸੇ ਤੁਰੀ ਜਾਂਦੀ ਹੈ, ਓਧਰੇ ਪਾਕਿਸਤਾਨ ਦੀ ਹੱਦ। ਸਤਲੁਜ ਤੋਂ ਲੈ ਕੇ ਰਾਵੀ ਤੱਕ (ਖ਼ਾਸ ਕਰ ਤਹਿਸੀਲ ਕਸੂਰ ਵਿਚ) ਕਿਤੇ ਥੋੜ੍ਹਾ ਹਿੱਸਾ ਵੀ ਹੱਦ ਸਿੱਧੀ ਨਹੀਂ ਹੈ। ਖਾਲੜੇ ਤੋਂ ਬੇਦੀਆਂ ਤੱਕ ਨੌਂ ਮੀਲ ਵੱਡੀ ਨਹਿਰ ਹੈ, ਪਰ ਹੱਦ ਕਿਤੋਂ ਨਹਿਰ ਤੋਂ ਓਸ ਪਾਸੇ ਤੇ ਕਿਤੋਂ ਓਸ ਪਾਸੇ ਕਸੂਰ ਕੋਲ ਆਣ ਕੇ (ਕਸੂਰ ਪਾਕਿਸਤਾਨ ਵਿਚ ਤੇ ਖੇਮਕਰਨ ਹਿੰਦੁਸਤਾਨ ਵਿਚ ਹੈ) ਖੇਮਕਰਨ ਦੇ ਉਦਾਲੇ

Sri Satguru Jagjit Singh Ji eLibrary NamdhariElibrary@gmail.com

ਲਹਿੰਦੇ ਦੱਖਣ ਵੱਲੋਂ ਘੁੰਮ ਕੇ ਅੱਠ ਕੁ ਮੀਲ ਚੜ੍ਹਦੇ ਪਾਸੇ ਨੂੰ ਵਲ੍ਹੇਜ ਪਾ ਕੇ ਮਸਤੇ ਕਿਆਂ ਦੇ ਕੋਲ ਹੱਦ ਦਰਿਆ ਨੂੰ ਜਾ ਲੱਗਦੀ ਹੈ। ਇਹ ਖੂੰਜਾ ਕੇਵਲ ਫ਼ੀਰੋਜ਼ਪੁਰ ਵਾਲਾ ਦਰਿਆ ਦਾ ਪੁਲ ਬੇਕਾਰ ਬਣਾਉਣ ਵਾਸਤੇ ਕੀਤਾ ਗਿਆ ਹੈ। ਜੇ ਇਹ ਖੂੰਜਾ ਨਾ ਪਾਇਆ ਜਾਂਦਾ ਤਾਂ ਧੋਮਕਰਨ ਰਾਹੀਂ ਅੰਮ੍ਰਿਤਸਰ ਤੇ ਫ਼ੀਰੋਜ਼ਪੁਰ ਨੂੰ ਸੌਖਾ ਮਿਲਾਇਆ ਜਾ ਸਕਦਾ ਸੀ ਤੇ ਜਿਸ ਵਿਚ ਹਿੰਦੁਸਤਾਨ ਨੂੰ ਕੁਝ ਲਾਭ ਹੋਵੇ, ਉਹ ਗੱਲ ਰੈਡਕਲਫ਼ (ਹੱਦਬੰਦੀ ਕਮਿਸ਼ਨ ਦਾ ਪ੍ਰਧਾਨ) ਨੂੰ ਕਦੋਂ ਪ੍ਰਵਾਨ ਨਹੀਂ ਸੀ। ਇਸ ਤਰ੍ਹਾਂ ਦੀ ਹੱਦ ਬਣਾਈ ਗਈ, ਜਿਸ ਉੱਤੇ ਸਦਾ ਲੜਾਈ ਹੁੰਦੀ ਰਹੇ। ਇਹ ਅੰਗਰੇਜ਼ ਦੀ ਚਾਲ ਸੀ।

www.archive.org/details/namdhari

ਚੌਥਾ ਕਾਂਡ

ਪਾਕਿਸਤਾਨ ਬਣ ਗਿਆ। ੧੫ ਅਗਸਤ ਨੂੰ ਅੰਗਰੇਜ਼ ਨੇ ਇਕ ਦੀ ਥਾਂ ਦੋ ਨਵੀਆਂ ਹਕੂਮਤਾਂ (ਹਿੰਦੁਸਤਾਨ ਤੇ ਪਾਕਿਸਤਾਨ) ਨੂੰ ਰਾਜ-ਪ੍ਰਬੰਧ ਸੌਂਪਿਆ। ਮੁਸਲਮਾਨ ਨੇ ਆਪਣਾ ਨਾਅਰਾ ਬਦਲ ਲਿਆ। ਪਹਿਲਾਂ ਕਹਿੰਦਾ ਸੀ—'ਲੈ ਕੇ ਰਹੇਂਗੇ ਪਾਕਿਸਤਾਨ' 'ਜੈਸੇ ਲੀਆ ਥਾ ਹਿੰਦੁਸਤਾਨ, ਵੈਸੇ ਲੇਂਗੇ ਪਾਕਿਸਤਾਨ' ਤੇ ਫਿਰ ਆਰੰਭ ਕਰ ਦਿੱਤਾ 'ਜੈਸੇ ਲੀਆ ਹੈ ਪਾਕਿਸਤਾਨ, ਵੈਸੇ ਲੇਂਗੇ ਹਿੰਦੁਸਤਾਨ' 'ਮੁਫ਼ਤ ਲੀਆ ਹੈ ਪਾਕਿਸਤਾਨ, ਲੜ ਕੇ ਲੇਂਗੇ ਹਿੰਦੂਸਤਾਨ'। ਪਾਕਿਸਤਾਨ ਬਣਦਿਆਂ ਹੀ, ਉਹ ਆਖ਼ਰੀ ਨਾਅਰੇ 'ਲੜ ਕੇ ਲੇਂਗੇ ਹਿੰਦੂਸਤਾਨ' ਨੂੰ ਅਮਲ ਵਿਚ ਲਿਆਉਣ ਵਾਸਤੇ ਲੱਕ ਬੰਨ੍ਹ ਕੇ ਲੱਗ ਪਿਆ। ੧੭ ਅਗਸਤ ੧੯੪੭ ਨੂੰ

ਹੱਦਬੰਦੀ

ਹੱਦਬੰਦੀ ਦਾ ਐਲਾਨ ਹੋਇਆ। ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸ਼ਕਰਗੜ੍ਹ ਪਾਕਿਸਤਾਨ ਵਿਚ ਦੇ ਦਿੱਤੀ ਗਈ। ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਅੱਧੀ ਹਿੰਦੂਸਤਾਨ ਵਿਚ ਤੇ ਬਾਕੀ ਸਾਰਾ ਜ਼ਿਲ੍ਹਾ ਪਾਕਿਸਤਾਨ ਵਿਚ ਆ ਗਿਆ। ਵਧੇਰੇ ਔਕੜ ਇਸੇ ਇਲਾਕੇ ਸਿਰ ਆਈ।

ਕਾਂਗਰਸ ਨੇ ਅਨੇਕਾਂ ਕੁਰਬਾਨੀਆਂ ਅੰਗਰੇਜ਼ ਨੂੰ ਦੇਸ਼ ਵਿਚੋਂ ਕੱਢਣ ਵਾਸਤੇ ਕੀਤੀਆਂ। ਮੁਸਲਮ ਲੀਗ ਇਸ ਕੁਰਬਾਨੀ ਵਾਲੇ ਰਾਹੇ ਹੀ ਨਹੀਂ ਪਈ। ਉਹ ਬਦੇਸ਼ੀ ਸਰਕਾਰ ਦੇ ਹੱਥੀਂ ਚੜ੍ਹ ਕੇ ਨੱਚਦੀ ਰਹੀ ਤੇ ਅੰਦਰੋ-ਅੰਦਰ ਕਾਂਗਰਸ ਨਾਲ ਟੱਕਰ ਲੈਣ ਵਾਸਤੇ ਤਿਆਰੀ ਕਰਦੀ ਰਹੀ।

ਉਸ ਦੇ ਲੀਡਰ ਇਸ ਫ਼ਿਕਰ ਵਿਚ ਸਨ ਕਿ ਜਦ ਕਾਂਗਰਸ ਅੰਗਰੇਜ਼ ਕੋਲੋਂ ਆਜ਼ਾਦੀ ਹਾਸਲ ਕਰੇਗੀ ਤਾਂ ਛੁਰੇ ਦੇ ਜ਼ੋਰ ਉਹਦੇ ਕੋਲੋਂ ਖੋਹ ਕੇ ਮੁਲਕ ਆਪਣੇ ਕਬਜ਼ ਵਿਚ ਕਿਵੇਂ ਕਰਨਾ ਹੈ ? ਇਸ ਕਾਰਜ ਵਾਸਤੇ ਉਸ ਨੇ 'ਮੁਸਲਮ ਨੈਸ਼ਨਲ ਗਾਰਡ' ਤਿਆਰ ਕੀਤੀ ਤੇ ਅਨੇਕਾਂ ਮਾਰੂ ਹਥਿਆਰ ਇਕੱਠੇ ਕੀਤੇ। ਹੱਦ ਦਾ ਐਲਾਨ ਹੁੰਦਿਆਂ ਹੀ ਮੁਸਲਮ ਨੈਸ਼ਨਲ ਗਾਰਡ ਦੇ ਸਿਪਾਹੀ ਵਰਦੀਆਂ ਪਾ ਕੇ ਤੇ ਪੱਕੀਆਂ ਬੰਦੂਕਾਂ ਲੈ ਕੇ ਹਿੰਦੂ ਸਿੱਖਾਂ ਦਾ ਨਾਸ਼ ਕਰਨ ਵਾਸਤੇ ਮੈਦਾਨ ਵਿਚ ਆ

ਕਸੂਰ

ਗਏ। ਜ਼ਿਲ੍ਹਾ ਲਾਹੌਰ ੧੯ ਅਗਸਤ ਨੂੰ ਸਵੇਰੇ ੧੦ ਵਜੇ ਕਸੂਰ ਵਿਚ ਫ਼ਿਰਕੂ ਫ਼ਸਾਦ ਸ਼ੁਰੂ ਹੋ ਗਿਆ। ਕਸੂਰ ਪਾਕਿਸਤਾਨ ਦਾ ਆਖ਼ਰੀ ਸਟੇਸ਼ਨ ਹੈ। ਸ਼ਾਹੀ ਸੜਕ ਉੱਤੇ ਰੇਲਵੇ ਦਾ ਜੰਕਸ਼ਨ ਤੇ ਬੜੀ ਰੌਣਕੀ ਮੰਡੀ ਹੈ। ਉਸ ਦੀ ਅਸਲੀ ਵੱਸੋਂ ੬੦ ਹਜ਼ਾਰ ਸੀ, ਜਿਸ ਵਿਚੋਂ ੫੦ ਹਜ਼ਾਰ ਮੁਸਲਮਾਨ, ੪

ਬਾਹੀਆਂ ਉਤੇ ਉਦਾਲੇ ਇਲਾਕੇ ਵਿਚ ਸਿਖਾਂ ਦੀ ਬੜੀ ਤਾਕਤ ਸੀ ਤੇ ਇਕ ਪਾਸੇ ਹਿਠਾੜ ਵੱਲੋਂ ਮੁਸਲਮਾਨੀ ਪਿੰਡ ਸਨ। ਕਸੂਰ ਵਿਚ ਹੱਦਬੰਦੀ ਕਮਿਸ਼ਨ ਦੀ ਤਿੰਨ ਕੁ ਸੌ ਫ਼ੌਜ* ਸੀ ਜਿਸ ਦੇ ਸਾਰੇ ਅਫ਼ਸਰ ਤੇ ਸਿਪਾਹੀ ਬਲੋਚ ਮੁਸਲਮਾਨ ਸਨ। ਪੁਲੀਸ ਵਿਚ ਵੀ ਬਹੁਤੇ ਅਫ਼ਸਰ ਤੇ ਸਿਪਾਹੀ ਮੁਸਲਮਾਨ ਹੀ ਸਨ। ਜਿਹੜੇ ਕੁਝ ਹਿੰਦੂ ਸਿੱਖ ਅਫ਼ਸਰ ਤੇ ਸਿਪਾਹੀ ਹੈ ਵੀ ਸਨ, ਐਲਾਨ ਹੁੰਦਿਆਂ ਹੀ ਉਹਨਾਂ ਨੂੰ ਬੇਹਥਿਆਰੇ ਕਰ ਕੇ ਕੱਢ ਦਿੱਤਾ ਗਿਆ, ਏਥੋਂ ਤੱਕ ਕਿ ਉਹਨਾਂ ਨੂੰ ਘਰ ਦਾ ਸਾਮਾਨ ਚੁੱਕਣ ਦੀ ਵੀ ਆਗਿਆ ਨਾ ਦਿੱਤੀ ਗਈ।

ਉਸ ਵੇਲੇ ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਨੱਸ ਕੇ ਆਏ ਹੋਏ ਹਜ਼ਾਰਾਂ ਮੁਸਲਮਾਨ ਗੌਰਮਿੰਟ ਹਾਈ ਸਕੂਲ ਦੇ ਮੈਦਾਨ ਵਿਚ ਬੈਠੇ ਸਨ। ਪਹਿਲਾਂ ਸ਼ਰਾਰਤ ਇਹਨਾਂ ਤੋਂ ਹੀ ਛਿੜੀ। ਸ਼ਹਿਰ ਦੇ ਵਸਨੀਕ ਹਿੰਦੂ ਸਿੱਖ ਬਹੁਤ ਸਾਰੇ ਤਾਂ ਪਹਿਲਾਂ ਹੀ ਰਿਆਸਤ ਫ਼ਰੀਦਕੋਟ ਜਾਂ ਹੋਰ ਕਿਸੇ ਦੁਰੇਡੀ ਥਾਂ ਜਾ ਚੁੱਕੇ ਸਨ, ਅਨੇਕਾਂ ਹੋਰ ੧੭-੧੮ ਦੀ ਵਿਚਲੀ ਰਾਤ ਨਿਕਲ ਗਏ ਸਨ। ੧੮ ਨੂੰ ਸਵੇਰ ਤੋਂ ਹੀ ਬਹੁਤੇ ਲੋਕ ਥੋੜ੍ਹਾ ਬਹੁਤਾ ਸਾਮਾਨ ਲੈ ਕੇ ਖੇਮਕਰਨ ਨੂੰ ਜਾਂ ਸਟੇਸ਼ਨ ਨੂੰ ਨਿਕਲ ਤੁਰੇ, ਜਿਨ੍ਹਾਂ ਉੱਤੇ ਮੁਸਲਮਾਨਾਂ ਨੇ ਹਮਲੇ ਸ਼ੁਰੂ ਕਰ ਦਿੱਤੇ। ਸਭ ਤੋਂ ਪਹਿਲਾ ਵਾਰ ਗੌਰਮਿੰਟ ਹਾਈ ਸਕੂਲ ਦੇ ਗਿਆਨੀ ਬੇਲਾ ਸਿੰਘ ਉੱਤੇ ਹੋਇਆ। ਉਹ ਸਣੇ ਪਰਿਵਾਰ ਘਰ ਛੱਡ ਕੇ ਸਟੇਸ਼ਨ ਨੂੰ ਜਾ ਰਿਹਾ ਸੀ। ਜਦ ਉਹ ਗੌਰਮਿੰਟ ਹਾਈ ਸਕੂਲ ਦੇ ਸਾਹਮਣੇ ਗਿਆ ਤਾਂ ਬਾਹਰੋਂ ਆਏ ਮੁਸਲਮਾਨ ਉਹਦੇ ਉੱਤੇ ਟੁੱਟ ਪਏ। ਉਸ ਨੂੰ, ਉਸ ਦੀ ਧਰਮ ਪਤਨੀ ਨੂੰ ਤੇ ਤਿੰਨਾਂ ਬੱਚਿਆਂ ਨੂੰ ਓਥੇ ਹੀ ਕਤਲ ਕਰ ਦਿੱਤਾ। ਸਭ ਤੋਂ ਛੋਟਾ ਬੱਚਾ ਦੁੱਧ ਚੁੰਘਦਾ ਸੀ, ਜਿਸ ਨੂੰ ਕਈ ਛੁਰੇ ਮਾਰੇ ਗਏ। ਇਹ ਘਟਨਾ ੧੮ ਅਗਸਤ ਸਵੇਰੇ ੧੦ ਵਜੇ ਦੀ ਹੈ। ਏਥੋਂ ਹੀ ਸਾਰੇ ਸ਼ਹਿਰ ਵਿਚ ਅੱਗ ਭੜਕ ਉੱਠੀ। ਖ਼ਬਰ ਸੁਣਦਿਆਂ ਹੀ ਬਜ਼ਾਰ—ਜੋ ਅਜੇ ਖੁੱਲ੍ਹੇ ਹੀ ਸਨ—ਬੰਦ ਹੋ ਗਏ। ਲੋਕੀਂ ਡਰਦੇ ਭੱਜ ਕੇ ਘਰੋ-ਘਰੀ ਆ ਗਏ। ਮੁਸਲਮਾਨ ਬਰਛੀਆਂ ਤੇ ਛੁਰੇ ਲੈ ਕੇ ਬਾਜ਼ਾਰਾਂ ਵਿਚ ਭੱਜ ਨਿਕਲੇ। ਜਿੱਥੇ ਕੋਈ ਇਕੱਲਾ ਦੁਕੱਲਾ ਹਿੰਦੂ ਸਿੱਖ ਮਿਲਿਆ, ਓਥੇ ਹੀ ਕਤਲ ਕਰ ਦਿੱਤਾ ਗਿਆ। ਸਿੱਖਾਂ ਨੂੰ ਉਚੇਚਾ ਭਾਲ ਕੇ ਮਾਰਿਆ ਗਿਆ। ਕੁਝ ਲੋਕ ਸਟੇਸ਼ਨ 'ਤੇ ਗਏ ਹੋਏ ਸਨ। ਕੋਟ ਮੁਰਾਦ ਖ਼ਾਂ ਦੇ ਮੁਸਲਮਾਨ ਉਸ ਪਾਸਿਓਂ ਤੇ ਇਕ ਟੋਲੀ ਸ਼ਹਿਰ ਵੱਲੋਂ ਸਟੇਸ਼ਨ 'ਤੇ ਜਾ ਪਏ। ਜਿੰਨੇ ਸਿੱਖ ਸਟੇਸ਼ਨ 'ਤੇ ਹੱਥ ਲੱਗੇ, ਕਤਲ ਕਰ ਦਿੱਤੇ ਗਏ। ਭਾਈ ਸਾਹਿਬ ਵੀਰ ਸਿੰਘ ਜੀ ਲੋਕਲ ਗੁ. ਪ੍ਰ. ਕਮੇਟੀ ਕਸੂਰ ਦੇ ਪੁਰਾਣੇ ਪ੍ਰਧਾਨ ਸਟੇਸ਼ਨ ਉੱਤੇ ਹੀ ਮਾਰੇ ਗਏ। ਇਹ ਸਭ ਕੁਝ ਪੁਲੀਸ ਦੇ ਸਾਹਮਣੇ ਹੋਇਆ।

---

*ਹੱਦਬੰਦੀ ਫ਼ੌਜ ਦਾ ਕਮਾਂਡਰ ਜੈਨਰਲ ਗ੍ਰੀਸ (ਅੰਗਰੇਜ਼) ਸੀ, ਜੋ ਹਰ ਢੰਗ ਨਾਲ ਮੁਸਲਮਾਨਾਂ ਦੀ ਮਦਦ ਕਰਦਾ ਸੀ।

ਸ਼ਹਿਰ ਦੇ ਦੋਵੇਂ ਵੱਡੇ ਅਫ਼ਸਰ—ਐਸ. ਡੀ. ਓ. ਤੇ ਪੁਲੀਸ ਕਪਤਾਨ—ਪੱਕੇ ਮੁਸਲਮਲੀਗੀ ਸਨ। ਸਿੱਖ ਮੈਜਿਸਟ੍ਰੇਟ ਸ. ਸੁੰਦਰ ਸਿੰਘ ਜੀ ਦਰਜਾ ਅਵੱਲ ਤੇ ਬੇਦੀ ਸੁਰਿੰਦਰ ਸਿੰਘ ਜੀ ਦਫ਼ਾ ੩੦, ਚਾਰਜ ਦੇ ਕੇ ਫ਼ੀਰੋਜ਼ਪੁਰ ਚਲੇ ਗਏ ਤੇ ਸ. ਗੁਰਦਿਆਲ ਸਿੰਘ ਅਫ਼ਸਰ ਮਾਲ ਖੇਮ ਕਰਨ ਚਲੇ ਗਏ। ਪੁਲੀਸ ਵਿਚ ਜਿਹੜੇ ਕੁਝ ਸਿਪਾਹੀ ਸਨ, ਉਹਨਾਂ ਦੀਆਂ ਪੇਟੀਆਂ ਖੋਹ ਕੇ ਬਾਹਰ ਕੱਢ ਦਿੱਤਾ ਗਿਆ। ਕਿਸੇ ਅਫ਼ਸਰ ਨੂੰ ਵੀ ਸਾਮਾਨ ਨਹੀਂ ਲੈ ਜਾਣ ਦਿੱਤਾ ਗਿਆ।

੧੧ ਵਜੇ ਤੋਂ ਸ਼ਹਿਰ ਵਿਚ ਕਰਫ਼ੀਊ ਲਾ ਦਿੱਤਾ ਗਿਆ। ਹਿਦੂ ਸਿੱਖ ਸਾਰੇ ਘਰਾਂ ਵਿਚ ਘਿਰ ਗਏ। ਬਲੋਚੀ ਮਿਲਟਰੀ ਤੇ ਪੋਲੀਸ ਦੇ ਮੁਸਲਮ ਸਿਪਾਹੀ ਸਾਰੇ ਸ਼ਹਿਰ ਵਿਚ ਥਾਂ-ਥਾਂ ਫਿਰ ਰਹੇ ਸਨ। ਕਰਫ਼ੀਊ ਦੇ ਹੁੰਦਿਆਂ ਹੋਇਆਂ, ਫ਼ੌਜ ਤੇ ਪੋਲੀਸ ਦੇ ਸਾਹਮਣੇ ਮੁਸਲਮਾਨਾਂ ਨੇ ਬਾਜ਼ਾਰ ਲੁੱਟਣੇ ਸ਼ੁਰੂ ਕਰ ਦਿੱਤੇ। ਸਾਮਾਨ ਦੀਆਂ ਪੰਡਾਂ ਬੰਨ੍ਹ ਕੇ ਉਹ ਘਰਾਂ ਨੂੰ ਲਈ ਜਾ ਰਹੇ ਸਨ ਤੇ ਪੋਲੀਸ ਲੁਟੇਰਿਆਂ ਨੂੰ ਵਰਜਣ ਦੇ ਥਾਂ ਸਗੋਂ ਹੱਲਾਸ਼ੇਰੀ ਦੇ ਰਹੀ ਸੀ। ਸਵੇਰ ਤੋਂ ਸ਼ਾਮ ਤੱਕ ਲੁੱਟ ਮਚੀ ਰਹੀ। ਸਾਰੇ ਸ਼ਹਿਰ ਵਿਚੋਂ ਹਿਦੂ ਸਿੱਖਾਂ ਦੀਆਂ ਦੁਕਾਨਾਂ ਤੇ ਖ਼ਾਲੀ ਮਕਾਨ ਲੁੱਟੇ ਗਏ। ਜਿੱਥੇ-ਜਿੱਥੇ ਉਹ ਆਪਣੇ ਮਹੱਲਿਆਂ ਵਿਚ ਬੰਦ ਸਨ, ਓਥੇ-ਓਥੇ ਪਹੁੰਚ ਕੇ ਹਮਲਾ ਕਰਨ ਦਾ ਮੁਸਲਮਾਨਾਂ ਨੂੰ ਹੌਸਲਾ ਨਹੀਂ ਪਿਆ। ਜਿਹੜਾ ਕੋਈ ਬਾਜ਼ਾਰ ਵਿਚ ਇਕੱਲਾ ਮਿਲ ਗਿਆ, ਉਹ ਜਿਊਂਦਾ ਨਹੀਂ ਜਾਣ ਦਿੱਤਾ ਗਿਆ। ਸ਼ਾਮ ਤੱਕ ੧੭ ਮੌਤਾਂ ਸ਼ਹਿਰ ਵਿਚ ਤੇ ਕੁਝ ਸਟੇਸ਼ਨ ਉੱਤੇ ਹੋਈਆਂ।

ਸਾਰੀ ਰਾਤ ਸ਼ਹਿਰ ਵਿਚ ਥਾਂ-ਥਾਂ ਨਾਅਰੇ ਲੱਗਦੇ ਰਹੇ। ਰਾਤੀਂ ਸੁੱਤਾ ਕੋਈ ਨਹੀਂ। ਨਾਅਰਿਆਂ ਦਾ ਵਧੇਰੇ ਜ਼ੋਰ ਕੋਟ ਰਾਮਗੜ੍ਹ ਉੱਤੇ ਸੀ। ਉਹ ਕੋਟ ਭਾਵੇਂ ਬਹੁਤਾ ਵੱਡਾ ਨਹੀਂ ਸੀ, ਪਰ ਉੱਥੇ ਕੰਮ ਕਰਨ ਵਾਲੇ ਬੰਦੇ ਹੋਣ ਕਰਕੇ ਮੁਸਲਮਾਨਾਂ ਦੀਆਂ ਅੱਖਾਂ ਵਿਚ ਬਹੁਤ ਰੜਕ ਰਿਹਾ ਸੀ। ਸ. ਗੁਰਬਚਨ ਸਿੰਘ 'ਦੀਦ', ਸ. ਗੁਰਚਰਨ ਸਿੰਘ, ਸ. ਰਵੇਲ ਸਿੰਘ, ਸ. ਪ੍ਰੀਤਮ ਸਿੰਘ 'ਮਸਤਾਨਾ' ਆਦਿ ਇਸੇ ਕੋਟ ਵਿਚ ਰਹਿੰਦੇ ਸਨ। ਓਥੇ ਹੀ ਗੁਰਦੁਆਰੇ ਵਿਚ ਵਧੇਰੇ ਰੌਣਕ ਰਹਿੰਦੀ ਸੀ, ਜੋ ਮੁਸਲਮਾਨਾਂ ਨੂੰ ਭਾਉਂਦੀ ਨਹੀਂ ਸੀ। ੧੭ ਦੀ ਰਾਤ ਸਾਡੇ ਜੱਥੇ ਦੇ ਬਹੁਤ ਸਾਰੇ ਆਦਮੀ ਬਾਹਰੋਂ ਪਿੰਡਾਂ ਵਿਚੋਂ ਕਸੂਰ ਉਸ ਗੁਰਦੁਆਰੇ ਵਿਚ ਗਏ ਹੋਏ ਸਨ। ਉਹ ਸਵੇਰੇ ੭ ਵਜੇ ਵਾਪਸ ਚਲੇ ਗਏ ਤਾਂ ਦਸ ਵਜੇ ਹਮਲਾ ਹੋ ਗਿਆ। ਪੁਲੀਸ ਤੇ ਲੁਟੇਰੇ ਚਾਹੁੰਦੇ ਸਨ ਕਿ ਰਾਮਗੜ੍ਹ 'ਤੇ ਹਮਲਾ ਕਰੀਏ। ਇਸ ਕੰਮ ਵਾਸਤੇ ਉਹ ਸਾਰੀ ਰਾਤ ਦੋਵੇਂ ਪਾਸੇ ਮੱਲ ਕੇ ਖੜ੍ਹੇ ਰਹੇ। ਕੋਟ ਵਿਚ ਲੋੜ ਅਨੁਸਾਰ ਹਥਿਆਰ ਹੈਗੇ ਸਨ। ਅਸੀਂ ਫ਼ਰੀਦਕੋਟ ਤੋਂ ਹਥਿਆਰ ਮੰਗਾ ਕੇ ਓਥੇ ਰੱਖਦੇ ਸਾਂ ਤੇ ਫੇਰ ਅਗ੍ਹਾਂ ਆਪਣੇ ਜੱਥੇ ਦੇ ਹੋਰ ਆਦਮੀਆਂ ਕੋਲ ਭੇਜਦੇ ਸਾਂ। ਇਸ ਗੱਲ ਦਾ ਮੁਸਲਮਾਨਾਂ ਤੇ ਪੁਲੀਸ ਨੂੰ ਵੀ ਕੁਝ ਪਤਾ ਸੀ। ਏਹਾ ਕਾਰਨ ਸੀ ਕਿ ਉਹਨਾਂ ਡਰਦਿਆਂ ਰਾਤ ਹੱਲਾ ਨਹੀਂ ਕੀਤਾ।

ਰਾਤ ਕੋਟ ਵਾਲਿਆਂ ਸਲਾਹ ਕੀਤੀ ਕਿ ਸਵੇਰੇ ਹੀ ਕੁਝ ਆਦਮੀ ਫ਼ੀਰੋਜ਼ਪੁਰ ਪਹੁੰਚਣ ਅਤੇ ਓਥੋਂ ਮਦਦ ਲਿਆ ਕੇ ਬਾਲ ਬੱਚੇ ਨੂੰ ਬਾਹਰ ਕੱਢਿਆ ਜਾਵੇ। ਪਰ ਜਾਵੇ ਕੌਣ ? ਇਹ ਸਵਾਲ ਬੜਾ ਔਖਾ ਸੀ। ਉਸ ਵੇਲੇ ਘੇਰੇ ਵਿਚੋਂ ਬਾਹਰ ਨਿਕਲਣਾ ਬੜੀ ਬਹਾਦਰੀ ਦਾ ਕੰਮ ਸੀ। ਅੰਤ ਸ. ਗੁਰਬਚਨ ਸਿੰਘ 'ਦੀਦ' ਉੱਤੇ ਗੁਣਾ ਪਿਆ। ਉਹ ੧੯ ਨੂੰ ਸਵੇਰੇ ਛੇ ਵਜੇ ਆਪਣੀ ਕਾਰ ਉੱਤੇ ਤਿੰਨ ਆਦਮੀਆਂ ਨੂੰ ਹੋਰ ਨਾਲ ਲੈ ਕੇ ਰਾਮਗੜ੍ਹ ਵਿਚੋਂ ਨਿਕਲੇ। ਉਦਾਲੇ ਪੁਲੀਸ ਤੇ ਮੁਸਲਮਾਨਾਂ ਦੀ ਭੀੜ ਖੜੀ ਸੀ, ਪਰ ਇਸ ਗੱਲੋਂ ਡਰਦਿਆਂ ਕਿ ਖ਼ਬਰੇ ਕਾਰ ਵਿਚ ਕੀ ਹੈ ? ਉਹ ਰਾਹ ਛੱਡ ਕੇ ਪਾਸੇ ਹੋ ਗਏ। ਇਸ ਤਰ੍ਹਾਂ ਉਹ ਚਾਰੇ ਸੱਜਣ ਰਾਜ਼ੀ ਖ਼ੁਸ਼ੀ ਫ਼ੀਰੋਜ਼ਪੁਰ ਪੁੱਜ ਗਏ। ਡਿਪਟੀ ਕਮਿਸ਼ਨਰ ਨੂੰ ਮਿਲ ਕੇ ਕਸੂਰ ਦੀ ਹਾਲਤ ਦੱਸੀ। ਉਹ ਮਦਦ ਦੇਣੀ ਮੰਨ ਗਿਆ। ਬੇਦੀ ਸੁਰਿੰਦਰ ਸਿੰਘ (ਮੈਜਿਸਟਰੇਟ ਕਸੂਰ) ਨੂੰ ਮਿਲਟਰੀ ਦੇ ੯ ਟਰੱਕ ਤੇ ੪੦ ਮਦਰਾਸੀ ਸਿਪਾਹੀ ਦੇ ਕੇ ਭੇਜਿਆ। ਕਸੂਰੋਂ ਆਇਆਂ ਨੇ ਚਾਰ ਲਾਰੀਆਂ ਹੋਰ ਕਰਾਏ 'ਤੇ ਕਰ ਲਈਆਂ। ਜਦ ਬੇਦੀ ਸਾਹਿਬ ਕਸੂਰ ਕਚਹਿਰੀ ਕੋਲ ਰੇਲਵੇ ਫਾਟਕ 'ਤੇ ਪੁੱਜੇ ਤਾਂ ਉਹਨਾਂ ਨੂੰ ਐਸ. ਡੀ. ਓ. ਨੇ ਰੋਕ ਦਿੱਤਾ। ਭਾਵੇਂ ਉਹਨਾਂ ਦੇ ਆਉਣ ਦੀ ਖ਼ਬਰ ਡਿਪਟੀ ਕਮਿਸ਼ਨਰ ਫ਼ੀਰੋਜ਼ਪੁਰ ਵੱਲੋਂ ਤਾਰ ਰਾਹੀਂ ਪੁੱਜ ਚੁੱਕੀ ਸੀ, ਫੇਰ ਵੀ ਦੋ ਘੰਟੇ ਓਥੇ ਹੀ ਹਾਕਮਾਂ ਨੇ ਰੋਕੀ ਰੱਖਿਆ। ਏਸ ਸਮੇਂ ਵਿਚ ਸ਼ਹਿਰ ਅੰਦਰ ਕੁਝ ਹੋਰ ਦੁਰਘਟਨਾਵਾਂ ਹੋ ਗਈਆਂ : ਤਿੰਨ ਸਿੱਖ ਦੁਸਹਿਰਾ ਮੈਦਾਨ ਵਿਚ ਮਾਰੇ ਗਏ ਤੇ ਕੁਝ ਸਟੇਸ਼ਨ ਦੇ ਸਾਹਮਣੇ।

ਦੋ ਘੰਟੇ ਦੀ ਲੰਮੀ ਬਹਿਸ ਪਿੱਛੋਂ ਜਦ ਬੇਦੀ ਸਾਹਿਬ ਨੇ ਇਹ ਧਮਕੀ ਦਿੱਤੀ ਕਿ ਮੈਂ ਤਾਂ ਟਰੱਕ ਵਾਪਸ ਲੈ ਜਾਵਾਂਗਾ, ਪਰ ਫ਼ੀਰੋਜ਼ਪੁਰ ਵਿਚੋਂ ਇਕ ਮੁਸਲਮਾਨ ਵੀ ਜਿਊਂਦਾ ਨਹੀਂ ਆਵੇਗਾ ਤਾਂ ਐਸ. ਡੀ. ਓ. ਕੁਝ ਨਰਮ ਹੋ ਗਿਆ। ਉਸ ਨੇ ਮਿਲਟਰੀ ਦੇ ੯ ਟਰੱਕ ਲੰਘ ਜਾਣ ਦਿੱਤੇ, ਪਰ ਕਰਾਏ ਵਾਲੀਆਂ ਲਾਰੀਆਂ ਅਗ੍ਹਾਂ ਨਾ ਜਾਣ ਦਿੱਤੀਆਂ।

ਸਭ ਤੋਂ ਪਹਿਲਾਂ ਰਾਮਗੜ੍ਹ ਨੂੰ ਖ਼ਾਲੀ ਕਰਨਾ ਹੀ ਚੰਗਾ ਸਮਝਿਆ ਗਿਆ। ਕੋਟ ਦੇ ਬੂਹੇ ਅੱਗੇ ਟਰੱਕ ਆਣ ਖਲੋਤੇ ਤੇ ਬਿਨਾਂ ਕਿਸੇ ਸਾਮਾਨ ਦੇ ਕੇਵਲ ਜਾਨਾਂ ਲੈ ਕੇ ਸਵਾਰ ਹੋਣ ਵਾਸਤੇ ਕਿਹਾ ਗਿਆ। ਜਦ ਟਰੱਕ ਭਰ ਕੇ ਤੁਰੇ ਤਾਂ ਪਿਛਲੇ ਟਰੱਕ ਵਿਚ ਖਲੋਤੇ ਬਾਵਾ ਹਰਬੰਸ ਸਿੰਘ (ਜੱਥੇਦਾਰ ਸ਼ਹੀਦੀ ਦਲ ਕਸੂਰ) ਉੱਤੇ ਡੀ. ਐਸ. ਪੀ. ਦੇ ਮਕਾਨ ਉੱਤੇ ਖਲੋਤੇ ਕਿਸੇ ਮੁਸਲਮਾਨ ਨੇ ਪਸਤੌਲ ਦੀ ਗੋਲੀ ਚਲਾਈ, ਜੋ ਲੱਗੀ ਨਾ। ਪਲ ਪਿੱਛੋਂ ਹੀ ਇਕ ਫ਼ਾਇਰ ਹੋਰ ਹੋਇਆ। ਅੱਗੋਂ ਮਦਰਾਸੀ ਫ਼ੌਜ ਨੇ ਵੀ ਜਵਾਬੀ ਫ਼ਾਇਰ ਕੀਤਾ ਤਾਂ ਉਸ ਮੁਸਲਮਾਨ ਦੇ ਹੱਥੋਂ ਪਸਤੌਲ ਥੱਲੇ ਆ ਪਿਆ, ਪਰ ਗੋਲੀ ਚਲਾਉਣ ਵਾਲਾ ਬੁਰਜੀ ਉਹਲੇ ਹੋ ਕੇ ਬਚ ਗਿਆ। ਮਿਲਟਰੀ ਪਸਤੌਲ ਕਾਬੂ ਕਰਕੇ ਟਰੱਕ ਲੈ ਕੇ ਚਲਦੀ ਬਣੀ। ਓਸ ਦਿਨ ਕਸੂਰ ਤੋਂ ਫ਼ੀਰੋਜ਼ਪੁਰ ਤੱਕ ਟਰੱਕਾਂ ਨੇ ਤਿੰਨ ਫੇਰੇ ਲਾਏ। ਏਹ ਕੰਮ ਚਾਰ ਦਿਨ ਚਾਲੂ

ਰਿਹਾ ਤੇ ੨੨ ਅਗਸਤ ਤਕ ਸਾਰਾ ਸ਼ਹਿਰ ਹਿੰਦੂਆਂ ਸਿਖਾਂ ਤੋਂ ਖ਼ਾਲੀ ਹੋ ਗਿਆ।

੧੯ ਤੋਂ ੨੨ ਅਗਸਤ ਤੱਕ ਸ਼ਹਿਰ ਦੇ ਅਸਲੀ ਵਸਨੀਕਾਂ ਵਿਚੋਂ ੪੦ ਹਿੰਦੂ ਸਿੱਖ ਮਾਰੇ ਗਏ। ਕੋਟ ਮੁਰਾਦ ਖ਼ਾਂ ਦੇ ਕੁਝ ਹਿੰਦੂ (ਜਿਨ੍ਹਾਂ ਵਿਚੋਂ ਪ੍ਰਸਿੱਧ ਮੇਲਾ ਰਾਮ ਸਰਾਫ਼ ਸੀ) ਧੱਕੇ ਨਾਲ ਮੁਸਲਮਾਨ ਬਣਾ ਲਏ ਗਏ। ਪਿਛੋਂ ਉਹਨਾਂ ਦੇ ਘਰ ਬਾਰ ਲੁੱਟ ਕੇ ਉਹਨਾਂ ਨਵੇਂ ਬਣੇ ਮੁਸਲਮਾਨਾਂ ਦੀ ਬੜੀ ਬੇਇੱਜ਼ਤੀ ਕੀਤੀ ਗਈ। ਉਹਨਾਂ ਪਰਿਵਾਰਾਂ ਵਿਚੋਂ ਕੁਝ ਆਦਮੀ ਫ਼ੀਰੋਜ਼ਪੁਰ ਆ ਚੁੱਕੇ ਸਨ। ਜਦ ਸ. ਬਲਦੇਵ ਸਿੰਘ ਜੀ ਜੰਗੀ ਵਜ਼ੀਰ ਫ਼ੀਰੋਜ਼ਪੁਰ ਆਏ ਤਾਂ ਉਹਨਾਂ ਦੁਖੀਆਂ ਦੀ ਬੇਨਤੀ ਮੰਨ ਕੇ ਕੈਪਟਨ ਘੋਸ਼ ਨੂੰ ਭੇਜਿਆ, ਜੋ ਕਸੂਰ ਵਿਚੋਂ ਮੇਲਾ ਰਾਮ ਸਰਾਫ਼ ਤੇ ਉਸ ਦੇ ਸਾਥੀਆਂ ਨੂੰ ਲਿਆਇਆ।

ਕਸੂਰ ਸ਼ਹਿਰ ਤਾਂ ਵਧੇਰੇ ਤਬਾਹੀ ਤੋਂ ਬਚ ਗਿਆ, ਪਰ ਜਿੰਨਾ ਜ਼ੋਰ ਲੀਗ ਵੱਲੋਂ ਇਸ ਇਲਾਕੇ 'ਤੇ ਲਾਇਆ ਗਿਆ, ਹੋਰਥੇ ਨਹੀਂ। ਕਸੂਰ ਸਟੇਸ਼ਨ ਤੋਂ ਬਾਹਰ ਕਈ ਗੱਡੀਆਂ ਰੋਕ ਕੇ ਲੁੱਟੀਆਂ ਤੇ ਮਾਰੀਆਂ ਗਈਆਂ। ਤੋੜ ਰਾਏਵਿੰਡ ਤੱਕ ਰੇਲ ਦੇ ਦੋਹੀਂ ਪਾਸੀਂ ਲੋਥਾਂ ਹੀ ਲੋਥਾਂ ਹੋ ਗਈਆਂ ਸਨ।

ਕਸੂਰ ਤੋਂ ਦੱਖਣ-ਲਹਿੰਦੇ ਵੱਲ ਹਨਾੜ ਸਿੱਖਾਂ ਦੀ ਬੜੀ ਘੱਟ ਗਿਣਤੀ ਸੀ।

ਹਨਾੜ ਦੇ ਪਿੰਡ

੧੯ ਨੂੰ ਕਸੂਰ ਲੁੱਟ ਕੇ ਏਥੋਂ ਕੁਝ ਮੁਸਲਮਾਨ ਹਨਾੜ ਨੂੰ ਹੋ ਤੁਰੇ। ਉਹਨਾਂ ਨਾਲ ਕੁਝ ਮੁਸਲਮ ਨੈਸ਼ਨਲ ਗਾਰਡ ਦੇ ਸਿਪਾਹੀ ਵੀ ਸਨ। ਹਨਾੜ ਦੇ ਪਿੰਡਾਂ ਦੇ ਬਹੁਤ ਸਾਰੇ ਲੁਟੇਰੇ ਮੁਸਲਮਾਨ ਵੀ ਉਹਨਾਂ ਨਾਲ ਰਲ ਗਏ। ੧੯ ਅਗਸਤ ਨੂੰ ਉਹਨਾਂ ਨੱਥੀਏਂ ਕੇ ਹਨਾੜ ਲੁੱਟ ਲਿਆ। ਓਥੋਂ ਦੇ ਹਿੰਦੂ ਸਿੱਖ ਜਾਨਾਂ ਬਚਾ ਕੇ ਉਤਾੜ ਸਿਖਾਂ ਦੇ ਪਿੰਡਾਂ ਵਿਚ ਜਾ ਵੜੇ। ੨੦ ਨੂੰ ਉਸ ਵਿਗੜੇ ਹੋਏ ਇਕੱਠ ਨੇ ਮੰਮਣ ਵਾਲੇ ਉੱਤੇ ਹਮਲਾ ਕਰ ਦਿੱਤਾ। ਹੱਲਾ ਅਚਨਚੇਤ ਹੋਇਆ ਸੀ, ਇਸ ਵਾਸਤੇ ਅੱਗੋਂ ਟਾਕਰਾ ਕੋਈ ਨਾ ਹੋਇਆ। ਓਥੋਂ ਦੇ ਸੱਠ ਆਦਮੀ ਮਾਰੇ ਗਏ ਤੇ ਬਾਕੀ ਦੇ ਮਾਝੇ ਨੂੰ ਨੱਸ ਗਏ।

੨੧ ਅਗਸਤ ਨੂੰ ਚਾਰ ਘੜੀਆਂ ਦੇ ਤੜਕੇ ਪੰਜ ਕੁ ਹਜ਼ਾਰ ਮੁਸਲਮਾਨ

ਬੁਗਰੀ

ਪਿੰਡ ਬੁਗਰੀ 'ਤੇ ਜਾ ਪਿਆ। ਬੁਗਰੀ ਵਿਚ ਸਿੱਖਾਂ ਦੇ ਚੌਦਾਂ ਪੰਦਰਾਂ ਘਰ ਸਨ, ਬਾਕੀ ਪਿੰਡ ਤੇ ਇਲਾਕਾ ਮੁਸਲਮਾਨਾਂ ਦਾ। ਪਿੰਡ ਦੇ ਉਦਾਲੇ ਘੇਰਾ ਪਾ ਕੇ ਸਭ ਨੂੰ ਮਾਰ ਦਿੱਤਾ ਗਿਆ। ਜਿਹੜਾ ਕੋਈ ਪਿੰਡੋਂ ਬਾਹਰ ਗਿਆ ਹੋਇਆ ਸੀ, ਓਹਾ ਬਚਿਆ। ਸੂਰਜ ਚੜ੍ਹੇ ਪੋਲੀਸ ਵੀ ਕਸੂਰੋਂ ਆਣ ਪੁੱਜੀ। ਉਸ ਨੇ ਲੱਕੜਾਂ ਛਾਪੇ ਇਕੱਠੇ ਕਰਵਾ ਕੇ ਸਭ ਲੋਥਾਂ ਤੇ ਢੱਟਣ ਫੂਕ ਦਿੱਤੇ ਤੇ ਰੀਪੋਰਟ ਲਿਖੀ ਕਿ ਸਿੱਖਾਂ ਨੇ ਮੁਸਲਮਾਨਾਂ ਉੱਤੇ ਹਮਲਾ ਕੀਤਾ ਸੀ, ਜਦ ਉਹ ਅੱਗੋਂ ਟਾਕਰੇ ਲਈ ਉੱਠੇ ਤਾਂ ਸਿੱਖ ਨੱਸ ਗਏ ਹਨ, ਕਤਲ ਕੋਈ ਨਹੀਂ ਹੋਇਆ। ਬੁਗਰੀ ਦੇ ਸਾਰੇ ਸਿੱਖ ਤਬਾਹ ਕਰਕੇ, ਉਹਨਾਂ ਦੇ ਘਰ ਲੁੱਟ ਸਾੜ ਕੇ ਫਿਰ ਉਹ ਇਕੱਠ ਹੋਰ ਪਿੰਡਾਂ ਵੱਲ ਵਧਿਆ। ਬੁਗਰੀ ਵਿਚੋਂ ਇਕ ਗ੍ਰੰਥੀ ਬਚ ਕੇ ਨਿਕਲਿਆ,

ਜ ਤਿਨ ਦਿਨ ਇਕ ਖੱਲ ਵਿਚ ਪਏ ਹੋਏ ਕਾਨਿਆਂ ਹੇਠਾਂ ਲੁਕਿਆ ਰਿਹਾ ਤੇ ਚੌਥੀ ਰਾਤ ਨਿਕਲ ਕੇ ਥੱਸੋਂ ਤੋਂ ਦੁਰੇਡਾ-ਦੁਰੇਡਾ ਹੁੰਦਾ ਹੋਇਆ ਸੰਗੱਤਰੇ (ਹਿੰਦੁਸਤਾਨ ਵਿਚ) ਪੁੱਜ ਗਿਆ।

ਇਸੇ ਦਿਨ (੨੧ ਨੂੰ) ਚੂਹਾ ਝੁਰਮਟ, ਕੁਤਬਾ, ਤਾਰਾਗੜ੍ਹ, ਛਿੱਪੀਵਿੰਡ

ਤਾਰਾਗੜ੍ਹ

ਹਨਾੜ, ਜਾਗੂਵਾਲਾ, ਗੌਹਜ਼ ਆਦਿ ਲੁੱਟੇ ਮਾਰੇ ਗਏ। ਇਹਨਾਂ ਪਿੰਡਾਂ ਵਿਚੋਂ ਤਾਰਾਗੜ੍ਹ ਵਾਲੇ ਸਿੱਖਾਂ ਨੇ ਬੜੀ ਬਹਾਦਰੀ ਵਿਖਾਈ। ਊਦਾਲੇ ਦੇ ਮੁਸਲਮਾਨ ਢੋਲ ਵਜਾ ਕੇ ਚੜ੍ਹੇ। ਅੱਗੋਂ ਸਿੱਖਾਂ ਨੇ ਟਾਕਰਾ ਕੀਤਾ ਤੇ ਅੱਠ ਮੁਸਲਮਾਨ ਮਾਰ ਦਿੱਤੇ। ਮੁਸਲਮਾਨ ਪਿੜ ਛੱਡ ਕੇ ਉੱਠ ਨੱਸੇ। ਕੁਝ ਚਿਰ ਪਿੱਛੋਂ ਉਹ ਮੁਸਲਮ ਮਿਲਟਰੀ ਨੂੰ ਨਾਲ ਲੈ ਕੇ ਚੜ੍ਹ ਆਏ ਤਾਂ ਸਿੱਖ ਪਿੰਡ ਖ਼ਾਲੀ ਕਰਕੇ ਮਾਝੇ ਨੂੰ ਨੱਸ ਗਏ। ਅਜਿਹੀਆਂ ਘਟਨਾਵਾਂ ਕਈ ਥਾਈਂ ਹੋਈਆਂ।

ਇਸੇ ਦਿਨ 'ਭਾਲ੍ਹੇ' ਉੱਤੇ ਧਾਵਾ ਹੋਇਆ। ਉਥੋਂ ਦੇ ਸਰਬੋਦਾਪੰਥ ਹਾਕਮ

ਭਾਲ੍ਹਾ

ਸਿੰਘ—੯੦ ਸਾਲ ਦੇ ਬੁੱਢੇ ਬਾਬੇ ਨਾਲ ਜੋ ਸਲੂਕ ਕੀਤਾ ਗਿਆ, ਬੰਦਿਆਂ ਵਾਲਾ ਨਹੀਂ ਸੀ। ਪਹਿਲਾਂ ਉਸ ਦੀਆਂ ਅੱਖਾਂ ਕੱਢੀਆਂ ਗਈਆਂ, ਫਿਰ ਕੇਸ ਤੇ ਦਾੜ੍ਹੀ ਮੁੰਨੀ ਗਈ ਤੇ ਅੰਤ ਟੋਟੇ ਕਰਕੇ ਖੂਹ ਵਿਚ ਸੁੱਟ ਦਿੱਤਾ ਗਿਆ। ਕੁਝ ਸਿੰਘ ਉਥੇ ਹੋਰ ਵੀ ਕਤਲ ਹੋਏ। ਬਾਕੀ ਸਾਰੇ ਪਿੰਡ ਛੱਡ ਕੇ

ਭੀਲ੍ਹਾ

ਉਤਾੜ ਨੂੰ ਨੱਸ ਗਏ। ਇੱਕੀ ਨੂੰ ਹੀ 'ਭੀਲ੍ਹੇ' ਨੂੰ ਘੇਰਾ ਪਾ ਲਿਆ। ਉਥੋਂ ਦੇ ਸਿੱਖ ਟਾਕਰੇ ਵਾਸਤੇ ਡੱਟ ਖਲੋਤੇ। ਸਾਰੀ ਰਾਤ ਦੋਹੀਂ ਪਾਸੀਂ ਨਾਅਰੇ ਲੱਗਦੇ ਰਹੇ, ਪਰ ਕੋਈ ਧਿਰ ਵੀ ਅੱਗੇ ਵਧ ਕੇ ਦੂਜੇ ਦੇ ਗਲ੍ਹ ਨਾ ਪਈ। ਅੰਤ ੨੨ ਅਗਸਤ ਨੂੰ ਸਵੇਰੇ ੧੦ ਵਜੇ ਸਾਰੇ ਹਿੰਦੂ ਸਿੱਖ ਪਿੰਡ ਛੱਡ ਕੇ ਗੱਗੜ ਨੂੰ ਹੋ ਤੁਰੇ। ਢਾਹੇ ਦੇ ਕੰਢੇ ਉਤਲੇ ਬਹੁਤ ਸਾਰੇ ਪਿੰਡ (ਗੱਗੜ, ਸਹਾਰੀ ਆਦਿ) ਇਕੱਠੇ ਹੋ ਕੇ ਕਸੂਰ ਤੋਂ ਪਾਸੇ-ਪਾਸੇ ਸੰਗੱਤਰੇ ਨੂੰ ਹੋ ਤੁਰੇ। ਇਹ ਸਾਰਾ ਜੱਥਾ ਦਸ ਕੁ ਹਜ਼ਾਰ ਦਾ ਹੋ ਗਿਆ ਸੀ। ਜੱਥੇ ਦਾ ਆਗੂ ਸਰਦਾਰ ਬਖਸ਼ੀਸ਼ ਸਿੰਘ ਪਿੰਡ ਜੋਧ ਸਿੰਘ ਵਾਲੇ ਦਾ ਸੀ। ਉਹਨਾਂ ਕੋਲ ਬੰਦੂਕਾਂ ਆਦਿ ਮਾਰੂ ਹਥਿਆਰ ਸਨ। ਰਾਹ ਵਿਚ ਰੋਕਣ ਵਾਲਿਆਂ 'ਤੇ ਫ਼ਾਇਰ ਕਰਦੇ ਕਰਾਉਂਦੇ ਉਹ ਸੰਗੱਤਰੇ ਆਣ ਪੁੱਜੇ।

੨੨ ਅਗਸਤ ਦੀ ਸਭ ਤੋਂ ਭਿਆਨਕ ਘਟਨਾ ਲਲਿਆਣੀ ਵਾਲੀ ਸੀ। ਇਹ ਪਿੰਡ ਕਸੂਰ ਤੋਂ ੯ ਮੀਲ ਲਾਹੌਰ ਵੱਲੋਂ ਜਰਨੈਲੀ ਸੜਕ ਉੱਤੇ ਹੈ। ਇਸ ਦੀ ਆਦਮ ਗਿਣਤੀ ਨੌਂ ਹਜ਼ਾਰ ਦੇ ਲਗਪਗ ਸੀ, ਜਿਸ ਵਿਚੋਂ ਮੁਸਲਮਾਨ ਕੇਵਲ

ਲਲਿਆਣੀ

ਚੌਥਾ ਹਿੱਸਾ ਸਨ; ਉਹ ਵੀ ਸਾਰੇ ਮਾਲਕ ਨਹੀਂ। ਇਸ ਇਲਾਕੇ ਵਿਚ ਸਿੱਖਾਂ ਦੀ ਬੜੀ ਭਾਰੀ ਗਿਣਤੀ ਸੀ। ਮੁਸਲਮ ਲੀਗ ਨੂੰ ਸਭ ਤੋਂ ਵਧੇਰੇ ਫ਼ਿਕਰ ਇਸੇ ਇਲਾਕੇ ਨੂੰ ਉਜਾੜਨ ਦਾ ਸੀ। ਇਸੇ ਵਾਸਤੇ ਉਸ ਨੇ ਮੁਸਲਮ ਨੈਸ਼ਨਲ ਗਾਰਡ ਦੀ ਵਧੇਰੇ ਤਾਕਤ ਏਥੇ ਵਰਤੀ। ੨੨ ਨੂੰ ਸਵੇਰ ਤੋਂ ਹੀ ਲਲਿਆਣੀ ਨੂੰ ਉਜਾੜਨ ਦੀਆਂ ਤਿਆਰੀਆਂ ਹੋ ਰਹੀਆਂ ਸਨ। ਇਲਾਕਾ ਪਾਕਿਸਤਾਨ ਵਿਚ ਆ ਜਾਣ ਕਰਕੇ ਤੇ ਕਸੂਰ ਦਾ ਉਦਾਲਾ ਉੱਜੜ ਜਾਣ

ਕਰਕੇ ਸਿੱਖ ਨਿਰਾਸ਼ ਹੋਏ ਬੈਠੇ ਸਨ। ਪਿੰਡ ਦੇ ਸਾਰੇ ਮੁਸਲਮਾਨ ਹਥਿਆਰ ਲੈ ਕੇ ਬਾਹਰ ਜੁਮਾ ਪੜ੍ਹਨ ਗਏ। ਬਹੁਤ ਸਾਰੇ ਮੁਸਲਮਾਨ ਉਦਾਲੇ ਦੇ ਪਿੰਡਾਂ ਤੋਂ ਵੀ ਆਏ ਹੋਏ ਸਨ। ਓਥੋਂ ਦੇ ਕੁਝ ਲੀਗੀ ਲੀਡਰ ਕਸੂਰ ਤੋਂ ਮਿਲਟਰੀ ਲੈਣ ਚਲੇ ਗਏ। ਪਿੰਡ ਵਿਚ ਥਾਣੇ ਦੀ ਸਾਰੀ ਪੋਲੀਸ ਮੁਸਲਮਾਨ ਸੀ। ਥਾਣੇਦਾਰ ਰਹਿਮਤੁੱਲਾ ਬਥੇਰਾ ਭੜਕਾ ਰਿਹਾ, ਪਰ ਫ਼ੌਜੀ ਮਦਦ ਬਿਨਾਂ ਸਿੱਖਾਂ ਉੱਤੇ ਹਮਲਾ ਕਰਨ ਦਾ ਮੁਸਲਮਾਨਾਂ ਹੌਸਲਾ ਨਾ ਕੀਤਾ। ਬਾਰਾਂ ਵਜੇ ਕਸੂਰ ਤੋਂ ਮੁਸਲਮ ਮਿਲਟਰੀ ਪਹੁੰਚੀ ਤਾਂ ਜੁੰਮੇ ਤੋਂ ਵਿਹਲੇ ਹੋ ਕੇ ਸਾਰੇ ਮੁਸਲਮਾਨ ਥਾਣੇ ਦੇ ਬੂਹੇ ਅੱਗੇ ਆਣ ਇਕੱਠੇ ਹੋਏ ਤੇ ਜੋਸ਼ ਵਿਚ ਨਾਅਰੇ ਲਾਉਣ ਲੱਗੇ। ਥਾਣੇਦਾਰ ਨੇ ਗਿਣੀ ਮਿਥੀ ਗੋਂਦ ਅਨੁਸਾਰ ਉਹਨਾਂ ਨੂੰ ਨਾਅਰੇ ਲਾਉਣ ਤੋਂ ਰੋਕਿਆ। ਕੁਝ ਪਤਵੰਤੇ ਸਿੱਖਾਂ ਨੂੰ ਅਮਨ ਕਮੇਟੀ ਬਣਾਉਣ ਬਦਲੇ ਥਾਣੇ ਬੁਲਾ ਭੇਜਿਆ। ਆਉਣ ਵਾਲਿਆਂ ਵਿਚੋਂ ਸਿਰਕਰਦਾ ਸਫ਼ੈਦਪੋਸ਼ ਨੰਦ ਸਿੰਘ (ਸਪੁੱਤਰ ਸ. ਦਿਆਲ ਸਿੰਘ ਮਹਿਲਾਂ ਵਾਲੇ ਦਾ) ਸੀ। ਕੁਝ ਮੁਸਲਮਾਨ, ਮਿਲਟਰੀ ਤੇ ਪੋਲੀਸ ਉਹਨਾਂ ਸਿੱਖਾਂ ਸਣੇ ਪਿੰਡ ਵਿਚ ਬਾਜ਼ਾਰ ਨੂੰ ਤੁਰ ਪਏ ਤਾਂ ਕਿ ਪਿੰਡ ਵਿਚ ਅਮਨ ਕੀਤਾ ਜਾਏ। ਬਾਜ਼ਾਰ ਵਿਚ ਜਾ ਕੇ ਸਫ਼ੈਦ-ਪੋਸ਼ ਨੰਦ ਸਿੰਘ ਨੂੰ ਗੋਲੀ ਨਾਲ ਮਾਰ ਦਿੱਤਾ। ਫਿਰ ਸ. ਬਲਵੰਤ ਸਿੰਘ (ਦਫ਼ਤਰ ਸਕੱਤਰ ਅਕਾਲੀ ਜੱਥਾ ਜ਼ਿਲ੍ਹਾ ਲਾਹੌਰ) ਨੂੰ ਉਹਦੇ ਘਰ ਜਾ ਕੇ ਗੋਲੀ ਨਾਲ ਮਾਰਿਆ। ਸ. ਹੇਮ ਸਿੰਘ ਤੇ ਉਸ ਦੀ ਸਿੰਘਣੀ ਨੂੰ ਉਹਦੇ ਘਰ ਵਿਚ ਗੋਲੀ ਨਾਲ ਉਡਾਇਆ ਗਿਆ। ਥਾਣੇਦਾਰ ਸਣੇ ਮਿਲਟਰੀ ਫੋਰ ਜੱਥੇਦਾਰ ਕਰਮ ਸਿੰਘ (ਪ੍ਰਧਾਨ ਗੁ. ਪ੍ਰ. ਕਮੇਟੀ ਲਾਹੌਰ) ਦੇ ਘਰ ਜਾ ਪਿਆ। ਉਹ ਆਪ ਅੱਗੇ ਘਰ ਨਹੀਂ ਸੀ, ਇਸ ਵਾਸਤੇ ਬੱਚ ਗਿਆ। ਬਾਕੀ ਉਸ ਦੇ ਪਰਿਵਾਰ ਦੇ ਸੱਤ ਜੀਅ, ਜੋ ਘਰ ਵਿਚ ਸਨ, ਗੋਲੀ ਨਾਲ ਉਡਾ ਦਿੱਤੇ ਗਏ*। ਉਹਨਾਂ ਦੀਆਂ ਲੋਥਾਂ ਮਕਾਨ ਵਿਚ ਹੀ ਸੁੱਟ ਕੇ ਸਾੜ ਦਿੱਤੀਆਂ ਗਈਆਂ। ਸਣੇ ਮਾਲਕਾਂ ਮਕਾਨ ਸੁਆਹ ਦਾ ਢੇਰ ਬਣ ਕੇ ਰਹਿ ਗਿਆ। ਪਿੰਡ ਵਿਚੋਂ ਹੋਰ ਵੀ ਚੁਣਵੇਂ ਆਦਮੀ ਇਸੇ ਤਰ੍ਹਾਂ ਚੁਣ ਕੇ ਮਾਰੇ ਗਏ। ਦੂਜੇ ਪਾਸੇ ਪੱਤੀ ਰਸੀਂਹ ਉੱਤੇ ਹਮਲਾ ਕੀਤਾ ਗਿਆ। ਇਹ ਪੱਤੀ ਥਾਣੇ ਦੇ ਨੇੜੇ ਜਰਨੈਲੀ ਸੜਕ ਉੱਤੇ ਲਹਿੰਦੇ ਪਾਸੇ ਹੈ (ਬਾਕੀ ਸਾਰਾ ਪਿੰਡ ਚੜ੍ਹਦੇ ਪਾਸੇ)। ਸ. ਤਾਰਾ ਸਿੰਘ ਦੀ ਡਿਉਢੀ ਵਿਚ ੧੬ ਸਿੱਖ ਇਕੱਠੇ ਹੋਏ ਸਨ, ਜੋ ਪਿੰਡ ਦਿਆਂ ਮੁਸਲਮਾਨਾਂ ਨੂੰ ਭਰਾਵਾਂ ਵਾਂਗ ਵੱਸਣ ਵਾਸਤੇ ਕਹਿ ਰਹੇ ਸਨ, ਜਾਂ ਮਿਲਟਰੀ ਨੇ ਉਹਨਾਂ ਉੱਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਸਿੱਖ ਸਾਰੇ ਨਿਹੱਥੇ ਸਨ। ਪਿੰਡ ਦੇ ਮੁਸਲਮਾਨ ਵੀ ਪਾਸੇ ਤੋਂ ਬਰਛੀਆਂ ਲੈ ਕੇ ਕੁੱਦ ਪਏ। ੧੬ ਵਿਚੋਂ ੯ ਸਿੱਖ ਗੋਲੀ ਨਾਲ ਮਰੇ, ੪ ਬਰਛੀ ਨਾਲ ਤੇ ਤਿੰਨ ਬਰਛੀ ਨਾਲ ਫਟੜ ਹੋਏ। ਫਿਰ ਡਿਉਢੀ ਨੂੰ ਅੱਗ ਲਾ ਕੇ ਉਹਨਾਂ ਸ਼ਹੀਦਾਂ ਤੇ ਫਟੜਾਂ ਨੂੰ ਵਿਚੇ ਸਾੜ ਦਿੱਤਾ। ਇਹਨਾਂ ਵਿਚੋਂ

---

*ਜੱਥੇਦਾਰ ਕਰਮ ਸਿੰਘ ਜੀ ਦੀ ਸਿੰਘਣੀ, ਜੱਥੇਦਾਰ ਦਾ ਭਰਾ ਸ. ਮੋਹਾਂ ਸਿੰਘ, ਮੋਹਾਂ ਸਿੰਘ ਦਾ ਲੜਕਾ ਵਜ਼ੀਰ ਸਿੰਘ, ਵਜ਼ੀਰ ਸਿੰਘ ਦੀ ਸਿੰਘਣੀ, ਲੜਕਾ, ਇਕ ਦੁੱਧ ਚੁੰਘਦੀ ਲੜਕੀ ਤੇ ਸੱਤਵਾਂ ਜੱਥੇਦਾਰ ਦਾ ਇਕ ਹੋਰ ਭਤੀਜਾ।

ਪ੍ਰਸਿੱਧ ਨੰਦ ਸਿੰਘ, ਬੂੜ ਸਿੰਘ, ਤਾਰਾ ਸਿੰਘ, ਨੰਬਰਦਾਰ ਗੁਰਦਿੱਤ ਸਿੰਘ, ਦਲੀਪ ਸਿੰਘ, ਕਰਮ ਸਿੰਘ, ਸੋਹਣ ਸਿੰਘ, ਹੀਰਾ ਸਿੰਘ, ਸ਼ਿੰਗਾਰਾ ਸਿੰਘ ਸਨ। ਫਿਰ ਥਾਂ-ਥਾਂ ਤੋਂ ਮੁਸਲਮਾਨਾਂ ਦੇ ਘਰਾਂ ਵਿਚੋਂ ਗੋਲੀ ਚੱਲਣ ਲੱਗੀ, ਜੋ ਪੰਦਰਾਂ ਮਕਾਨਾਂ ਤੋਂ ਮੋਰਚਿਆਂ ਵਿਚੋਂ ਚੱਲਦੀ ਸੀ। ਕੁਝ ਥਾਵਾਂ ਤੋਂ ਸਿੱਖਾਂ ਦੇ ਮਕਾਨਾਂ ਤੋਂ ਵੀ ਜਵਾਬ ਵਿਚ ਗੋਲੀ ਚੱਲ ਰਹੀ ਸੀ। ਸ. ਦਲੀਪ ਸਿੰਘ ਆਪਣੇ ਮਕਾਨ ਵਿਚ ਬੈਠਾ ਸਾਰੀ ਰਾਤ ਗੋਲੀ ਚਲਾਉਂਦਾ ਰਿਹਾ। ਬਾਬੂ ਸੋਣ ਸਿੰਘ ਆਪਣੇ ਚੁਬਾਰੇ ਵਿਚੋਂ ਬਾਰਾਂ ਵਜੇ ਤੋਂ ਲੈ ਕੇ ਅਗਲੇ ਦਿਨ ਤੱਕ ਗੋਲੀ ਚਲਾਉਂਦਾ ਰਿਹਾ। ਅੰਤ ਹਿੰਦੂ ਮਿਲਟਰੀ ਦੇ ਆਉਣ ਉੱਤੇ ਉਹ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ ਗਿਆ, ਜੋ ੧੧ ਅਪ੍ਰੈਲ ਨੂੰ ਤਬਾਦਲੇ ਵਿਚ ਜਲੰਧਰ ਆਇਆ ਤੇ ਰਿਹਾ ਹੋਇਆ। ਹਿੰਦੂ ਸਿੱਖ ਸਾਰੇ ਆਪਣੇ ਮਕਾਨਾਂ ਵਿਚ ਬੰਦ ਹੋ ਗਏ ਸਨ। ਫ਼ੌਜ ਤੇ ਪੋਲੀਸ ਘਰਾਂ ਨੂੰ ਲੁਟਵਾ ਤੇ ਅੱਗਾਂ ਲੁਆ ਰਹੀ ਸੀ। ਅੱਧਾ ਦਿਨ ਤੇ ਸਾਰੀ ਰਾਤ ਏਹਾ ਕੁਝ ਹੁੰਦਾ ਰਿਹਾ। ਇਸ ਘਮਸਾਨ ਵਿਚ ੧੫੦ ਸਿੱਖ, ਛੇ ਮੁਸਲਮਾਨ ਤੇ ਚਾਰ ਸਿਪਾਹੀ ਮਰੇ। ੨੫੦ ਦੇ ਲਗਪਗ ਮਕਾਨ ਸੜ ਕੇ ਸੁਆਹ ਦਾ ਢੇਰ ਹੋ ਗਏ*। ਬਹੁਤ ਸਾਰੇ ਆਦਮੀ ਰਾਤ ਦੇ ਹਨੇਰੇ ਵਿਚ ਜਾਨਾਂ ਲੈ ਕੇ ਨੱਸ ਗਏ। ਸਾਰੀ ਰਾਤ ਅੱਗ ਦੀਆਂ ਲੰਬਾਂ ਦੂਰ ਤੱਕ ਦਿਸਦੀਆਂ ਰਹੀਆਂ। ੨੩ ਨੂੰ ਹਿੰਦੂ ਮਿਲਟਰੀ ਪਹੁੰਚੀ ਤੇ ਉਸ ਨੇ ਟਰੱਕਾਂ 'ਤੇ ਭਰ ਕੇ ਓਥੋਂ ਸਿੱਖਾਂ ਨੂੰ ਫ਼ੀਰੋਜ਼ਪੁਰ ਪੁਚਾ ਦਿੱਤਾ।

ਲਲਿਆਣੀ ਦੀ ਇਸ ਦੁਰਘਟਨਾ ਤੋਂ ਸਾਰਾ ਇਲਾਕਾ ਕੰਬ ਉਠਿਆ। ਬਾਕੀ ਪਿੰਡਾਂ ਨੇ ਵੀ ਇਸੇ ਵਿਚ ਭਲਾਈ ਸਮਝੀ ਕਿ ਉਹ ਘਰ ਬਾਰ ਛੱਡ ਕੇ ਹਿੰਦੁਸਤਾਨ ਚਲੇ ਜਾਣ। ਦਫ਼ਤਰ, ਉਰਾੜਾ, ਮੱਤਾ, ਰਾਜਾ ਜੰਗ, ਥੰਮਣ ਆਦਿ ਪਿੰਡ ਸਾਮਾਨ ਲੱਦ ਕੇ ਨਿਕਲ ਤੁਰੇ। ਇਹਨਾਂ ਵਿਚੋਂ ਕਈਆਂ ਨਾਲ ਕਿਤੇ-ਕਿਤੇ ਥੋੜ੍ਹੀ ਬਹੁਤੀ ਗੜਬੜ ਹੋਈ। ਪਿੰਡਾਂ ਦੇ ਕੌਮੀ ਸਾਮਾਨ ਲੁੱਟਣ ਨੂੰ ਤਿਆਰ ਹੋ ਪਏ, ਪਰ ਜਦੋਂ ਅੱਗੋਂ ਸਿੱਖਾਂ ਨੇ ਹਥਿਆਰ ਸੰਭਾਲੇ ਤਾਂ ਉਹ ਦੂਰੋਂ-ਦੂਰੋਂ ਹੀ ਨਾਅਰੇ ਲਾਉਂਦੇ ਰਹੇ। ਜਿੱਥੇ ਕਿਤੇ ਟਾਕਰਾ ਹੋਇਆ, ਸਿੱਖਾਂ ਨਾਲੋਂ ਮੁਸਲਮਾਨ ਵਧੇਰੇ ਮਰੇ। ਰਾਹ ਵਿਚ ਟਾਕਰੇ ਹੁੰਦੇ ਆਏ ਤੇ ਹਥਿਆਰਾਂ ਦੇ ਬਲ ਸਿੱਖ ਲੜਦੇ ਲੜਾਉਂਦੇ ਹਿੰਦ ਦੀ ਹੱਦ ਅੰਦਰ ਪਹੁੰਚ ਗਏ। ਜੇ ਅਸੀਂ ਇਕ-ਇਕ ਪਿੰਡ ਦਾ ਵਰਨਣ ਕਰੀਏ ਤਾਂ ਪੁਸਤਕ ਬਹੁਤ ਵੱਡੀ ਹੋ ਜਾਣ ਦਾ ਡਰ ਹੈ। ਨਮੂਨੇ ਮਾਤਰ ਖ਼ਾਸ-ਖ਼ਾਸ ਥਾਂ ਲਿਖੇ ਹਨ, ਜਿਸ ਤੋਂ ਬਾਕੀ ਇਲਾਕਿਆਂ ਬਾਰੇ ਪਤਾ ਲੱਗ ਸਕਦਾ ਹੈ।

ਪੱਤੋਕੀ

ਪੱਤੋਕੀ ੨੦ ਹਜ਼ਾਰ ਵੱਸੋਂ ਦੀ ਬੜੀ ਰੌਣਕੀ ਮੰਡੀ ਸੀ। ਓਥੋਂ ਦਾ ਮੁਸਲਮ ਲੀਗੀ ਡੀ. ਐਸ. ਪੀ. (ਡਿਪਟੀ ਸੁਪਰਿੰਟੈਂਡੈਂਟ ਪੋਲੀਸ) ਅੜਾਉਂਲਾ ਹਿੰਦੂ ਸਿੱਖਾਂ ਨੂੰ ਤਬਾਹ ਕਰਨ ਦੀ ਠਾਣੀ ਬੈਠਾ ਸੀ। ਮੰਡੀ ਵਿਚ ਮੁਸਲਮਾਨਾਂ ਦੀ ਗਿਣਤੀ ਥੋੜ੍ਹੀ ਹੀ ਸੀ। ਵਧੇਰੇ ਵੱਸੋਂ ਅਮੀਰ ਹਿੰਦੂ ਸਿੱਖਾਂ ਦੀ ਸੀ। ਓਥੋਂ ਦਾ ਅਕਾਲੀ ਜੱਥਾ ਪੁਲੀਸ ਨੂੰ ਬਹੁਤ ਚੁੱਭਦਾ ਸੀ। ਅਕਾਲੀ ਜੱਥੇ ਦਾ

*ਬਿਆਨ ਸ. ਪ੍ਰੀਤਮ ਸਿੰਘ ਭੋਲੇ ਕੇ (ਲਲਿਆਣੀ)।

ਜਥੇਦਾਰ ਸ. ਜੋਗਾ ਸਿੰਘ ਬੜਾ ਦਲੇਰ ਤੇ ਕੰਮ ਕਰਨ ਵਾਲਾ ਸੀ। ਉਹ ਫ਼ਰੀਦਕੋਟ ਤੋਂ ਹਥਿਆਰ ਲਿਆ ਕੇ ਇਲਾਕੇ ਦੇ ਸਿੱਖਾਂ ਤੱਕ ਪੁਚਾਉਂਦਾ ਸੀ। ਪੁਲੀਸ ਨੂੰ ਇਸ ਗੱਲ ਦੀ ਸੂਹ ਲੱਗ ਗਈ। ਡੀ. ਐਸ. ਪੀ. ਤੇ ਥਾਣੇਦਾਰ ਨੇ ੧੬ ਅਗਸਤ ਨੂੰ ਸ. ਜੋਗਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਡਾਂਗਾਂ ਨਾਲ ਏਨਾ ਮਾਰਿਆ ਕਿ ਉਹ ਬੇਹੋਸ਼ ਹੋ ਗਿਆ। ਬੇਸੁੱਧ ਪਏ ਨੂੰ ਮੰਜੇ 'ਤੇ ਪਾ ਕੇ ਹਵਾਲਾਤ ਅੰਦਰ ਪੁਚਾ ਦਿੱਤਾ ਗਿਆ*।

ਉਸੇ ਦਿਨ ਪੰਜ ਆਦਮੀ ਹੋਰ ਗ੍ਰਿਫ਼ਤਾਰ ਕਰ ਲਏ ਗਏ। ੧੭ ਸ਼ਾਮ ਨੂੰ ਐਲਾਨ ਵਿਚ ਇਹ ਇਲਾਕਾ ਪਾਕਿਸਤਾਨ ਅੰਦਰ ਦੱਸਿਆ ਗਿਆ ਤਾਂ ਲੀਗੀ ਪੁਲੀਸ ਦੇ ਹੌਸਲੇ ਬੜੇ ਵੱਧ ਗਏ। ਉਧਰ ਕਸੂਰ ਤੇ ਲਾਹੌਰ ਦੀਆਂ ਖ਼ਬਰਾਂ ਸੁਣ ਕੇ ਹਿੰਦੂ ਸਿੱਖ ਸਗੋਂ ਘਬਰਾ ਗਏ। ਡੀ. ਐਸ. ਪੀ. ਨੇ ਮੰਡੀ ਦੇ ਪਤਵੰਤਿਆਂ ਨੂੰ ਉਪਰੋਂ-ਉਪਰੋਂ ਤਸੱਲੀ ਦਿੱਤੀ ਤੇ ਅੰਦਰੋਂ-ਅੰਦਰ ਉਹਨਾਂ ਦੀ ਤਬਾਹੀ ਦੀ ਤਿਆਰੀ ਆਰੰਭ ਦਿੱਤੀ, ਜੋ ੨੦ ਤੱਕ ਪੂਰੀ ਹੋ ਗਈ। ਮੁਹੰਮਦ ਅਕਬਰ** ਪਿੰਡ ਵਾਂ ਆਧਣ, ਸਫ਼ੈਦਪੋਸ਼ ਮੁਹੰਮਦ ਸ਼ਰੀਫ਼ ਪੱਤੋਕੀ, ਚੌਧਰੀ ਮੁਹੰਮਦ ਸ਼ਰੀਫ਼ ਹਰੋਚਕੇ ਆਦਿ ਇਲਾਕੇ ਦੇ ਮੁਸਲਮਾਨ ਇਕੱਠੇ ਕਰਕੇ ਪੱਤੋਕੀ ਵਿਚ ਆਣ ਵੜੇ। ਪੁਲੀਸ ਦੀ ਮਦਦ ਨਾਲ ਮੁਸਲਮਾਨਾਂ ਨੇ ਮੰਡੀ ਵਿਚ ਦੁਕਾਨਾਂ ਲੁੱਟਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਈ ਥਾਈਂ ਛੁਰੇ ਵੀ ਮਾਰੇ। ਦੋ ਵਜੇ ਦੁਪਹਿਰ ਨੂੰ ਮੁਲਤਾਨ ਵੱਲੋਂ ਸਿੰਧ ਐਕਸਪ੍ਰੈਸ ਆਈ। ਡਰਾਈਵਰ ਮੁਸਲਮਾਨ ਸੀ, ਉਸ ਨੇ ਮੁਸਲਮ ਇਕੱਠ ਵੇਖ ਕੇ ਸਿਗਨਲ ਤੋਂ ਬਾਹਰ ਹੀ ਗੱਡੀ ਰੋਕ ਦਿੱਤੀ। ਮੁਸਲਮਾਨ ਹਮਲਾ ਕਰਨ ਵਾਸਤੇ ਅਗਾਂਹ ਵਧੇ। ਗੱਡੀ ਵਿਚ ਹਿੰਦੂ ਮਿਲਟਰੀ ਸੀ, ਉਹਨੇ ਗੋਲੀ ਚਲਾਉਣ ਦੀ ਧਮਕੀ ਦਿੱਤੀ ਤਾਂ ਲੁਟੇਰੇ ਪਿਛਾਂਹ ਹੱਟ ਗਏ। ਗੱਡੀ ਸਟੇਸ਼ਨ 'ਤੇ ਆ ਖਲੋਤੀ। ਸਟੇਸ਼ਨ 'ਤੇ ਬਹੁਤ ਸਾਰੇ ਹਿੰਦੂ ਸਿੱਖ ਗੱਡੀ ਚੜ੍ਹਨ ਵਾਸਤੇ ਖੜੇ ਸਨ, ਪਰ ਥਾਂ ਨਾ ਹੋਣ ਕਰਕੇ ਉਹ ਚੜ੍ਹ ਨਾ ਸਕੇ। ਮੁਸਲਮ ਪੁਲੀਸ ਨੇ ਸਿੱਖਾਂ ਕੋਲੋਂ ਕ੍ਰਿਪਾਨਾਂ ਖੋਹ ਲਈਆਂ ਤੇ ਸਾਮਾਨ ਲੁੱਟ ਲਿਆ। ਪਿੱਛਲੇ ਪਹਿਰ ਹਾਲਤ ਹੋਰ ਵਿਗੜ ਗਈ। ਹਿੰਦੂ, ਸਿੱਖ, ਪੁਲੀਸ ਦਾ ਇਹ ਰਵੱਈਆ ਵੇਖ ਕੇ ਮੰਡੀ ਵਿਚ ਨੱਸਣ ਲੱਗ ਪਏ। ਡੀ. ਐਸ. ਪੀ. ਨੇ ਪੁਲਸ ਤੇ ਮੁਲਖਈਏ ਨਾਲ ਸਾਰੀ ਮੰਡੀ ਨੂੰ ਘੇਰਾ ਪਾ ਲਿਆ।

---

*ਕੁਝ ਦਿਨਾਂ ਪਿੱਛੋਂ ਜ. ਜੋਗਾ ਸਿੰਘ ਨੂੰ ਕਸੂਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਤੇ ਫਿਰ ਤਬਾਦਲੇ ਵਾਸਤੇ ਲਾਹੌਰ ਸੈਂਟਰਲ ਜੇਲ੍ਹ ਵਿੱਚ। ੧੧ ਅਪ੍ਰੈਲ ਨੂੰ ਉਹ ਬਾਕੀ ਕੈਦੀਆਂ ਨਾਲ ਤਬਾਦਲੇ ਵਿੱਚ ਜਲੰਧਰ ਲਿਆਂਦਾ ਗਿਆ ਤੇ ਰਿਹਾ ਕੀਤਾ ਗਿਆ।

**ਮੁਹੰਮਦ ਅਕਬਰ ਨਕਈ (ਬਾਰਾਂ ਸਿੱਖ ਮਿਸਲਾਂ ਵਿੱਚੋਂ ਇਕ) ਘਰਾਣੇ ਵਿੱਚੋਂ ਹੈ। ਇਸ ਦਾ ਪਿਤਾ ਅਬਦੁਲ ਅਜ਼ੀਜ਼ (ਪਹਿਲਾ ਨਾਂ ਸ. ਈਸ਼ਰ ਸਿੰਘ) ਮੁਸਲਮਾਨ ਬਣਿਆ ਸੀ। ਇਸ ਘਰਾਣੇ ਵਿੱਚੋਂ ਜਿਹੜੇ ਸਿੱਖ ਰਹਿ ਗਏ ਹਨ, ਉਹਨਾਂ ਦੇ ਮੁਖੀ ਇਸ ਵੇਲੇ ਸ. ਹਰਦਿਆਲ ਸਿੰਘ ਜੀ ਹਨ, ਜੋ ਅੱਜਕੱਲ ਜ਼ੀਰੇ ਰਹਿੰਦੇ ਹਨ।

ਪੰਜ ਵਜੇ ਸ਼ਾਮ ਨੂੰ ਉਸ ਨੇ ਹੁਕਮ ਦਿੱਤਾ ਕਿ ਸਾਰੀ ਮੰਡੀ ਸਾੜ ਦਿਉ ਤੇ ਸਭ ਹਿੰਦੂ ਸਿੱਖ ਗੋਲੀ ਨਾਲ ਉਡਾ ਦਿਉ। ਫੇਰ ਕੀ ਸੀ ? ਸਾਰੇ ਸ਼ਹਿਰ ਵਿਚ ਅੰਧਾਧੁੰਧ ਗੋਲੀ ਚੱਲਣ ਲੱਗ ਪਈ। ਮਕਾਨ ਦੁਕਾਨ ਲੁੱਟ ਕੇ ਪਿੱਛੋਂ ਲੁਟੇਰੇ ਅੱਗ ਲਾ ਦੇਂਦੇ। ਜੋ ਮਕਾਨ ਦੇ ਅੰਦਰ ਹੁੰਦਾ, ਅੰਦਰੇ ਸੜ ਜਾਂਦਾ ਤੇ ਜਿਹੜਾ ਬਾਹਰ ਭੱਜਣ ਦਾ ਯਤਨ ਕਰਦਾ, ਗੋਲੀ ਦਾ ਨਿਸ਼ਾਨਾ ਬਣਾ ਦਿੱਤਾ ਜਾਂਦਾ। ਸਾਰੀ ਰਾਤ ਗੋਲੀ ਚੱਲਦੀ ਰਹੀ ਤੇ ਅੱਗ ਦੀਆਂ ਲਾਟਾਂ ਨਿਕਲਦੀਆਂ ਰਹੀਆਂ। ਨਵੀਂ ਮੰਡੀ ਸਾਰੀ ਦੀ ਸਾਰੀ ਸੜ ਕੇ ਸੁਆਹ ਹੋ ਗਈ ਤੇ ਪੁਰਾਣੀ ਮੰਡੀ ਵਿਚੋਂ ਵੀ ਬਹੁਤ ਸਾਰੇ ਮਕਾਨ ਅਗਨ ਭੇਟ ਹੋ ਗਏ। ਇਕ ਹਜ਼ਾਰ ਤੋਂ ਵੱਧ ਹਿੰਦੂ ਸਿੱਖ ਮੰਡੀ ਵਿਚ ਗੋਲੀ ਦਾ ਨਿਸ਼ਾਨਾ ਬਣਾਏ ਗਏ*। ੨੧ ਅਗਸਤ ਦਾ ਸੂਰਜ ਚੜ੍ਹਨ ਤੱਕ ਪੱਤੋਕੀ ਵਿਚ ਇਕ ਵੀ ਹਿੰਦੂ ਸਿੱਖ ਨਹੀਂ ਰਹਿ ਗਿਆ ਸੀ। ਕੁਝ ਮਾਰੇ ਗਏ ਤੇ ਬਾਕੀ ਜਾਨਾਂ ਲੈ ਕੇ ਨੱਸ ਗਏ।

ਇਸ ਘਟਨਾ ਤੋਂ ਸਾਰੀ ਤਹਿਸੀਲ ਚੂਣੀਆ ਵਿਚ ਡਰ ਛਾ ਗਿਆ। ਛੋਟੇ-ਛੋਟੇ ਪਿੰਡਾਂ ਵਾਲੇ ਘਰ ਛੱਡ ਕੇ ਵੱਡੇ ਪਿੰਡਾਂ ਵਿਚ ਚਲੇ ਗਏ। ਦੂਜੇ ਪਾਸੇ ਪਾਕਪਟਨ ਲਾਈਨ ਉੱਤੇ, ਮੁਹੰਮਦ ਹੁਸੈਨ ਗੰਜਿਆਂ ਵਾਲੇ ਨੇ ਮੁਸਲਮਾਨਾਂ ਨੂੰ ਬੜਾ ਭੜਕਾਇਆ ਹੋਇਆ ਸੀ। ਥਾਂ-ਥਾਂ ਪਿੰਡਾਂ ਦੇ ਬਦਮਾਸ਼ਾਂ ਨੂੰ ਹਿੰਦੂ ਸਿੱਖਾਂ ਉੱਤੇ ਹਮਲੇ ਕਰਨ ਦੀ ਸਾਰੀ ਗੋਂਦ ਸਮਝਾਈ ਹੋਈ ਸੀ। ਕਸੂਰ ਤੇ ਪੱਤੋਕੀ ਦੇ ਹਾਲ ਸੁਣ ਕੇ ਹਠਾੜ ਦੇ ਮੁਸਲਮਾਨਾਂ ਨੇ ਢੋਲ ਮਾਰ ਕੇ ਲਾਗੇ ਦੇ ਪਿੰਡਾਂ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਕਈਆਂ ਪਿੰਡਾਂ ਦੇ ਸਿੱਖਾਂ ਨੇ ਅੱਗੋਂ ਅਜਿਹਾ ਟਾਕਰਾ ਕੀਤਾ ਕਿ ਲੁਟੇਰਿਆਂ ਨੂੰ ਭੱਜ ਜਾਣ ਬਿਨਾਂ ਬਚਾਉ ਦਾ ਕੋਈ ਰਾਹ ਨਾ ਦਿੱਸਿਆ। ੨੨ ਅਗਸਤ ਨੂੰ ਢੋਲਣ ਹਠਾੜ ਉੱਤੇ ਮੁਸਲਮਾਨਾਂ ਨੇ ਤਿੰਨ ਵਾਰ ਹੱਲਾ ਕੀਤਾ ਤੇ ਹਰ ਵਾਰ ਕੁਝ ਬੰਦੇ ਮਰਵਾ ਕੇ ਪਿੱਛੇ ਹੱਟਦੇ ਰਹੇ। ਸੱਤ ਮੁਸਲਮਾਨ ਇੱਕੋ ਪਿੰਡ—ਬਾਕਰਕੇ—ਦੇ ਕਤਲ ਹੋਏ। ਅੰਤ ਪਿੰਡ ਬੋਟੂ ਦੇ ਮੁਸਲਮਾਨ ਨੰਬਰਦਾਰ ਨੇ ਢੋਲਣ ਵਾਲਿਆਂ ਤੋਂ ੧੯ ਹਜ਼ਾਰ ਰੁਪਏ ਲੈ ਕੇ ਉਹਨਾਂ ਨੂੰ ਹੱਦ ਟਪਾਉਣ ਦਾ ਇਕਰਾਰ ਕੀਤਾ। ਢੋਲਣ ਵਾਲੇ ਹਿੰਦੂ ਸਿੱਖ ਘਰ ਛੱਡ ਕੇ ਉਸ ਨੰਬਰਦਾਰ ਨਾਲ ਤੁਰ ਪਏ। ਜਦ ਉਹ ਦਿਪਾਲਪੁਰ ਵਾਲੀ ਨਹਿਰ ਦੇ ਪੁਲ ਬੁਰਜੀ ੫੬ ਉੱਤੇ ਪਹੁੰਚੇ ਤਾਂ ਓਥੇ ਪਹਿਲਾਂ ਬਿਠਾਏ ਹੋਏ ਪਠਾਣਾਂ ਨੇ ਉਹਨਾਂ ਉੱਤੇ ਬੰਦੂਕਾਂ ਨਾਲ ਹਮਲਾ ਕਰ ਦਿੱਤਾ। ਇਹ ਸਾਰੀ ਗੋਂਦ ਉਸ ਬੋਟੂ ਵਾਲੇ ਨੰਬਰਦਾਰ ਦੀ ਸੀ। ਏਥੇ ੧੨੫ ਹਿੰਦੂ ਸਿੱਖ ਮਾਰੇ ਗਏ ਤੇ ਬਾਕੀ ਸਾਮਾਨ ਛੱਡ ਕੇ ਨੱਸ ਉੱਠੇ। ਪਠਾਣ ਸਾਮਾਨ ਲੁੱਟਣ ਲੱਗ ਪਏ, ਇਸ ਵਾਸਤੇ ਭੱਜਣ ਵਾਲਿਆਂ ਨੂੰ ਜਾਨਾਂ ਬਚਾਉਣ ਦਾ ਸਮਾਂ ਮਿਲ ਗਿਆ। ਇਹ ਘਟਨਾ ੨੩ ਅਗਸਤ ਦੀ ਹੈ।

[illegible] ਸਿੰਘ ਜੀ, ਪਿੰਡ ਪੂੰ[illegible] ਚੂਨੀਆਂ।

Sri Satguru Jagjit Singh Ji eLibrary NamdhariElibrary@gmail.com

ਇਸ ਇਲਾਕੇ ਵਿਚ ਜੋਧ ਸਿੰਘ ਵਾਲੇ ਦੇ ਸਿੱਖ ਸਰਦਾਰ ਪ੍ਰਸਿੱਧ ਸਨ।

ਜੋਧ ਸਿੰਘ ਵਾਲਾ

ਉਹਨਾਂ ਕੋਲ ਬੰਦੂਕਾਂ, ਪਸਤੌਲ ਤੇ ਹੋਰ ਮਾਰੂ ਹਥਿਆਰ ਵੀ ਸਨ। ੧੯ ਤੋਂ ੨੨ ਤੱਕ ਉਹ ਉਦਾਲੇ ਦੇ ਛੋਟੇ-ਛੋਟੇ ਪਿੰਡਾਂ ਨੂੰ ਬਚਾਉਂਦੇ ਰਹੇ, ਪਰ ਜਦ ਹਾਲਾਤ ਬਹੁਤੇ ਹੀ ਵਿਗੜ ਗਏ ਤਾਂ ਉਹ ੨੨ ਅਗਸਤ ਸ਼ਾਮ ਦੇ ਪੰਜ ਵਜੇ ਪਿੰਡੋਂ ਨਿਕਲ ਪਏ*। ਉਦਾਲੇ ਪੁਦਾਲੇ ਦੇ ਕਈਆਂ ਪਿੰਡਾਂ ਦੇ ਹਿੰਦੂ ਸਿੱਖ ਓਥੇ ਆਏ ਹੋਏ ਸਨ। ਸਾਰੇ ਜੱਥਾ ਬਣਾ ਕੇ ਤੁਰ ਪਏ ਤੇ ਰਾਤ ਵੀਰਮ ਆ ਰਹੇ। 'ਵੀਰਮ' ਪਿੰਡ ਉੱਤੇ ਅੱਗੇ ਦੋ ਤਿੰਨ ਹਮਲੇ ਹੋ ਚੁੱਕੇ ਸਨ, ਪਰ ਓਥੋਂ ਦੇ ਸਿੱਖਾਂ ਨੇ ਮਰਦਾਂ ਵਾਂਗ ਟਾਕਰਾ ਕਰਕੇ ਹਰ ਵਾਰ ਬਲਵਈਆਂ ਨੂੰ ਭਜਾ ਦਿੱਤਾ ਸੀ। ਦੋਹਾਂ ਪਾਸਿਆਂ ਦੇ ਕੁਝ ਆਦਮੀ ਮਾਰੇ ਵੀ ਗਏ ਸਨ। ਇਸ ਜੱਥੇ ਨੂੰ ਰਾਹ ਵਿਚ ਕਈ ਥਾਈਂ ਟਾਕਰਾ ਕਰਨਾ ਪਿਆ, ਪਰ ਜਾਨਾਂ ਦਾ ਬਹੁਤਾ ਨੁਕਸਾਨ ਨਹੀਂ ਹੋਇਆ। ਜਦ ਇਹ ਬੁੰਗੇ ਪੁੱਜੇ ਤਾਂ ਅੱਗੋਂ ਪਿੰਡ ਨੂੰ ਅੱਗ ਲੱਗੀ ਹੋਈ ਸੀ ਤੇ ਮੁਸਲਮਾਨ ਚੁਫੇਰਿਓਂ ਲੁੱਟ ਰਹੇ ਸਨ। ਜਦ ਇਸ ਜੱਥੇ ਨੇ ਜੈਕਾਰੇ ਛੱਡੇ ਤਾਂ ਲੁਟੇਰੇ ਛੱਡ ਕੇ ਭੱਜ ਗਏ। ਬੁੰਗੇ ਵਿਚ ਘਿਰੇ ਹੋਏ ਸਿੱਖਾਂ ਨੂੰ ਬਚਾਇਆ। ਇਕ ਮਕਾਨ ਵਿਚ ਵਾੜ ਕੇ ਸਾੜੀਆਂ ਹੋਈਆਂ ਕੁਝ ਇਸਤਰੀਆਂ ਨੂੰ ਕੱਢ ਕੇ ਜੱਥੇ ਨਾਲ ਰਲਾ ਕੇ ਅੱਗੇ ਚੱਲੇ। ੨੩ ਨੂੰ ਪਿੱਛਲੇ ਪਹਿਰ ਇਹ ਦਸ-ਕੁ ਹਜ਼ਾਰ ਦਾ ਜੱਥਾ ਹਿੰਦੁਸਤਾਨ ਦੀ ਹੱਦ ਅੰਦਰ ਸੰਗੋਂਵਾਲੇ ਆਣ ਪੁੱਜਾ।

ਜੋਧ ਸਿੰਘ ਵਾਲੇ ਵਿਚ ੩੦ ਹਿੰਦੂ ਓਥੇ ਹੀ ਰਹਿ ਗਏ ਸਨ, ਜੋ ਮੁਸਲਮਾਨ ਬਣਾ ਲਏ ਗਏ। ਜਦ ਇਲਾਕਾ ਸਿੱਖਾਂ ਤੋਂ ਖ਼ਾਲੀ ਹੋ ਗਿਆ ਤਾਂ ਪਹਿਲਾਂ ਉਹਨਾਂ ਹਿੰਦੂਆਂ ਦੀਆਂ ਨੂੰਹਾਂ-ਧੀਆਂ ਦੂਜੇ ਮੁਸਲਮਾਨਾਂ ਨੇ ਬਦੋ-ਬਦੀ ਘਰੀਂ ਪਾ ਲਈਆਂ ਤੇ ਫੇਰ ਆਦਮੀਆਂ ਨੂੰ ਦਰਿਆ ਦੇ ਕੰਢੇ ਲਿਜਾ ਕੇ ਮਾਰ ਕੇ ਰੋੜ੍ਹ ਦਿੱਤਾ। ਅਜਿਹੀਆਂ ਘਟਨਾਵਾਂ ਕਈ ਥਾਈਂ ਹੋਈਆਂ ਕਿ ਪਹਿਲਾਂ ਮੁਸਲਮਾਨ ਬਣਾ ਕੇ ਫੇਰ ਇਸਤਰੀਆਂ ਖੋਹ ਕੇ ਸਾਮਾਨ ਲੁਟ ਕੇ ਬੰਦੇ ਕਤਲ ਕਰ ਦਿੱਤੇ ਗਏ।

੨੩ ਅਗਸਤ ਨੂੰ ਵਾਉਕੇ, ਜੱਜਲ ਆਦਿ ਹੋਰ ਕਈ ਪਿੰਡ ਲੁੱਟੇ ਗਏ। ੨੪

ਤਲਵੰਡੀ

ਅਗਸਤ ਨੂੰ ਦਸ ਹਜ਼ਾਰ ਮੁਸਲਮਾਨ ਪਿੰਡ ਤਲਵੰਡੀ (ਤਹਿਸੀਲ ਚੂਣੀਆਂ) ਉੱਤੇ ਆਣ ਪਏ। ਪਿੰਡ ਵਿਚ ਪੰਜ ਕੁ ਸੌ ਪੱਗ ਬੰਨ੍ਹ ਸਿੱਖ ਸੀ। ਪੰਜ ਸੌ ਨੇ ਦਸ ਹਜ਼ਾਰ ਦਾ ਇਸ ਬਹਾਦਰੀ ਨਾਲ ਟਾਕਰਾ ਕੀਤਾ ਕਿ ਮੁਸਲਮਾਨਾਂ ਨੂੰ ਤਿੰਨ ਵਾਰ ਪਿੜ ਛੱਡ ਕੇ ਨੱਸਣਾ ਪਿਆ। ਇਸ ਲੜਾਈ ਵਿਚ ਪੰਜ ਸੌ ਤੋਂ ਵੱਧ ਮੁਸਲਮਾਨ ਮਾਰੇ ਗਏ। ਅੰਤ ਪਿੰਡ ਵਾਲਿਆਂ ਕੋਲੋਂ ਦਾਰੂ ਸਿੱਕਾ ਮੁੱਕ ਗਿਆ। ਮੁਸਲਮਾਨਾਂ ਨੇ ਚੌਥੀ ਵਾਰ ਬੰਦੂਕਾਂ ਤੇ ਸਟੇਨਗੰਨਾਂ ਨਾਲ ਹਮਲਾ ਕੀਤਾ ਤਾਂ ਉਹ ਪਿੰਡ ਵਿਚ ਆਣ ਵੜਨ ਵਿਚ ਸਫਲ ਹੋ ਗਏ। ਸਾਰਾ ਪਿੰਡ ਤਬਾਹ ਕਰ ਦਿੱਤਾ ਗਿਆ। ਥੜ੍ਹੇ ਥੋੜ੍ਹੇ ਬੰਦੇ ਜਾਨਾਂ ਲੈ ਕੇ ਨਿਕਲ ਸਕੇ। ਬਾਲ ਬੱਚੇ

*ਬਿਆਨ ਗ. ਬਖ਼ਸ਼ੀਸ਼ ਸਿੰਘ ਜੀ, ਜੋਧ ਸਿੰਘ ਵਾਲਾ, ਤਹਿਸੀਲ ਚੂਣੀਆਂ।

Sri Satguru Jagjit Singh Ji eLibrary NamdhariElibrary@gmail.com

ਤਾਂ ਓਹਾ ਬਚ ਸਕੇ, ਜੋ ਪਹਿਲਿਆਂ ਹੱਲਿਆਂ ਵਿਚ ਹੀ ਪਿੰਡੋਂ ਬਾਹਰ ਚਲੇ ਗਏ। ਅੰਤਲੇ ਸੁਆਸਾਂ ਤੱਕ ਸਿੱਖ ਅੱਗੋਂ ਟਾਕਰਾ ਕਰਦੇ ਰਹੇ ਤੇ ਹਿੱਕ ਵਿਚ ਗੋਲੀਆਂ ਖਾ ਕੇ ਡਿੱਗਦੇ ਰਹੇ। ਪਿੰਡ ਵਿਚ ਵੜਦਿਆਂ ਹੀ ਲੁਟੇਰਿਆਂ ਨੇ ਅੱਗਾਂ ਲਾਉਣੀਆਂ ਆਰੰਭ ਦਿੱਤੀਆਂ। ਚਾਲੀ ਕੁ ਘਰ ਸੜ ਕੇ ਸੁਆਹ ਹੋ ਗਏ ਤੇ ਪੰਜ ਸੌ ਦੇ ਲਗਪਗ ਸਿੱਖ ਕਤਲ ਹੋਏ। ਸ਼ਹੀਦ ਹੋਣ ਵਾਲਿਆਂ ਵਿਚੋਂ ਪ੍ਰਸਿੱਧ ਖੁਸ਼ਹਾਲ ਸਿੰਘ, ਸੋਣ ਸਿੰਘ, ਕਰਮ ਸਿੰਘ, ਕੇਹਰ ਸਿੰਘ, ਕਰਤਾਰ ਸਿੰਘ, ਅਜਾਇਬ ਸਿੰਘ, ਚਤਰ ਸਿੰਘ, ਦਲੀਪ ਸਿੰਘ, ਦਲ ਸਿੰਘ ਸਨ। ਬੀਬੀ ਈਸਰੋ (ਸ. ਸੋਣ ਸਿੰਘ ਦੀ ਧਰਮ ਪਤਨੀ ਤੇ ਸ. ਕਿਸ਼ਨ ਸਿੰਘ* ਦੀ ਭੈਣ) ਦੀ ਪੁਰਾਤਨ ਸਿੰਘਣੀਆਂ ਵਾਲੀ ਬਹਾਦਰੀ ਸਦਾ ਯਾਦ ਰਹੇਗੀ। ਜਦ ਮੁਸਲਮਾਨ ਉਸ ਦੇ ਘਰ ਉੱਤੇ ਪਏ ਤਾਂ ਉਹ ਕ੍ਰਿਪਾਨ ਧੂਹ ਕੇ ਸ਼ੀਹਣੀ ਵਾਂਗ ਉਹਨਾਂ ਉੱਤੇ ਝਪਟ ਪਈ। ਚਾਰ ਮੁਸਲਮਾਨ ਉਸ ਨੇ ਆਪਣੀ ਸ੍ਰੀ ਸਾਹਿਬ ਨਾਲ ਝਟਕਾਏ। ਅੰਤ ਪਿੱਛੋਂ ਖਲੋਤੇ ਇਕ ਮੁਸਲਮਾਨ ਨੇ ਉਸ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਉਹ ਸ਼ਹੀਦ ਹੋ ਗਈ। ਸਾਰੇ ਇਲਾਕੇ ਵਿਚੋਂ ਤਲਵੰਡੀ ਦੀ ਬਹੁਤੀ ਤਬਾਹੀ ਹੋਈ ਹੈ। ਬਿਆਨ ਲਿਖਾਉਣ ਵਾਲੇ ਸ. ਕਿਸ਼ਨ ਸਿੰਘ ਦੇ ਪਰਿਵਾਰ ਦੇ ਵੀਹ ਜੀਅ ਮਾਰੇ ਗਏ। ਸ. ਵਜ਼ੀਰ ਸਿੰਘ ਦੇ ਪਰਿਵਾਰ ਦੇ ਸੱਠ ਜੀਅ ਸਨ, ਜਿਨ੍ਹਾਂ ਵਿਚੋਂ ਉਹ ਇਕੱਲਾ ਬਚ ਕੇ ਹਿੰਦੁਸਤਾਨ ਪੁੱਜਾ ਹੈ।

ਕੰਗਣਪੁਰ ਤੇ ਉਸ ਦੇ ਉਦਾਲੇ ਦੇ ਪਿੰਡਾਂ ਦਾ ਵੀ ਬੁਰਾ ਹਾਲ ਹੋਇਆ।

ਜਮਸ਼ੇਰ ਦੇਊ ਸਿਆਲ

ਖ਼ਾਸ ਕਰ ਜਮਸ਼ੇਰ ਦੇ ਦੇਊ ਸਿਆਲ ਨਾਲ ਸਭ ਨਾਲੋਂ ਵਧੇਰੇ ਜ਼ੁਲਮ ਤੇ ਵਿਸਾਹਘਾਤ ਹੋਇਆ। ਮੁਸਲਮ ਪੁਲੀਸ ਨੇ ਕਿਹਾ ਕਿ ਇਲਾਕੇ ਵਿਚ ਬੜੀ ਮਾਰ ਧਾੜ ਹੋ ਰਹੀ ਹੈ, ਜੇ ਤੁਸੀ ਪਿੰਡ ਛੱਡ ਦਿਓ ਤਾਂ ਅਸੀਂ ਤੁਹਾਨੂੰ ਹਿੰਦੁਸਤਾਨ ਪੁਚਾ ਦਿਆਂਗੇ। ਸਾਰਾ ਪਿੰਡ ਇਤਬਾਰ ਕਰਕੇ ਇਕ ਥਾਂ ਇਕੱਠਾ ਹੋ ਗਿਆ। ਪੁਲੀਸ ਨੇ ਪਹਿਲਾਂ ਉਹਨਾਂ ਦਾ ਮਾਲ ਅਸਬਾਬ ਖੋਹ ਲਿਆ ਤੇ ਫਿਰ ਸਭ ਨੂੰ ਗੋਲੀ ਨਾਲ ਉਡਾ ਦਿੱਤਾ। ਇਹ ਘਟਨਾ ੨੫ ਅਗਸਤ ਦੀ ਹੈ। ਏਨੇ ਚਿਰ ਨੂੰ ਚੂਹਣੀ ਵਿਚ ਗੋਰਖਾ ਫ਼ੌਜ ਆ ਗਈ ਸੀ, ਸੋ

ਚੂਹਣੀਆਂ

ਉਦਾਲੇ ਦੇ ਪਿੰਡਾਂ ਨੇ ਓਸੇ ਪਾਸੇ ਰੁਖ਼ ਕਰ ਲਿਆ। ਗੋਰਖਾ ਮਿਲਟਰੀ ਨੇ ੨੫ ਅਗਸਤ ਨੂੰ ਖ਼ਾਸ ਚੂਹਣੀਆਂ 'ਚੋਂ ਕੱਢ ਕੇ ਪੱਤੋਕੀ ਸਟੇਸ਼ਨ ਉੱਤੇ ਕੈਂਪ ਬਣਾ ਕੇ ਇਕੱਠਾ ਕਰ ਲਿਆ। ੨੫-੨੬ ਦੇ ਦਿਨਾਂ ਵਿਚ ਕੰਗਣਪੁਰ ਤੱਕ ਦਾ ਸਾਰਾ ਇਲਾਕਾ ਇਸ ਕੈਂਪ ਵਿੱਚ ਆਣ ਇਕੱਠਾ ਹੋਇਆ। ਪੱਤੋਕੀ ਤੋਂ ਕੁਝ ਹਿੰਦੂ ਸਿੱਖ ਗੱਡੀ ਚੜ੍ਹਾ ਕੇ ਫ਼ੀਰੋਜ਼ਪੁਰ ਨੂੰ ਤੋਰੇ ਗਏ, ਜਿਨ੍ਹਾਂ ਵਿਚੋਂ ਕਈ ਰਾਇਵਿੰਡ ਸਟੇਸ਼ਨ 'ਤੇ ਲੁੱਟ ਮਾਰੇ ਗਏ। ਇਕ ਗੱਡੀ ਨਾਲ ਹੀ ਨਹੀਂ, ਏਥੇ

---

*ਏਸੇ ਸ. ਕਿਸ਼ਨ ਸਿੰਘ ਜੀ ਤਲਵੰਡੀ ਦੇ ਬਿਆਨ ਅਨੁਸਾਰ ਅਸੀਂ ਸਾਰਾ ਹਾਲ ਲਿਖ ਰਹੇ ਹਾਂ। ਇਸ ਦਾ ਪਿੰਡ ਸ਼ੇਰ ਸੀ, ਪਰ ਲੜਾਈ ਵਿੱਚ ਇਹ ਤਲਵੰਡੀ ਸੀ।

ਕਈਆਂ ਨਾਲ ਏਹ ਦੁਰਘਟਨਾ ਵਾਪਰੀ। ਜਿਹੜੇ ਰਾਏਵਿੰਡ ਤੋਂ ਬਚ ਨਿਕਲਦੇ, ਉਹ ਰੁੱਖਾਂ ਵਾਲੇ ਜਾਂ ਕਸੂਰ ਮਾਰ ਦਿੱਤੇ ਜਾਂਦੇ। ਇਸ ਤਰ੍ਹਾਂ ਇਸ ਪੰਦਰਾਂ ਮੀਲ (ਰਾਏਵਿੰਡ ਤੋਂ ਕਸੂਰ) ਦੇ ਸੰਨ੍ਹ ਵਿਚ ਬੜਾ ਖ਼ੂਨ ਖ਼ਰਾਬਾ ਹੋਇਆ।

ਬਾਕੀ ਦਾ ੨੦-੨੫ ਹਜ਼ਾਰ ਦਾ ਜੱਥਾ ਪੱਤੋਕੀ ਤੋਂ ੨੯ ਸ਼ਾਮ ਨਹਿਰੋ ਨਹਿਰ ਤੋਰ ਦਿੱਤਾ। ਗੱਡੀ ਉੱਤੇ ਥੋੜ੍ਹਾ ਬਹੁਤਾ ਸਾਮਾਨ ਤੇ ਬੱਚੇ ਬਿਠਾਏ ਹੋਏ ਸਨ ਤੇ ਆਦਮੀ ਨਾਲ ਪੈਦਲ ਆ ਰਹੇ ਸਨ। ਘੋੜਿਆਂ ਵਾਲੇ ਕੁਝ ਜੁਆਨ ਮਿਲਟਰੀ ਨਾਲ ਜੱਥੇ ਦੀਆਂ ਦੋਵੇਂ ਬਾਹੀਆਂ ਮੱਲੀ ਆ ਰਹੇ ਸਨ। ਛਾਂਗੇ ਮਾਂਗੇ ਵਾਲੀ ਰੱਖ ਵਿਚੋਂ ਰਾਤ ਬੜੀ ਸਾਵਧਾਨੀ ਨਾਲ ਜੱਥਾ ਲੰਘਿਆ। ਜ਼ਰਾ ਜਿੰਨਾ ਕੋਈ ਸ਼ੱਕ ਪੈਂਦਾ ਸੀ ਤਾਂ ਗੋਰਖੇ ਫ਼ਾਇਰ ਸ਼ੁਰੂ ਕਰ ਦੇਂਦੇ ਸਨ। ਜਾਂ ਇਹ ਜੱਥਾ ਰਾਜਾ ਜੰਗ ਕੋਲ ਅਪੜਿਆ ਤਾਂ ਹੋਣੀ ਆਣ ਵਾਪਰੀ। ਜਦ ਕੁਝ ਹਿੱਸਾ ਰੇਲਵੇ ਲਾਈਨ ਤੋਂ ਅਗ੍ਹਾਂ ਲੰਘ ਗਿਆ ਤਾਂ ਕਸੂਰ ਵੱਲੋਂ ਮੁਸਲਮਾਨਾਂ ਦੀ ਗੱਡੀ ਆ ਗਈ। ਜੱਥੇ ਦੇ ਪਿੱਛਲੇ ਹਿੱਸੇ ਨੂੰ ਮਿਲਟਰੀ ਨੇ ਪਿਛਾਂਹ ਹੀ ਰੋਕ ਲਿਆ। ਅਗਲਾ ਹਿੱਸਾ ਅਗ੍ਹਾਂ ਜਾ ਚੁੱਕਾ ਸੀ, ਜੋ ਓਸੇ ਚਾਲੇ ਤੁਰਿਆ ਗਿਆ, ਇਸ ਤਰ੍ਹਾਂ ਉਹ ਬਾਕੀ ਦਲ ਨਾਲੋਂ ਅਸਲੋਂ ਕਟ ਗਿਆ। ਮੰਦੇ ਭਾਗਾਂ ਨੂੰ ਅਗਲੇ ਹਿੱਸੇ ਵਿਚ ਹਥਿਆਰ ਕੋਈ ਨਹੀਂ ਸੀ। ਰਾਜਾ ਜੰਗ ਤੇ ਪਾਂਡੋਕੇ ਦੇ ਸੰਨ ਵਿਚ ਦਸ ਹਜ਼ਾਰ ਹਥਿਆਰਬੰਦ ਮੁਸਲਮਾਨਾਂ ਨੇ ਜੱਥੇ ਉੱਤੇ ਹਮਲਾ ਕਰ ਦਿੱਤਾ। ਉਹਨਾਂ ਅੱਗੋ ਟਾਕਰਾ ਤਾਂ ਕੀਤਾ, ਪਰ ਬੇਹਥਿਆਰੇ ਹੋਣ ਕਰਕੇ ਬਹੁਤ ਨੁਕਸਾਨ ਉਠਾਉਣਾ ਪਿਆ। ਜਿਸ ਵੇਲੇ ਪਿੱਛਲਾ

ਨਹਿਰ ਉੱਤੇ ਕਤਲਾਮ

ਜੱਥਾ ਅਗ੍ਹਾਂ ਆਇਆ ਤਾਂ ਨਹਿਰ ਦੀ ਸਾਰੀ ਪਟੜੀ ਲੋਥਾਂ ਨਾਲ ਭਰੀ ਪਈ ਸੀ। ਛੋਟੇ-ਛੋਟੇ ਬੱਚੇ ਬਰਛੀਆਂ ਨਾਲ ਵਿਧੇ ਹੋਏ, ਮਾਂਵਾਂ ਦੀ ਗੋਦ ਵਿਚ ਨਹੀਂ, ਉਹਨਾਂ ਦੇ ਲਹੂ ਨਾਲ ਰੰਗੀ ਹੋਈ ਧਰਤੀ ਉੱਤੇ ਸੁੱਤੇ ਪਏ ਸਨ। ਸੈਂਕੜੇ ਲੋਥਾਂ ਨਹਿਰ ਵਿਚ ਰੁੜ੍ਹਦੀਆਂ ਜਾਂਦੀਆਂ ਸਨ। ਮਗਰਲੇ ਜਿਨ੍ਹਾਂ ਵੀਰਾਂ ਦੇ ਪਿੱਛੇ ਲੱਗ ਕੇ ਤੁਰੇ ਸਨ, ਏਥੇ ਉਹਨਾਂ ਨੂੰ ਭਰਾਵਾਂ ਦੀਆਂ ਲੋਥਾਂ ਉੱਤੋਂ ਦੀ ਲੰਘਣਾ ਪਿਆ। ਏਥੇ ਮਰਨ ਵਾਲਿਆਂ ਦੀ ਗਿਣਤੀ ਇਕ ਹਜ਼ਾਰ ਦੇ ਲਗਪਗ ਸੀ।

ਤਹਿਸੀਲ ਚੂਹਣੀਆਂ ਦੇ ਹੋਰ ਵੀ ਕਈ ਪਿੰਡਾਂ ਦਾ (ਜਿਵੇਂ ਨਾਰੰਕੇ, ਵਾਂ ਰਾਧਾ ਰਾਮ, ਆਦਿ) ਬੁਰਾ ਹਾਲ ਹੋਇਆ। ਮੁੱਕਦੀ ਗੱਲ, ਪਾਕਿਸਤਾਨ ਦੇ ਪੁਜਾਰੀ ਮੁਸਲਮਾਨਾਂ ਨੇ ਕਿਤੇ ਵੀ ਘੱਟ ਨਹੀਂ ਗੁਜ਼ਾਰੀ।

ਬਾਕੀ ਗੱਲ ਰਹੀ ਤਹਿਸੀਲ ਤੇ ਸ਼ਹਿਰ ਲਾਹੌਰ ਦੀ। ਜਿਸ ਸ਼ਹਿਰ ਵਿਚ ਚਾਰ ਮਾਰਚ ਤੋਂ ਅੱਗ ਬਲ ਰਹੀ ਸੀ, ਓਥੇ ਬਾਕੀ ਕੀ ਰਹਿ ਗਿਆ ਹੋਊ ? ਤੇ ਜੋ ਕੁਝ

ਲਾਹੌਰ

ਬਾਕੀ ਸੀ, ਉਹ ਉਸੇ ਵੇਲੇ ਤੋਂ ਖ਼ਤਮ ਸਮਝੋ, ਜਿਸ ਵੇਲੇ ਹੱਦਬੰਦੀ ਕਮਿਸ਼ਨ ਨੇ ਲਾਹੌਰ ਪਾਕਿਸਤਾਨ ਵਿਚ ਸੁਟਾ ਦਿੱਤਾ ਸੀ। ਲਾਹੌਰ ਹਿੰਦੂਆਂ ਤੇ ਸਿੱਖਾਂ ਦਾ—ਤੀਰਥ ਤੁੱਲ—ਪਵਿੱਤਰ ਸ਼ਹਿਰ ਹੈ। ਇਸ ਦੀ ਨੀਂਹ

Sri Satguru Jagjit Singh Ji eLibrary NamdhariElibrary@gmail.com

ਭਗਵਾਨ ਰਾਮ ਚੰਦਰ ਜੀ ਦੇ ਸਪੁੱਤਰ ਸ੍ਰੀ ਲਊ ਜੀ ਨੇ ਰੱਖੀ ਸੀ। ਉਹਨਾਂ ਦੇ ਨਾਂ ਉੱਤੇ ਹੀ ਇਸ ਦਾ ਨਾਂ 'ਲਵਪੁਰ' ਪਿਆ, ਜੋ ਵਿਗੜਦਾ ਵਿਗੜਦਾ 'ਲਾਹੌਰ' ਬਣ ਗਿਆ। ਸਿੱਖਾਂ ਦੇ ਪੰਜਵੇਂ ਗੁਰੂ, ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ—ਡੇਹਰਾ ਸਾਹਿਬ—ਏਥੇ ਹੀ ਹੈ। ਏਥੇ ਪਹਿਲੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਦੇ ਕਈ ਗੁਰਦੁਆਰੇ ਹਨ। ਸਿਘਣੀਆਂ ਦਾ ਸ਼ਹੀਦਗੰਜ, ਸ਼ਹੀਦ ਸ੍ਰੀ ਤਾਰੂ ਸਿੰਘ, ਸ਼ਹੀਦ ਭਾਈ ਮਨੀ ਸਿੰਘ ਆਦਿ ਅਨੇਕਾਂ ਧਰਮੀਆਂ ਨੇ ਏਥੇ ਹੀ ਸ਼ਹੀਦੀ ਦੇ ਪੂਰਨੇ ਪਾਏ ਸਨ। ਮੁਗ਼ਲ ਰਾਜ ਦੇ ਥੋੜ੍ਹੇ ਜਿਹੇ ਹਿੱਸੇ ਵਿਚ ਤਿੰਨ ਕੁ ਲੱਖ ਸਿੱਖ ਇਸ ਇਕੱਲੇ ਸ਼ਹਿਰ ਵਿਚ ਸ਼ਹੀਦ ਕੀਤਾ ਗਿਆ ਸੀ। ਲਾਹੌਰ ਨੇ ਇਸ ਘੱਲੂਘਾਰੇ ਵਿਚ ਉਸ ਪੁਰਾਣੇ ਇਤਿਹਾਸ ਨੂੰ ਇਕ ਵਾਰ ਫੇਰ ਦੁਹਰਾਇਆ ਹੈ। ਇਸ ਤੋਂ ਅੱਗੇ ਲਾਹੌਰ ਸਾਡੇ ਇਕ ਹੋਰ ਸਮੇਂ ਦੀ ਵੀ ਯਾਦ ਹੈ। ਇਹ ਸਿੱਖ ਰਾਜ ਦੀ ਰਾਜਧਾਨੀ ਤੇ ਇਕੋ-ਇਕ ਸਿੱਖ ਮਹਾਰਾਜੇ—ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ ਤੇ ਸਮਾਧ ਦਾ ਮਾਲਕ ਹੈ। ਇਸ ਵਿਚ ਜਾਇਦਾਦ ਅੱਸੀ ਫ਼ੀਸਦੀ ਹਿੰਦੂਆਂ ਸਿੱਖਾਂ ਦੀ ਸੀ। ਨਿਆਂ ਨਾਲ ਇਹ ਸ਼ਹਿਰ ਹਿੰਦੂਆਂ ਸਿੱਖਾਂ ਦਾ ਸੀ, ਪਰੰਤੂ ਕਾਣੀ ਵੰਡ ਕਰਨ ਵਾਲੇ ਰੈਡ ਕਲਿਫ ਨੇ ਇਹ ਪਾਕਿਸਤਾਨ ਵਿਚ ਦੇ ਦਿੱਤਾ। ਜਿਸ ਗਾਜ਼ੀ ਮੁਸਲਮਾਨ ਨੇ ਛੁਰਾ ਮਾਰ ਕੇ ਪਾਕਿਸਤਾਨ ਬਣਾ ਲਿਆ ਸੀ, ਪਾਕਿਸਤਾਨ ਬਣੇ ਤੋਂ ਉਹ ਓਸੇ ਛੁਰੇ ਦੀ ਵਰਤੋਂ ਕਿਵੇਂ ਨਾ ਕਰਦਾ ? ਸੋ ੧੭ ਅਗਸਤ ਨੂੰ ਹੀ ਭੱਲਾ ਸ਼ੂ ਕੰਪਨੀ ਤੇ ਸ਼ੀਤਲਾ ਮੰਦਰ ਆਦਿ ਕਈ ਥਾਵਾਂ ਅਗਨ ਭੇਟ ਕਰ ਦਿੱਤੀਆਂ ਗਈਆਂ। ਪ੍ਰੋਫੈਸਰ ਬ੍ਰਿਜ ਨਾਰਾਇਣ ਐਮ. ਏ., ਸ. ਚਰਨਜੀਤ ਸਿੰਘ, ਪ੍ਰੋ. ਮਦਨ ਗੋਪਾਲ ਸਿੰਘ ਰਜਿਸਟਰਾਰ ਪੰਜਾਬ ਯੂਨੀਵਰਸਿਟੀ ਆਦਿ ਨਾਮਵਰ ਸੱਜਣ ਕਤਲ ਕੀਤੇ ਗਏ। ਰਜਿਸਟਰਾਰ ਸਾਹਿਬ ਉਸ ਵੇਲੇ ਕਤਲ ਕੀਤੇ ਗਏ, ਜਦ ਉਹ ਦਫ਼ਤਰ ਯੂਨੀਵਰਸਿਟੀ ਵਿਚ ਕੁਰਸੀ 'ਤੇ ਬੈਠੇ ਕੰਮ ਕਰ ਰਹੇ ਸਨ। ਮੁੱਕਦੀ ਗੱਲ, ਐਲਾਨ ਤੋਂ ਪਿੱਛੋਂ ਇਕ ਹਫ਼ਤੇ ਦੇ ਅੰਦਰ ਸਾਰਾ ਸ਼ਹਿਰ ਹਿੰਦੂ ਸਿੱਖਾਂ ਤੋਂ ਅਸਲੋਂ ਖ਼ਾਲੀ ਕਰਾ ਲਿਆ ਗਿਆ। ਬੜੇ ਥੋੜ੍ਹੇ ਆਦਮੀ ਓਥੋਂ ਬਚ ਕੇ ਹਿੰਦੁਸਤਾਨ ਪਹੁੰਚਣ ਵਿਚ ਸਫਲ ਹੋਏ, ਬਾਕੀ ਸਾਰੇ ਦੇ ਸਾਰੇ ਸਦਾ ਵਾਸਤੇ ਲਾਹੌਰ ਵਿਚ ਹੀ ਛੁਰੇ-ਭੇਟ ਕਰ ਦਿੱਤੇ ਗਏ।

ਲਾਹੌਰ ਦੀ ਤਬਾਹੀ ਦੇ ਨਾਲ ਹੀ ਤਹਿਸੀਲ ਦੇ ਪਿੰਡਾਂ ਦੀ ਤਬਾਹੀ ਦੀ ਵਾਰੀ ਆ ਗਈ। ਮੁਹਾਵਾ, ਗੁਰੂ ਮਾਂਗਟ, ਅਮਰ ਸਿਧੂ, ਅਟਾਰੀ ਤਰਪਾਣਾ ਆਦਿ ਨੇੜੇ ਦੇ ਪਿੰਡ ਸਮੂਲਚੇ ਤਬਾਹ ਕਰ ਦਿੱਤੇ ਗਏ। ਫਿਰ ਠੇਠਰ, ਕੋਹਰੀ, ਬਰਕੀ, ਬਰਕਾ, ਘਣੀਏ ਕੇ ਆਦਿ ਦੀ ਵਾਰੀ ਆ ਗਈ।

ਹੁਸ਼ਿਆਰਾ

ਹੁਸ਼ਿਆਰੇ ਪੁਲੀਸ ਨੇ ਹਮਲਾ ਕੀਤਾ ਤਾਂ ਸਭ ਤੋਂ ਪਹਿਲਾਂ ਸ਼ਹੀਦੀ ਦਲ ਜ਼ਿਲ੍ਹਾ ਲਾਹੌਰ ਦੇ ਜੱਥੇਦਾਰ ਗਿਆਨੀ ਹਰਚਰਨ ਸਿੰਘ ਦੇ ਘਰ 'ਤੇ ਪਏ। ਜ਼ਿਲ੍ਹਾ ਲਾਹੌਰ ਦੀ ਤਬਾਹੀ ਦੇ ਸਭ ਤੋਂ ਵਧੇਰੇ ਜ਼ਿੰਮੇਵਾਰ ਗਿਆਨੀ ਹਰਚਰਨ ਸਿੰਘ ਤੇ ਜੱਥੇਦਾਰ

Sri Satguru Jagjit Singh Ji eLibrary NamdhariElibrary@gmail.com

ਤਾਰਾ ਸਿੰਘ ਠੇਠਰ ਹਨ*। ਗਿਆਨੀ ਜੀ ਪਾਸ ਹਥਿਆਰ ਬਥੇਰੇ ਸਨ, ਜੋ ਮੁਸਲਮ ਪੁਲੀਸ ਦੇ ਹਵਾਲੇ ਕੀਤੇ ਗਏ। ਜਦ ਸਿੱਖ ਸਾਰੇ ਬੇ-ਹਥਿਆਰੇ ਕਰ ਲਏ ਗਏ ਤਾਂ ਫੇਰ ਮੁਸਲਮਾਨਾਂ ਮਨ ਆਈਆਂ ਕੀਤੀਆਂ। ਸਾਰਾ ਪਿੰਡ ਦਿਲ ਲਾ ਕੇ ਲੁੱਟਿਆ ਗਿਆ। ਕੁਝ ਆਦਮੀ ਗੋਲੀ ਦਾ ਨਿਸ਼ਾਨਾ ਵੀ ਬਣਾਏ ਗਏ। ਬਾਕੀ ਸਾਰੇ ਖਾਲੜੇ ਤੋਂ ਹਿੰਦੁਸਤਾਨ ਵਿਚ ਆਣ ਦਾਖ਼ਲ ਹੋਏ। ਅੱਗੇ ਪਢਾਣੇ ਦੀ ਸੁਣੋ। ਜਦ

ਪਢਾਣਾ

ਅੰਮ੍ਰਿਤਸਰ ਦੇ ਇਲਾਕੇ ਵਿਚ ਮਾਰ ਕੇ ਭਜਾਏ ਹੋਏ ਮੁਸਲਮਾਨ ਪਢਾਣੇ ਪੁੱਜੇ ਤਾਂ ਉਥੋਂ ਦੇ ਸ. ਸਰਦੂਲ ਸਿੰਘ (ਐਮ. ਐਲ. ਏ. ਪੰਜਾਬ) ਨੇ ਉਹਨਾਂ ਵਾਸਤੇ ਲੰਗਰ ਲਾ ਦਿੱਤਾ। ਜ਼ਰਦੇ ਦੀਆਂ ਦੇਗਾਂ ਬਣਾ ਕੇ ਦਿੱਤੀਆਂ ਤੇ ਜਦ ਮੁਸਲਮਾਨਾਂ ਦਾ ਜ਼ੋਰ ਪਿਆ ਤਾਂ ਸਰਦਾਰ ਸਾਹਿਬ ਨੂੰ ਖ਼ਾਲੀ ਹੱਥੀਂ ਘਰ ਬਾਰ ਛੱਡ ਕੇ ਨੱਸਣਾ ਪਿਆ। ਪਢਾਣਾ ਸਿੱਖਾਂ ਦਾ ਅਮੀਰ ਪਿੰਡ ਸੀ। ਮੁਸਲਮਾਨਾਂ ਨੇ ਉਥੋਂ ਲੱਖਾਂ ਰੁਪਇਆ ਨਕਦ ਲੁੱਟਿਆ, ਕੁਝ ਘਰ ਸਾੜੇ ਤੇ ਆਦਮੀ ਗੋਲੀ ਦਾ ਨਸ਼ਾਨਾ ਬਣਾਏ ਗਏ। ਇਹ ਦੋਵੇਂ ਪਿੰਡ ਮਿਲਟਰੀ ਤੇ ਪੁਲੀਸ ਦੀ ਭਾਰੀ ਤਾਕਤ ਨਾਲ ਖ਼ਾਲੀ ਕਰਾਏ ਗਏ।

ਸਭ ਤੋਂ ਸੂਰਮਤਾਈ ਦਾ ਕਾਰਨਾਮਾ ਇਸ ਇਲਾਕੇ ਵਿਚੋਂ ਪਿੰਡ ਨਰਵੜ ਨੇ

ਨਰਵੜ

ਕੀਤਾ। ੨੯ ਅਗਸਤ ਨੂੰ ਦੋ ਹਜ਼ਾਰ ਮੁਸਲਮਾਨ ਮਿਲਟਰੀ ਦੇ ਚਾਲੀ ਸਿਪਾਹੀ ਨਾਲ ਲੈ ਕੇ ਪਿੰਡ ਉੱਤੇ ਆਣ ਪਏ। ਪਿੰਡ ਦੇ ਸਿੱਖਾਂ ਨੇ ਅੱਗੋਂ ਟਾਕਰਾ ਕਰਨ ਦੀ ਥਾਂ ਸੁਲਾ ਦੀ ਬੇਨਤੀ ਕੀਤੀ ਤੇ ਬਲਵਈਆਂ ਦੀਆਂ ਸਾਰੀਆਂ ਈਨਾਂ ਮੰਨ ਲੈਣ ਵਾਸਤੇ ਕਿਹਾ। ਇਸ ਢੰਗ ਨਾਲ ਬਹੁਤ ਸਾਰੇ ਸਿੱਖ ਖ਼ਾਲੀ ਹੱਥੀਂ ਮੁਸਲਮ ਮਿਲਟਰੀ ਕੋਲ ਆ ਗਏ ਤੇ ਚਾਲ ਨਾਲ ਉਹਨਾਂ ਨੂੰ ਘੇਰੇ ਵਿਚ ਲੈ ਲਿਆ। ਇਕ-ਇਕ ਸਿਹਾਹੀ ਦੇ ਨੇੜੇ ਦੋ-ਦੋ ਚਾਰ ਸਿੱਖ ਆਣ ਢੁੱਕੇ। ਗੱਲਾਂ ਹੋ ਹੀ ਰਹੀਆਂ ਸਨ, ਜਾਂ ਇੱਕੋ ਵੇਰਾਂ ਸਿੱਖਾਂ ਨੇ ਧਾਵਾ ਕਰਕੇ ਸਿਪਾਹੀਆਂ ਨੂੰ ਗਲ ਪੈ ਕੇ ਢਾਹ ਲਿਆ ਤੇ ਉਹਨਾਂ ਦੀਆਂ ਬੰਦੂਕਾਂ ਖੋਹ ਲਈਆਂ। ਫੇਰ ਕੀ ਸੀ ? ਅੱਖ ਦੇ ਪਲਕਾਰੇ ਵਿਚ ਸਿੱਖਾਂ ਨੇ ਲੁੱਟਣ ਆਏ ਮੁਸਲਮਾਨਾਂ ਉੱਤੇ ਹੱਲਾ ਬੋਲ ਦਿੱਤਾ। ਆਹਮੋ-ਸਾਹਮਣੇ ਗੋਲੀ ਚੱਲਣ ਲੱਗ ਪਈ। (ਮਿਲਟਰੀ ਦੀਆਂ ਕੁਝ ਬੰਦੂਕਾਂ ਸਿੱਖਾਂ ਨੇ ਖੋਹੀਆਂ ਸਨ, ਕੁਝ ਬੰਦੂਕਾਂ ਸਣੇ ਭੱਜ ਨਿਕਲੇ ਸਨ, ਬਾਕੀ ਮੁਸਲਮਾਨਾਂ ਕੋਲ ਵੀ ਹਥਿਆਰ ਹੈ ਸਨ।) ਹਮਲਾ ਕਰਨ ਆਇਆਂ ਵਿਚੋਂ ਕਈ ਥਾਂ ਰਹੇ ਤੇ

---

*ਹਿੰਦੁਸਤਾਨ ਦੀ ਵੰਡ ਵੰਡਾਈ ਵਿੱਚ ਸਿੱਖ ਲੀਡਰ—ਸਿੱਖੀ ਨਿਸ਼ਾਨੇ ਅਨੁਸਾਰ—ਬੁਰੀ ਤਰ੍ਹਾਂ ਅਸਫਲ ਰਹੇ ਹਨ। ਆਜ਼ਾਦੀ ਵਾਸਤੇ ਕੁਰਬਾਨੀ ਸਿੱਖਾਂ ਸਭ ਤੋਂ ਵਧੇਰੇ ਕੀਤੀ ਹੈ, ਪਰ ਜਦ ਪ੍ਰਾਪਤੀ ਦਾ ਸਮਾਂ ਆਇਆ, ਤਾਂ ਆਜ਼ਾਦੀ ਦੇ ਥਾਂ ਇਹਨਾਂ ਬਰਬਾਦੀ ਵਿਹਾਜ ਲਈ। ਕਾਂਗਰਸ ਦਾ ਨੇੜ ਸਿੱਖ ਤਬਾਹੀ ਦਾ ਸਭ ਤੋਂ ਵੱਡਾ ਕਾਰਨ ਹੈ। ਸਿੱਖ ਸਿਆਸਤ ਤੇ ਸਿੱਖ ਲੀਡਰਸ਼ਿਪ ਉੱਤੇ ਅਸੀਂ ਇਕ ਵੱਖਰੀ ਪੁਸਤਕ ਲਿਖਾਂਗੇ, ਉਸ ਵਿੱਚ ਸਾਰੇ ਵਿਚਾਰ ਖੋਲ੍ਹ ਕੇ ਪ੍ਰਗਟ ਕਰਾਂਗੇ।

Sri Satguru Jagjit Singh Ji eLibrary NamdhariElibrary@gmail.com

ਜਾਨਾਂ ਲੈ ਕੇ ਨੱਸ ਗਏ। ਅਗਲੇ ਦਿਨ ਮੁਸਲਮਾਨ ਵਧੇਰੇ ਗਿਣਤੀ ਵਿਚ ਇਕੱਠੇ ਹੋ ਕੇ ਤੇ ਹੋਰ ਮਿਲਟਰੀ ਨਾਲ ਲੈ ਕੇ ਆਏ, ਪਰ ਉਹ ਵੀ ਕੁਝ ਬੰਦੇ ਮਰਵਾ ਕੇ ਪਿੱਛੇ ਹਟ ਗਏ। ਸਿੱਖਾਂ ਨੇ ਆਪਣੇ ਮੋਰਚੇ ਚੰਗੀ ਤਰ੍ਹਾਂ ਪੱਕੇ ਕਰ ਲਏ ਹੋਏ ਸਨ। ਇਸੇ ਤਰ੍ਹਾਂ ਤਿਨ ਦਿਨ ਲੜਾਈ ਹੁੰਦੀ ਰਹੀ। ਪੈਦਲ ਮਿਲਟਰੀ ਤੇ ਹਜ਼ਾਰਾਂ ਬਲਵਈ ਮੁਸਲਮਾਨ ਪਿੰਡ ਖ਼ਾਲੀ ਨਾ ਕਰਾ ਸਕੇ। ਅਖ਼ੀਰ ਪਾਕਿਸਤਾਨੀ ਹਵਾਈ ਜਹਾਜ਼ ਨੇ ਉੱਪਰੋਂ ਬੰਬ ਸੁੱਟੇ ਤਾਂ ਪਿੰਡ ਖ਼ਾਲੀ ਹੋਇਆ। ਇਸ ਸਾਰੇ ਘਮਸਾਣ ਵਿਚ ਤਿੰਨ ਕੁ ਸੌ ਸਿੱਖ ਸ਼ਹੀਦ ਹੋਏ। ਮੁਸਲਮਾਨਾਂ ਦੀਆਂ ਮੌਤਾਂ ਇਸ ਤੋਂ ਵਧੇਰੇ ਹੋਈਆਂ ਸਨ।

ਇਸ ਤਰ੍ਹਾਂ ਮਸਲਮ ਲੀਗ ਨੇ ਸਾਰਾ ਜ਼ੋਰ ਲਾ ਕੇ ਜ਼ਿਲ੍ਹਾ ਲਾਹੌਰ ਖ਼ਾਲੀ ਕਰਵਾਇਆ। ਜਿੱਥੇ ਵੀ ਮੁਸਲਮਾਨਾਂ ਨੇ ਹਮਲਾ ਕੀਤਾ, ਅੱਗੋਂ ਸਿੱਖ ਲੜ ਕੇ ਮਰਦੇ ਰਹੇ, ਜ਼ਿਲ੍ਹਾ ਫੀਰੋਜ਼ਪੁਰ ਦੇ ਮੁਸਲਮਾਨਾਂ ਵਾਂਗ ਧੌਣਾਂ ਨੀਵੀਆਂ ਕਰਕੇ ਨਹੀਂ ਮਰੇ।

ਜ਼ਿਲ੍ਹਾ ਮਿੰਟਗੁਮਰੀ

ਮਾਰਚ ਦੇ ਫ਼ਸਾਦਾਂ ਵਿਚ ਮਿੰਟਗੁਮਰੀ ਜ਼ਿਲ੍ਹਾ ਬਿਲਕੁਲ ਸ਼ਾਂਤ ਰਿਹਾ।

ਮਿੰਟਗੁਮਰੀ

ਮਿੰਟਗੁਮਰੀ ਤੇ ਲਾਇਲਪੁਰ ਦੀਆਂ ਬਾਰਾਂ ਕੇਵਲ ਸਿੱਖਾਂ ਦੀ ਮਿਹਨਤ ਨਾਲ ਵੱਸੀਆਂ ਸਨ। ਇਸ ਵਾਸਤੇ ਇਹ ਪੱਕਾ ਖ਼ਿਆਲ ਸੀ ਕਿ ਇਨਸਾਫ਼ ਦਾ ਢੰਡੋਰਾ ਪਿੱਟਣ ਵਾਲਾ ਅੰਗਰੇਜ਼ ਘੱਟ ਤੋਂ ਘੱਟ ਦੋਹਾਂ ਵਿਚੋਂ ਇਕ ਜ਼ਿਲ੍ਹਾ ਜ਼ਰੂਰ ਸਿੱਖਾਂ ਨੂੰ ਦੇਵੇਗਾ। ਇਸ ਦਾ ਭਾਵ ਸੀ ਕਿ ਲਾਹੌਰ ਦੇ ਨਾਲ ਮਿੰਟਗੁਮਰੀ ਹਿੰਦੁਸਤਾਨ ਵਿਚ ਦਿੱਤਾ ਜਾਵੇਗਾ, ਪਰ ਇਹ ਨਾ ਹੋਇਆ। ਜਿਸ ਵੇਲੇ ਤੋਂ ਹੱਦ ਦਾ ਫ਼ੈਸਲਾ ਹੋ ਗਿਆ ਤੇ ਪੱਛਮੀ ਹਿੰਦ ਵਿਚ ਪਾਕਿਸਤਾਨ ਦੀ ਸਰਕਾਰ ਬਣ ਗਈ, ਓਸੇ ਵੇਲੇ ਤੋਂ ਮੁਸਲਮਾਨਾਂ ਦੀਆਂ ਅੱਖਾਂ ਹੋਰ ਹੋ ਗਈਆਂ। ਇਕ ਦੋ ਥਾਂਵਾਂ 'ਤੇ ਹੱਥੋਪਾਈ ਹੋਈ ਤੇ ਅੰਤ ਛੁਰੇ ਤੱਕ ਗੱਲ ਅਪੜ ਪਈ। ਇਕ ਬਾਜ਼ਾਰ ਵਿਚ ਇਕ ਹਿੰਦੂ ਤੇ ਦੂਜੇ ਪਾਸੇ ਦੋ ਮੁਸਲਮਾਨ ਮਾਰੇ ਗਏ। ਇਸ ਗੱਲ ਤੋਂ ਮੁਸਲਮਾਨ ਢੇਰ ਭੜਕ ਉੱਠੇ। ਉਹਨਾਂ ਮੁਸਲਮਾਨਾਂ ਦਾ ਖ਼ੂਨੀ ਸ. ਹੁਕਮ ਸਿੰਘ ਵਕੀਲ* ਨੂੰ ਠਹਿਰਾਇਆ ਤੇ ਹਿੰਦੂ ਸਿੱਖਾਂ ਅੱਗੇ ਸ਼ਰਤ ਰੱਖੀ ਕਿ ਜੇ ਉਹ ਅਮਨ ਨਾਲ ਵੱਸਣਾ ਚਾਹੁੰਦੇ ਹਨ ਤਾਂ ਸ. ਹੁਕਮ ਸਿੰਘ ਦਾ ਸਿਰ ਸਾਡੇ ਹਵਾਲੇ ਕਰ ਦੇਣ। ਹੁਣ ਖਿੱਚੋਤਾਣ ਏਨੀ ਵੱਧ ਗਈ ਸੀ ਕਿ ਹਾਕਮਾਂ ਨੂੰ ਰਾਤ ਕਰਫ਼ਿਊ ਲਾਉਣ ਦੀ ਲੋੜ ਪੈ ਗਈ। ਬਾਕੀ ਸ਼ਹਿਰਾਂ ਦੇ ਹਾਲ ਸੁਣ-ਸੁਣ ਕੇ ਲੋਕ ਬਹੁਤ ਸਹਿਮ ਗਏ। ੧੯ ਅਗਸਤ ਨੂੰ ਇਕ ਸਿੱਖ (ਸ. ਮਿੱਤ ਸਿੰਘ ਚੱਕ ੧੧੩-ਐਲ ਵਾਲੇ ਦਾ ਲੜਕਾ) ਕਤਲ ਕਰ ਦਿੱਤਾ ਗਿਆ। ਸ਼ਹਿਰ ਦੇ ਪਤਵੰਤੇ ਇਹਨਾਂ ਸਾਰੀਆਂ ਗੱਲਾਂ 'ਤੇ ਵਿਚਾਰ ਕਰਨ ਵਾਸਤੇ ਗੁਰਦੁਆਰਾ ਸਿੰਘ ਸਭਾ ਵਿਚ ਇਕੱਠੇ ਹੋਏ। ਸ. ਹੁਕਮ ਸਿੰਘ ਨੇ ਕਿਹਾ ਕਿ ਜੇ ਮੇਰੀ ਕੁਰਬਾਨੀ ਨਾਲ ਬਾਕੀ ਸ਼ਹਿਰ

*ਅੱਜਕਲ੍ਹ ਸ. ਹੁਕਮ ਸਿੰਘ ਕਪੂਰਥਲੇ ਵਿੱਚ ਜੱਜ ਹਾਈਕੋਰਟ ਲੱਗੇ ਹੋਏ ਹਨ।

Sri Satguru Jagjit Singh Ji eLibrary NamdhariElibrary@gmail.com

ਦਾ ਭਲਾ ਹੋ ਸਕੇ ਤਾਂ ਮੈਂ ਹਾਜ਼ਰ ਹਾਂ, ਸੰਗਤ ਮੈਨੂੰ ਬੜੀ ਖ਼ੁਸ਼ੀ ਨਾਲ ਮੁਸਲਮਾਨਾਂ ਦੇ ਹਵਾਲੇ ਕਰ ਦੇਵੇ। ਸੰਗਤ ਨੇ ਇਹ ਬੇਨਤੀ ਪ੍ਰਵਾਨ ਨਾ ਕੀਤੀ ਸਗੋਂ ਸ. ਹੁਕਮ ਸਿੰਘ ਜੀ ਨੂੰ ਹੁਕਮ ਕੀਤਾ ਕਿ ਜਿਵੇਂ ਹੋ ਸਕੇ, ਉਹ ਹਿੰਦੁਸਤਾਨ ਪਹੁੰਚ ਕੇ ਬਾਕੀ ਸ਼ਹਿਰੀਆਂ ਨੂੰ ਕੱਢਣ ਦਾ ਪ੍ਰਬੰਧ ਕਰਨ। ਇਕ ਫ਼ੌਜੀ ਅਫ਼ਸਰ ਨਾਲ ਹਵਾਈ ਜਹਾਜ਼ ਉੱਤੇ ਸ. ਹੁਕਮ ਸਿੰਘ ਦਿੱਲੀ ਪਹੁੰਚਿਆ ਤੇ ਮਿੰਟਗੁਮਰੀ ਵਾਸਤੇ ਹਿੰਦੂ ਫ਼ੌਜ ਦਾ ਪ੍ਰਬੰਧ ਕੀਤਾ।

੧੯ ਅਗਸਤ ਨੂੰ ਮਿੰਟਗੁਮਰੀ ਦੀ ਹਿੰਦੂ ਸਿੱਖ ਵੱਸੋਂ ਕੈਂਪ ਬਣਾ ਕੇ ਇਕੱਠੀ ਹੋ ਬੈਠੀ। ਗੁਰਦੁਆਰਾ ਸਿੰਘ ਸਭਾ, ਸਨਾਤਨ ਧਰਮ ਮੰਦਰ, ਆਰੀਆ ਸਮਾਜ ਮੰਦਰ ਤੇ ਸਟੇਸ਼ਨ ਉੱਤੇ ਕੈਂਪ ਬਣ ਗਏ। ੨੩ ਨੂੰ ਹੜੱਪੇ ਵਾਲੇ ਬਾਕੀ ਦੇ ਪਿੰਡਾਂ ਸਣੇ ਮਿੰਟਗੁਮਰੀ ਗੁ. ਸਿੰਘ ਸਭਾ ਵਿਚ ਆ ਗਏ। ੨੪ ਅਗਸਤ ਨੂੰ ਸਟੇਸ਼ਨ 'ਤੇ ਹਮਲਾ ਹੋਇਆ, ਜਿਸ ਵਿਚ ਤਿੰਨ ਸਿੰਘ (ਗੋਪਾਲ ਸਿੰਘ ਤੇ ਉਸ ਦਾ ਪੁੱਤਰ ਰਾਮ ਸਿੰਘ) ਕਤਲ ਹੋਏ। ਬਾਕੀ ਦੇ ਗਊਸ਼ਾਲਾ ਕੈਂਪ ਵਿਚ ਚਲੇ ਗਏ। ਇਸ ਤੋਂ ਪਹਿਲਾਂ ਕੁਝ ਆਦਮੀ ਗੱਡੀ 'ਤੇ ਰਵਾਨਾ ਹੋ ਗਏ, ਜਿਨ੍ਹਾਂ ਉੱਤੇ (੨੪ ਅਗਸਤ ਨੂੰ) ਰਾਏਵਿੰਡ ਹਮਲਾ ਹੋਇਆ। ਬਹੁਤ ਸਾਰਿਆਂ ਦਾ ਸਾਮਾਨ ਲੁੱਟਿਆ ਗਿਆ ਤੇ ੬੦ ਆਦਮੀ ਮਾਰੇ ਗਏ। ਸਟੇਸ਼ਨ ਉੱਤੇ ਚਾਰ ਚੁਫੇਰੇ ਸਾਮਾਨ ਖਿਲਰਿਆ ਪਿਆ ਸੀ, ਲੋਥਾਂ ਅਣਸੰਭਾਲੀਆਂ ਪਈਆਂ ਸਨ, ਫੱਟੜ ਪਾਣੀ ਨੂੰ ਸਹਿਕ ਰਹੇ ਸਨ, ਜਾਂ ਪਿੱਛੋਂ ਮਿੰਟਗੁਮਰੀ ਤੋਂ 'ਸਿੰਧ ਐਕਸਪ੍ਰੈਸ' ਉੱਤੇ ਗੋਰਖਾ ਮਿਲਟਰੀ ਪਹੁੰਚ ਗਈ। ਇਸ ਤਰ੍ਹਾਂ ਬਾਕੀ ਜਾਨਾਂ ਬਚ ਗਈਆਂ। ਫਿਰ ਉਹ ਸਾਰਾ ਜੱਥਾ (ਜਿਸ ਵਿਚ ਬਹੁਤੇ ਹੜੱਪੇ ਦੇ ਸਨ) ਮਿਲਟਰੀ ਨਾਲ ਪੈਦਲ ਰਾਜਾਜੰਗ ਤੇ ਓਥੋਂ ਨਹਿਰੋ ਪੈ ਕੇ ਖਾਲੜੇ ਰਾਹੀਂ ਅੰਮ੍ਰਿਤਸਰ ਪੁੱਜਾ।

ਰਾਏਵਿੰਡ ਇਕ ਗੱਡੀ ਉੱਤੇ ਨਹੀਂ, ਕਈਆਂ ਗੱਡੀਆਂ ਉੱਤੇ ਹਮਲੇ ਹੋਏ ਸਨ। ਇਸ ਗੱਲੋਂ ਡਰਦੇ ਲੋਕ ਇਸ ਰਸਤੇ ਨਹੀਂ ਆਉਂਦੇ ਸਨ। ਦੂਰੋਂ-ਦੂਰੋਂ ਇਲਾਕੇ ਦੇ ਪਿੰਡ ਮਿੰਟਗੁਮਰੀ ਕੈਂਪਾਂ ਵਿਚ ਇਕੱਠੇ ਹੋਏ-ਹੋਏ ਸਨ। ਉਹਨਾਂ ਵਿਚੋਂ ਬਹੁਤ ਸਾਰੇ ਤਾਂ (੨੬ ਅਗਸਤ) ਪੈਦਲ ਜੱਥਾ ਬਣ ਕੇ ਸੁਲੇਮਾਨ ਹੈੱਡ ਰਾਹੀਂ ਫ਼ੀਰੋਜ਼ਪੁਰ ਨੂੰ ਆ ਗਏ। ਇਸ ਜੱਥੇ ਨਾਲ ਰਾਹ ਵਿਚੋਂ ਹੋਰ ਵੀ ਕਈ ਮਿਲਦੇ ਗਏ। ਹਿੰਦ ਵਿਚ ਪਹੁੰਚਦਿਆਂ ਤੱਕ ਉਸ ਦੀ ਗਿਣਤੀ ੬੦ ਹਜ਼ਾਰ ਤੱਕ ਪੁੱਜ ਗਈ।

੨੦ ਅਗਸਤ ਨੂੰ ਹੜੱਪੇ ਥਾਣੇ ਵਿਚ ਮੁਸਲਮ ਲੀਗ ਦਾ ਜਲਸਾ ਹੋਇਆ।

ਹੜੱਪਾ

੨੧ ਨੂੰ ਸਿੱਖਾਂ ਕੋਲੋਂ ਕ੍ਰਿਪਾਨਾਂ ਤੇ ਹੋਰ ਹਥਿਆਰ ਖੋਹ ਲਏ। ਰਾਤ ਨੂੰ ਕੁਝ ਮਕਾਨਾਂ ਨੂੰ ਅੱਗ ਵੀ ਲਾਈ ਗਈ। ੨੨ ਨੂੰ ਥਾਣੇਦਾਰ ਨੇ ਕੁਝ ਪਤਵੰਤੇ ਹਿੰਦੂ ਸਿੱਖਾਂ ਨੂੰ ਥਾਣੇ ਸੱਦਿਆ ਤੇ ਰੱਖਿਆ ਦਾ ਭਰੋਸਾ ਦੁਆਇਆ, ਪਰ ਸ਼ਾਮ ਨੂੰ ਜਿਸ ਵੇਲੇ ਇਲਾਕੇ ਦੇ ਲੁਟੇਰੇ ਇਕੱਠੇ ਆਣ ਹੋਏ ਤਾਂ ਹਿੰਦੂ ਸਿੱਖਾਂ ਨੂੰ ਛੇਤੀ ਤੋਂ ਛੇਤੀ ਸ਼ਹਿਰ ਖ਼ਾਲੀ ਕਰਨ ਵਾਸਤੇ ਕਿਹਾ ਗਿਆ। ਜ਼ਰਾ ਹਨੇਰੇ ਹੋਏ 'ਤੇ ਦੋ ਹਿੰਦੂ ਕਤਲ ਵੀ ਕਰ ਦਿੱਤੇ ਗਏ। ਇਸ ਘਟਨਾ ਤੋਂ ਡਰ ਕੇ ਸਭ ਹਿੰਦੂ ਸਿੱਖਾਂ

ਨੇ ਓਸੇ ਰਾਤ ਹੜੱਪਾ ਖ਼ਾਲੀ ਕਰ ਦਿੱਤਾ। ਗੁਰਦੁਆਰੇ ਤੋਂ ਦੂਜੇ ਪਾਸੇ ਨਾਲ ਹੀ (ਹੜੱਪੇ ਤੋਂ ਦੋ ਫ਼ਰਲਾਂਗ ਦੂਰ) ਚੱਕ ੧੦੨ ਸਿੱਖਾਂ ਦਾ ਸੀ। ਹੜੱਪੇ ਵਾਲੇ ਸਾਰੇ ਓਥੇ ਚਲੇ ਗਏ। ੨੩ ਨੂੰ ਚਾਰ ਕੁ ਹਜ਼ਾਰ ਮੁਸਲਮਾਨਾਂ ਨੇ ਚੱਕ ਨੂੰ ਘੇਰਾ ਪਾ ਲਿਆ। ਲੁਟੇਰਿਆਂ ਨੇ ਸਾਮਾਨ ਸਾਰਾ ਖੋਹ ਲਿਆ, ਪਰ ਕਤਲ ਕੋਈ ਨਹੀਂ ਕੀਤਾ*। ਫਿਰ ਇਹ ਸਾਰੇ ਪੈਦਲ ਮਿੰਟਗੁਮਰੀ ਕੈਂਪ ਵਿਚ ਆ ਗਏ ਤੇ ਓਥੋਂ ਗੱਡੀ ਰਾਹੀਂ ਜਾਂ ਜਥੇ ਨਾਲ ਹਿੰਦੁਸਤਾਨ ਪਹੁੰਚੇ।

ਚੱਕ ੧੩੩

੨੩ ਨੂੰ ਹੀ ਚੱਕ ੧੩੩-੯-ਐਲ ਉੱਤੇ ਹਮਲਾ ਹੋਇਆ। ਇਸ ਚੱਕ ਵਿਚ ਸਿੱਖਾਂ ਦੀ ਵੱਸੋਂ ਚਾਰ ਕੁ ਸੌ ਦੀ ਸੀ। ਸ. ਮਿਤ ਸਿੰਘ ਪਿੰਡ ਦਾ ਚਲਦਾ ਆਦਮੀ ਸੀ। ਉਹਦਾ ਸਾਰਾ ਪਰਿਵਾਰ ਕਤਲ ਕੀਤਾ ਗਿਆ, ਕੇਵਲ ਇਕ ਲੜਕਾ (੨੫ ਕੁ ਸਾਲ ਦਾ) ਬਚਿਆ, ਉਹ ਵੀ ਜ਼ਖ਼ਮੀ ਹੋ ਕੇ ਭੱਜ ਕੇ ਨਿਕਲ ਗਿਆ। ਚੱਕ ਦੇ ਕੁਲ ੯੦ ਸਿੱਖ ਮਾਰੇ ਗਏ ਤੇ ਕੁਝ ਦੇਵੀਆਂ ਨੇ ਖੂਹ ਵਿਚ ਛਾਲਾਂ ਮਾਰ ਕੇ ਪ੍ਰਾਣ ਤਿਆਗੇ, ਪਰ ਇੱਜ਼ਤ ਬਚਾ ਲਈ।

ਨੂਰ ਸ਼ਾਹ

੨੫ ਅਗਸਤ ਨੂੰ ਨੂਰਸ਼ਾਹ ਉੱਤੇ ਹਮਲਾ ਹੋਇਆ। ਅੱਠ ਸਿੱਖ ਕਤਲ ਹੋਏ ਤੇ ਬਹੁਤ ਸਾਰਿਆਂ ਦੀ ਬੇਪਤੀ ਕੀਤੀ ਗਈ। ਸ. ਆਤਮਾ ਸਿੰਘ ਨੇ ਵੈਰੀ ਹੱਥੋਂ ਇੱਜ਼ਤ ਜਾਂਦੀ ਵੇਖ ਕੇ ਆਪਣੇ ਹੱਥੀਂ ਪਰਿਵਾਰ ਦੀਆਂ ਇਸਤਰੀਆਂ ਤੇ ਬੱਚਿਆਂ ਨੂੰ ਕਤਲ ਕੀਤਾ। ਫਿਰ ਘਰ ਵਿਚ ਹੀ ਮਕਾਨ ਤੇ ਸਾਮਾਨ ਨੂੰ ਅੱਗ ਲਾ ਕੇ ਲੋਥਾਂ ਦਾ ਸਸਕਾਰ ਕੀਤਾ ਤੇ ਅੰਤ ਆਪ ਵੀ ਕ੍ਰਿਪਾਨ ਨਾਲ ਆਤਮਘਾਤ ਕਰ ਲਿਆ। ਉਸ ਦਾ ਇਕ ਪੋਤਰਾ ਘੇਰੇ ਤੋਂ ਪਹਿਲਾਂ ਹੀ ਬਾਹਰ ਨਿਕਲ ਗਿਆ ਸੀ, ਜੋ ਬਚ ਕੇ ਮਿੰਟਗੁਮਰੀ ਪੁੱਜ ਗਿਆ।

ਚੱਕ ੪੭-੪੯

੨੫ ਨੂੰ ਹੀ ਚੱਕ ੪੭-੫ ਆਰ ਉੱਤੇ ਹਮਲਾ ਕੀਤਾ ਗਿਆ। ਇਸ ਚੱਕ ਵਿਚੋਂ ਸ਼ਾਇਦ ਹੀ ਕੋਈ ਬਚ ਕੇ ਨਿਕਲਿਆ ਹੋਵੇ। ਜਿੰਨੇ ਸੱਜਣ ਸਾਨੂੰ ਹੁਣ ਤੱਕ ਮਿਲੇ ਹਨ ਕਿਸੇ ਵੀ ਨਹੀਂ ਦੱਸਿਆ ਕਿ ਉਪਰਲੇ ਚੱਕ ਦਾ ਕੋਈ ਆਦਮੀ ਉਸ ਨੂੰ ਮਿਲਿਆ ਹੋਵੇ। ਬਹੁਤੀ ਪੜਤਾਲ ਤੋਂ ਏਨਾ ਹੀ ਪਤਾ ਮਿਲਿਆ ਹੈ ਕਿ ਤਿੰਨ ਆਦਮੀ ਓਥੋਂ ਦੇ ਬਚ ਕੇ ਨਿਕਲੇ ਹਨ। ਇਸ ਤੋਂ ਕੁਝ ਘੱਟ ਮੰਦਾ ਹਾਲ ਗੁਆਂਢੀ ਚੱਕ ੪੯-੫ ਆਰ ਦਾ ਹੋਇਆ। ਤੀਜਾ ਹਿੱਸਾ ਵੱਸੋਂ ਏਥੋਂ ਦੀ ਵੀ ਖ਼ਤਮ ਕਰ ਦਿੱਤੀ ਗਈ। ਉਸ ਇਲਾਕੇ ਵਿਚ ਇਹ ਚੱਕ ਸਿੱਖੀ ਪ੍ਰਚਾਰ ਦਾ ਅੱਡਾ ਸੀ। ਇਸੇ ਵਾਸਤੇ ਮੁਸਲਮਾਨਾਂ ਨੇ ਇਹ ਦੋਵੇਂ ਚੱਕ ਪੁੱਜ ਕੇ ਤਬਾਹ ਕੀਤੇ।

ਚੱਕ ੬੫

ਉਦਾਲਾ ਸੜਦਾ ਤੇ ਉਜੜਦਾ ਵੇਖ ਕੇ ਚੱਕ ੬੫-੪-ਆਰ ਦੇ ਸਿੱਖ ਵੀ ਪਿੰਡੋਂ ਨਿਕਲ ਪਏ। ਉਹ ਨਹਿਰੋ-ਨਹਿਰ ਮਿੰਟਗੁਮਰੀ ਨੂੰ ਜਾ ਰਹੇ ਸਨ। ਯੂਸਫ਼ ਵਾਲੇ ਕੋਲ ਪਹੁੰਚੇ ਤਾਂ ਮੁਸਲਮ ਨੈਸ਼ਨਲ ਗਾਰਡ ਦੇ ਸਿਪਾਹੀ ਆਣ ਪਏ। ਜਥੇ ਦੀਆਂ ਸਭ ਲੜਕੀਆਂ ਨਹਿਰ ਦੀ ਪਟੜੀ 'ਤੇ ਜਾ ਰਹੀਆਂ

---

*ਬਿਆਨ ਸ. ਗੁਰਮੁਖ ਸਿੰਘ ਹੜੱਪਾ, ਇਸ ਵੇਲੇ ਜ਼ੀਰਾ।

ਸਨ। ਉਹਨਾਂ ਦੀ ਜੱਥੇਦਾਰਨੀ ਇਕ ਮੈਟਰਿਕ ਪਾਸ ਲੜਕੀ ਸੀ। ਆਦਮੀ ਸਾਰੇ ਨਹਿਰੋਂ ਦੂਰ ਰਾਹੇ-ਰਾਹ ਗੱਡੀ ਲਈ ਜਾ ਰਹੇ ਸਨ। ਮੁਸਲਮ ਨੈਸ਼ਨਲ ਗਾਰਡ ਨੇ ਗੱਡੀ ਉੱਤੇ ਗੋਲੀ ਚਲਾਉਣੀ ਆਰੰਭ ਦਿੱਤੀ। ਲੜਕੀਆਂ ਨੇ ਇੱਜ਼ਤ ਬਚਾਉਣ ਵਾਸਤੇ ਨਹਿਰ ਵਿਚ ਛਾਲਾਂ ਮਾਰ ਕੇ ਜਾਨਾਂ ਦਿੱਤੀਆਂ। ਬਾਕੀ ਸਭ ਆਦਮੀ ਗੋਲੀਆਂ ਦੀ ਭੇਟਾ ਹੋ ਗਏ। ਮੁੱਕਦੀ ਗੱਲ, ਸਾਰੇ ਚੱਕ ਵਿਚੋਂ ਕੇਵਲ ਇਕ ਆਦਮੀ ਵਰਿਆਮ ਸਿੰਘ ਬਚਿਆ, ਜੋ ਮਿੰਟਗੁਮਰੀ ਕੈਂਪ ਵਿਚ ਪਹੁੰਚਿਆ।

ਮਿੰਟਗੁਮਰੀ ਕੈਂਪ ਖ਼ਾਲੀ

ਮਿੰਟਗੁਮਰੀ ਕੈਂਪ ਵਿਚੋਂ ਕਈ ਜਾਂਦੇ ਰਹੇ ਤੇ ਕਈ ਹੋਰ ਨਵੇਂ ਆਉਂਦੇ ਰਹੇ। ਅਗਸਤ ਵਿਚ ੨੦ ਮੌਤਾਂ ਹੋਈਆਂ ਤੇ ਕੁਝ ਮਕਾਨਾਂ ਨੂੰ ਅੱਗਾਂ ਲੱਗੀਆਂ। ਦੋ ਸਤੰਬਰ ਨੂੰ ਓਥੇ ਸਿੰਘ ਸਭਾ ਕੈਂਪ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਤੇ ਸ. ਸੰਪੂਰਨ ਸਿੰਘ ਪੁੱਜੇ। ਓਥੋਂ ਦੀ ਬੁਰੀ ਹਾਲਤ ਵੇਖ ਕੇ ਦੋਹਾਂ ਪਤਵੰਤਿਆਂ ਦੇ ਦਿਲ ਭਰ ਆਏ। ਅਗਲੇ ਦਿਨ ਹੀ ਸਾਰਾ ਕੈਂਪ ਖ਼ਾਲੀ ਹੋ ਗਿਆ ਤੇ ਮਿਲਟਰੀ ਦੀ ਮਦਦ ਨਾਲ ਗੱਡੀ ਰਾਹੀਂ ਫ਼ੀਰੋਜ਼ਪੁਰ ਪੁਚਾ ਦਿੱਤੇ ਗਏ।

ਬਸ਼ੀਰਪੁਰ

ਸਭ ਤੋਂ ਵਧੇਰੇ ਖ਼ੂਨੀ ਸਾਕਾ ਬਸ਼ੀਰਪੁਰ ਤੇ ਹੁਜਰੇ ਦਾ ਹੈ। ਫ਼ਰੀਦਪੁਰ ਜਗੀਰ ਦੇ ਮਾਲਕ ਉਸਮਾਨ ਖ਼ਾਂ ਪਠਾਣ ਨੇ ਦਸ ਕੁ ਹਜ਼ਾਰ ਲੁਟੇਰੇ ਨਾਲ ਲੈ ਕੇ ਬਸ਼ੀਰਪੁਰ ਨੂੰ ਘੇਰਾ ਪਾ ਲਿਆ। ਬਲਵਈਆਂ ਨਾਲ ਮੁਸਲਮ ਨੈਸ਼ਨਲ ਗਾਰਡ ਤੇ ਪੋਲੀਸ ਵੀ ਹੈ ਸੀ। ਬਸ਼ੀਰਪੁਰ ਪਿੰਡ ਤੇ ਮੰਡੀ ਵਿਚ ਥੋੜ੍ਹੀ ਜਿਹੀ ਵਿੱਥ ਹੈ। ਦੋਹਾਂ ਥਾਵਾਂ ਨੂੰ ਵਖੋ-ਵੱਖ ਘੇਰਾ ਪਾਇਆ ਗਿਆ। ਪਿੰਡ ਵਿਚੋਂ ਲੁਟੇਰਿਆਂ ਦਾ ਚੰਗਾ ਟਾਕਰਾ ਹੋਇਆ। ਬੇਦੀ ਬਲਵੰਤ ਸਿੰਘ ਆਪਣੇ ਮਕਾਨ ਤੋਂ ਸਾਰੀ ਰਾਤ ਪੱਕੀ ਬੰਦੂਕ ਦੇ ਵਾਰ ਕਰਦਾ ਰਿਹਾ, ਜਿਸ ਨਾਲ ਕਈ ਮੁਸਲਮਾਨ ਮਰੇ। ਪਿੰਡ ਦਾ ਬਾਕੀ ਹਿੱਸਾ ਲੁੱਟਿਆ ਤੇ ਸਾੜਿਆ ਗਿਆ। ਕਾਬੂ ਆਏ ਹਿੰਦੂ ਸਿੱਖ ਕਤਲ ਕੀਤੇ ਗਏ ਤੇ ਇਸਤਰੀਆਂ ਉਧਾਲੀਆਂ ਗਈਆਂ। ਫਿਰ ਬਲਵਈਆਂ ਨੇ ਮੰਡੀ ਵੱਲ ਜ਼ੋਰ ਕੀਤਾ। ਓਥੇ ਹਿੰਦੂ ਸਿੱਖਾਂ ਨੇ ਸਾਰਾ ਇਕੱਠ ਮੰਡੀ ਵਿਚ ਇਕ ਥਾਂ ਕੀਤਾ ਹੋਇਆ ਸੀ ਤੇ ਦਰਵਾਜ਼ੇ ਬੰਦ ਕਰ ਕੇ ਉਹਨਾਂ ਦੀ ਰਾਖੀ ਉੱਤੇ ਹਥਿਆਰ ਲੈ ਕੇ ਕੁਝ ਦਿਲ ਵਾਲੇ ਡਟੇ ਖੜੇ ਸਨ। ਪਿੰਡ ਦਾ ਹੋਇਆ ਹਾਲ ਵੇਖ ਕੇ ਉਹ ਸਮਝਦੇ ਸਨ ਕਿ ਉਹਨਾਂ ਨਾਲ ਕੀ ਵਾਪਰੇਗੀ ? ਮੰਡੀ ਦੀਆਂ ਦੇਵੀਆਂ ਵੀ ਬੜੀਆਂ ਪਤ ਵਾਲੀਆਂ ਨਿਕਲੀਆਂ। ਉਹਨਾਂ ਬੇਗਾਨਿਆਂ ਦੇ ਅਧੀਨ ਜਿਊਣ ਨਾਲੋਂ ਆਪਣਿਆਂ ਹੱਥੋਂ ਮਰਨਾ ਚੰਗਾ ਸਮਝਿਆ। ਉਹ ਘਰ ਦਿਆਂ ਨੂੰ ਮਜਬੂਰ ਕਰਨ ਲੱਗੀਆਂ ਕਿ ਉਹ ਆਪਣੀ ਹੱਥੀਂ ਉਹਨਾਂ ਨੂੰ ਕਤਲ ਕਰਨ। ਇਹ ਕੁਝ ਕਹਿਣਾ ਸੁਣਨਾ ਸੌਖਾ ਹੈ ਤੇ ਹੱਥੀਂ ਕਰਨਾ ਔਖਾ। ਮਰਨ ਵਾਲੀਆਂ ਤਿਆਰ ਸਨ, ਪਰ ਮਾਰਨ ਵਾਲੇ ਨਹੀਂ। ਸ. ਕਰਮ ਸਿੰਘ ਦੀ ਸਿੰਘਣੀ ਨੇ ਪਤੀ ਨੂੰ ਮਜਬੂਰ ਕਰ ਦਿੱਤਾ ਕਿ ਉਹ ਆਪਣੀ ਹੱਥੀਂ ਉਸ ਨੂੰ ਕਤਲ ਕਰੇ। ਜਦ ਉਸ ਨੇ ਆਪਣੀ ਪਤ ਦਾ ਵਾਸਤਾ ਪਾ ਕੇ ਕਿਹਾ ਤਾਂ ਕਰਮ ਸਿੰਘ ਪਾਸ ਮੰਨਣ ਤੋਂ ਬਿਨਾਂ ਹੋਰ

ਕੋਈ ਰਾਹ ਨਾ ਰਹਿ ਗਿਆ। ਉਸ ਦੇਵੀ ਨੇ ਪਾਠ ਕਰਦਿਆਂ ਆਪਣਾ ਸਿਰ ਝੁਕਾਅ ਦਿੱਤਾ ਤੇ ਕਰਮ ਸਿੰਘ ਨੇ ਸਾਰਾ ਜ਼ੋਰਾ ਕਰਕੇ ਤਲਵਾਰ ਚਲਾ ਦਿੱਤੀ। ਫੇਰ ਕੀ ਸੀ ? ਇਸ ਸਾਕੇ ਨੂੰ ਹੋਰ ਵੀ ਕਈਆਂ ਦੁਹਰਾਇਆ। ਮੰਡੀ ਵਿਚ ਸੌ ਦੇ ਲਗਪਗ ਇਸਤਰੀਆਂ ਬੱਚੇ ਕਤਲ ਕੀਤੇ ਗਏ। ਇਹ ਦੁਰਘਟਨਾ ੨੪ ਅਗਸਤ ਦੀ ਹੈ। ਇਕ ਸੱਜਣ ਨੇ ਜਦ ਆਪਣੀ ਪਤਨੀ ਨੂੰ ਕਤਲ ਕੀਤਾ ਤਾਂ ਉਸ ਦੀ ਛੇ ਸਾਲ ਦੀ ਲੜਕੀ, ਜੋ ਕੋਲ ਖੜੀ ਸਭ ਕਾਰਾ ਵੇਖ ਰਹੀ ਸੀ, ਭੱਜ ਕੇ ਪਿਉ ਦੀਆਂ ਲੱਤਾਂ ਨੂੰ ਚੰਬੜ ਗਈ ਤੇ ਕਹਿਣ ਲੱਗੀ, "ਭਾਪਾ ਜੀ, ਮੈਨੂੰ ਨਾ ਮਾਰਿਓ, ਹੁਣ ਮੈਂ ਪੜ੍ਹਿਆ ਕਰਾਂਗੀ।" ਅਨੁਮਾਨ ਲਾ ਲਓ ਕਿ ਉਸ ਲੜਕੀ ਨੂੰ ਮਾਰਨ ਲੱਗਿਆਂ ਮੁੜ ਕੇ ਪਿਤਾ ਨੇ ਕਿੰਨਾ ਕਰੜਾ ਜੇਰਾ ਕੀਤਾ ਹੋਵੇਗਾ। ਅੰਦਰ ਇਹ ਕਾਰਾ ਹੁੰਦਾ ਵੇਖ ਕੇ ਮੁਸਲਮਾਨ ਵੀ ਘਬਰਾ ਗਏ ਤੇ ਜ਼ਰਾ ਪਿਛਾਂਹ ਹਟ ਗਏ, ਪਰ ਘੇਰਾ ਕਾਇਮ ਰੱਖਿਆ। ਅੰਤ ਪੰਜਵੇਂ ਦਿਨ ਹਿੰਦੂ ਮਿਲਟਰੀ ਪਹੁੰਚੀ ਤਾਂ ਉਸ ਨੇ ਘਿਰੇ ਹੋਏ ਬੰਦਿਆਂ ਨੂੰ ਕੱਢ ਕੇ ਲਿਆਂਦਾ। ਬੇਦੀ ਬਲਵੰਤ ਸਿੰਘ ਵੀ ਓਸੇ ਦਿਨ ਘਰੋਂ ਨਿਕਲਿਆ ਤੇ ਉਸ ਜੱਥੇ ਨਾਲ ਆਇਆ। ਬਸ਼ੀਰਪੁਰ ਮੰਡੀ ਤੇ ਪਿੰਡ ਵਿਚ ਇਕ ਹਜ਼ਾਰ ਹਿੰਦੂ ਸਿੱਖ ਇਸਤਰੀ ਪੁਰਸ਼ ਮਾਰੇ ਗਏ ਸਨ।

ਹੁਜਰਾ

ਏਹਾ ਹਾਲ ਹੁਜਰਾ ਸ਼ਾਹ ਮੁਕੀਮ ਦਾ ਹੋਇਆ। ਓਥੋਂ ਦੇ ਗੱਦੀ ਨਸ਼ੀਨ ਪੀਰ ਦੇ ਪੁੱਤਰ ਆਗਾ ਨੇ ਇਲਾਕੇ ਵਿਚੋਂ ਹਜ਼ਾਰਾਂ ਮੁਸਲਮਾਨ ਇਕੱਠੇ ਕਰਕੇ ੨੫ ਅਗਸਤ ਨੂੰ ਪਿੰਡ ਲੁੱਟਣਾ ਤੇ ਸਾੜਨਾ ਸ਼ੁਰੂ ਕਰ ਦਿੱਤਾ। ਘੇਰੇ ਵਿਚ ਆਏ ਹੋਏ, ਕੁਝ ਅਣਖੀ ਬੰਦਿਆਂ ਨੇ ਆਪਣੀਆਂ ਇਸਤਰੀਆਂ ਤੇ ਬੱਚੇ ਹੱਥੀਂ ਕਤਲ ਕਰ ਦਿੱਤੇ। ਕਈਆਂ ਨੇ ਮਰਦਾਂ ਵਾਂਗ ਲੁਟੇਰਿਆਂ ਦਾ ਟਾਕਰਾ ਵੀ ਕੀਤਾ, ਪਰ ਮੁਸਲਮਾਨਾਂ ਦੀ ਮਦਦ ਮੁਸਲਮ ਨੈਸ਼ਨਲ ਗਾਰਡ ਤੇ ਪੁਲੀਸ ਕਰ ਰਹੀ ਸੀ, ਇਸ ਵਾਸਤੇ ਕੋਈ ਪੇਸ਼ ਨਾ ਗਈ। ਡੇਢ ਕੁ ਹਜ਼ਾਰ ਦੇ ਲਗਪਗ ਹਿੰਦੂ ਸਿੱਖ ਏਥੇ ਕਤਲ ਕੀਤੇ ਗਏ*। ਸ. ਕਰਤਾਰ ਸਿੰਘ ਰਈਸ ਨੂੰ ਆਗੇ ਨੇ ਆਪਣੇ ਹੱਥੀਂ ਗੋਲੀ ਨਾਲ ਮਾਰਿਆ। ਕੁਝ ਆਦਮੀਆਂ ਨੂੰ ਫੜ ਕੇ ਥਾਣੇ ਵਿਚ ਲੈ ਆਂਦਾ ਗਿਆ ਤੇ ਓਥੇ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਗਿਆ। ਉਹਨਾਂ ਨੂੰ ਅਨੇਕਾਂ ਦੁੱਖ ਦਿੱਤੇ ਗਏ, ਜਿਸ ਨਾਲ ਉਹ ਮੁਸਲਮਾਨ ਹੋਣਾ ਮੰਨ ਲੈਣ, ਪਰ ਉਹ ਡਟੇ ਰਹੇ। ਕੁਝ ਆਦਮੀਆਂ ਨੇ ਇਸਲਾਮ ਮੰਨ ਵੀ ਲਿਆ, ਪਰ ਪਿੱਛੋਂ ਹਿੰਦੂ ਮਿਲਟਰੀ ਪਹੁੰਚ ਗਈ ਤਾਂ ਉਹ ਸਾਰੇ ਆ ਗਏ।

ਉਦਾਲੇ ਦੇ ਪਿੰਡਾਂ ਨਾਲ ਵੀ ਘੱਟ ਨਹੀਂ ਹੋਈ। ੨੨ ਅਗਸਤ ਨੂੰ ਲੱਧੇਵਾਲ 'ਤੇ ਹਮਲਾ ਹੋਇਆ ਤੇ ੯ ਹਿੰਦੂ ਸਿੱਖ ਮਰਦ ਤੇ ੨ ਇਸਤਰੀਆਂ ਕਤਲ ਹੋਏ। ੨੩ ਨੂੰ ਅੰਬਲੀ ਮੋਤੀ ਉੱਤੇ ਧਾਵਾ ਹੋਇਆ। ਪਿੰਡ ਦੀ ਵੱਸੋਂ ੩ ਹਜ਼ਾਰ ਦੀ ਸੀ, ਜਿਸ ਵਿਚੋਂ ਤਿੰਨ ਸੌ ਮਾਰੇ ਗਏ। ਨਹਿਰਾਂ ਵਾਲੇ ਵਿਚੋਂ ਸ. ਨਿਰਮਲ ਸਿੰਘ ਤੇ ੩੦

*ਬਿਆਨ ਲਾਲਾ ਕਸ਼ਮੀਰੀ ਲਾਲ ਤੇ ਸ. ਵਜ਼ੀਰ ਸਿੰਘ ਦਿਪਾਲਪੁਰ।

Sri Satguru Jagjit Singh Ji eLibrary NamdhariElibrary@gmail.com

ਆਦਮੀ ਹੋਰ ਕਤਲ ਹੋਏ। ਲੱਕੜਾਂ ਵਾਲੇ ਦਾ ਨੰਬਰਦਾਰ ਗਿਰਧਾਰੀ ਲਾਲ ਸਣੇ ਤਿੰਨ ਸਾਥੀਆਂ ਦੇ ਮਾਰਿਆ ਗਿਆ। ੨੭ ਅਗਸਤ ਨੂੰ ਕਿਲ੍ਹਾ ਸੋਧਾ ਸਿੰਘ ਵਿਚ ਦੋ ਕੁ ਸੌ ਹਿੰਦੂ ਸਿੱਖ ਕਤਲ ਕੀਤੇ ਗਏ। ਕਿਲ੍ਹਾ ਦੀਵਾਨ ਸਿੰਘ ਦੇ ਤਿੰਨ ਵਾਸ ਸਨ, ਤਿਨਾਂ ਵਿਚੋਂ ਦੋ ਅਸਲੋਂ ਖ਼ਤਮ ਕੀਤੇ ਗਏ। ਸ. ਦੀਵਾਨ ਸਿੰਘ ਦੇ ਤਿੰਨ ਪੁੱਤਰ ਸਨ-ਬੂਟਾ ਸਿੰਘ, ਝੰਡਾ ਸਿੰਘ ਤੇ ਪ੍ਰਤਾਪ ਸਿੰਘ। ਤੀਜਾ (ਪ੍ਰਤਾਪ ਸਿੰਘ) ਮੁਸਲਮ ਵੰਸਵਾ ਦੇ ਪੇਟੋਂ ਸੀ, ਜੋ ਮੁਸਲਮਾਨ ਹੋ ਗਿਆ ਤੇ ਹੁਣ ਸੁਲਤਾਨ ਸਕੰਦਰ ਦੇ ਨਾਂ ਨਾਲ ਪ੍ਰਸਿੱਧ ਹੈ। ਉਸ ਨੇ ਇਲਾਕੇ ਦੇ ਹਜ਼ਾਰਾਂ ਮੁਸਲਮਾਨ ਲੈ ਕੇ ਪਹਿਲੋਂ ਦੋਹਾਂ ਭਰਾਵਾਂ ਦੇ ਪਿੰਡਾਂ ਉੱਤੇ ਹਮਲਾ ਕੀਤਾ ਤੇ ਦੋਵੇਂ ਪਰਿਵਾਰ ਸਮੂਲਚੋਂ ਖ਼ਤਮ ਕਰ ਦਿੱਤੇ। ਉਸ ਘਰਾਣੇ ਵਿਚੋਂ ਇਕ ਹੀ ਆਦਮੀ ਬਚਿਆ, ਜੋ ਉਸ ਵੇਲੇ ਨੌਕਰੀ 'ਤੇ ਘਰੋਂ ਬਾਹਰ ਸੀ।

ਦਿਪਾਲਪੁਰ

੨੫ ਅਗਸਤ ਨੂੰ ਦਿਪਾਲਪੁਰ ਵਿਚ ਵੀ ਛੁਰੇ ਵੱਜਣੇ ਸ਼ੁਰੂ ਹੋ ਗਏ। ਗੁਰਦੁਆਰੇ ਵਿਚ ਗ੍ਰੰਥੀ ਤੇ ਉਸ ਦੀ ਸਿੰਘਣੀ ਕਤਲ ਕੀਤੇ ਗਏ। ੨੬ ਨੂੰ ਰਾਤ ਗੋਲੀ ਵੀ ਚੱਲਦੀ ਰਹੀ। ਪਰ ਉਪਰਲੇ ਥਾਂਵਾਂ ਵਰਗਾ ਖ਼ੂਨੀ ਨਾਟਕ ਏਥੇ ਨਹੀਂ ਹੋਇਆ। ਸਾਰੇ ਸੌਆਂ ਕੁ ਹਿੰਦੂ ਸਿੱਖ ਕਤਲ ਹੋਏ। ਮੱਠੀ-ਮੱਠੀ ਲੁੱਟ ਮਾਰ ਹੁੰਦੀ ਰਹੀ। ਅੰਤ ਛੇ ਸਤੰਬਰ ਨੂੰ ਉਕਾੜੇ ਵਾਲੇ ਜੱਥੇ ਨਾਲ ਰਲ ਕੇ ਦਿਪਾਲਪੁਰੀਏ ਨਿਕਲੇ ਤੇ ਹੈੱਡ ਸੁਲੇਮਾਨ ਰਾਹੀਂ ਫ਼ੀਰੋਜ਼ਪੁਰ ਪਹੁੰਚੇ।

ਉਕਾੜਾ

ਉਕਾੜੇ ਦੇ ਉਦਾਲੇ ਬਹੁਤੇ ਫ਼ੌਜੀ ਸਿੱਖਾਂ ਦੇ ਚੱਕ ਸਨ। ਏਹਾ ਹਾਲ ਰਿਨਾਲੇ ਦਾ ਸੀ। ਹਰ ਪਿੰਡ ਵਿਚ ਦੋ ਚਾਰ ਲਾਈਸੈਂਸ ਦੇ ਹਥਿਆਰ ਹੈਗੇ ਸਨ ਤੇ ਇਸ ਤੋਂ ਵਧੇਰੇ ਚੋਰੀ ਦੇ। ਗੁਰਦੁਆਰਾ ਅਜੀਤ ਸਰ ਦੇ ਉਦਾਲੇ ਨਿਰੀ ਸਿੱਖ ਵੱਸੋਂ ਸੀ। ਓਥੋਂ ਸਿੱਖਾਂ ਨੇ ਬੜੇ ਤਕੜੇ ਮੋਰਚੇ ਬਣਾਏ ਹੋਏ ਸਨ। ਹਜ਼ਾਰਾਂ ਮੁਸਲਮਾਨਾਂ ਇਕੱਠਿਆਂ ਹੋ ਕੇ ਉਥੇ ਹਮਲਾ ਕੀਤਾ ਤਾਂ ਸਿੱਖਾਂ ਨੇ ਅੱਗੋਂ ਮੂੰਹ ਭੂਆ ਦਿੱਤਾ। ਅਜੀਤ ਸਰ ਵਾਲੇ ਸੰਤ ਆਪ ਹੱਥ ਵਿਚ ਬੰਦੂਕ ਲੈ ਕੇ ਲੜਦੇ ਰਹੇ। ਅੰਤ ਇਹ ਸਾਰਾ ਇਲਾਕਾ ਇਕ ਵੱਡਾ ਵਹੀਰ ਬਣਾ ਕੇ ਸੁਲੇਮਾਨ ਹੈੱਡ ਨੂੰ ਹੋ ਤੁਰਿਆ। ਉਕਾੜੇ ਵਿਚ ਕੁਝ ਲੁੱਟ ਮਾਰ ਹੋਈ ਤੇ ਕੁਝ ਮਕਾਨ ਸਾੜੇ ਗਏ। ਪਿੰਡਾਂ ਦਾ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ। ਉਹਨਾਂ ਆਪਣਾ ਕੀਮਤੀ ਸਾਮਾਨ ਗੱਡਿਆਂ 'ਤੇ ਲੱਦ ਲਿਆ ਤੇ ਆਪ ਬੰਦੂਕਾਂ ਫੜ ਕੇ ਉਦਾਲੇ ਹੋ ਗਏ। ਇਕ ਦੋ ਥਾਵਾਂ 'ਤੇ ਟਾਕਰਾ ਹੋਇਆ ਤਾਂ ਮੁਸਲਮਾਨ ਨੁਕਸਾਨ ਉਠਾ ਕੇ ਨੱਸ ਜਾਂਦੇ ਰਹੇ। ਰਾਹ ਵਿਚ ਸਿੱਖਾਂ ਦੇ ਛੋਟੇ-ਛੋਟੇ ਪਿੰਡ ਉਜੜੇ ਹੋਏ ਵੇਖ ਕੇ ਸਿੱਖਾਂ ਨੂੰ ਜੋਸ਼ ਆ ਗਿਆ। ਫਿਰ ਉਹਨਾਂ ਵੀ ਮੁਸਲਮਾਨਾਂ ਦੇ ਪਿੰਡ ਲੁੱਟਣੇ ਸ਼ੁਰੂ ਕਰ ਦਿੱਤੇ। ਇਸ ਵਹੀਰ ਦੀ ਏਨੀ ਧਾਂਗ ਸੀ ਕਿ ਰਾਹ ਵਿਚਲੇ ਮੁਸਲਮਾਨਾਂ ਦੇ ਕਈ ਪਿੰਡ ਅਸਲੋਂ ਖ਼ਾਲੀ ਹੋ ਗਏ। ਕਈਆਂ ਥਾਵਾਂ 'ਤੇ ਸਿੱਖਾਂ ਨੇ ਕੁਝ ਪਿੰਡ ਆਪਣੇ ਹੱਥੀਂ ਸਾੜੇ ਤੇ ਉਥੋਂ ਦੇ ਵਸਨੀਕ ਮੁਸਲਮਾਨ ਕਤਲ ਕੀਤੇ। ਦਿਪਾਲਪੁਰ ਤੱਕ ਪਹੁੰਚਦਿਆਂ ਤੱਕ

ਇਸ ਜੱਥੇ ਦੀ ਗਿਣਤੀ ਇਕ ਲੱਖ ਤੱਕ ਪਹੁੰਚ ਗਈ ਸੀ। ਇਸ ਇਲਾਕੇ ਦੀ ਵੱਸੋਂ ਨੂੰ ਨਾਲ ਲੈਂਦਾ ਹੋਇਆ ਵਹੀਰ ਛੇ ਸਤੰਬਰ ਨੂੰ ਏਥੋਂ ਅਗ੍ਹਾਂ ਤੁਰਿਆ। ਏਥੇ ਹੋਰ ਪਾਸਿਆਂ ਤੋਂ ਕੁਝ ਵਹੀਰ ਆਣ ਮਿਲੇ (ਹਵੇਲੀ ਲੱਖਾਂ ਵਾਲੇ ਵੀ) ੯ ਸਤੰਬਰ ਨੂੰ ਇਹ ਸੁਲੇਮਾਨ ਹੈੱਡ ਤੋਂ ਦਰਿਆ ਲੰਘਿਆ। ਉਸ ਵੇਲੇ ਜੱਥੇ ਦੀ ਗਿਣਤੀ ਡੇਢ ਲੱਖ ਦੇ ਲਗਪਗ ਸੀ।

ਪਾਕਪਟਨ

੨੨ ਅਗਸਤ ਸ਼ਾਮ ਦੇ ਪੰਜ ਵਜੇ ਇੰਜਨ ਸ਼ੈੱਡ ਦਾ ਇਕ ਮੁਸਲਮਾਨ ਅਫ਼ਸਰ—ਜੋ ਫ਼ੀਰੋਜ਼ਪੁਰ ਤੋਂ ਗਿਆ ਸੀ—ਪਾਕਪਟਨ ਪੁੱਜਾ। ਉਸ ਨੇ ਜਾਂਦਿਆਂ ਹੀ ਓਥੋਂ ਦੇ ਮੁਸਲਮਾਨਾਂ ਨੂੰ ਭੜਕਾ ਦਿੱਤਾ। ਜਿਹੜੇ ਹਿਦੂ ਸਿੱਖ ਗੱਡੀ ਚੜ੍ਹਨ ਵਾਸਤੇ ਸਟੇਸ਼ਨ 'ਤੇ ਆਏ ਬੈਠੇ ਸਨ, ਮੁਸਲਮਾਨਾਂ ਨੇ ਉਹਨਾਂ ਦਾ ਸਾਮਾਨ ਲੁੱਟ ਲਿਆ। ੨੩ ਦਿਨੇ ੧੧ ਵਜੇ ਓਥੋਂ ਕਸੂਰ ਨੂੰ ਗਡੀ ਤਿਆਰ ਹੋਈ। ਪੋਲੀਸ ਨੇ ਹਿਦੂ ਸਿੱਖਾਂ ਤੋਂ ਸਭ ਹਥਿਆਰ ਖੋਹ ਲਏ। ਜਦ ਗੱਡੀ ਓਥੋਂ ਤੁਰ ਕੇ ਤਿੰਨ ਮੀਲ 'ਤੇ ਪੁੱਜੀ ਤਾਂ ਅਚਨਚੇਤ ਖੜੀ ਹੋ ਗਈ। ਮੁਸਲਮ ਪੋਲੀਸ ਨੇ ਸਾਰੀ ਗੋਂਦ ਪਹਿਲਾਂ ਹੀ ਗੁੰਦੀ ਹੋਈ ਸੀ। ਉਦਾਲਿਓਂ ਲੁਟੇਰਿਆਂ ਹੱਲਾ ਬੋਲ ਕੇ ਸਾਰੀ ਗੱਡੀ ਲੁੱਟ ਲਈ। ਜਦ ਇਹ ਗੱਡੀ ਖੁੱਡੀਆਂ ਪਹੁੰਚੀ ਤਾਂ ਪੋਲੀਸ ਤੇ ਮੁਸਲਮ ਨੈਸ਼ਨਲ ਗਾਰਡ ਦੇ ਪ੍ਰਬੰਧ ਨਾਲ ਸਾਰੇ ਹਿਦੂ ਮੁਸਾਫ਼ਰ (ਜਿਨ੍ਹਾਂ ਦੀ ਗਿਣਤੀ ਢਾਈ ਹਜ਼ਾਰ ਸੀ) ਮਾਰ ਦਿੱਤੇ ਗਏ*। ਸਰ ਦਾਤਾਰ ਸਿੰਘ ਦੇ ਭ੍ਰਾਈ ਸ. ਕਰਤਾਰ ਸਿੰਘ ਰਈਸ ਪਾਕਪਟਨ ਵੀ ਇਸੇ ਗੱਡੀ ਵਿਚ ਮਾਰੇ ਗਏ।

੨੪ ਅਗਸਤ ਨੂੰ ਪਾਕਪਟਨ ਇਕ ਦੋ ਥਾਈਂ ਛੁਰੇ ਮਾਰੇ ਗਏ ਤੇ ਕੁਝ ਘਰ ਲੁੱਟੇ ਗਏ। ੨੫ ਅਗਸਤ ਨੂੰ ਚਾਰ ਆਦਮੀ ਮਾਰੇ ਗਏ। ਹਿਦੂ ਸਿੱਖ ਸ਼ਹਿਰ ਛੱਡ ਕੇ ਮੰਡੀ ਵਿਚ ਆ ਗਏ। ਅਗਲੇ ਦਿਨ ਸਾਰੇ ਵਹੀਰ ਬਣ ਕੇ ਤੁਰ ਪਏ। ਪਿਛਲੇ ਹਿੱਸੇ 'ਤੇ ਹਮਲਾ ਕਰਕੇ ਲੁਟੇਰਿਆਂ ਸਾਮਾਨ ਲੁੱਟ ਲਿਆ ਤੇ ਕੁਝ ਆਦਮੀ ਮਾਰ ਦਿੱਤੇ। ਦਫ਼ਤਰ ਨਹਿਰ ਦੇ ਹਿਦੂ ਸਿੱਖ ਨੌਕਰ ਵਹੀਰ ਨਾਲ ਮਿਲਣ ਵਾਸਤੇ ਨਿਕਲੇ ਤਾਂ ਮੁਸਲਮਾਨ ਅਫ਼ਸਰਾਂ ਨੇ ਰੋਕਣਾ ਚਾਹਿਆ ਤੇ ਰੱਖਿਆ ਦਾ ਭਰੋਸਾ ਦੁਆਇਆ, ਪਰ ਉਹ ਰੁਕੇ ਨਾ। ਜਦ ਉਹ ਪੁਲ ਕੋਲ ਪਹੁੰਚੇ ਤਾਂ ਰਾਹ ਮੱਲ ਕੇ ਬੈਠੇ ਮੁਸਲਮਾਨਾਂ ਨੇ ਉਹਨਾਂ ਉੱਤੇ ਹਮਲਾ ਕਰ ਦਿੱਤਾ। ਪੰਜ ਆਦਮੀ ਤੇ ਦੋ ਬੱਚੇ ਮਾਰੇ ਗਏ। ਨਹਿਰ ਵਾਲੇ ਫੇਰ ਵਾਪਸ ਭੱਜ ਕੇ ਦਫ਼ਤਰ ਜਾ ਵੜੇ। ੨੬ ਨੂੰ ਉਹ ਫਿਰ ਵਾਪਸ ਭੱਜ ਕੇ ਦਫ਼ਤਰੋਂ ਨਿਕਲੇ ਤੇ ਲੁਟੇਰਿਆਂ ਹੱਥੋਂ ੧੩ ਆਦਮੀ ਮਰਵਾ ਕੇ ਵਾਪਸ ਦਫ਼ਤਰ ਵਿਚ ਚਲੇ ਗਏ। ਹੁਣ ਉਹ ਦਫ਼ਤਰ ਵਿਚ ਵੀ ਮੌਤ ਦੇ ਮੂੰਹ ਵਿਚ ਸਨ। ਬਾਹਰੋਂ ਉਹਨਾਂ ਉੱਤੇ ਹਮਲਾ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਸਨ। ੨੭ ਅਗਸਤ ਨੂੰ ਪਿੱਛੋਂ ਇਕ ਵਹੀਰ ਓਥੇ ਆਣ ਪਹੁੰਚਿਆ। ਨਹਿਰ ਵਾਲੇ ਜਾਨਾਂ ਲੈ ਕੇ ਦਫ਼ਤਰੋਂ ਨਿਕਲ ਭੱਜੇ ਤੇ ਵਹੀਰ ਵਿਚ ਆਣ ਮਿਲੇ। ਪਾਕਪਟਨ ਤੋਂ ਸੁਲੇਮਾਨ ਹੈੱਡ ਤੱਕ

*ਬਿਆਨ ਸ. ਕ੍ਰਿਪਾਲ ਸਿੰਘ ਜ਼ਿਲ੍ਹੇਦਾਰ, ਪਾਕਪਟਨ।

Sri Satguru Jagjit Singh Ji eLibrary NamdhariElibrary@gmail.com

ਉਹ ਦੋਹੀਂ ਪਾਸੀਂ ਹਿੰਦੂਆਂ ਸਿੱਖਾਂ ਦੀਆਂ ਲੋਥਾਂ ਹੀ ਲੋਥਾਂ ਵੇਖਦੇ ਆਏ।

ਦਾਊਦਪੁਰਾ

ਦਾਊਦਪੁਰਾ ਵਿਚ ਬਹੁਤ ਸਾਰੇ ਰਾ ਸਿੱਖ ਇਕੱਠੇ ਹੋਏ ਸਨ। ਉਹ ਸੂਰ ਦਾ ਸ਼ਿਕਾਰ ਖੇਡਣ ਵਿਚ ਬੜੇ ਪ੍ਰਸਿੱਧ ਸਨ। ਇਸ ਵਾਸਤੇ ਮੁਸਲਮਾਨ ਉਹਨਾਂ ਨਾਲ ਸਭ ਤੋਂ ਵਧੇਰੇ ਅੱਕਰ ਰੱਖਦੇ ਸਨ। ਸੌ ਹਜ਼ਾਰਾਂ ਮੁਸਲਮਾਨਾਂ ਨੇ ਰਲ ਕੇ ਰਾਵਾਂ 'ਤੇ ਹਮਲਾ ਕੀਤਾ। ਰਾਵਾਂ ਅੱਗੋਂ ਟਾਕਰਾ ਕੀਤਾ, ਪਰ ਬਹੁਤਿਆਂ ਅੱਗੇ ਥੋੜ੍ਹਿਆਂ ਦੀ ਪੇਸ਼ ਨਾ ਗਈ। ਪੰਜ ਸੌ ਦੇ ਲਗਪਗ ਸਿੱਖ ਮਾਰੇ ਗਏ। ਕੁਝ ਦੇਵੀਆਂ ਨੇ ਦਰਿਆ ਵਿਚ ਛਾਲਾਂ ਮਾਰ ਕੇ ਜਾਨਾਂ ਦਿੱਤੀਆਂ। ਇਸੇ ਤਰ੍ਹਾਂ

ਘੁਮਿਆਰੀ ਵਾਲਾ

ਘੁਮਿਆਰੀ ਵਾਲਾ ਦੇ ਹਿੰਦੂ ਸਿੱਖਾਂ ਨੇ ਵੀ ਧਾਵਾ ਕਰਨ ਵਾਲਿਆਂ ਦਾ ਟਾਕਰਾ ਕੀਤਾ, ਕੁਝ ਮੁਸਲਮਾਨ ਮਾਰੇ ਗਏ, ਪਰ ਦੂਜੀ ਵਾਰ ਪੁਲੀਸ ਨੇ ਆਪ ਅੱਗੇ ਲੱਗ ਕੇ ਧਾਵਾ ਕੀਤਾ, ਜਿਸ ਵਿਚ ੨੫੦ ਹਿੰਦੂ ਸਿੱਖ ਮਾਰੇ ਗਏ ਤੇ ਬਹੁਤ ਸਾਰੇ ਧੱਕੋ-ਧੱਕੀ ਮੁਸਲਮਾਨ ਬਣਾ ਲਏ ਗਏ।

ਆਰਫ਼ ਵਾਲਾ

ਆਰਫ਼ ਵਾਲਾ ਵਿਚ ਵੀ ਅੱਗਾਂ ਲਾਈਆਂ ਗਈਆਂ ਪਰ ਜਾਨੀ ਨੁਕਸਾਨ ਕੋਈ ਬਹੁਤਾ ਨਹੀਂ ਹੋਇਆ। ਉਦਾਲੇ ਦੇ ਪਿੰਡਾਂ ਵਿਚ ਵੀ ਥੋੜ੍ਹੀ ਬਹੁਤੀ ਗੜਬੜ ਹੋਈ। ਅੰਤ ਸਾਰੇ ਘਰ ਬਾਰ ਵੈਰੀਆਂ ਗੋਚਰਾ ਛੱਡ ਕੇ ਹਿੰਦੁਸਤਾਨ ਨੂੰ ਤੁਰ ਪਏ। ਸਮੁੱਚੇ ਤੌਰ 'ਤੇ ਇਸ ਜ਼ਿਲ੍ਹੇ ਵਿਚ ਮੁਸਲਮਾਨਾਂ ਦਾ ਜਾਨੀ ਨੁਕਸਾਨ ਵਧੇਰੇ ਹੋਇਆ ਹੈ। ਬਹੁਤ ਸਾਰੇ ਫ਼ੌਜੀ ਸਿੱਖ ਏਥੇ ਵੱਸਦੇ ਸਨ, ਜਿਨ੍ਹਾਂ ਕੋਲ ਹਥਿਆਰ ਸਨ ਤੇ ਉਹ ਚਲਾਉਣਾ ਵੀ ਜਾਣਦੇ ਸਨ। ਜਦ ਪਾਕਿਸਤਾਨੀ ਧੱਕੇਸ਼ਾਹੀ ਦੇ ਕਾਰਨ ਉਹਨਾਂ ਨੂੰ ਘਰ ਛੱਡਣੇ ਪਏ ਤਾਂ ਭੁੱਖੇ ਸ਼ੇਰਾਂ ਵਾਂਗ ਉਹਨਾਂ ਵੀ ਰਾਹ ਵਿਚ ਕਈਆਂ ਦਾ ਨੁਕਸਾਨ ਕੀਤਾ। ਉੱਥੋਂ ਆਉਣ ਵਾਲਿਆਂ ਨੇ ਅਟਾਸਟਾ ਲਾਇਆ ਹੈ ਕਿ ਸਾਰੇ ਜ਼ਿਲ੍ਹੇ ਵਿਚ ਹਿੰਦੂ ਸਿੱਖਾਂ ਨਾਲੋਂ ਦੂਣੇ ਮੁਸਲਮਾਨ ਮਰੇ ਹੋਣਗੇ।

ਜ਼ਿਲ੍ਹਾ ਮੁਲਤਾਨ

ਸ਼ਹਿਰ ਮੁਲਤਾਨ ਵਿਚ ਮਾਰਚ ਦੇ ਫ਼ਸਾਦਾਂ ਸਮੇਂ ਹੀ ਏਨੀ ਕੱਟ ਵੱਢ ਹੋ ਚੁੱਕੀ ਸੀ ਕਿ ਕੋਈ ਕਸਰ ਬਾਕੀ ਨਹੀ ਸੀ ਰਹੀ। ਓਦੋਂ ਹੀ ਕੁਝ ਪਿੰਡਾਂ ਵਿਚ ਵੀ ਮਾਰ ਧਾੜ ਹੋਈ ਸੀ। ੧੫ ਅਗਸਤ ਤੱਕ ਕਈ ਪਿੰਡਾਂ ਦੇ ਹਿੰਦੂ ਸਿੱਖ ਮੁਲਤਾਨ ਆ ਗਏ ਸਨ ਕਿਉਂਕਿ ਸ਼ਹਿਰ ਵਿਚ ਕੁਝ ਫ਼ੌਜੀ ਰਾਖੀ ਦਾ ਪ੍ਰਬੰਧ ਹੋ ਗਿਆ ਸੀ। ਸ਼ਹਿਰੋਂ ਬਾਹਰ ਇਕੱਲੇ-ਦੁਕੱਲੇ ਨੂੰ ਛੁਰੇ ਜ਼ਰੂਰ ਵਜਦੇ ਰਹੇ। ਜਿਨ੍ਹਾਂ ਪਿੰਡਾਂ ਤੇ ਇਲਾਕਿਆਂ ਵਿਚ ਪਹਿਲਾਂ ਅਮਨ ਰਿਹਾ ਸੀ, ਓਥੇ ਹੁਣ ਵਧੇਰੇ ਭਾਂਬੜ ਭੜਕ ਉੱਠੇ। ਦਰਿਆ ਸਤਲੁਜ ਦੇ ਕੰਢੇ ਲੁਬਾਣੇ ਤੇ ਰਾਏ ਸਿੱਖ ਵੱਸਦੇ ਸਨ, ਜਿਨ੍ਹਾਂ ਵਿਚੋਂ ਮਸਾਂ ਪੰਜਵਾਂ ਹਿੱਸਾ ਬਚ ਕੇ ਆਏ, ਬਾਕੀ ਸਾਰੇ ਤਬਾਹ ਕਰ ਦਿੱਤੇ ਗਏ। ਕੁਝ ਇਲਾਕਿਆਂ ਵਿਚ ਤਾਂ ਕਹਿਣ ਸੁਣਨ ਤੋਂ ਬਾਹਰੇ ਜ਼ੁਲਮ ਕੀਤੇ ਗਏ। ੨੧ ਅਗਸਤ ਨੂੰ ਪਿੰਡ ਖੱਜੀ ਵਾਲਾ ਉੱਤੇ ਅੱਠ ਹਜ਼ਾਰ ਮੁਸਲਮਾਨਾਂ ਨੇ ਹਮਲਾ

ਮੱਜੀ ਢਾਲਾ

ਕੀਤਾ। ਓਥੋਂ ਦੇ ਚਾਰ ਕੁ ਸੌ ਹਿੰਦੂ ਸਿੱਖ ਜਿਊਂਦੇ ਫੜ ਲਏ ਗਏ। ਸਭ ਦੇ ਕੱਪੜੇ ਉਤਾਰ ਕੇ ਨੰਗਿਆਂ ਦਾ ਜਲੂਸ ਕੱਢਿਆ ਗਿਆ। ਫਿਰ ਉਹਨਾਂ ਦੀਆਂ ਲੀੜਿਆਂ ਨਾਲ ਉਹਨਾਂ ਨੂੰ ਜੂੜ ਕੇ ਤੂੜੀ ਦਿਆਂ ਪੱਲਿਆਂ ਉੱਤੇ ਸੁੱਟ ਕੇ ਅੱਗ ਲਾਈ ਗਈ। ਉਹ ਜਿਉਂ-ਜਿਉਂ ਤੜਫਦੇ ਸਨ, ਖ਼ੂਨੀ ਪਾਸੇ

ਮੀਰਪੁਰ

ਖਲੋਤੇ ਖ਼ੁਸ਼ ਹੋ-ਹੋ ਹੱਸਦੇ ਸਨ। ੨੨ ਅਗਸਤ ਨੂੰ ਮੀਰਪੁਰ ਸਾਦਾਤ ਉੱਤੇ ਹਮਲਾ ਹੋ ਗਿਆ। ਓਥੇ ਛੇ ਸੌ ਦੇ ਲਗਪਗ ਹਿੰਦੂ ਸਿੱਖ ਕਤਲ ਕੀਤੇ ਗਏ। ਬਾਕੀ ਜਿਹੜੇ ਬਚੇ, ਉਹ ਜਾਨਾਂ ਲੈ ਕੇ ਕਰੋੜ ਪੱਕੇ ਚਲੇ ਗਏ। ਕਰੋੜ

ਕਰੋੜ ਪੱਕੇ

ਪੱਕੇ ਦੀ ਵੱਸੋਂ ਤੇਰਾਂ ਕੁ ਹਜ਼ਾਰ ਸੀ, ਜਿਸ ਵਿਚੋਂ ਸੱਤ ਹਜ਼ਾਰ ਹਿੰਦੂ ਸਿੱਖ ਤੇ ਛੇ ਹਜ਼ਾਰ ਮੁਸਲਮਾਨ ਸਨ। ੨੧ ਅਗਸਤ ਨੂੰ ਕਸਬੇ ਉੱਤੇ ਹਮਲਾ ਸ਼ੁਰੂ ਹੋਇਆ। ਅਗੋਂ ਹਿੰਦੂ ਸਿੱਖ ਟਾਕਰੇ ਵਾਸਤੇ ਤਿਆਰ ਹੋ ਖਲੋਤੇ। ਏਥੋਂ ਦਾ ਟਾਕਰਾ ਅਨੋਖੇ ਢੰਗ ਦਾ ਸੀ। ੨੧ ਤੋਂ ੨੪ ਤੱਕ ਉਦਾਲੇ ਘੇਰਾ ਪਿਆ ਰਿਹਾ। ਪੰਜਾਹ-ਪੰਜਾਹ ਹਜ਼ਾਰ ਮੁਸਲਮਾਨ ਕਸਬੇ ਉੱਤੇ ਹਮਲਾ ਕਰਦੇ। ਅੱਗੋਂ ਹਿੰਦੂ ਸਿੱਖ ਟਾਕਰਾ ਕਰਦੇ ਤਾਂ ਮੁਸਲਮਾਨ ਨੱਸ ਜਾਂਦੇ। ਇਹ ਖੇਡ ਦਿਨ ਵਿਚ ਕਈ ਵਾਰ ਖੇਡੀ ਜਾਂਦੀ ਰਹੀ। ਬਾਹਰ ਕੁਝ ਇਕੱਲੇ-ਦੁਕੱਲੇ ਆਦਮੀ ਮਾਰੇ ਵੀ ਗਏ। ਬਲਵਈਆਂ ਵਿਚੋਂ ਕੁਝ ਸਿਰਕਰਦਾ ਮੁਸਲਮਾਨਾਂ ਨੇ ਸੁਲਾਹ ਕਰਨ ਲਈ ਕਿਹਾ ਤੇ ਹਿੰਦੂ ਸਿੱਖਾਂ ਤੋਂ ਸੱਤ ਲੱਖ ਰੁਪਿਆ ਮੰਗਿਆ। ੨੪ ਅਗਸਤ ਨੂੰ ਹਿੰਦੂ ਸਿੱਖਾਂ ਨੇ ਇਹ ਫ਼ੈਸਲਾ ਮੰਨ ਲਿਆ। ਉੱਪਰ ਲਿਖਿਆ ਰੁਪਇਆ ਅਜੇ ਦਿੱਤਾ ਨਹੀਂ ਸੀ ਗਿਆ, ਜਾਂ ਮਰਹੱਟਾ ਮਿਲਟਰੀ ਓਥੇ ਪਹੁੰਚ ਗਈ। ਇਸ ਤਰ੍ਹਾਂ ਉਹ ਪੈਸਾ ਤੇ ਜਾਨਾਂ ਬਚ ਗਈਆਂ। ਇਹ ਕਸਬਾ ਚੰਗੇ ਧਨੀ ਹਿੰਦੂਆਂ ਦਾ ਸੀ। ਉਹਨਾਂ ਵਿਚੋਂ ਮਹਿਤਾ ਖਿੱਲਾ ਰਾਮ ਤੇ ਸੇਵਾ ਰਾਮ ਪ੍ਰਸਿੱਧ ਸਨ। ਉਹਨਾਂ ਦੋਹਾਂ ਭਲੇ ਪੁਰਸ਼ਾਂ ਨੇ ਆਪਣਾ ਧਨ ਖੁਲ੍ਹੇ ਦਿਲ ਨਾਲ ਲੋਕ-ਸੇਵਾ ਵਾਸਤੇ ਖ਼ਰਚਿਆ। ਉਸ ਕਸਬੇ ਵਿਚ ਫਿਰਦਾ ਮਰਹੱਟਾ ਫ਼ੌਜ ਦੇ ਪ੍ਰਬੰਧ ਥੱਲੇ ਕੈਂਪ ਬਣ ਗਿਆ, ਜਿਸ ਦਾ ਸਾਰਾ ਖ਼ਰਚ ਉਪਰਲੇ ਦੋਵੇਂ ਸੱਜਣ ਝੱਲਦੇ ਰਹੇ। ਇਲਾਕੇ ਵਿਚ ਧੱਕੇ ਨਾਲ ਮੁਸਲਮਾਨ ਬਣਾਏ ਗਏ। ਹਿੰਦੂਆਂ ਨੂੰ ਕੱਢ-ਕੱਢ ਕੇ ਕਰੋੜ ਪੱਕੇ ਕੈਂਪ ਵਿਚ ਲਿਆਇਆ ਜਾਂਦਾ ਰਿਹਾ। ਸੱਤ ਸਤੰਬਰ ਨੂੰ ਸ. ਕਰਤਾਰ ਸਿੰਘ ਈ. ਐਸ. ਆਈ. ਕਰੋੜ ਪੱਕੇ ਵਿਚ ਆਇਆ ਤੇ ਓਥੋਂ ਦੇ ਸਭ ਹਾਲ ਅੱਖੀਂ ਡਿੱਠੇ*।

ਪਿੰਡ ਮੱਸੇ ਕੋਟੇ ਉੱਤੇ ਹਮਲਾ ਹੋਇਆ ਤਾਂ ਓਥੋਂ ਦੇ ਹਿੰਦੂ ਨੱਸ ਕੇ ਨੌਕਾਥਲਵਾਹ ਵਿਚ ਚਲੇ ਗਏ। ਰਾਣਾ ਮੁਹੰਮਦ ਆਰਫ਼ ਨੇ ਉਹਨਾਂ ਤੋਂ ਛੇ ਲੱਖ ਰੁਪਏ

ਮੱਸਾ ਕੋਟਾ

ਵੱਢੀ ਲੈ ਕੇ ਉਹਨਾਂ ਦੀ ਜਾਨ ਬਖ਼ਸ਼ੀ ਤੇ ਸਾਰਿਆਂ ਨੂੰ ਮੁਸਲਮਾਨ ਬਣਾ ਲਿਆ। ਪਿਛੋਂ ਹਿੰਦੂ ਮਿਲਟਰੀ ਨੇ ਉਹਨਾਂ ਨੂੰ ਕੱਢ ਕੇ ਲਿਆਂਦਾ।

---

*ਸ. ਕਰਤਾਰ ਸਿੰਘ ਅੱਜਕਲ ਜੀਰੇ ਥਾਣੇ ਵਿੱਚ ਲਗੇ ਹੋਏ ਹਨ। ਉਹਨਾਂ ਦੀ ਜ਼ੁਬਾਨੀ ਹੀ ਅਸੀਂ ਇਲਾਕਾ ਮੁਲਤਾਨ ਦੇ ਹਾਲ ਲਿਖ ਰਹੇ ਹਾਂ।

ਕਾਦਰਾਬਾਦ

ਕਾਦਰਾ ਬਾਦ ਵਿਚ ਮਹਿਤਾ ਚੇਤਨ ਦਾਸ ਚਾਰ ਸੌ ਮੁਰੱਬੇ ਦਾ ਮਾਲਕ ਸੀ। ਉਹ ਆਪ ਮੁਸਲਮਾਨ ਹੋ ਗਿਆ ਤੇ ਨਾਲ ਦੇ ਚਾਰ ਹਜ਼ਾਰ ਹਿੰਦੂਆਂ ਨੂੰ ਵੀ ਮੁਸਲਮਾਨ ਬਣਾ ਲਿਆ। ਉਸ ਦਾ ਖ਼ਿਆਲ ਸੀ ਕਿ ਉਹ ਧਰਮ ਦੇ ਕੇ ਧਨ ਬਚਾ ਲਵੇਗਾ, ਪਰ ਇਹ ਨਾ ਹੋਇਆ। ਹਜ਼ਾਰਾਂ ਦੀ ਗਿਣਤੀ ਵਿਚ ਇਲਾਕੇ ਦੇ ਮੁਸਲਮਾਨ ਉਹਨਾਂ ਨੂੰ ਲੁੱਟਣ ਵਾਸਤੇ ਆਣ ਪਏ। ਚੰਗੇ ਭਾਗਾਂ ਨੂੰ ਮਰਹੱਟਾ ਫ਼ੌਜ ਸਮੇਂ ਸਿਰ ਪਹੁੰਚ ਗਈ, ਜਿਸ ਕਰਕੇ ਉਹਨਾਂ ਦੀਆਂ ਜਾਨਾਂ ਬਚ ਗਈਆਂ ਤੇ ਉਹ ਫ਼ੌਜ ਦੀ ਰਾਖੀ ਵਿਚ ਹਿੰਦੁਸਤਾਨ ਆ ਗਏ। ਪਰ ਜਿਨ੍ਹਾਂ ਮੁਰੱਬਿਆਂ ਵਾਸਤੇ ਮਹਿਤਾ ਚੇਤਨ ਦਾਸ ਮੁਸਲਮਾਨ ਹੋਇਆ ਸੀ, ਉਹ ਨਾਲ ਨਾ ਆਏ। ਸਭ ਤੋਂ ਬੁਰਾ ਹਾਲ ਇਸੇ ਤਹਿਸੀਲ (ਲੋਧਰਾਂ) ਦਾ ਹੋਇਆ। ਇਸ ਤਹਿਸੀਲ ਵਿਚ ਦਸ ਹਜ਼ਾਰ ਤੋਂ ਵੱਧ ਹਿੰਦੂ ਸਿੱਖ ਮਾਰੇ ਗਏ ਤੇ ਏਨੇ ਕੁ ਬੰਦਿਆਂ ਨੂੰ ਧੱਕੇ ਨਾਲ ਮੁਸਲਮਾਨ ਬਣਾਇਆ ਗਿਆ। ਸਿੱਖਾਂ ਦੀ ਵੱਸੋਂ ਏਧਰ ਟਾਵੀਂ-ਟਾਵੀਂ ਹੀ ਸੀ। ਉਹਨਾਂ ਨੂੰ ਮੁਸਲਮਾਨਾਂ ਨੇ ਚੰਗੀ ਤਰ੍ਹਾਂ ਚੁਣ-ਚੁਣ ਕੇ ਮਾਰਿਆ।

ਮਖਦੂਮਪੁਰਾ

ਹੁਣ ਰਾਵੀ ਵਾਲੇ ਪਾਸੇ ਚੱਲੋ। ਮਖਦੂਮਪੁਰ ਪਹਾਊੜਾ ਸਮੂਲਚੋਂ ਖ਼ਤਮ ਕੀਤਾ ਗਿਆ। ਅਬਦੁੱਲ ਹਕੀਮ, ਗੋਬਿੰਦਗੜ੍ਹ, ਉਮੈਦਗੜ੍ਹ, ਰਜਾਣੀ ਵਾਲਾ ਆਦਿ ਪਿੰਡਾਂ ਦੇ ਸਭ ਸਿੱਖ ਕਤਲ ਕੀਤੇ ਗਏ ਤੇ ਹਿੰਦੂਆਂ ਨੂੰ ਮੁਸਲਮਾਨ ਬਣਾ ਲਿਆ ਗਿਆ। ਫਿਰ ਔਲਖ ਸਿਧੂ ਉੱਤੇ ਹਮਲਾ ਹੋਇਆ ਤਾਂ ਓਥੋਂ ਦੇ ਨੰਬਰਦਾਰ ਕਪੂਰ ਸਿੰਘ ਤੇ ਉਸ ਦੇ ਭਰਾ ਨੇ ਉਹ ਬਹਾਦਰੀ ਵਿਖਾਈ,

ਔਲਖ ਸਿਧੂ

ਜਿਸ ਦੀ ਮਿਸਾਲ ਹੋਰਥੇ ਘੱਟ ਹੀ ਮਿਲਦੀ ਹੈ। ਉਹਨਾਂ ਬਾਲ ਬੱਚੇ ਪਹਿਲਾਂ ਹੀ ਅੰਮ੍ਰਿਤਸਰ ਭੇਜ ਛੱਡੇ ਸਨ ਤੇ ਉਸ ਵੇਲੇ ਓਥੇ ਦੋਵੇਂ ਭਰਾ ਸਨ। ਦੋਵੇਂ ਸ਼ੇਰ ਬੰਦੂਕਾਂ ਲੈ ਕੇ ਆਪਣੇ ਮਕਾਨ 'ਤੇ ਮੋਰਚਿਆਂ ਵਿਚ ਡਟ ਬੈਠੇ। ਮੁਸਲਮਾਨਾਂ ਨੇ ਹਮਲਾ ਕਰਕੇ ਸਾਰਾ ਪਿੰਡ ਤਬਾਹ ਕਰ ਦਿੱਤਾ। ਉਹ ਦੋਵੇਂ ਤਿੰਨ ਦਿਨ ਅੱਗੋਂ ਲੜਦੇ ਰਹੇ। ਛੇ ਸੌ ਮੁਸਲਮਾਨ ਉਹਨਾਂ ਦੋਹਾਂ ਦੀਆਂ ਗੋਲੀਆਂ ਦੀ ਭੇਟਾ ਹੋ ਗਿਆ। ਅੰਤ ਉਹਨਾਂ ਕੋਲੋਂ ਗੋਲੀ ਸਿੱਕਾ ਮੁੱਕ ਗਿਆ ਤਾਂ ਉਹ ਜਿਊਂਦੇ ਫੜ ਲਏ ਗਏ। ਮੁਸਲਮਾਨ ਬਲਵਈਆਂ ਦੇ ਲੀਡਰ ਗ਼ੁਲਾਮ ਫ਼ਰੀਦ ਨੇ ਪੁੱਛਿਆ, "ਕਪੂਰ ਸਿੰਘਾ! ਵੈਰੀ ਦੇ ਹੱਥੋਂ ਮਰਨ ਨਾਲੋਂ ਤੁਸਾਂ ਦੋਹਾਂ ਨੇ ਆਪਸ ਵਿਚ ਗੋਲੀ ਕਿਉਂ ਨਹੀਂ ਮਾਰ ਲਈਆਂ ? ਕੀ ਤੁਹਾਨੂੰ ਯਕੀਨ ਸੀ ਕਿ ਅਸੀਂ ਤੁਹਾਨੂੰ ਜਿਊਂਦੇ ਰਹਿਣ ਦਿਆਂਗੇ ?" ਸ. ਕਪੂਰ ਸਿੰਘ ਨੇ ਉੱਤਰ ਦਿੱਤਾ, "ਜਿਊਂਦੇ ਰਹਿਣ ਦੀ ਲਾਲਸਾ ਹੀ ਨਹੀਂ ਰਹੀ। ਅਸੀਂ ਦਿਲ ਦੇ ਚਾਅ ਪੂਰੇ ਕਰ ਲਏ ਹਨ। ਨਵਾਬ ਕਪੂਰ ਸਿੰਘ ਨੇ ਪੰਜ ਸੌ ਮੁਸਲਮਾਨ ਆਪਣੇ ਹੱਥੀਂ ਮਾਰਿਆ ਸੀ। ਮੈਂ ਉਸ ਦਾ ਸਿਰਨਾਵਾਂ ਹਾਂ ਤਾਂ ਘੱਟ ਮੈਂ ਵੀ ਨਹੀਂ ਕੀਤੀ। ਆਪਸ ਵਿਚ ਅਸੀਂ ਤਾਂ ਨਹੀਂ ਮਰੇ ਕਿ ਜਿਹੜੀਆਂ ਦੋ ਗੋਲੀਆਂ ਅਸੀਂ ਆਪਣੇ ਉੱਤੇ ਖ਼ਰਚ ਕਰਨੀਆਂ ਸਨ, ਉਹਨਾਂ ਨਾਲ ਦੋ ਵੈਰੀ ਹੋਰ ਮਾਰੇ ਹਨ ਤੇ ਸਾਨੂੰ ਹੁਣ ਤੁਸਾਂ ਮਾਰ

ਹੀ ਦੇਣਾ ਹੈ।" ਏਨੀ ਕਹਿ ਕੇ ਦੋਹਾਂ ਭਰਾਵਾਂ ਨੇ ਜੱਫੀਆਂ ਪਾ ਲਈਆਂ। ਗ਼ੁਲਾਮ ਫ਼ਰੀਦ ਨੇ ਦੋਹਾਂ ਵਿਚ ਦੀ ਗੋਲੀ ਕੱਢ ਦਿੱਤੀ। ਇਸ ਤਰ੍ਹਾਂ ਛੇ ਸੌ ਵੈਰੀ ਹੱਥੀਂ ਮਾਰ ਕੇ ਸੂਰਮੇ ਸ਼ਹੀਦੀ ਪਾ ਗਏ।

ਕੱਚਾ ਖੂਹ ਉੱਤੇ ਹਮਲਾ ਹੋਇਆ ਤਾਂ ਇਹ ਵੀ ਅੱਗੋਂ ਤਿੰਨ ਦਿਨ ਟਾਕਰਾ ਕਰਦੇ ਰਹੇ। ਜਲਾਲਪੁਰ ਪੀਰ ਵਾਲਾ ਵਿਚ ਚਾਰ ਸੌ ਦੇਵੀਆਂ ਆਪਣੀ ਇੱਜ਼ਤ ਬਚਾਉਣ ਬਦਲੇ ਹੱਥੀਂ ਚਿਖਾ ਬਣਾ ਕੇ ਸਤੀ ਹੋ ਗਈਆਂ। ਕੋਈ ਭਾਗਾਂ ਵਾਲਾ ਹੀ ਉਸ ਕਸਬੇ ਵਿਚੋਂ ਬਚ ਕੇ ਨਿਕਲਿਆ, ਨਹੀਂ ਤਾਂ ਬਾਕੀ ਸਭ ਤਬਾਹ ਕਰ ਦਿੱਤੇ ਗਏ।

ਜਲਾਲਪੁਰ

ਲਧਾ ਬਸਤੀ ਵਿਚ ਬਾਹਰ ਦੇ ਬਹੁਤ ਸਾਰੇ ਹਿੰਦੂ ਇਕੱਠੇ ਆਣ ਹੋਏ ਕਿਉਂਕਿ ਓਥੋਂ ਦੇ ਮੁਸਲਮਾਨਾਂ ਨੇ ਕਸਮਾਂ ਖਾ ਕੇ ਰੱਖਿਆ ਦਾ ਭਰੋਸਾ ਦੁਆਇਆ ਸੀ। ਪਿੱਛੋਂ ਵਿਸਾਹਘਾਤ ਕਰਕੇ ਸਾਰੇ ਲੁੱਟ ਲਏ ਗਏ ਤੇ ਅੱਸੀ ਫ਼ੀਸਦੀ ਮੌਤ ਦੇ ਮੂੰਹ ਪਾ ਦਿੱਤੇ ਗਏ। ਕਿੰਨੇ ਕੁ ਪਿੰਡ ਤੇ ਕਿੰਨੀਆਂ ਕੁ ਮੌਤਾਂ ਗਿਣੀਏ? ਮੁਲਤਾਨ ਦੇ ਜ਼ਿਲ੍ਹੇ ਵਿਚ ਜਿੰਨੇ ਹਿੰਦੂ ਸਿੱਖ ਮਾਰੇ ਗਏ ਹਨ, ਉਹਨਾਂ ਦੀ ਗਿਣਤੀ ਕਰਨੀ ਔਖੀ ਹੈ। ਕਈ ਥਾਵਾਂ ਉੱਤੇ ਹਿੰਦੂ ਸਿੱਖਾਂ ਦੀਆਂ ਪਰਿਓਂ ਆ ਰਹੀਆਂ ਗੱਡੀਆਂ ਰੋਕ ਕੇ ਮਾਰ ਧਾੜ ਕੀਤੀ ਗਈ। ਕੇਵਲ ਖ਼ਾਨੇਵਾਲ ਤੇ ਉਹਦੇ ਉਦਾਲੇ ਦੇ ਪਿੰਡਾਂ ਵਿਚ ਕੁਝ ਬਚਾਅ ਰਿਹਾ ਕਿਉਂਕਿ ਓਥੋਂ ਦੇ ਸਿੱਖਾਂ ਨੇ ਇਕ ਥਾਂ ਇਕੱਠ ਕਰਕੇ ਖਾਸੀ ਤਾਕਤ ਬਣਾ ਲਈ ਸੀ ਤੇ ਪਿੱਛੋਂ ਸਾਰੇ ਖ਼ਾਨੇਵਾਲ ਕੈਂਪ ਵਿਚ ਇਕੱਠੇ ਹੋ ਗਏ ਸਨ।

ਲਧਾਬਸਤੀ

ਜ਼ਿਲ੍ਹਾ ਝੰਗ

ਜ਼ਿਲ੍ਹਾ ਝੰਗ ਦਾ ਡਿਪਟੀ ਕਮਿਸ਼ਨਰ ਸਿੱਖ ਲੱਗਾ ਹੋਇਆ ਸੀ, ਇਸ ਵਾਸਤੇ ਉਹ ਜ਼ਿਲ੍ਹਾ ਮਾਰਚ ਦੇ ਫ਼ਸਾਦਾਂ ਤੋਂ ਬਚਿਆ ਰਿਹਾ। ਪੰਦਰਾਂ ਅਗਸਤ ਤੋਂ ਥੋੜ੍ਹੇ ਦਿਨ ਪਹਿਲਾਂ ਉਹ ਡਿਪਟੀ ਕਮਿਸ਼ਨਰ ਬਦਲ ਦਿੱਤਾ ਗਿਆ। ਮੁਸਲਮਾਨ ਹੁਣ ਬੇਡਰ ਹੋ ਕੇ ਹਿੰਦੂ ਸਿੱਖਾਂ ਦੀ ਤਬਾਹੀ ਦੀ ਤਿਆਰੀ ਕਰਨ ਲੱਗ ਪਏ। ਜਿਸ ਦਿਨ ਤੋਂ ਪਾਕਿਸਤਾਨ ਸਰਕਾਰ ਬਣ ਗਈ, ਓਸੇ ਦਿਨ ਤੋਂ ਝੰਗ ਵਿਚ ਹਿੰਦੂਆਂ ਨੂੰ ਛੁਰੇ ਵੱਜਣ ਲੱਗ ਪਏ। ਨਵੇਂ ਆਏ ਡਿਪਟੀ ਕਮਿਸ਼ਨਰ ਨੇ ਇਕ ਹੋਰ ਚਾਲ ਖੇਡੀ। ਝੰਗ ਦੇ ਕੁਝ ਪਤਵੰਤੇ ਹਿੰਦੂਆਂ ਨੂੰ ਕਿਹਾ ਕਿ ਤੁਸੀਂ ਸਾਰੇ ਮਘਿਆਣੇ ਚਲੇ ਜਾਉਗੇ ਤਾਂ ਜਿੰਨਾ ਚਿਰ ਕੁਝ ਗੜਬੜ ਹੈ, ਓਨਾ ਚਿਰ ਅਸੀਂ ਓਥੇ ਤੁਹਾਡੇ ਕੈਂਪ ਦੀ ਰੱਖਿਆ ਇਕ ਥਾਂ ਚੰਗੀ ਕਰ ਸਕਾਂਗੇ। ਇਹ ਵੀ ਭਰੋਸਾ ਦੁਆਇਆ ਕਿ ਤੁਹਾਡੇ ਘਰਾਂ ਦੀ ਰਾਖੀ ਉੱਤੇ ਮਿਲਟਰੀ ਲਗਾ ਦਿੱਤੀ ਜਾਵੇਗੀ, ਕੋਈ ਫ਼ਿਕਰ ਵਾਲੀ ਗੱਲ ਨਹੀਂ। ਹਿੰਦੂ ਸਿੱਖ ਇਸ ਝਾਂਸੇ ਵਿਚ ਆ ਕੇ ਝੰਗ ਖ਼ਾਲੀ ਕਰਕੇ ਮਘਿਆਣੇ ਸਕੂਲ ਹਸਪਤਾਲ ਵਿਚ ਆ ਗਏ। ਅਗਲੇ ਦਿਨ ਹੀ ਹਜ਼ਾਰਾਂ ਮੁਸਲਮਾਨ ਸ਼ਹਿਰ ਝੰਗ ਵਿਚ ਆਣ ਵੜੇ। ਪੁਲੀਸ ਤੇ ਫ਼ੌਜ ਦੇ ਸਾਹਮਣੇ ਉਹਨਾਂ ਸਾਰਾ ਸ਼ਹਿਰ ਲੁੱਟ ਲਿਆ। ਓਧਰੋਂ ਵਿਹਲੇ ਹੋ ਕੇ ਉਹਨਾਂ ਮਘਿਆਣੇ ਉੱਤੇ ਹਮਲਾ ਕਰ ਦਿੱਤਾ। ਹਿੰਦੂ ਸਿੱਖਾਂ ਨੇ ਟਾਕਰਾ

Sri Satguru Jagjit Singh Ji eLibrary NamdhariElibrary@gmail.com

ਕੀਤਾ, ਪਰ ਬਹੁਤੀ ਸਫਲਤਾ ਨਾ ਹੋਈ। ਜਿਹੜਾ ਹੱਲਾ ਕੈਂਪ ਉੱਤੇ ਹੋਇਆ, ਓਥੇ ਮੁਸਲਮਾਨਾਂ ਦਾ ਵੀ ਬਥੇਰਾ ਨੁਕਸਾਨ ਹੋਇਆ। ਸਾਰੇ ਸ਼ਹਿਰ ਦਾ ਅਟਾ-ਸਟਾ ਚਾਰ ਸੌ ਮੁਸਲਮਾਨ ਤੇ ਹਜ਼ਾਰ ਕੁ ਹਿੰਦੂ ਸਿੱਖ ਮਰੇ।

ਬਾਗ਼ਾਂ ਵਾਲਾ

ਪਿੰਡ ਬਾਗ਼ਾਂ ਵਾਲਾ ਵਿਚ ਹਿੰਦੂ ਸਿੱਖਾਂ ਦੀ ਬਹੁ-ਗਿਣਤੀ ਸੀ। ਉਸ ਉੱਤੇ ਸੱਯਦ ਸੈਦ ਸ਼ਾਹ ਝੰਗ ਵਾਲੇ ਨੇ ਦਸ ਹਜ਼ਾਰ ਮੁਸਲਮਾਨ ਲੈ ਕੇ ਹਮਲਾ ਕੀਤਾ। ਹਿੰਦੂ ਸਿੱਖਾਂ ਨੇ ਇਸ ਦਲੇਰੀ ਨਾਲ ਅੱਗੋਂ ਟਾਕਰਾ ਕੀਤਾ ਕਿ ਮੁਸਲਮਾਨ ਸੌ ਕੁ ਆਦਮੀ ਮਰਵਾ ਕੇ ਨੱਸ ਗਏ। ਪਿੱਛੋਂ ਮਿਲਟਰੀ ਨੇ ਜਾ ਕੇ ਪਿੰਡ ਖ਼ਾਲੀ ਕੀਤਾ। ਸ਼ੇਰਕੋਟ, ਰਾਮਪੁਰ, ਕੋਟ ਖ਼ੇਰਾ, ਗਰਮਾਲਾ, ਚੂੰਡ ਆਦਿ ਪਿੰਡਾਂ ਉੱਤੇ ਹਮਲੇ ਕੀਤੇ ਗਏ। ਕੁਝ ਮਾਰੇ ਗਏ ਤੇ ਬਾਕੀ ਦੇ ਹਿੰਦੂ ਮੁਸਲਮਾਨ ਬਣਾ ਲਏ ਗਏ। ਚਨਿਓਟ ਉੱਤੇ ਬੜੀ ਭਾਰੀ ਬਿਪਤਾ ਆਈ। ਉਸ ਉੱਤੇ ਹੱਲਾ ਬੋਲਦਿਆਂ ਹੀ ਮੁਸਲਮਾਨਾਂ ਨੇ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਭੁਲੇਖੇ ਨਾਲ ਹੀ ਕੋਈ ਘਰ ਭਾਵੇਂ ਬਚਿਆ ਹੋਵੇ, ਨਹੀਂ ਤਾਂ ਸਭ ਸਾੜ ਕੇ ਸੁਆਹ ਕਰ ਦਿੱਤੇ ਗਏ। ਕਈ ਵਿਚਾਰੇ ਘਰਾਂ ਦੇ ਵਿਚੇ ਹੀ ਸੜ ਗਏ ਤੇ ਬਾਕੀਆਂ ਨੇ ਨੱਸ ਭੱਜ ਕੇ ਜਾਨ ਬਚਾਈ। ਇਸ ਜ਼ਿਲ੍ਹੇ ਦੇ ਬਹੁਤੇ ਹਿੰਦੂਆਂ ਨੇ ਮੁਸਲਮਾਨ ਬਣ ਕੇ ਪ੍ਰਾਣ ਬਚਾਏ। ਪਿੱਛੋਂ ਹਿੰਦੂ ਮਿਲਟਰੀ ਉਹਨਾਂ ਨੂੰ ਕੱਢ ਕੇ ਹਿੰਦੁਸਤਾਨ ਵਿਚ ਲਿਆਈ।

ਜ਼ਿਲ੍ਹਾ ਲਾਇਲਪੁਰ

ਸ਼ਹਿਰ ਲਾਇਲਪੁਰ ਵਿਚ ਮਸੀਤ ਤੇ ਗੁਰਦੁਆਰਾ ਸਿੰਘ ਸਭਾ ਨੇੜੇ-ਨੇੜੇ ਹਨ। ਮਸੀਤ ਵਿਚ ਮੁਸਲਮਾਨ ਪਾਕਿਸਤਾਨ ਦੇ ਜਨਮ ਦੀਆਂ ਖ਼ੁਸ਼ੀਆਂ ਮਨਾ ਰਹੇ ਹਨ। ਓਧਰ ਸਿੰਘਾਂ ਨੇ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਦਾ ਉਛਾੜ ਬਦਲਿਆ ਤੇ ਜੈਕਾਰੇ ਛੱਡੇ। ਇਸ ਗੱਲ ਤੋਂ ਮੁਸਲਮਾਨ ਵਧੇਰੇ ਭੜਕ ਉੱਠੇ। ਛੁਰਿਆਂ ਦੀਆਂ ਘਟਨਾਵਾਂ ਅੱਗੇ ਨਾਲੋਂ ਵਧੇਰੇ ਹੋਣ ਲੱਗ ਪਈਆਂ। ਡਿਪਟੀ ਕਮਿਸ਼ਨਰ ਦੇ ਹਿੰਦੂ ਸਿੱਖਾਂ ਨੂੰ ਕਿਹਾ ਕਿ ਉਹ ਘਰ ਛੱਡ ਕੇ ਕੈਂਪਾਂ ਵਿਚ ਚਲੇ ਜਾਣ। ਸਿੱਖ ਸਾਰੇ ਖ਼ਾਲਸਾ ਕਾਲਜ ਵਿਚ ਇਕੱਠੇ ਹੋ ਗਏ ਤੇ ਹਿੰਦੂ ਆਰੀਆ ਹਾਈ ਸਕੂਲ ਵਿਚ। ਉਦਾਲੇ ਦੇ ਪਿੰਡਾਂ ਵਿਚੋਂ ਵੀ ਬਹੁਤ ਸਾਰੇ ਹਿੰਦੂ ਸਿੱਖ ਏਥੇ ਕੈਂਪਾਂ ਵਿਚ ਆਣ ਇਕੱਠੇ ਹੋਏ। ਕੁਝ ਏਥੋਂ ਟਰੱਕਾਂ ਤੇ ਗੱਡੀਆਂ ਉੱਤੇ ਹਿੰਦੁਸਤਾਨ ਨੂੰ ਚਲੇ ਜਾ ਰਹੇ ਸਨ ਤੇ ਉਸ ਤੋਂ ਕਈ ਗੁਣਾ ਵਧੇਰੇ ਬਾਹਰੋਂ ਹੋਰ ਆ ਰਹੇ ਸਨ। ਸਭ ਤੋਂ ਦੁਖਦਾਈ ਘਟਨਾ ਖ਼ਾਲਸਾ ਕਾਲਜ ਦੇ ਕੈਂਪ ਵਾਲੀ ਹੈ। ਸਰਗੋਧੇ ਦੀ ਹਾਲਤ ਖ਼ਰਾਬ ਹੋ ਗਈ

ਚਨਿਓਟ

ਤਾਂ ਓਥੋਂ ਹਜ਼ਾਰਾਂ ਆਦਮੀ ਵਹੀਰ ਬਣਾ ਕੇ ਲਾਇਲਪੁਰ ਨੂੰ ਹੋ ਤੁਰੇ। ਜਦ ਉਹ ਚਨਿਓਟ ਪੁੱਜੇ ਤਾਂ ਉਹਨਾਂ ਉੱਤੇ ਹਮਲਾ ਹੋ ਗਿਆ। ਅਸਲੀ ਚਨਿਓਟ ਪਹਿਲਾਂ (੨੯ ਅਗਸਤ ਨੂੰ) ਹੀ ਉਜੜ ਚੁੱਕਾ ਸੀ। ਓਥੋਂ ਦੇ ਸਾਰੇ ਮਕਾਨ ਸੜੇ ਪਏ ਸਨ ਤੇ ਹਿੰਦੂ ਸਿੱਖ ਕੁਝ ਮਾਰੇ ਗਏ ਤੇ ਕੁਝ ਖ਼ਾਲੀ ਹੱਥੀਂ ਲਾਇਲਪੁਰ ਚਲੇ ਗਏ ਸਨ। ਸਰਗੋਧੇ ਵਾਲਾ ਵਹੀਰ ਬਾਹਰ ਸੜਕ ਉੱਤੇ ਉਤਰਿਆ।

ਉਨ੍ਹਾਂ ਉਦਾਲੇ-ਉਦਾਲੇ ਗੱਡੀਆਂ ਖੜੀਆਂ ਕਰ ਦਿੱਤੀਆਂ ਤੇ ਵਿਚ ਬਾਲ ਬੱਚੇ ਬਿਠਾ ਦਿੱਤੇ। ਰਾਤ ਨੂੰ ਉਦਾਲਿਓਂ ਹਜ਼ਾਰਾਂ ਮੁਸਲਮਾਨ ਬੰਦੂਕਾਂ ਲੈ ਕੇ ਆਣ ਪਏ। ਵਹੀਰ ਵਿਚ ਬਹੁਤੀ ਗਿਣਤੀ ਸਰਗੋਧੇ ਦੇ ਚੱਕਾਂ ਵਾਲੇ ਸਿੱਖਾਂ ਦੀ ਸੀ। ਉਹਨਾਂ ਕੋਲ ਵੀ ਬੰਦੂਕਾਂ ਆਦਿ ਹਰ ਕਿਸਮ ਦੇ ਹਥਿਆਰ ਹੈ ਸਨ। ਦੋਹੀਂ ਪਾਸੀਂ ਖ਼ੂਬ ਗੋਲੀ ਵੱਸੀ। ਕੁਝ ਮੁਸਲਮਾਨ ਤੇ ਕੁਝ ਸਿੱਖ ਮਾਰੇ ਗਏ। ਨਵੇਕਲੇ ਖੜੇ ਕੁਝ ਗੱਡੇ ਲੁੱਟੇ ਵੀ ਗਏ। ਅੰਤ ਮੁਸਲਮਾਨ ਕੁਝ ਨੁਕਸਾਨ ਉਠਾ ਕੇ ਨੱਸ ਗਏ। ਇਸ ਤਰ੍ਹਾਂ ਰਾਹ ਵਿਚ

ਖ਼ਾਲਸਾ ਕਾਲਜ ਲਾਇਲਪੁਰ 'ਤੇ ਹਮਲਾ

ਕਈ ਔਕੜਾਂ ਝਲਦਾ ਇਹ ਵਹੀਰ ਲਾਇਲਪੁਰ ਪੁੱਜਾ। ਪਹਿਲੀ ਅਕਤੂਬਰ ਨੂੰ ਖ਼ਾਲਸਾ ਕਾਲਜ ਉੱਤੇ ਹਮਲਾ ਹੋਇਆ। ਜਿਸ ਬਾਹੀਓਂ ਧਾਵਾ ਬੋਲਿਆ ਗਿਆ, ਉਸ ਬਾਹੀ ਸਰਗੋਧੇ ਵਾਲੇ ਹੀ ਬੈਠੇ ਸਨ। ਇਸ ਕੈਂਪ ਵਿਚ ਸਿੱਖਾਂ ਕੋਲ ਬੇਅੰਤ ਹਥਿਆਰ ਸਨ। ਇਸ ਵਾਸਤੇ ਸਾਧਾਰਨ ਮੁਸਲਮ ਜਨਤਾ ਦਾ ਹੌਸਲਾ ਨਹੀਂ ਸੀ ਪੈਂਦਾ ਕਿ ਹਮਲਾ ਕਰੇ। ਓਥੋਂ ਦੀ ਮੁਸਲਮ ਮਿਲਟਰੀ ਤੇ ਨੈਸ਼ਨਲ ਗਾਰਡ ਨੇ ਹਜ਼ਾਰਾਂ ਮੁਸਲਮਾਨਾਂ ਨੂੰ ਨਾਲ ਲੈ ਕੇ ਰਾਤ ਸਿੱਖਾਂ ਉੱਤੇ ਹਮਲਾ ਕੀਤਾ। ਸਿੱਖਾਂ ਨੇ ਵੀ ਅੱਗੋਂ ਮਰਦਾਂ ਵਾਂਗ ਟਾਕਰਾ ਕੀਤਾ। ਦੋ ਪਹਿਰ ਗੋਲੀ ਚੱਲਦੀ ਰਹੀ। ਨਤੀਜੇ ਵਜੋਂ ਪੰਜ ਕੁ ਸੌ ਸਿੱਖ ਤੇ ਉਸ ਤੋਂ ਦੂਣੇ ਮੁਸਲਮਾਨ ਮਾਰੇ ਗਏ। ਆਪਣਾ ਬਹੁਤਾ ਨੁਕਸਾਨ ਹੁੰਦਾ ਵੇਖ ਕੇ ਮੁਸਲਮਾਨ ਪਿੜ ਛੱਡ ਕੇ ਨੱਸ ਗਏ। ਅਗਲੇ ਦਿਨ ਸਿੱਖਾਂ ਨੇ ਬੇਨਤੀ ਕਰਨ ਉੱਤੇ ਡਿਪਟੀ ਕਮਿਸ਼ਨਰ ਨੇ ਉਸ ਕੈਂਪ ਨੂੰ ਆਪਣੀ ਰਾਖੀ ਵਿਚ ਲੈ ਲਿਆ। ਫਿਰ ਓਥੇ ਕੋਈ ਦੁਰਘਟਨਾ ਨਹੀਂ ਹੋਈ। ਡਿਪਟੀ ਕਮਿਸ਼ਨਰ ਮੁਸਲਮਾਨ ਸੀ, ਪਰ ਉਹ ਦੇ ਚੰਗੇ ਸੁਭਾਉ ਤੇ ਨੇਕ ਵਰਤੋਂ ਦੀ ਸਾਰੇ ਸਿੱਖ ਹਿੰਦੂ ਸ਼ੋਭਾ ਕਰਦੇ ਹਨ।

ਆਰੀਆ ਸਕੂਲ ਕੈਂਪ ਅਜੇ ਬਲੋਚ ਮਿਲਟਰੀ ਦੀ ਰਾਖੀ ਵਿਚ ਹੀ ਸੀ। ੧੨

ਸਕੂਲ ਕੈਂਪ ਉੱਤੇ ਹਮਲਾ

ਅਕਤੂਬਰ ਨੂੰ ਉਹਦੇ ਉੱਤੇ ਹਮਲਾ ਹੋ ਗਿਆ। ਉਹਨਾਂ ਵਿਚ ਅੱਗੋਂ ਟਾਕਰੇ ਦੀ ਪੂਰੀ ਸਮਰੱਥਾ ਨਹੀਂ ਸੀ, ਇਸ ਵਾਸਤੇ ਓਥੇ ਹਿੰਦੂਆਂ ਦਾ ਬਹੁਤ ਨੁਕਸਾਨ ਹੋਇਆ। ਕੁਝ ਸੱਜਣਾਂ ਦਾ ਖ਼ਿਆਲ ਹੈ ਕਿ ਤਿੰਨ ਕੁ ਹਜ਼ਾਰ ਇਸਤਰੀ ਪੁਰਸ਼, ਬਾਲ-ਬੱਚੇ ਓਥੇ ਮੌਤ ਦੇ ਘਾਟ ਉਤਾਰੇ ਗਏ ਸਨ। ਜਿੱਥੋਂ ਤੱਕ ਲੁੱਟ ਦਾ ਸੰਬੰਧ ਹੈ, ਤਿੰਨ ਚੌਥਾਈ ਸਾਮਾਨ ਲੁੱਟਿਆ ਗਿਆ ਸੀ। ਅੰਤ ਇਹ ਦੋਵੇਂ ਕੈਂਪ ਕੁਝ ਟਰੱਕਾਂ ਰਾਹੀਂ, ਕੁਝ ਰੇਲ ਰਾਹੀਂ ਤੇ ਕੁਝ ਪੈਦਲ ਵਹੀਰ ਬਣ ਕੇ ਹਿੰਦੁਸਤਾਨ ਪੁੱਜੇ।

ਜਿੱਥੇ ਲਾਇਲਪੁਰ ਦੇ ਜ਼ਿਲ੍ਹੇ ਵਿਚ ਸਿੱਖਾਂ ਦੀ ਧਾਂਗ ਸੀ, ਅੱਸੀ ਫ਼ੀਸਦੀ ਜ਼ਮੀਨ ਸਿੱਖਾਂ ਦੀ ਸੀ, ਜਿਸ ਬਾਰੇ ਖ਼ਿਆਲ ਕੀਤਾ ਜਾਂਦਾ ਸੀ ਕਿ ਜੇ ਅੰਗਰੇਜ਼ ਨੇ ਇਨਸਾਫ਼ ਕੀਤਾ ਤਾਂ ਇਹ ਜ਼ਿਲ੍ਹਾ ਹਿੰਦੁਸਤਾਨ ਵਿਚ ਜਾਵੇਗਾ, ਓਥੇ ਪਾਕਿਸਤਾਨੀ ਫ਼ੌਜ ਦੀ ਮਦਦ ਨਾਲ ਮੁਸਲਮਾਨਾਂ ਲੱਗਦੀਆਂ ਵਾਹਾਂ ਲਾਈਆਂ। ਤਰਕਾਬਾਦ ਰੇਲ ਦੇ ਫਾਟਕ ਕੋਲ ਗੱਡੀ ਖੜੀ ਕਰਕੇ ਸੈਂਕੜੇ ਹਿੰਦੂ ਸਿੱਖ ਕਤਲ ਕਰ ਦਿੱਤੇ।

ਇਸੇ ਤਰ੍ਹਾਂ ਟੋਬਾ ਟੇਕ ਸਿੰਘ ਤਹਿਸੀਲ ਵਿਚੋਂ ਜਿਹੜੀ ਗੱਡੀ ਭਰ ਕੇ ਖ਼ਾਨੇਵਾਲ ਨੂੰ ਘੱਲੀ ਗਈ, ਉਹ ਰਾਵੀ ਦੇ ਪੁਲ ਉੱਤੇ ਤਬਾਹ ਕਰ ਦਿੱਤੀ ਗਈ।

ਗੋਜਰੇ ਵਿਚੋਂ ਕੁਝ ਹਿੰਦੂ ਸਿੱਖ ਐਲਾਨ ਤੋਂ ਪਹਿਲਾਂ ਹੀ ਪੂਰਬੀ ਪੰਜਾਬ ਵਿਚ

ਗੋਜਰਾ

ਆ ਗਏ ਸਨ। ਪਾਕਿਸਤਾਨ ਬਣ ਜਾਣ ਪਿੱਛੋਂ ਜਿਉਂ-ਜਿਉਂ ਹਾਲ ਵਿਗੜਦੇ ਗਏ, ਤਿਉਂ-ਤਿਉਂ ਹਿੰਦੂ ਸਿੱਖ ਸਹਿਮਦੇ ਗਏ। ਗੋਜਰੇ ਦੇ ਹਿੰਦੂ ਸਿੱਖਾਂ ਨੇ ਉਦਾਲੇ ਦੇ ਪਿੰਡਾਂ ਵਾਲੇ ਸਿੱਖਾਂ ਨੂੰ ਕੋਲ ਸੱਦ ਲਿਆ। ਪਹਿਲਾਂ ਆਉਂਦਿਆਂ ਦਾ ਬੜਾ ਸਤਿਕਾਰ ਕੀਤਾ ਤੇ ਘਰਾਂ ਵਿਚ ਥਾਂ ਦਿੱਤੀ। ਓਥੋਂ ਦਾ ਮੁਸਲਮਾਨ ਥਾਣੇਦਾਰ ਬੜਾ ਚਾਲਾਕ ਸੀ। ਉਹਨੇ ਬਾਹਰੋਂ ਹਜ਼ਾਰਾਂ ਮੁਸਲਮਾਨ ਬੁਲਾ ਕੇ ਉਦਾਲੇ ਘੇਰਾ ਪਾ ਲਿਆ। ਸਿੱਖ ਟਾਕਰੇ ਵਾਸਤੇ ਤਿਆਰ ਹੋ ਗਏ। ਥਾਣੇਦਾਰ ਨੇ ਹਿੰਦੂ ਸਿੱਖਾਂ ਨੂੰ ਪਾੜ ਕੇ ਉਹਨਾਂ ਦੀ ਤਾਕਤ ਕਮਜ਼ੋਰ ਕਰ ਦਿੱਤੀ। ਕੁਝ ਹਿੰਦੂਆਂ ਨੂੰ ਬੁਲਾ ਕੇ ਉਸ ਨੇ ਕਿਹਾ, 'ਅਸੀਂ ਕੇਵਲ ਸਿੱਖਾਂ ਨੂੰ ਮਾਰਨਾ ਹੈ, ਹਿੰਦੂਆਂ ਨਾਲ ਸਾਡਾ ਕੋਈ ਵੈਰ ਨਹੀਂ। ਜੇ ਤੁਸੀਂ ਸਿੱਖਾਂ ਦਾ ਸਾਥ ਛੱਡ ਦਿਓ, ਉਹਨਾਂ ਨੂੰ ਆਪਣੇ ਘਰਾਂ ਤੋਂ ਬਾਹਰ ਕੱਢ ਦਿਓ ਤੇ ਧਾਵਾ ਕਰਨ ਵਾਲਿਆਂ ਨੂੰ ਕੁਝ ਪੈਸੇ ਦੇ ਦਿਊ ਤਾਂ ਤੁਹਾਡਾ ਬਚਾਅ ਹੋ ਸਕਦਾ ਹੈ।' ਹਿੰਦੂ ਇਸ ਚਾਲ 'ਤੇ ਫਸ ਗਏ। ਉਹਨਾਂ ਪੈਸੇ ਇਕੱਠੇ ਕਰਕੇ ਥਾਣੇਦਾਰ ਨੂੰ ਵੱਢੀ ਦੇ ਦਿੱਤੀ। ਫਿਰ ਜਿਨ੍ਹਾਂ ਸਿੱਖਾਂ ਨੂੰ ਉਹਨਾਂ ਬਾਹਰੋਂ ਆਪਣੀ ਰਾਖੀ ਵਾਸਤੇ ਮੰਗਵਾਇਆ ਸੀ, ਧੱਕੇ ਮਾਰ ਕੇ ਘਰਾਂ ਤੋਂ ਕੱਢ ਦਿੱਤਾ। ਜਦ ਕੋਈ ਸਿੱਖ ਆਂਹਦਾ ਸੀ ਕੀ ਤੁਸਾਂ ਹੀ ਸਾਨੂੰ ਸੱਦਿਆ ਹੈ, ਹੁਣ ਸਾਡੇ ਨਾਲ ਵਿਸਾਹਘਾਤ ਕਿਉਂ ਕਰਦੇ ਹੋ ? ਤਾਂ ਅੱਗੋਂ ਹਿੰਦੂ ਬੜੇ ਕੌੜੇ ਹੋ ਕੇ ਕਹਿੰਦੇ ਕਿ ਤੁਹਾਡੇ ਬਦਲੇ ਅਸਾਂ ਆਪਣੇ ਬਾਲ ਬੱਚੇ ਨਹੀ ਮਰਵਾ ਲੈਣੇ। ਅਖ਼ੀਰ ਬੜੇ ਕੋਰੇ ਤੇ ਕੌੜੇ ਹੋ ਕੇ ਹਿੰਦੂਆਂ ਨੇ ਸਿੱਖਾਂ ਨੂੰ ਘਰਾਂ ਤੋਂ ਕੱਢ ਦਿੱਤਾ। ਜਿਹੜੇ ਕੁਝ ਸਿੱਖ ਓਥੋਂ ਦੇ ਹਿੰਦੂ ਘਰਾਣਿਆਂ ਵਿਚੋਂ ਸੱਜੇ ਹੋਏ ਸਨ, ਉਹਨਾਂ ਕੇਸ ਮੁਨਾ ਕੇ ਬੋਦੀਆਂ ਰੱਖ ਲਈਆਂ ਤੇ ਹਿੰਦੂਆਂ ਵਿਚ ਅਭੇਦ ਹੋ ਗਏ। ਸਿੱਖ ਮੰਡੀ ਵਿਚੋਂ ਨਿਕਲ ਕੇ ਕੁਝ ਤਾਂ ਗੁਰਦੁਆਰੇ ਵਿਚ ਇਕੱਠੇ ਹੋ ਗਏ ਤੇ ਕੁਝ ਜਥੇ ਬਣ ਕੇ ਬਾਹਰ ਨਿਕਲ ਤੁਰੇ। ਬਾਹਰੋਂ ਆਏ ਮੁਸਲਮਾਨਾਂ ਨੇ ਉਹਨਾਂ ਉੱਤੇ ਹੱਲਾ ਬੋਲ ਦਿੱਤਾ। ਜਿਹੜੇ ਬਾਹਰ ਨੂੰ ਨਿਕਲੇ, ਉਹ ਤਾਂ ਮਰਦੇ-ਮਾਰਦੇ ਟਾਕਰਾ ਕਰਦੇ ਮੁਸਲਮਾਨਾਂ ਦਾ ਘੇਰਾ ਚੀਰ ਕੇ ਨਿਕਲ ਗਏ ਤੇ ਜਿਹੜੇ ਗੁਰਦੁਆਰੇ ਅੰਦਰ ਘਿਰ ਗਏ, ਉਹ ਕਾਬੂ ਆ ਗਏ।

ਗੁਰਦੁਆਰੇ ਦਾ ਬੂਹਾ ਤੋੜ ਕੇ ਉਹ ਓਥੇ ਹੀ ਕਤਲ ਕਰ ਦਿੱਤੇ ਗਏ। ਉਹਨਾਂ ਦੀ ਗਿਣਤੀ ਸੌ ਦੇ ਲਗਪਗ ਦੱਸਦੇ ਹਨ। ਬਾਕੀ ਸਾਰੇ ਸ਼ਹਿਰ ਵਿਚ ਚਾਲੀ ਸਿੱਖ ਮਰੇ ਤੇ ਏਨੇ ਕੁ ਹੀ ਮੁਸਲਮਾਨ। ਜਿਸ ਵੇਲੇ ਮੁਸਲਮਾਨ ਸਿੱਖਾਂ ਵਲੋਂ ਵਿਹਲੇ ਹੋ ਗਏ ਤਾਂ ਉਹ ਹਿੰਦੂਆਂ ਵੱਲ ਹੋ ਗਏ। ਕਈ ਘਰ ਲੁੱਟੇ ਗਏ ਤੇ ਕਈ ਆਦਮੀ ਮਾਰੇ ਗਏ। ਜਾਨ ਦੇ ਲਾਲਚ ਵਿਚ ਜਿਨ੍ਹਾਂ ਨੇ ਸਿੱਖਾਂ ਨਾਲ ਵਿਸਾਹਘਾਤ

ਕੀਤਾ ਸੀ, ਉਹਨਾਂ ਨੂੰ ਵੀ ਵੈਰੀ ਹੱਥੋਂ ਓਹਾ ਦੁਖ ਸਹਿਣੇ ਪਏ ਤੇ ਬੇਇੱਜ਼ਤ ਹੋਣਾ ਪਿਆ। ਸਵੇਰ ਹੁੰਦਿਆਂ ਹੀ ਹਿੰਦੂ ਮਿਲਟਰੀ ਪਹੁੰਚ ਗਈ, ਜਿਸ ਵਾਸਤੇ ਗੋਜਰਾ ਪੂਰੀ ਤਬਾਹੀ ਤੋਂ ਬਚ ਗਿਆ।

ਟੋਬਾ ਟੇਕ ਸਿੰਘ

ਟੋਬਾ ਟੇਕ ਸਿੰਘ ਉੱਤੇ ਹਮਲਾ ਹੋਇਆ ਤਾਂ ਹਿੰਦੂ ਸਿੱਖ ਮੰਡੀ ਵਿਚ ਇਕੱਠੇ ਹੋ ਗਏ। ਬਾਜ਼ਾਰਾਂ ਵਿਚ ਕੁਝ ਸਿੱਖ ਇਕੱਲੇ-ਦੁਕੱਲੇ ਮਾਰੇ ਗਏ ਤੇ ਕੁਝ ਥੋੜ੍ਹੇ ਜੇਹੇ ਗੁਰਦੁਆਰੇ ਵਿਚ। ਸਾਰਾ ਸ਼ਹਿਰ ਲੁੱਟਿਆ ਗਿਆ। ਇਕ ਸੱਜਣ ਨੇ ਓਥੋਂ ਦੀ ਇਕ ਬੜੀ ਪੁਰਦਰਦ ਘਟਨਾ ਸੁਣਾਈ। ਛੇ ਕੁ ਸਾਲ ਦਾ ਇਕ ਸਿੱਖ ਲੜਕਾ ਮੁਸਲਮਾਨਾਂ ਦੇ ਕਾਬੂ ਆ ਗਿਆ। ਉਸ ਨੂੰ ਲੱਤਾਂ ਤੋਂ ਫੜ ਕੇ ਇਸ ਜ਼ੋਰ ਨਾਲ ਮਹਿਲ ਦੀ ਅੱਸੀ 'ਤੇ ਮਾਰਿਆ ਕਿ ਉਹਦੀ ਖੋਪਰੀ ਲਹਿ ਕੇ ਦੂਰ ਜਾ ਪਈ। ਕਿਸੇ ਬੱਚੇ ਨੂੰ ਇਸ ਤਰ੍ਹਾਂ ਮਾਰ ਕੇ ਮੁਸਲਮ ਗ਼ਾਜ਼ੀ ਉੱਚੀ ਸਾਰੀ ਕਹਿੰਦੇ ਸਨ : 'ਪਾਕਿਸਤਾਨ ਜ਼ਿੰਦਾਬਾਦ'।

ਅੰਤ ਸਾਰਾ ਇਲਾਕਾ ਇਕੱਠਾ ਹੋ ਕੇ ਵਹੀਰ ਬਣਾ ਕੇ ਨਿਕਲ ਤੁਰਿਆ। ਇਸ ਜੱਥੇ ਦੀ ਗਿਣਤੀ ਸੱਠ-ਸੱਤਰ ਹਜ਼ਾਰ ਸੀ। ਗੱਡੀ ਉੱਤੇ ਲੋੜੀਂਦਾ ਸਾਮਾਨ ਲੱਦਿਆ ਤੇ ਘੋੜੀਆਂ ਉੱਤੇ ਚੜ੍ਹ ਕੇ ਸਿੰਘ ਪਾਸੇ ਲੱਗ ਤੁਰੇ। ਪਸਤੌਲ ਬੰਦੂਕਾਂ ਤੋਂ ਛੁੱਟ ਇਸ ਜੱਥੇ ਕੋਲ ਘਰ ਬਣੀਆਂ ਛੋਟੀਆਂ ਤੋਪਾਂ ਵੀ ਹੈ ਸਨ। ਰਾਹ ਵਿਚ ਇਹਨਾਂ ਉੱਤੇ ਕਿਤੇ ਹਮਲਾ ਨਹੀਂ ਹੋਇਆ। ਪਰ ਸਭ ਨਾਲੋਂ ਨਵੇਕਲੀ ਮੁਸੀਬਤ ਇਹਨਾਂ ਉੱਤੇ ਬੱਲੋਕੀ ਹੈੱਡ ਉੱਤੇ ਆਈ। ਪਾਕਿਸਤਾਨੀ ਫ਼ੌਜ ਨੇ ਪੁਲ ਉੱਤੇ ਇਸ ਵਹੀਰ ਨੂੰ ਰੋਕ ਦਿੱਤਾ, ਜੋ ਅਠਾਈ ਦਿਨ ਤੱਕ ਏਥੇ ਹੀ ਅਟਕਿਆ ਰਿਹਾ। ਏਥੇ ਪੀਣ ਨੂੰ ਪਾਣੀ ਤੱਕ ਨਹੀਂ ਸੀ ਮਿਲਦਾ। ਭੁੱਖ ਦੇ ਮਾਰੇ ਪਸ਼ੂ ਤੇ ਆਦਮੀ ਮਰਨ ਲੱਗੇ। ਸਫ਼ਾਈ ਦਾ ਕੋਈ ਪ੍ਰਬੰਧ ਨਹੀਂ ਸੀ। ਚੁਫੇਰੇ ਬਦਬੂ ਖਿਲਰ ਗਈ ਤੇ ਹੈਜ਼ਾ ਪੈ ਗਿਆ। ਇਸ ਬੀਮਾਰੀ ਨਾਲ ਸੱਠ-ਸੱਠ ਮੌਤਾਂ ਰੋਜ਼ ਦੀਆਂ ਹੋਣ ਲੱਗੀਆਂ*। ਇਸ ਵਹੀਰ ਉੱਤੇ ਇਹ ਸਮਾਂ ਸਭ ਤੋਂ ਵਧੇਰੇ ਔਕੜ ਦਾ ਆਇਆ। ਅੰਤ ਏਧਰ ਦੀ ਹੋਰ ਮਿਲਟਰੀ ਗਈ ਤਾਂ ਇਹ ਵਹੀਰ ਬੱਲੋਕੀ ਤੋਂ ਲੰਘਿਆ ਤੇ ਹਿੰਦੁਸਤਾਨ ਪੁੱਜਾ।

ਸਮੁੰਦਰੀ

ਪੰਦਰਾਂ ਸਤੰਬਰ ਨੂੰ ਸਮੁੰਦਰੀ ਉੱਤੇ ਹਮਲਾ ਕੀਤਾ ਗਿਆ। ਏਥੇ ਇਕੱਠੇ ਹੋਏ ਹਿੰਦੂ ਸਿੱਖਾਂ ਦੇ ਹਥਿਆਰ ਮੁਸਲਮ ਮਿਲਟਰੀ ਨੇ ਪਹਿਲਾਂ ਹੀ ਖੋਹ ਲਏ ਸਨ, ਫਿਰ ਵੀ ਉਹਨਾਂ ਅੱਗੋਂ ਵੈਰੀਆਂ ਦਾ ਟਾਕਰਾ ਕੀਤਾ, ਪਰ ਪੇਸ਼ ਕੋਈ ਨਾ ਗਈ। ਚਾਰ ਸੌ ਦੇ ਲਗਪਗ ਹਿੰਦੂ ਸਿੱਖ ਕਤਲ ਕੀਤੇ ਗਏ।

ਕਮਾਲੀਆ

ਜ਼ਿਲ੍ਹੇ ਦੇ ਇਸ ਹਿੱਸੇ ਵਿਚ ਵਧੇਰੇ ਨੁਕਸਾਨ ਕਮਾਲੀਏ ਦਾ ਹੋਇਆ। ਛੇ ਸਤੰਬਰ ਨੂੰ ਦਸ ਹਜ਼ਾਰ ਮੁਸਲਮਾਨਾਂ ਨੇ ਉਸ ਉੱਤੇ ਹਮਲਾ ਕੀਤਾ। ਸਾਰਾ ਸ਼ਹਿਰ ਲੁੱਟਿਆ ਗਿਆ ਤੇ ਦੋ ਹਜ਼ਾਰ ਦਾ ਅਟਾ-ਸਟਾ ਹਿੰਦੂ ਸਿੱਖ ਕਤਲ ਕਰ ਦਿੱਤੇ ਗਏ।

*ਬਿਆਨ ਜਥੇਦਾਰ ਆਤਮਾ ਸਿੰਘ ਜੀ ਟੋਬਾ ਟੇਕ ਸਿੰਘ।

Sri Satguru Jagjit Singh Ji eLibrary NamdhariElibrary@gmail.com

ਸਾਰੇ ਜ਼ਿਲ੍ਹੇ ਵਿਚੋਂ ਇਕ ਥਾਂ ਵਧੇਰੇ ਮੌਤਾਂ ਜੜ੍ਹਾਂਵਾਲੇ ਹੀ ਹੋਈਆਂ ਹਨ। ਏਥੇ

ਜੜ੍ਹਾਂਵਾਲਾ

ਦੂਰੋਂ-ਦੂਰੋਂ ਆਣ ਕੇ ਵਹੀਰ ਰੁਕਦੇ ਰਹੇ। ਇਸ ਤਰ੍ਹਾਂ ਇਕ ਭਾਰੀ ਕੈਂਪ ਬਣ ਗਿਆ। ਉਹਨਾਂ ਵਿਚੋਂ ਕੁਝ ਆਦਮੀ ਮਿਲਟਰੀ ਦੇ ਟਰੱਕਾਂ ਉੱਤੇ ਆਉਂਦੇ ਰਹੇ। ਟਰੱਕ ਉੱਤੇ ਓਹਾ ਆਦਮੀ ਆ ਸਕਦਾ ਸੀ, ਜਿਸ ਦੀ ਪਹੁੰਚ ਹੁੰਦੀ ਸੀ ਜਾਂ ਜਿਸ ਕੋਲ ਪੈਸੇ ਹੁੰਦੇ ਸਨ। ਕਈ ਥਾਵਾਂ 'ਤੇ ਇਕ-ਇਕ ਸਵਾਰੀ ਦਾ ਪੰਜ-ਪੰਜ ਸੌ ਰੁਪਇਆ ਦੇਣਾ ਪਿਆ, ਭਾਵੇਂ ਸਰਕਾਰ ਹਿੰਦ ਵੱਲੋਂ ਇਹ ਟਰੱਕ ਮੁਫ਼ਤ ਲਿਆਉਣ ਵਾਸਤੇ ਭੇਜੇ ਜਾਂਦੇ। ਟਰੱਕਾਂ ਵਿਚ ਕਿੰਨੇ ਕੁ ਆ ਸਕਦੇ ਸਨ ? ਏਥੇ ਹਜ਼ਾਰਾਂ ਆਦਮੀ ਇਕੱਠੇ ਹੋ ਗਏ ਸਨ। ਉਹ ਪੈਦਲ ਵਹੀਰ ਬਣ ਕੇ ਤੁਰਨ ਵਾਲੇ ਸਨ ਜਾਂ ਇਕ ਦਿਨ ਮੁਸਲਮ ਮਿਲਟਰੀ ਨੇ ਉਹਨਾਂ ਉੱਤੇ ਹਮਲਾ ਕਰ ਦਿੱਤਾ। ਕੈਂਪ ਉੱਤੇ ਅੰਧਾ-ਧੁੰਦ ਗੋਲੀ ਵਸਾਈ ਗਈ, ਜਿਸ ਨਾਲ ਹਜ਼ਾਰਾਂ ਹਿੰਦੂ ਸਿੱਖ ਮਾਰੇ ਗਏ। ਏਧਰ ਫ਼ੌਜ ਗੋਲੀਆਂ ਨਾਲ ਨਿਹੱਥਿਆਂ ਨੂੰ ਭੁੰਨ ਰਹੀ ਸੀ ਤੇ ਓਧਰ ਪੁਲੀਸ ਇਲਾਕੇ ਦੇ ਮੁਸਲਮਾਨਾਂ ਨੂੰ ਨਾਲ ਲੈ ਕੇ ਸ਼ਹਿਰ ਨੂੰ ਤਬਾਹ ਕਰ ਰਹੀ ਸੀ। ਇਸ ਤਰ੍ਹਾਂ ਸਾਰੀ ਮੰਡੀ ਤਬਾਹ ਕਰ ਦਿੱਤੀ ਗਈ, ਘਰ ਲੁੱਟ ਲਏ ਗਏ ਤੇ ਘਰਾਂ ਵਾਲੇ ਛੁਰਿਆਂ, ਗੋਲੀਆਂ ਦੀ ਭੇਟਾ ਕਰ ਦਿੱਤੇ ਗਏ। ਮਿੰਟਾਂ ਵਿਚ ਵੱਸਦਾ ਸ਼ਹਿਰ ਉਜਾੜ ਦਿੱਤਾ ਗਿਆ। ਓਥੋਂ ਆਇਆਂ ਸੱਜਣਾਂ ਦਾ ਅਟਾਸਟਾ ਹੈ ਕਿ ਛੇ ਹਜ਼ਾਰ ਹਿੰਦੂ ਸਿੱਖ ਉਸ ਇਕ ਖ਼ੂਨੀ ਦਿਨ ਵਿਚ ਮਾਰੇ ਗਏ। ਇਕ ਦੁੱਖੀ ਨੇ ਦੱਸਿਆ ਕਿ ਉਸ ਦੇ ਮਕਾਨ ਦੇ ਸਾਹਮਣੇ ਇਕ ਜੁਆਨ ਹਿੰਦੂ ਲੜਕੀ ਨੂੰ ਦੋ ਮੁਸਲਮਾਨਾਂ ਨੇ ਫੜ ਲਿਆ। ਉਹ ਉਸ ਨੂੰ ਦੋਹਾਂ ਬਾਹੀਂ ਤੋਂ ਫੜ ਕੇ ਆਪਣੇ ਨਾਲ ਲੈ ਜਾਣ ਵਾਸਤੇ ਖਿੱਚਦੇ ਸਨ, ਪਰ ਉਹ ਦੋਹਾਂ ਤੋਂ ਵਿਹਰ ਗਈ। ਅੰਤ ਉਸ ਲੜਕੀ ਨੂੰ ਕਤਲ ਕਰ ਦਿੱਤਾ ਗਿਆ। ਤਲਵਾਰ ਨਾਲ ਉਸ ਦਾ ਸਿਰ ਧੜ ਤੋਂ ਵੱਖਰਾ ਕੀਤਾ ਗਿਆ। ਫਿਰ ਉਸ ਦੇਵੀ ਦੀ ਲੋਥ ਨੂੰ ਨੰਗੀ ਕਰਕੇ ਸਿੱਧੀ ਬਾਜ਼ਾਰ ਵਿਚ ਸੁੱਟ ਕੇ ਮੁਸਲਮਾਨ ਚਲਦੇ ਬਣੇ। ਇਹ ਹੈ ਇਸ ਮੋਮਨਾਂ ਦੀ ਕੌਮ ਦਾ ਚਾਲ-ਚਲਣ ਤੇ ਭਲਮਣਸਊ।

ਜ਼ਿਲ੍ਹਾ ਸਰਗੋਧਾ

ਮਾਰਚ ਵਿਚ ਇਸ ਦੇ ਥੋੜ੍ਹੇ ਹਿੱਸੇ ਅੰਦਰ ਹੀ ਗੜਬੜ ਹੋਈ ਸੀ। ਸ਼ਹਿਰ ਸਰਗੋਧੇ ਅੰਦਰ ਬਹੁਤੀਆਂ ਮਾਰੂ ਘਟਨਾਵਾਂ ਨਹੀਂ ਹੋਈਆਂ ਸਨ। ਪੰਦਰਾਂ ਅਗਸਤ ਪਿੱਛੋਂ ਮੁਸਲਮਾਨ ਬੜੇ ਭੂਹੇ ਹੋ ਗਏ। ਸ਼ਹਿਰ ਤੇ ਇਲਾਕੇ ਵਿਚ ਕਿਤੇ-ਕਿਤੇ ਛੁਰੇ ਵੱਜਣੇ ਆਰੰਭ ਹੋ ਗਏ। ਸਤੰਬਰ ਚੜ੍ਹੇ ਤੋਂ ਪਿੰਡਾਂ ਵਿਚ ਇਹ ਅੱਗ ਵਧੇਰੇ ਭੜਕ ਉਠੀ। ਪਹਿਲਾਂ ਛੋਟੇ-ਛੋਟੇ ਪਿੰਡਾਂ ਉੱਤੇ ਹਮਲੇ ਕੀਤੇ ਗਏ। ਕਈ ਮਾਰੇ ਗਏ ਤੇ ਰਹਿੰਦੇ ਸਰਗੋਧੇ ਵਿਚ ਆਣ ਇਕੱਠੇ ਹੋਏ। ਇਸ ਤਰ੍ਹਾਂ ਹੌਲੀ-ਹੌਲੀ ਸ਼ਹਿਰ ਵਿਚ ਚੰਗਾ ਵੱਡਾ ਕੈਂਪ ਬਣ ਗਿਆ। ਸਿੱਖਾਂ ਦੇ ਪਿੰਡਾਂ ਉੱਤੇ ਬਹੁਤੇ ਤਾਣ ਨਾਲ ਹਮਲੇ ਕੀਤੇ ਗਏ। ਉਹਨਾਂ ਕੋਲ ਲੋੜ ਅਨੁਸਾਰ ਹਥਿਆਰ ਹੈ ਸਨ, ਸੋ ਥਾਂ-ਥਾਂ ਡਟ ਕੇ

ਟਾਕਰਾ ਕੀਤਾ ਗਿਆ। ਚੱਕਾਂ ਵਾਲੇ ਸਿੱਖ ਗੱਡੇ ਜੋਅ ਕੇ ਅਤੇ ਵਹੀਰ ਬਣਾ ਕੇ ਸਰਗੋਧੇ ਆਣ ਇਕੱਠ ਹੋਏ ਤੇ ਓਥੋਂ ਬਹੁਤੇ ਓਸੇ ਤਰ੍ਹਾਂ ਜੱਥਾ ਬਣਾ ਕੇ ਲਾਇਲਪੁਰ ਨੂੰ ਤੁਰ ਪਏ। ਰਾਹ ਵਿਚ ਉਹਨਾਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿਚੋਂ ਕੁਝ ਕੁ ਦੁਰਘਟਨਾਵਾਂ ਬਾਰੇ ਅਸੀਂ ਪਿੱਛੇ ਲਿਖ ਆਏ ਹਾਂ।

ਕੁਝ ਪੁਰਾਣੇ ਪਿੰਡਾਂ ਨੂੰ ਸਥਾਨਕ ਮੁਸਲਮਾਨਾਂ ਨੇ ਕਸਮਾਂ ਖਾ ਕੇ ਨਿਸਚਿੰਤ ਕਰਕੇ ਬਿਠਾਈ ਰੱਖਿਆ ਤੇ ਅੰਦਰੋ-ਅੰਦਰ ਉਦਾਲੇ ਦੇ ਲੁਟੇਰੇ ਇਕੱਠੇ ਕਰਕੇ ਹਮਲੇ ਕਰਵਾ ਦਿੱਤੇ। ਏਹਾ ਢੰਗ ਮਿੱਠਾ ਟਿਵਾਣਾ ਤੇ ਰੋਡਾ ਆਦਿ ਪਿੰਡਾਂ ਨਾਲ

ਜਸਵਾਲ

ਵਰਤਿਆ ਗਿਆ। ਜਿਸ ਪਿੰਡ ਨੇ ਮੁਸਲਮਾਨਾਂ ਉੱਤੇ ਜਿੰਨਾ ਵਧੇਰੇ ਭਰੋਸਾ ਕੀਤਾ, ਓਨਾ ਹੀ ਬਹੁਤਾ ਨੁਕਸਾਨ ਉਸ ਨੂੰ ਉਠਾਉਣਾ ਪਿਆ। ਕੁਝ ਕਸਬੇ ਸਮੂਲਚੋਂ ਤਬਾਹ ਕਰ ਦਿੱਤੇ ਗਏ। ਜਸਵਾਲ ਉੱਤੇ ਦਸ ਬਾਰਾਂ ਹਜ਼ਾਰ ਮੁਸਲਮਾਨਾਂ ਨੇ ਹਮਲਾ ਕੀਤਾ। ਅੱਗੋਂ ਟਾਕਰਾ ਤਾਂ ਕੀਤਾ ਗਿਆ, ਪਰ ਬੜਾ ਕਮਜ਼ੋਰ। ਤਿੰਨ ਸੌ ਦੇ ਲਗਪਗ ਹਿੰਦੂ ਸਿੱਖ ਥਾਂ 'ਤੇ ਮਾਰੇ ਗਏ ਤੇ ਬਾਕੀ

ਮਿਆਣੀ

ਸੱਖਣੇ ਹੱਥੀਂ ਕਿਸਮਤ ਨੂੰ ਰੋਂਦੇ ਸਰਗੋਧੇ ਆਣ ਪੁੱਜੇ। ਉਸ ਤੋਂ ਪਿੱਛੋਂ ਮਿਆਣੀ ਦੀ ਵਾਰੀ ਆ ਗਈ। ਇਸ ਪਿੰਡ ਨਾਲ ਜਸਵਾਲ ਨਾਲੋਂ ਘੱਟ ਨਹੀਂ ਗੁਜ਼ਰੀ, ਸਗੋਂ ਵਧੇਰੇ ਹੀ ਲੁੱਟ ਮਾਰ ਤੇ ਖ਼ੂਨ ਖ਼ਰਾਬਾ ਹੋਇਆ।

ਭਲਵਾਲ ਉੱਤੇ ਕਈ ਹਮਲੇ ਕੀਤੇ ਗਏ, ਕਈ ਦਿਨ ਛੁਰੇ ਵਜਦੇ ਰਹੇ ਤੇ

ਭਲਵਾਲ

ਲੁੱਟ ਮਾਰ ਹੁੰਦੀ ਰਹੀ। ਇਸ ਇਲਾਕੇ ਦੀ ਬਾਕੀ ਥਾਵਾਂ ਨਾਲੋਂ ਵਧੇਰੇ ਤਬਾਹੀ ਹੋਈ ਤੇ ਵਧੇਰੇ ਬੇਗੁਨਾਹ ਮੌਤ ਦੀ ਝੋਲੀ ਪਾਏ ਗਏ।

ਮੁਸਲਮ ਲੀਗ ਦੇ ਜ਼ਹਿਰ ਭਰੇ ਫ਼ਿਰਕੂ ਪ੍ਰਚਾਰ ਨੇ ਅਨਪੜ੍ਹ ਮੁਸਲਮਾਨਾਂ ਨੂੰ ਲਹੂ ਪੀਣੇ ਬਘਿਆੜਾਂ ਵਰਗਾ ਬਣਾ ਦਿੱਤਾ ਸੀ। ਖ਼ਿਜ਼ਰ ਹਯਾਤ ਨੇ ਭਾਵੇਂ ਲੀਗ ਵਾਸਤੇ ਬੜੀ ਕੁਰਬਾਨੀ ਕੀਤੀ ਸੀ, ਆਪ ਵਜ਼ਾਰਤ ਛੱਡ ਕੇ ਲੀਗ ਵਾਸਤੇ ਰਾਹ ਸਾਫ਼ ਕਰ ਦਿੱਤਾ ਸੀ, ਪਰ ਤੰਗਦਿਲ ਲੀਗੀਆਂ ਦੇ ਅੰਦਰ ਅਜੇ ਵੀ ਉਸ ਵਾਸਤੇ ਬੜਾ ਸਾੜਾ ਸੀ। ਉਹ ਵਜ਼ਾਰਤ ਤਿਆਗਦਾ ਹੀ ਵਲਾਇਤ ਚਲਾ ਗਿਆ ਸੀ। ਪਾਕਿਸਤਾਨ ਬਣ ਗਿਆ ਤਾਂ ਮੁਸਲਮ ਲੀਗੀ ਲੁਟੇਰਿਆਂ ਤੋਂ ਖ਼ਿਜ਼ਰ ਹਯਾਤ ਦਾ ਇਲਾਕਾ ਵੀ ਨਾ ਬਚ ਸਕਿਆ। ਕਹਿਰ ਓਥੇ ਵੀ ਵਧੇਰੇ ਹਿੰਦੂਆਂ ਦੀ ਜਾਨ ਉੱਤੇ ਹੀ ਕੱਢਿਆ ਗਿਆ। ਉਸ ਇਲਾਕੇ ਵਿਚ ਹਜ਼ਾਰ ਕੁ ਦੇ ਲਗਪਗ ਹਿੰਦੂ ਸਿੱਖ ਕਤਲ ਕੀਤੇ ਗਏ। ਸਾਮਾਨ ਹਿੰਦੂਆਂ ਸਿੱਖਾਂ ਦਾ ਤਾਂ ਲੁੱਟਿਆ ਹੀ ਜਾਣਾ ਸੀ, ਕਹਿੰਦੇ ਨੇ ਖ਼ਿਜ਼ਰ ਦੀ ਨਿੱਜੀ ਜਾਇਦਾਦ ਨੂੰ ਵੀ ਕੁਝ ਨੁਕਸਾਨ ਪੁਚਾਇਆ ਗਿਆ।

ਨਵੰਬਰ ਤੱਕ ਸਾਰਾ ਇਲਾਕਾ ਸਰਗੋਧੇ ਵਿਚ ਇਕੱਠਾ ਹੋ ਗਿਆ। ਫਿਰ ਉਥੋਂ ਟਰੱਕਾਂ ਰਾਹੀਂ ਤੇ ਕੁਝ ਪੈਦਲ ਵਹੀਰ ਬਣ ਕੇ ਹਿੰਦੁਸਤਾਨ ਪਹੁੰਚੇ। ਜਾਨਾਂ ਆ ਗਈਆਂ ਪਰ ਉਸ ਇਲਾਕੇ ਵਿਚੋਂ ਸਾਮਾਨ ਬਹੁਤਾ ਨਹੀਂ ਆ ਸਕਿਆ।

Sri Satguru Jagjit Singh Ji eLibrary NamdhariElibrary@gmail.com

ਜ਼ਿਲ੍ਹਾ ਸ਼ੇਖ਼ੂਪੁਰਾ

ਇਸ ਘਲੂਘਾਰੇ ਵਿਚ ਜੋ ਸ਼ੇਖ਼ੂਪੁਰੇ ਨਾਲ ਵਾਪਰੀ, ਉਹ ਕਹਿਣ ਸੁਣਨ ਤੋਂ ਬਾਹਰੀ ਹੈ। ਜਿਨ੍ਹਾਂ ਨੇ ਉਸ ਖ਼ੂਨੀ ਹੋਲੀ ਦੀ ਰੰਗ ਭੂਮੀ ਆਪਣੀ ਅੱਖੀਂ ਵੇਖੀ ਹੈ, ਉਹਨਾਂ ਨੂੰ ਜਨਮ ਭਰ ਨਹੀਂ ਭੁੱਲਣੀ। ਔਰੰਗਜ਼ੇਬ, ਫ਼ਰੁਖ਼ਸੀਅਰ ਤੇ ਮੀਰ ਮੰਨੂ ਦੇ ਘੋਰ ਸਮੇਂ ਦਾ ਇਹ ਫਿਰ ਤੋਂ ਖੇਡਿਆ ਨਾਟਕ ਸੀ। ਇਸ ਬਾਰੇ ਆਪਣੇ ਵੱਲੋਂ ਕੁਝ ਲਿਖਣ ਦੀ ਥਾਂ ਇਕ ਪਤਵੰਤੇ ਸੱਜਣ ਦਾ ਬਿਆਨ ਦੁਹਰਾ ਦੇਂਦੇ ਹਾਂ, ਜਿਨ੍ਹਾਂ ਉਹ ਕਤਲਾਮ ਆਪਣੀ ਅਖੀਂ ਵੇਖੀ ਹੈ। ਸ. ਗੁਰਦਿਆਲ ਸਿੰਘ ਜੀ ਬੀ.ਏ. ਐਲ. ਐਲ. ਬੀ. ਉਸ ਵੇਲੇ ਸ਼ੇਖ਼ੂਪੁਰੇ ਤਹਿਸੀਲਦਾਰ ਲੱਗੇ ਹੋਏ ਸਨ। ਜਦ ਮੈਂ ਉਹਨਾਂ ਕੋਲੋਂ ਓਥੋਂ ਦੇ ਬਿਆਨ ਲਿਖ ਰਿਹਾ ਸਾਂ ਤਾਂ ਮੈਨੂੰ ਇਉਂ ਭਾਸ ਰਿਹਾ ਸੀ ਜਿਵੇਂ ਉਹਨਾਂ ਦੇ ਸਾਹਮਣੇ ਹੁਣ ਵੀ ਓਹਾ ਕੁਝ ਹੋ ਰਿਹਾ ਹੈ। ਉਹ ਲਿਖਾਉਂਦੇ-ਲਿਖਾਉਂਦੇ ਕਈ ਵਾਰ ਵਿਚੋਂ ਚੁੱਪ ਕਰ ਜਾਂਦੇ ਸਨ ਤੇ ਉਹਨਾਂ ਦਾ ਸਾਰਾ ਸਰੀਰ ਕੰਬ ਉਠਦਾ ਸੀ। ਉਹਨਾਂ ਦੇ ਡੌਲੇ ਫ਼ਰਕਦੇ ਸਨ ਤੇ ਕੌਮੀ ਦਰਦ ਨੂੰ ਅਨੁਭਵ ਕਰਦਾ ਹੋਇਆ ਛਾਤੀ ਵਿਚ ਦਿਲ ਤੜਫਦਾ ਸੀ। ਹੇਠਾਂ ਅਸੀਂ ਸਭ ਹਾਲ ਉਹਨਾਂ ਦੀ ਜ਼ਬਾਨੀ ਹੀ ਲਿਖਦੇ ਹਾਂ :

"ਪਾਕਿਸਤਾਨ ਦੀ ਸਰਕਾਰ ਬਣ ਗਈ ਤੇ ਜ਼ਿਲ੍ਹਾ ਸ਼ੇਖ਼ੂਪੁਰਾ ਪਾਕਿਸਤਾਨ ਵਿਚ ਆ ਗਿਆ। ਮੈਂ ਡਿਪਟੀ ਕਮਿਸ਼ਨਰ ਕੋਲ ਜਾ ਕੇ ਬੇਨਤੀ ਕੀਤੀ ਕਿ ਮੈਥੋਂ ਤਹਿਸੀਲਦਾਰੀ ਦਾ ਚਾਰਜ ਲੈ ਲਿਆ ਜਾਵੇ। ਉਸ ਦਿਨ ਉਸ ਨੇ ਨਾਂਹ ਕਰ ਦਿੱਤੀ। ਮੇਰੇ ਦੁਬਾਰਾ ਆਖਣ ਉੱਤੇ ੨੦ ਅਗਸਤ ਨੂੰ ਮੈਥੋਂ ਚਾਰਜ ਲੈ ਲਿਆ ਗਿਆ। ਫਿਰ ਮੈਂ ਡੀ.ਸੀ. ਨੂੰ ਕਿਹਾ ਕਿ ਮੇਰਾ ਹਿੰਦੁਸਤਾਨ ਪਹੁੰਚਣ ਦਾ ਪ੍ਰਬੰਧ ਕਰ ਦਿਉ, ਪਰ ਉਹ ਸਹਾਇਤਾ ਕਰਨ ਦੀ ਥਾਂ ਸਗੋਂ ਰੁਕਾਵਟਾਂ ਪਾਉਂਦਾ ਰਿਹਾ। ਏਥੋਂ ਤੱਕ ਕਿ ਕਾਰ ਵਾਸਤੇ ਪਟਰੋਲ ਦੇਣ ਤੋਂ ਨਾਂਹ ਕਰ ਦਿੱਤੀ। ਅਸੀਂ ਡੀ. ਸੀ. ਦਾ ਇਰਾਦਾ ਸਮਝ ਲਿਆ ਤੇ ਹੋਰ ਪ੍ਰਬੰਧ ਵਿਚ ਲੱਗ ਗਏ।

"੨੨ ਅਗਸਤ ਨੂੰ ਸਵੇਰੇ ਪੰਜ ਵਜੇ ਸ. ਆਤਮਾ ਸਿੰਘ (ਸਣੇ ਆਪਣੇ ਹੋਰ ਚਾਰ ਪਰਿਵਾਰਾਂ ਦੇ) ਲਾਰੀਆਂ ਉੱਤੇ ਸਾਮਾਨ ਲੱਦ ਕੇ ਬਾਹਰ ਨਿਕਲੇ। ਸ਼ੇਖ਼ੂਪੁਰੇ ਤੋਂ ਸੱਤ ਮੀਲ ਦੂਰ ਨਹਿਰ ਦੇ ਪੁਲ ਉੱਤੇ ਉਹਨਾਂ ਨੂੰ ਪੁਲੀਸ ਨੇ ਰੋਕ ਲਿਆ। ਲਾਰੀਆਂ ਦੀ ਤਲਾਸ਼ੀ ਲਈ ਗਈ। ਇਸ ਝਗੜੇ ਵਿਚ ਪੰਜ ਘੰਟੇ ਪੁਲੀਸ ਨੇ ਲਾਰੀਆਂ ਰੋਕੀ ਰੱਖੀਆਂ। ਬੱਚੇ ਭੁੱਖੇ ਵਿਲਕ ਰਹੇ ਸਨ। ਸ. ਆਤਮਾ ਸਿੰਘ ਅਗ੍ਹਾਂ ਜਾਣ ਵਾਸਤੇ ਕਹਿੰਦੇ ਸਨ ਤੇ ਪੁਲੀਸ ਪਿਛਾਂਹ ਮੁੜਨ ਵਾਸਤੇ। ਅੰਤ ੧੦ ਵਜੇ ਸ. ਆਤਮਾ ਸਿੰਘ ਲਾਰੀਆਂ ਸਣੇ ਵਾਪਸ ਸ਼ੇਖ਼ੂਪੁਰੇ ਆ ਗਏ।

"ਇਸੇ ਦਿਨ ਪੰਜਾਬ ਕਾਂਗਰਸ ਦੇ ਸਕੱਤਰ ਡਾਕਟਰ ਲਹਿਣਾ ਸਿੰਘ ਕੁਝ ਸਾਥੀਆਂ ਸਣੇ ਸ਼ੇਖ਼ੂਪੁਰੇ ਆਏ। ਸ਼ਹਿਰ ਦੇ ਕੁਝ ਪਤਵੰਤੇ ਉਹਨਾਂ ਨੂੰ ਮਿਲੇ (ਮੈਂ ਵੀ ਨਾਲ ਸਾਂ) ਤੇ ਬੇਨਤੀ ਕੀਤੀ ਕਿ ਸ਼ੇਖ਼ੂਪੁਰੇ ਦੇ ਬਚਾਉ ਦਾ ਕੋਈ ਪ੍ਰਬੰਧ ਕੀਤਾ

Sri Satguru Jagjit Singh Ji eLibrary NamdhariElibrary@gmail.com

ਜਾਵੇ। ਉਥੇ ਚਾਰ ਸੌ ਫ਼ੌਜ ਸੀ ਤੇ ਸਾਰੀ ਮੁਸਲਮ ਬਲੋਚ। ਇਸ ਵਾਸਤੇ ਹਿੰਦੂ ਸਿਖਾਂ ਇਸ ਗੱਲ 'ਤੇ ਬੜਾ ਜ਼ੋਰ ਦਿੱਤਾ ਕਿ ਹਿੰਦੂ ਸਿੱਖ ਮਿਲਟਰੀ ਭੇਜੀ ਜਾਵੇ। ਡਾ. ਲਹਿਣਾ ਸਿੰਘ ਜੀ ਨੇ ਕਿਹਾ ਕਿ ਪ੍ਰੋਗਰਾਮ ਅਨੁਸਾਰ ਹੁਣ ਸਰਗੋਧੇ ਜਾਣਾ ਹੈ, ਉਥੋਂ ਆ ਕੇ ਇਥੋਂ ਦਾ ਪ੍ਰਬੰਧ ਕਰਾਂਗੇ। ਸ਼ਹਿਰ ਵਾਲੇ ਬੜਾ ਜ਼ੋਰ ਲਾ ਰਹੇ ਕਿ ਇਥੋਂ ਦਾ ਪ੍ਰਬੰਧ ਪਹਿਲਾਂ ਕੀਤਾ ਜਾਵੇ, ਪਰ ਡਾਕਟਰ ਸਾਹਿਬ ਨਾ ਮੰਨੇ।

"ਕਾਂਗਰਸੀਆਂ ਦੇ ਚਲੇ ਜਾਣ ਪਿੱਛੋਂ ਡੀ. ਸੀ. ਨੇ ਐਲਾਨ ਕਰ ਦਿੱਤਾ ਕਿ ਸਾਮਾਨ ਲੈ ਕੇ ਤਾਂਗਾ, ਗੱਡਾ, ਲਾਰੀ ਆਦਿ ਮਿਉਨਸਪੈਲਟੀ ਦੀ ਹੱਦ ਤੋਂ ਬਾਹਰ ਨਹੀਂ ਜਾ ਸਕਦੇ। ਇਸ ਗੱਲੋਂ ਸ਼ਹਿਰ ਨਿਵਾਸੀ ਕੁਝ ਘਬਰਾ ਗਏ। ੨੩ ਅਗਸਤ ਨੂੰ ਡੀ.ਸੀ. ਨੇ ਫਿਰ ਐਲਾਨ ਕੀਤਾ ਕਿ ਪ੍ਰਮਿਟ (ਆਗਿਆ ਪੱਤਰ) ਤੋਂ ਬਿਨਾਂ ਕੋਈ ਵੀ ਸ਼ਹਿਰੋਂ ਬਾਹਰ ਨਹੀਂ ਜਾ ਸਕਦਾ। ਮੈਂ ਇਸ ਦਿਨ ਬੜਾ ਯਤਨ ਕੀਤਾ ਕਿ ਕਿਸੇ ਕੀਮਤ 'ਤੇ ਕੋਈ ਟਰੱਕ ਮਿਲ ਜਾਵੇ ਤਾਂ ਮੈਂ ਬਾਹਰ ਚਲਾ ਜਾਵਾਂ, ਪਰ ਡੀ. ਸੀ. ਨੇ ਪ੍ਰਮਿਟ ਨਾ ਦਿੱਤਾ।

"੨੪ ਅਗਸਤ ਨੂੰ ਪੁਲੀਸ ਨੇ ਸਾਰੇ ਸ਼ਹਿਰ ਨੂੰ ਘੇਰਾ ਪਾ ਲਿਆ। ਡੀ. ਸੀ. ਕਿਸੇ ਕੰਮ ਬਾਹਰ ਚਲਾ ਗਿਆ। ਪਿੱਛੋਂ ੯ ਵਜੇ ਰਾਤ ਤੋਂ ਸਵੇਰੇ ਸੱਤ ਵਜੇ ਤੱਕ ਏ. ਡੀ. ਐਮ ਨੇ ਕਰਫ਼ੀਊ ਲਾ ਦਿੱਤਾ। ਮਾਰਚ ਤੋਂ ਲੈ ਕੇ ਹੁਣ ਤੱਕ ਸ਼ੇਖ਼ੂਪੁਰੇ ਵਿਚ ਕੋਈ ਦੁਰਘਟਨਾ ਨਹੀਂ ਹੋਈ ਸੀ। ੨੪ ਨੂੰ ਪਹਿਲੀ ਵਾਰ ਇਸ ਸ਼ਹਿਰ ਵਿਚ ਕਰਫ਼ੀਊ ਲਾਇਆ ਗਿਆ। ਇਸੇ ਰਾਤ ੧ ਵਜ ਕੇ ੨੭ ਮਿੰਟ 'ਤੇ ਗੁਰਦੁਆਰਾ ਬਾਜ਼ਾਰ ਵਿਚ ਮੁਸਲਮ ਫ਼ੌਜ ਨੇ ਅੱਗ ਲਾ ਦਿੱਤੀ। ਉੱਚੇ-ਉੱਚੇ ਭਾਂਬੜ ਬਲਦੇ ਵੇਖ ਕੇ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਲੋਕ ਮਕਾਨਾਂ ਉੱਤੇ ਚੜ੍ਹ ਕੇ ਵੇਖਣ ਲੱਗੇ। ਰੌਲਾ ਸੁਣ ਕੇ ਤੇ ਅੱਗ ਦੀਆਂ ਲਾਟਾਂ ਵੇਖ ਕੇ ਡੀ. ਸੀ. ਕਾਰ ਵਿਚ ਚੜ੍ਹ ਕੇ ਦੁਰਘਟਨਾ ਵਾਲੀ ਥਾਂ 'ਤੇ ਆਣ ਪਹੁੰਚਾ। ਉਸ ਨੇ ਲੋਕਾਂ ਨੂੰ ਕਿਹਾ ਕਿ ਆਣ ਕੇ ਅੱਗ ਬੁਝਾਓ। ਲੋਕਾਂ ਨੇ ਕਰਫ਼ੀਊ ਦਾ ਡਰ ਪ੍ਰਗਟ ਕੀਤਾ। ਡੀ. ਸੀ ਨੇ ਹੁਕਮ ਦਿੱਤਾ ਕਿ ਕੋਈ ਕਰਫ਼ੀਊ ਨਹੀਂ, ਲੋਕ ਆ ਕੇ ਅੱਗ ਬੁਝਾਉਣ। ਇਹ ਸੁਣ ਕੇ ਲੋਕ ਕੋਠਿਆਂ ਤੋਂ ਉਤਰੇ ਤੇ ਬਾਲਟੀਆਂ ਲੈ ਕੇ ਅੱਗ ਬੁਝਾਉਣ ਵਾਸਤੇ ਆ ਗਏ। ਗੁਰਦੁਆਰੇ ਦੇ ਮਗਰਲੇ ਬਾਜ਼ਾਰ ਵਿਚ ਫ਼ੌਜ ਨੇ ਧੱਕੇਸ਼ਾਹੀ ਆਰੰਭ ਦਿੱਤੀ। ਜਦ ਉਥੋਂ ਲੋਕੀ ਬਾਲਟੀਆਂ ਲੈ ਕੇ ਨਿਕਲੇ ਤਾਂ ਮੁਸਲਮ ਫ਼ੌਜ ਨੇ ਹਕੀਮ ਲਛਮਨ ਸਿੰਘ ਤੇ ਗੁਰਬਚਨ ਦਾਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਅੱਗ ਵਾਲੇ ਥਾਂ ਡੀ. ਸੀ. ਨੇ ਅਜਿਹੀ ਕੋਈ ਘਟਨਾ ਨਾ ਹੋਣ ਦਿੱਤੀ। ਲੋਕਾਂ ਨੇ ਅੱਗ ਬੁਝਾ ਦਿੱਤੀ। ਬਾਰਾਂ ਦੁਕਾਨਾਂ ਤੇ ਪੰਜ ਮਕਾਨ ਸੜ ਕੇ ਢੇਰੀ ਹੋ ਗਏ। ਇਸ ਅੱਗ ਨੇ ਸਾਰੇ ਸ਼ਹਿਰ ਨੂੰ ਭੈ-ਭੀਤ ਕਰ ਦਿੱਤਾ। ਲੋਕਾਂ ਨੂੰ ਹੌਸਲਾ ਦੇਂਦਿਆਂ ਹੋਇਆਂ ਡੀ. ਸੀ. ਨੇ ਕਿਹਾ ਕਿ ਇਸ ਸ਼ਹਿਰ ਵਿਚ ਮੈਂ ਗੜਬੜ ਨਹੀਂ ਹੋਣ ਦਿਆਂਗਾ।

"੨੫ ਅਗਸਤ ਨੂੰ ਜਦੋਂ ਮੈਂ ਗੁਰਦੁਆਰੇ ਗਿਆ ਤਾਂ ਕੀਰਤਨ ਹੋ ਰਿਹਾ ਸੀ

ਤੇ ਕੇਵਲ ਬਾਰਾਂ ਆਦਮੀ ਉਥੇ ਬੈਠੇ ਸਨ। ਕੁਝ ਬੀਬੀਆਂ ਆਈਆਂ ਤਾਂ ਸੈਕਤਰ ਨੇ ਉਹਨਾਂ ਨੂੰ ਕਿਹਾ, ਤੁਸੀਂ ਗੁਰਦੁਆਰੇ ਕਿਉਂ ਆਈਆਂ ਜੇ ? ਜਾਓ ਘਰੀਂ ਬੈਠੋ।' ਇਹ ਪਹਿਲਾ ਦਿਨ ਸੀ ਜਦ ਗੁਰਦੁਆਰੇ ਵਿਚ ਏਨੀ ਬੇ-ਰੌਣਕੀ ਵੇਖੀ ਗਈ। ੯ ਵਜੇ ਡੀ. ਸੀ. ਫੇਰ ਅੱਗ ਵਾਲੀਂ ਥਾਂ 'ਤੇ ਆਇਆ। ਮੈਂ ਤੇ ਸ. ਦਰਬਾਰਾ ਸਿੰਘ ਵਕੀਲ ਉਸ ਨੂੰ ਮਿਲਣ ਗਏ। ਅਸਾਂ ਬੇਨਤੀ ਕੀਤੀ ਕਿ ਇਹ ਸਭ ਕਰਫ਼ਿਊ ਦੀ ਹੀ ਕਿਰਪਾ ਹੈ। ਅਸੀਂ ਚਾਹੁੰਦੇ ਹਾਂ ਕਿ ਅਗ੍ਹਾਂ ਕਰਫ਼ਿਊ ਨਾ ਲਾਇਆ ਜਾਵੇ। ਡੀ. ਸੀ. ਨੇ ਮੰਨ ਲਿਆ ਤੇ ਪੂਰੇ ਬਲ ਨਾਲ ਅਮਨ ਬਹਾਲ ਰੱਖਣ ਦਾ ਭਰੋਸਾ ਦੁਆਇਆ।

"ਮੈਂ ਸ. ਗੋਪਾਲ ਸਿੰਘ ਜੀ ਦੇ ਕਾਰਖ਼ਾਨੇ ਨੂੰ ਜਾਂਦਾ ਹੋਇਆ ਕਰਾਮਤ ਅਲੀ (ਵਜ਼ੀਰ ਪੱਛਮੀ ਪੰਜਾਬ) ਦੀ ਕੋਠੀ ਦੇ ਅੱਗੋਂ ਲੰਘ ਰਿਹਾ ਸਾਂ ਕਿ ਦੋ ਮੁਸਲਮਾਨ ਮੈਜਿਸਟਰੇਟਾਂ (ਅਹਿਮਦ ਸ਼ਫੀ ਤੇ ਮਿਸਟਰ ਬੱਟ) ਨੂੰ ਕੋਠੀ ਅੰਦਰ ਜਾਂਦਿਆਂ ਵੇਖਿਆ। ਮੇਰਾ ਖ਼ਿਆਲ ਹੈ ਕਿ ਓਦੋਂ ਹੀ ਸਾਡੀ ਤਬਾਹੀ ਦਾ ਪ੍ਰੋਗਰਾਮ ਬਣਾਇਆ ਗਿਆ। ਕਾਰਖ਼ਾਨਾ ਸ. ਗੋਪਾਲ ਸਿੰਘ ਤੇ ਲਾਲਾ ਅਮੋਲਕ ਰਾਮ ਦਾ ਸਾਂਝਾ ਸੀ। ਉਹਨਾਂ ਦੋਹਾਂ ਦੇ ਪਰਿਵਾਰ, ਮੇਰਾ ਪਰਿਵਾਰ, ਕਾਰਖ਼ਾਨੇ ਦੇ ਮਜ਼ਦੂਰਾਂ ਦੇ ਪਰਿਵਾਰ ਤੇ ਕੁਝ ਹੋਰ ਲੋਕ ਕਾਰਖ਼ਾਨੇ ਵਿਚ ਇਕੱਠੇ ਹੋ ਗਏ ਸਨ। ਸਾਰੇ ਮਿਲ ਕੇ ਤਿੰਨ ਸੌ ਦੇ ਲਗਪਗ ਸਨ।

"੧੦ ਵਜੇ ਤੋਂ ਮੁਸਲਮ ਫ਼ੌਜ ਤੇ ਪੋਲੀਸ ਦੀ ਸ਼ਹਿਰ ਵਿਚ ਦੌੜ ਭੱਜ ਆਰੰਭ ਹੋ ਗਈ। ਸ਼ਹਿਰ ਵਿਚ ਥਾਂ-ਥਾਂ ਚੌਂਕਾਂ ਤੇ ਗਲੀਆਂ ਬਾਜ਼ਾਰਾਂ ਵਿਚ ਹਥਿਆਰਬੰਦ ਸਿਪਾਹੀ ਖੜੇ ਹੋ ਗਏ। ਇਸ ਢੰਗ ਨਾਲ ਸ਼ਹਿਰ ਦੀ ਨਾਕਾਬੰਦੀ ਕੀਤੀ ਗਈ ਕਿ ਕੋਈ ਵੀ ਇਕ ਥਾਂ ਤੋਂ ਦੂਜੀ ਥਾਂ ਨਹੀਂ ਜਾ ਸਕਦਾ ਸੀ। ਦੋਪਹਿਰ ਤੱਕ ਹਜ਼ਾਰਾਂ ਮੁਸਲਮਾਨ ਹਥਿਆਰ ਲੈ ਕੇ ਬਾਹਰੋਂ ਆ ਗਏ। ਸ਼ਹਿਰ ਦੀ ਵੱਸੋਂ ਵਿਚ ਮੁਸਲਮਾਨ ਮਸਾਂ ਤੀਜਾ ਹਿੱਸਾ ਸਨ, ਪਰ ਬਾਹਰਲੇ ਆਇਆਂ 'ਤੇ ਮੁਸਲਮਾਨ ਫ਼ੌਜ, ਪੋਲੀਸ ਨਾਲ ਮਿਲ ਕੇ ਬੜੇ ਦਲੇਰ ਹੋ ਗਏ ਸਨ। ਸਭ ਤੋਂ ਪਹਿਲਾਂ ਕੋਟ ਰਾਮਗੜ੍ਹ ਦੀ ਵਾਰੀ ਆਈ। ਇਹ ਕੋਟ ਰੇਲਵੇ ਲਾਈਨ ਦੇ ਦੂਜੇ ਪਾਸੇ ਸੀ। ਵੱਸੋਂ ਬਹੁਤੀ ਰਾਮਗੜ੍ਹੀਆ ਸਿੱਖਾਂ ਦੀ ਸੀ। ੨੫ ਅਗਸਤ ਨੂੰ ਦਿਨੇ ਡੇਢ ਵਜੇ ਚਾਰ ਹਜ਼ਾਰ ਮੁਸਲਮ ਮੁਲਖਈਆ, ਸਣੇ ਪੰਜਾਹ ਸਿਪਾਹੀਆਂ ਤੇ ਦੋ ਟੈਂਕਾਂ ਦੇ ਰਾਮਗੜ੍ਹ 'ਤੇ ਧਾਵਾ ਕਰਨ ਵਾਸਤੇ ਵਧਿਆ। ਅਸੀਂ ਗੋਪਾਲ ਸਿੰਘ ਦੇ ਕਾਰਖ਼ਾਨੇ ਦੀ ਉਤਲੀ ਛੱਤ ਉੱਤੇ ਖਲੋਤੇ ਵੇਖ ਰਹੇ ਸਾਂ। ਮਿਲਟਰੀ ਸਣੇ ਟੈਂਕਾਂ ਰੇਲਵੇ ਲਾਈਨ ਉੱਤੇ ਖਲੋ ਗਈ। ਉਸ ਕੋਲ ੩੦੩ ਨੰਬਰ ਦੀਆਂ ਬੰਦੂਕਾਂ, ਸਟੇਨਗੰਨਾਂ ਤੇ ਬਰੇਨਗੰਨਾਂ ਸਨ। ਚਾਰ ਹਜ਼ਾਰ ਮੁਸਲਮ ਇਕੱਠ ਨੇ ਅੱਗੇ ਵੱਧ ਕੇ ਰਾਮਗੜ੍ਹ ਉੱਤੇ ਹੱਲਾ ਕੀਤਾ। ਸਿੱਖ ਅੱਗੋਂ ਮੋਰਚਿਆਂ ਵਿਚ ਡਟੇ ਬੈਠੇ ਸਨ। ਉਹਨਾਂ ਅੱਗੋਂ ਗੋਲੀਆਂ ਚਲਾਈਆਂ ਤਾਂ ਮੁਸਲਮਾਨ ਪਿਛਾਂਹ ਭੱਜ ਉੱਠੇ। ਅੱਗੋਂ ਮਿਲਟਰੀ ਨੇ ਰੋਕ ਕੇ ਫਿਰ ਧਾਵਾ ਕਰਨ

ਵਾਸਤੇ ਉਕਸਾਇਆ। ਬੜੀ ਔਖਿਆਈ ਨਾਲ ਬਲਵਈਆਂ ਨੂੰ ਫੇਰ ਹੱਲਾ ਕਰਨ ਲਈ ਤਿਆਰ ਕੀਤਾ ਗਿਆ। ਇਸ ਵਾਰ ਸਿੱਖਾਂ ਨੇ ਅਜਿਹੇ ਢੰਗ ਨਾਲ ਅੱਗੋਂ ਗੋਲੀ ਚਲਾਈ ਕਿ ਕਈ ਮੁਸਲਮਾਨ ਧਰਤੀ 'ਤੇ ਢਹਿ ਪਏ। ਬਾਕੀ ਦੇ ਏਨੇ ਘਬਰਾ ਕੇ ਭੱਜੇ ਕਿ ਰੇਲਵੇ ਲਾਈਨ ਤੋਂ ਦੂਜੇ ਪਾਸੇ ਜਾ ਖੜੇ ਹੋਏ। ਹੁਣ ਬੇਹੱਦ ਜ਼ੋਰ ਲਾਉਣ ਉੱਤੇ ਵੀ ਮੁਸਲਮਾਨ ਅੱਗੇ ਲੱਗ ਕੇ ਹੱਲਾ ਕਰਨ ਨੂੰ ਤਿਆਰ ਨਾ ਹੋਏ। ਫਿਰ ਮਿਲਟਰੀ ਆਪ ਅੱਗੇ ਲੱਗੀ। ਲਾਈਨ ਤੋਂ ਅਗਲੇ ਪਾਸੇ ਮੋਰਚੇ ਬਣਾ ਕੇ ਮਿਲਟਰੀ ਨੇ ਫ਼ਾਇਰ ਸ਼ੁਰੂ ਕਰ ਦਿੱਤਾ। ਅੱਗੋਂ ਸਿੱਖ ਵੀ ਉਸੇ ਤਰ੍ਹਾਂ ਜਵਾਬ ਦੇਣ ਲੱਗੇ। ਤਿੰਨ ਘੰਟੇ ਤੱਕ ਆਹਮੋ-ਸਾਹਮਣੇ ਮੀਂਹ ਵਾਂਗ ਗੋਲੀ ਵਸਦੀ ਰਹੀ। ਮਿਲਟਰੀ ਨੇ ਫ਼ੌਜੀ ਗਰਨੇਡ (ਬੰਬ) ਚਲਾਏ। ਸਿੱਖਾਂ ਕੋਲੋਂ ਗੋਲੀ ਸਿੱਕਾ ਮੁੱਕ ਗਿਆ। ਉਹਨਾਂ ਦੀਆਂ ਬੰਦੂਕਾਂ ਚਲਣੀਆਂ ਬੰਦ ਹੋ ਗਈਆਂ। ਮੁਸਲਮ ਧਾੜਵੀ ਕੋਟ ਵਿਚ ਜਾ ਵੜੇ ਤੇ ਥਾਂ-ਥਾਂ ਅੱਗਾਂ ਲਾ ਦਿੱਤੀਆਂ। ਜੋ ਸਿੱਖ ਇਸਤਰੀ ਪੁਰਸ਼ ਸਾਹਮਣੇ ਆਇਆ, ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪੰਜ ਵਜੇ ਸ਼ਾਮ ਤੱਕ ਸਾਰਾ ਕੋਟ ਤਬਾਹ ਕਰ ਦਿੱਤਾ ਗਿਆ। ਮੁਸਲਮਾਨਾਂ ਨੇ ਉਦਾਲੇ ਕਰੜਾ ਘੇਰਾ ਪਾਇਆ ਹੋਇਆ ਸੀ, ਸੋ ਸ਼ਾਇਦ ਹੀ ਕੋਈ ਸਿੱਖ ਇਸ ਕੋਟ ਵਿਚੋਂ ਬਚ ਕੇ ਨਿਕਲ ਸਕਿਆ ਹੋਵੇ। ਸ਼ਾਮ ਨੂੰ ਕੇਵਲ ਅੱਗ ਦੇ ਭਾਂਬੜ ਹੀ ਸਾਰੇ ਕੋਟ ਵਿਚ ਬਲਦੇ ਦਿਸ ਰਹੇ ਸਨ।

"ਏਧਰੋਂ ਵਿਹਲੀ ਹੋ ਕੇ ਮਿਲਟਰੀ—ਸਣੇ ਮੁਸਲਮ ਧਾੜਵੀਆਂ ਦੇ—ਪੰਜ ਵਜੇ ਸ਼ਹਿਰ ਵਿਚ ਵੜ ਗਈ। ਸਾਰੇ ਸ਼ਹਿਰ ਵਿਚ ਅੱਗ ਤੇ ਖ਼ੂਨ ਦੀਆਂ ਹੀ ਗੱਲਾਂ ਪ੍ਰਧਾਨ ਸਨ। ਇਕ-ਇਕ ਮਿੰਟ ਵਿਚ ਹਜ਼ਾਰਾਂ ਗੋਲੀਆਂ ਦੇ ਚੱਲਣ ਦੀ ਅਵਾਜ਼ ਆਉਂਦੀ ਸੀ। ਅਖ਼ਬਾਰਾਂ ਵਿਚ ਪੜ੍ਹਦੇ ਰਹੇ ਸਾਂ ਕਿ ਦੂਜੇ ਮਹਾਂ ਯੁੱਧ ਵਿਚ ਸਟਾਲਨਗ੍ਰੇਡ ਅੰਦਰ ਬੜੀ ਗੋਲੀ ਬਰਸੀ ਸੀ, ਪਰ ਏਥੇ ਉਥੋਂ ਨਾਲੋਂ ਵੀ ਵਧੇਰੇ ਤੇਜ਼ੀ ਨਾਲ ਚੱਲਦੀ ਰਹੀ। ੨੫ ਅਗਸਤ ਡੇਢ ਵਜੇ ਦਿਨ ਤੋਂ ਲੈ ਕੇ ਅਗਲੇ ਦਿਨ ਸ਼ਾਮ ਦੇ ਛੇ ਵਜੇ ਤੱਕ ਗੋਲੀ ਚਲਦੀ ਰਹੀ। ਵਿਚਲੀ ਰਾਤ ਅਸੀਂ ਸਾਰੇ ਸ਼ਹਿਰ ਵਿਚ ਅੱਗ ਬਲਦੀ ਤੇ ਗੋਲੀ ਚੱਲਦੀ ਵੇਖਦੇ ਰਹੇ।

"ਸ਼ਹਿਰ ਵਿਚ ਗੜਬੜ ਸ਼ੁਰੂ ਹੁੰਦਿਆਂ ਹੀ ਕੁਝ ਹੋਰ ਹਿੰਦੂ ਸਿੱਖ ਕਾਰਖ਼ਾਨੇ ਵਿਚ ਆ ਵੜੇ। ਸਾਰਿਆਂ ਦੀ ਗਿਣਤੀ ਤਿੰਨ ਸੌ ਦੇ ਲਗਪਗ ਹੋ ਗਈ। ਇਸ (ਸ. ਗੁਪਾਲ ਸਿੰਘ ਦੇ) ਕਾਰਖ਼ਾਨੇ ਦੇ ਨੇੜੇ ਹੀ ਚੰਗੜ ਮਹੱਲਾ ਮੁਸਲਮਾਨਾਂ ਦੀ ਵੱਸੋਂ ਸੀ। ੨੫ ਅਗਸਤ ਸ਼ਾਮ ਨੂੰ ਪੰਜ ਵਜੇ ਚੰਗੜ ਮਹੱਲੇ ਦੇ ਮੁਸਲਮਾਨਾਂ ਨੇ ਕਾਰਖ਼ਾਨੇ ਨੂੰ ਘੇਰਾ ਪਾ ਲਿਆ। ਉਹ ਦੂਰ-ਦੂਰ ਖੜੋ ਨਾਅਰੇ ਲਾਈ ਜਾਂਦੇ ਸਨ, ਪਰ ਅੱਗੇ ਵਧ ਕੇ ਹਮਲਾ ਕਰਨ ਦਾ ਹੌਸਲਾ ਨਹੀਂ ਕਰਦੇ ਸਨ। ਕਾਰਖ਼ਾਨੇ ਵਿਚ ਉਸ ਵੇਲੇ ਬਾਰਾਂ ਬੋਰ ਦੀਆਂ ਤਿੰਨ (ਦੁਨਾਲੀਆਂ) ਬੰਦੂਕਾਂ ਸਨ। ਇਕ ਮੇਰੀ, ਇਕ ਸਰਦਾਰ ਗੋਪਾਲ ਸਿੰਘ ਦੀ ਤੇ ਇਕ ਲਾਲਾ ਅਮੋਲਕ ਰਾਮ (ਕਾਰਖ਼ਾਨੇ ਦੇ ਹਿੱਸੇਦਾਰ) ਦੀ।

Sri Satguru Jagjit Singh Ji eLibrary NamdhariElibrary@gmail.com

ਤਿਨਾਂ ਕੋਲ ਕੁੱਲ ੨੫੦ ਕਾਰਤੂਸ ਸਨ। ਪਰੰਤੂ ਮੁਸਲਮਾਨ ਸਮਝਦੇ ਸਨ ਕਿ ਕਾਰਖ਼ਾਨੇ ਵਿਚ ਬਹੁਤ ਹਥਿਆਰ ਹਨ। ਪੰਜ ਵਜੇ ਸ਼ਾਮ ਨੂੰ ਅਸਾਂ ਦੋ ਟਰੱਕ ਬੱਚਿਆਂ ਦੇ ਭਰ ਕੇ ਕਾਰਖ਼ਾਨੇ ਤੋਂ ਬਾਹਰ ਕੱਢੇ। ਟਰੱਕਾਂ ਨੂੰ ਵੇਖਦੇ ਸਾਰ ਘੇਰੇ ਵਾਲੇ ਮੁਸਲਮਾਨ ਡਰ ਕੇ ਭੱਜ ਉੱਠੇ। ਇਸ ਤਰ੍ਹਾਂ ਇਕ ਟਰੱਕ ਤਾਂ ਨਿਕਲ ਗਿਆ, ਪਰ ਦੂਜਾ ਟਰੱਕ ਕਾਰਖ਼ਾਨੇ ਦੇ ਬੂਹੇ ਅੱਗੇ ਹੀ ਵਿਗੜ ਗਿਆ। ਮੁਸਲਮਾਨ ਪਿੱਛੋਂ ਮੁੜ ਕੇ ਟਰੱਕ ਨੂੰ ਆਣ ਪਏ ਤੇ ਪੈਂਦੀ ਸੱਟੇ ਉਹਦੇ ਇੰਜਣ ਨੂੰ ਕੁੱਟਣ ਲੱਗ ਪਏ। ਏਨੇ ਨੂੰ ਕਾਰਖ਼ਾਨੇ ਵਿਚੋਂ ਨਿਕਲ ਕੇ ਕੁਝ ਆਦਮੀ ਗਏ ਤੇ ਟਰੱਕ ਵਿਚੋਂ ਇਸਤਰੀਆਂ ਬੱਚਿਆਂ ਨੂੰ ਬਚਾ ਕੇ ਅੰਦਰ ਲੈ ਆਏ। ਏਥੇ ਸਾਧਾਰਨ ਜਿਹੀ ਝੜਪ ਹੋਈ, ਜਿਸ ਵਿਚ ਤਿੰਨ ਸਿੱਖ ਜ਼ਖ਼ਮੀ ਹੋਏ। ਮੁਸਲਮਾਨਾਂ ਨੇ ਕੁੱਟ-ਕੁੱਟ ਕੇ ਸਾਰਾ ਟਰੱਕ ਤੋੜ ਦਿੱਤਾ। ਅਸਾਂ ਕਾਰਖ਼ਾਨੇ ਉਤੋਂ ਰੋੜੇ ਚਲਾਏ ਤਾਂ ਉਹ ਟਰੱਕ ਛੱਡ ਕੇ ਨੱਸ ਗਏ। ਕੁਝ ਮੁਸਲਮਾਨ ਫਿਰ ਅੱਗੇ ਵਧੇ। ਉਹਨਾਂ ਟੁੱਟੇ ਹੋਏ ਟਰੱਕ ਨੂੰ ਅੱਗ ਲਾ ਦਿੱਤੀ। ਨੇੜੇ ਹੀ ਇਕ ਦਰਖ਼ੱਤ ਵੱਢਿਆ ਪਿਆ ਸੀ। ਉਹਨਾਂ ਉਹ ਚੁੱਕ ਕੇ ਸੜਕ ਵਿਚ ਸੁੱਟ ਦਿੱਤਾ ਤੇ ਦੋਹੀਂ ਪਾਸੀਂ ਖਾਈ ਪੁੱਟ ਦਿੱਤੀ, ਤਾਕਿ ਫੇਰ ਕੋਈ ਟਰੱਕ ਬਾਹਰ ਨਾ ਨਿਕਲ ਸਕੇ।

"ਸ਼ਾਮ ਨੂੰ ਚੌਗੜ ਮਹੱਲਾ ਦੇ ਮੁਸਲਮਾਨਾਂ ਨੇ ਆਪਣੇ ਮਕਾਨਾਂ ਤੋਂ ਘਰ ਵਿਚ ਘੜੀਆਂ ਬੰਦੂਕਾਂ ਚਲਾਈਆਂ। ਉਹ ਖੜਾਕ ਬੜਾ ਕਰਦੀਆਂ ਸਨ, ਪਰ ਮਾਰ ਕੁਝ ਵੀ ਨਾ। ਉਹਨਾਂ ਦਾ ਕਾਰਖ਼ਾਨੇ ਉੱਤੇ ਕੋਈ ਅਸਰ ਨਾ ਹੋਇਆ। ਖੜਾਕ ਸੁਣ ਕੇ ਅੰਦਰ ਬੱਚੇ ਤੇ ਇਸਤਰੀਆਂ ਰੋਣ ਲੱਗ ਪਈਆਂ, ਜਿਨ੍ਹਾਂ ਨੂੰ ਡਰਾ ਧਮਕਾ ਕੇ ਚੁੱਪ ਕਰਾਇਆ ਗਿਆ। ਇਸ ਵੇਲੇ ਅਸੀਂ ਸਾਰੇ ਸਹਿਮੇ ਹੋਏ ਸਾਂ ਤੇ ਸਮਝਦੇ ਸਾਂ ਕਿ ਇਹ ਰਾਤ ਜ਼ਿੰਦਗੀ ਦੀ ਅੰਤਲੀ ਰਾਤ ਹੈ। ਸਾਡੇ ਕੋਲ ਬੰਦੂਕਾਂ ਸਨ, ਪਰ ਡਰਦੇ ਅੱਗੋਂ ਚਲਾਉਂਦੇ ਨਹੀਂ ਸਾਂ ਕਿ ਮਤਾਂ ਅਵਾਜ਼ ਸੁਣ ਕੇ ਮਿਲਟਰੀ ਇਸ ਪਾਸੇ ਨਾ ਆਣ ਪਵੇ।

"ਉਸ ਵੇਲੇ ਮੈਂ ਵੀ ਘਬਰਾ ਗਿਆ ਸਾਂ। ਮੈਂ ਗੁਰੂ ਮਹਾਰਾਜ ਜੀ ਦੇ ਕਮਰੇ ਵਿਚ ਗਿਆ, ਹੱਥ ਜੋੜ ਕੇ ਅਰਦਾਸ ਕੀਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਵਾਹਿਗੁਰੂ ਦੀ ਕਿਰਪਾ ਨਾਲ ਮੈਨੂੰ ਏਨਾ ਦ੍ਰਿੜ੍ਹ ਵਿਸ਼ਵਾਸ ਹੋ ਗਿਆ ਕਿ ਅਸਾਂ ਸਾਰਿਆਂ ਨੇ ਬਚ ਨਿਕਲਣਾ ਹੈ। ਏਹਾ ਗੱਲ ਮੈਂ ਬਾਹਰ ਆ ਕੇ ਲੋਕਾਂ ਨੂੰ ਕਹੀ ਤੇ ਉਹਨਾਂ ਨੂੰ ਹੌਸਲਾ ਦੇਣ ਲੱਗ ਪਿਆ।

"ਰਾਤ ਪੈ ਗਈ, ਲੋਕਾਂ ਨੂੰ ਚੁੱਪ ਰਹਿਣ ਵਾਸਤੇ ਕਹਿ ਕੇ ਮੈਂ ਕੋਠੇ 'ਤੇ ਚੜ੍ਹ ਗਿਆ। ਉਸ ਵੇਲੇ ਸਾਰੇ ਸ਼ਹਿਰ ਵਿਚ ਥਾਂ-ਥਾਂ ਅੱਗ ਬਲ ਰਹੀ ਸੀ ਤੇ ਗੋਲੀ ਚੱਲ ਰਹੀ ਸੀ। ਮੈਂ ਫੇਰ ਹੇਠਾਂ ਉਤਰ ਆਇਆ। ਲੋਕਾਂ ਨੂੰ ਸਮਝਾਇਆ ਕਿ ਚੰਦ ਛਿਪੇ

ਅਸੀਂ ਇਥੋਂ ਨਿਕਲ ਚਲਾਂਗੇ। ਰਾਤ ਦੇ ਸਵਾ ਬਾਰਾਂ ਵਜੇ ਇਕ ਸੁੱਤੀ ਪਈ ਬਾਗਬਾਨੀ ਚਾਂਗਰਾਂ ਮਾਰ ਉੱਠੀ ਤੇ ਮਾਰ ਸੁੱਟਿਆ, ਮਾਰ ਸੁੱਟਿਆ ਦੀ ਦੁਹਾਈ ਪਾਉਣ ਲੱਗ ਪਈ। ਮੈਂ ਭੱਜ ਕੇ ਉਹਦੇ ਕੋਲ ਗਿਆ ਤੇ ਉਹਦੇ ਮੂੰਹ ਉੱਤੇ ਵੱਟ ਕੇ ਚਪੇੜ ਮਾਰੀ। ਉਹ ਤ੍ਰਬਕ ਕੇ ਉੱਠ ਬੈਠੀ। ਮੈਂ ਉਸ ਨੂੰ ਝਿੜਕ ਕੇ ਚੁੱਪ ਕਰਾ ਦਿੱਤਾ। ਉਹਦਾ ਰੌਲਾ ਸੁਣ ਕੇ ਕੁਝ ਬੱਚੇ ਰੋ ਉੱਠੇ। ਮੈਂ ਮਾਵਾਂ ਨੂੰ ਕਿਹਾ ਕਿ ਬੱਚਿਆਂ ਦੇ ਮੂੰਹ ਵਿਚ ਕੱਪੜਾ ਦੇ ਕੇ ਉਹ ਬਾਲਾਂ ਨੂੰ ਚੁੱਪ ਕਰਾ ਦੇਣ। ਇਸੇ ਤਰ੍ਹਾਂ ਕੀਤਾ ਗਿਆ। ਸੋ ਇਹ ਰੌਲਾ ਏਥੇ ਹੀ ਬੰਦ ਹੋ ਗਿਆ।

"ਇਕ ਵਜੇ ਰਾਤ ਨੂੰ ਚੰਦ ਛਿਪ ਗਿਆ। ਅਸੀਂ ਸਾਰੇ ਕੋਠਿਆਂ ਤੋਂ ਉਤਰ ਕੇ ਹਾਤੇ ਵਿਚ ਆ ਗਏ। ਮੈਂ ਸਾਰੇ ਲੋਕਾਂ ਨੂੰ ਕਿਹਾ ਕਿ ਹਰ ਇਕ ਪਰਿਵਾਰ ਵਿਚੋਂ ਕੁਝ ਆਦਮੀ ਕਾਰਖ਼ਾਨੇ ਵਿਚ ਰਹਿਣ ਤੇ ਕੁਝ ਬਾਹਰ ਨਿਕਲ ਚੱਲਣ ਵਾਸਤੇ ਤਿਆਰ ਹੋ ਜਾਣ। ਸ. ਮੋਹਣ ਸਿੰਘ ਸਟੇਸ਼ਨ ਮਾਸਟਰ ਦੇ ਪਰਿਵਾਰ ਦੇ ੧੪ ਜੀਅ ਕਾਰਖ਼ਾਨੇ ਵਿਚ ਸਨ। ਉਹਨਾਂ ਕਿਹਾ ਕਿ ਅਸੀਂ ਅੱਠ ਬਾਹਰ ਚਲਾਂਗੇ ਤੇ ਛੇ ਕਾਰਖ਼ਾਨੇ ਵਿਚ ਰਹਾਂਗੇ। ਹੋਰ ਕੋਈ ਪਰਿਵਾਰ ਵੀ ਫ਼ੈਸਲਾ ਨਾ ਕਰ ਸਕਿਆ ਕਿ ਕੌਣ ਰਹੇ ਤੇ ਕੌਣ ਜਾਏ। ਕਾਰਖ਼ਾਨੇ ਦੇ ਦੋਹਾਂ ਮਾਲਕਾਂ—ਸਰਦਾਰ ਗੁਪਾਲ ਸਿੰਘ ਤੇ ਲਾਲਾ ਅਮੋਲਕ ਰਾਮ—ਨੇ ਕਿਹਾ ਕਿ ਅਸੀਂ ਦੋਵੇਂ ਰਹਾਂਗੇ, ਬਾਕੀ ਸਾਰੇ ਚਲੇ ਜਾਓ। ਅੰਤ ਫ਼ੈਸਲਾ ਹੋਇਆ ਕਿ ਉਹ ਵੀ ਦੋਵੇਂ ਨਾਲ ਹੀ ਚਲੇ ਚੱਲਣ। ਤੁਰਨ ਤੋਂ ਪਹਿਲਾਂ ਸਾਰਿਆਂ ਨੂੰ ਪੱਕੀ ਕੀਤੀ ਗਈ ਕਿ ਕਿਸੇ ਨੂੰ ਗੋਲੀ ਵੱਜ ਜਾਏ, ਛੁਰਾ ਵੱਜ ਜਾਏ ਜਾਂ ਸੱਪ ਲੜ ਜਾਏ, ਉਹ ਚੁੱਪ ਕਰਕੇ ਜਾਨ ਦੇ ਦੇਣ, ਪਰ ਮੂੰਹੋਂ ਅਵਾਜ਼ ਨਾ ਕੱਢੇ। ਜੇ ਕੋਈ ਬੱਚਾ ਰੋਵੇ ਤਾਂ ਉਹਦੇ ਮੂੰਹ ਵਿਚ ਕੱਪੜਾ ਦੇ ਕੇ ਚੁੱਪ ਕਰਾਇਆ ਜਾਵੇ। ਮੁੱਕਦੀ ਗੱਲ, ਕਿਸੇ ਨੂੰ ਪਤਾ ਨਾ ਲੱਗੇ ਕਿ ਕੋਈ ਜਾ ਰਿਹਾ ਹੈ।

"ਸਭ ਤਿਆਰੀ ਕਰਕੇ ਦੋ ਸੂਹੇ ਬਾਹਰ ਘੱਲੇ। ਉਹਨਾਂ ਪਰਤ ਕੇ ਦੱਸਿਆ ਕਿ ਕੰਧ ਦੇ ਨੇੜੇ ਕੋਈ ਨਹੀਂ, ਪਰ ਸੌ ਕੁ ਗਜ਼ ਦੀ ਵਿੱਥ ਉੱਤੇ ਰਾਹ ਵਿਚੋਂ ਬੰਦਿਆਂ ਦੇ ਗੱਲਾਂ ਕਰਨ ਦੀ ਅਵਾਜ਼ ਆ ਰਹੀ ਹੈ। ਰਾਤ ਦੇ ਇਕ ਵਜੇ ਅਸੀਂ ਕਾਰਖ਼ਾਨਿਓਂ ਬਾਹਰ ਨਿਕਲੇ। ਉਸ ਵੇਲੇ ਕੁਝ ਆਦਮੀ ਕਾਰਖ਼ਾਨੇ ਦੇ ਬੁਆਇਲਰ ਵਿਚ ਲੁਕੇ ਹੋਏ ਸਨ, ਇਕ ਛੇ ਸਾਲ ਦੀ ਲੜਕੀ ਸੁੱਤੀ ਪਈ ਸੀ, ਇਕ ਗੂੰਗਾ-ਬੋਲਾ ਨੌਕਰ, ਇਕ ਢੱਟੜ ਮਾਈ ਤੇ ਸਟੇਸ਼ਨ ਮਾਸਟਰ ਦੇ ਬਿਰਧ ਮਾਤਾ-ਪਿਤਾ ਓਥੇ ਰਹਿ ਗਏ, ਬਾਕੀ ਸਾਰੇ ਨਿਕਲ ਤੁਰੇ। ਮੈਂ ਤੇ ਸ. ਗੁਪਾਲ ਸਿੰਘ ਸਭ ਤੋਂ ਪਿਛੋਂ ਬਾਹਰ ਨਿਕਲੇ। ਮੈਂ ਮੋਢੇ ਉੱਤੇ ਕਾਰਤੂਸਾਂ ਵਾਲਾ ਝੋਲਾ ਪਾਇਆ ਹੋਇਆ ਸੀ, ਸੱਜੇ ਹੱਥ ਬੰਦੂਕ ਤੇ ਖੱਬੇ ਹੱਥ ਸ. ਗੋਪਾਲ ਸਿੰਘ ਹੋਰਾਂ ਦੀ ਬਾਂਹ ਫੜੀ ਹੋਈ ਸੀ। ਬਾਹਰ ਨਿਕਲਦਿਆਂ ਹੀ ਸਾਡੇ ਉੱਤੇ ਕਿਸੇ ਗੋਲੀ ਚਲਾਈ, ਜੋ ਕਿਸੇ ਨੂੰ ਲੱਗੀ ਨਾ। ਅਸੀਂ ਕਾਰਖ਼ਾਨੇ ਦੇ ਪਿੱਛਲੇ ਬੂਹੇ ਰਾਹੀਂ ਨਿਕਲੇ ਸਾਂ। ਅੰਦਰੋਂ ਬੂਹਾ ਬੰਦ ਕਰਕੇ ਇਕ ਗਭਰੂ ਕੰਧ ਥਾਣੀਂ

ਬਾਹਰ ਟੱਪਿਆ। ਉਹਦੇ ਡਿੱਗਣ ਦੀ ਅਵਾਜ਼ ਸੁਣ ਕੇ ਫੇਰ ਕਿਸੇ ਨੇ ਗੋਲੀ ਚਲਾਈ ਜੋ ਹੱਥ ਕੁ ਉੱਚੀ ਮੇਰੇ ਸਿਰ ਉਤੋਂ ਦੀ ਲੰਘ ਗਈ। ਬਾਹਰ ਨਿਕਲਦਿਆਂ ਹੀ ਅਸਾਂ ਡੰਡੀ ਛੱਡ ਦਿੱਤੀ। ਛੱਪੜ ਦੇ ਵਿਚ ਹੀ ਲੰਘ ਕੇ ਅਗ੍ਹਾਂ ਸੇਮ ਦੇ ਚਿੱਕੜ ਵਿਚ ਦੀ ਡਾਂਡੇ ਮੀਂਡੇ ਤਿੰਨ ਛਲਾਂਗਾਂ 'ਤੇ ਜਾ ਨਿਕਲੇ। ਫਿਰ ਵੱਸੋਂ ਤੋਂ ਦੂਰ ਹੁੰਦੇ ਹੋਏ ਸਵੇਰੇ ਚਾਰ ਵਜੇ ਤੱਕ ਹਰਨ ਮੁਨਾਰੇ ਦੇ ਨੇੜੇ ਇਕ ਟਿੱਬੇ 'ਤੇ ਜਾ ਪੁੱਜੇ। ਰਾਹ ਵਿਚ ਜਦ ਸੂਏ ਉਤੋਂ ਦੀ ਲੰਘੇ ਤਾਂ ਉਹਦੇ ਵਿਚ ਲੋਥਾਂ ਰੁੜ੍ਹਦੀਆਂ ਆ ਰਹੀਆਂ ਸਨ।

"ਰਾਤ ਦਾ ਬਾਕੀ ਸਮਾਂ ਉਸੇ ਟਿੱਬੇ ਉੱਤੇ ਕੱਟਿਆ। ਸਾਡੇ ਨੌਕਰ ਤੇ ਕੁਝ ਬਾਗੜੀਏ (ਸੱਠ ਕੁ ਆਦਮੀ) ਹਨੇਰੇ ਵਿਚ ਸਾਥੋਂ ਨਿਖੜ ਕੇ ਕਿੱਧਰੇ ਹੋਰਥੇ ਚਲੇ ਗਏ ਸਨ। ਅਸੀਂ ਦਿਨ ਚੜ੍ਹੇ ਹਰਨ ਮੁਨਾਰੇ ਕੋਲ ਸ. ਪਿਆਰਾ ਸਿੰਘ ਰਣੀਕੇ ਵਾਲੇ ਦੇ ਖੂਹ ਉੱਤੇ ਜਾ ਪਹੁੰਚੇ। ਸਾਡੇ ਵਿਚੋਂ ਕੁਝ ਪਿੰਡ ਰਣੀਕੇ ਵਿਚ ਆਪਣੇ ਕਾਰਖ਼ਾਨੇ ਵਿਚੋਂ ਤੋਰਿਆ ਹੋਇਆ ਬੱਚਿਆਂ ਦਾ ਟਰੱਕ ਓਥੇ ਪਹੁੰਚ ਚੁੱਕਾ ਸੀ। ਬੱਚੇ ਕਹਿ ਰਹੇ ਸਨ ਕਿ ਅੱਜ ਸਾਡੇ ਮਾਪੇ ਨਾ ਆਏ ਤਾਂ ਅਸੀਂ ਖੂਹ ਵਿਚ ਛਾਲ ਮਾਰ ਕੇ ਮਰ ਜਾਵਾਂਗੇ। ਪਿੱਛੋਂ ਸੁਨੇਹਾ ਆਉਣ 'ਤੇ ਅਸੀਂ ਸਾਰੇ ਪਿੰਡ ਚਲੇ ਗਏ। ਸਾਰਾ ਪਿੰਡ ਸਿੱਖਾਂ ਦੀ ਮਾਲਕੀ ਸੀ ਤੇ ਮੁਸਲਮਾਨ ਸਭ ਕੰਮੀ ਸਨ। ਸਾਨੂੰ ਵੇਖ ਕੇ ਉਹ ਮੁਸਲਮਾਨ ਕੰਮੀ ਵਿਗੜ ਖਲੋਤੇ ਤੇ ਮਾਲਕਾਂ ਨੂੰ ਕਹਿਣ ਲੱਗੇ ਕਿ ਤੁਸਾਂ ਬਾਹਰੋਂ ਆਏ ਸਿੱਖਾਂ ਨੂੰ ਘਰ ਵਾੜ ਲਿਆ ਹੈ, ਅਸੀਂ ਜਾ ਕੇ ਮਿਲਟਰੀ ਲਿਆਉਂਦੇ ਹਾਂ। ਇਸ ਧਮਕੀ ਤੋਂ ਘਬਰਾ ਕੇ ਪਿੰਡ ਦੇ ਕਈ ਸਿੱਖ ਘਰ ਛੱਡ ਕੇ ਬਾਹਰ ਖੇਤਾਂ ਵਿਚ ਜਾ ਲੁੱਕੇ। (੨੬) ਸ਼ਾਮ ਨੂੰ ਸੱਤ ਵਜੇ ਇਕ ਕਾਰ ਸ਼ੇਖ਼ੂਪੁਰੇ ਵੱਲੋਂ ਆਉਂਦੀ ਦਿੱਸੀ। ਅਸੀਂ ਫ਼ੌਜੀ ਟਰੱਕ ਸਮਝ ਕੇ ਡਰ ਗਏ। ਕਾਰ ਕੋਲ ਪੁੱਜੀ ਤਾਂ ਉਸ ਵਿਚ ਸਾਡੇ ਹੀ ਆਦਮੀ ਸਨ। ਉਹਨਾਂ ਦੱਸਿਆ ਕਿ ਸ਼ੇਖ਼ੂਪੁਰਾ ਸਮੁਲਚੋਂ ਖ਼ਤਮ ਹੋ ਚੁੱਕਾ ਹੈ, ਅਸੀਂ ਕਾਰ ਲੋਥਾਂ ਉੱਤੋਂ ਦੀ ਲੰਘਾ ਕੇ ਲਿਆਏ ਹਾਂ। ਸਾਡੇ ਦਿਲਾਂ 'ਤੇ ਅੱਗੇ ਨਾਲੋਂ ਵੀ ਵਧੇਰੇ ਡਰ ਛਾ ਗਿਆ। ਅਸੀਂ ਛੋਟੇ-ਛੋਟੇ ਜੱਥੇ ਬਣਾ ਕੇ ਬਾਹਰ ਕਮਾਦਾਂ ਵਿਚ ਜਾ ਲੁਕੇ ਤੇ ਸਾਰੀ ਰਾਤ ਓਥੇ ਹੀ ਕੱਟੀ। ਕੁਝ ਆਦਮੀ ਪਿੰਡ ਵਿਚ ਹੀ ਰਹੇ ਸਨ।

"ਜਿਹੜੇ ਆਦਮੀ ਅਸੀਂ ਕਾਰਖ਼ਾਨੇ ਦੇ ਬੁਆਇਲਰ ਵਿਚ ਲੁਕੇ ਹੋਏ ਛੱਡ ਆਏ ਸਾਂ, ੨੭ ਨੂੰ ਉਹ ਵੀ ਰਣੀਕੇ ਪੁੱਜ ਗਏ। ਉਹਨਾਂ ਦੱਸਿਆ ਕਿ ਰਾਤ ੨ ਵਜੇ (ਸਾਡੇ ਨਿਕਲ ਜਾਣ ਪਿੱਛੋਂ) ਸ਼ਹਿਰ ਦੇ ਅੱਸੀ ਕੁ ਆਦਮੀ ਹੋਰ ਕਾਰਖ਼ਾਨੇ ਵਿਚ ਆ ਵੜੇ ਸਨ। ਰਾਤ (੨੫ ਅਗਸਤ) ਤਿੰਨ ਵਜੇ ਮਿਲਟਰੀ ਨੇ ਕਾਰਖ਼ਾਨੇ 'ਤੇ ਹੱਲਾ ਬੋਲ ਦਿੱਤਾ। ਅੰਦਰਲੇ ਸਾਰੇ ਆਦਮੀ ਕਤਲ ਕਰ ਦਿੱਤੇ ਗਏ। ਸਟੇਸ਼ਨ ਮਾਸਟਰ ਦੇ ਬਿਰਧ ਮਾਤਾ ਪਿਤਾ ਵੀ ਉਸ ਵੇਲੇ ਮੌਤ ਦੇ ਘਾਟ ਉਤਾਰੇ ਗਏ। ਸਭ ਲੋਥਾਂ ਕਾਰਖ਼ਾਨੇ ਦੇ ਟਰੱਕਾਂ ਵਿਚ ਲਦ ਕੇ ਮਿਲਟਰੀ ਬਾਹਰ ਲੈ ਗਈ। ਡੀ. ਸੀ. ਨੇ ਸਮਝਿਆ ਕਿ ਮੈਂ (ਸ. ਗੁਰਦਿਆਲ ਸਿੰਘ ਤਹਿਸੀਲਦਾਰ) ਤੇ ਸ. ਗੁਪਾਲ ਸਿੰਘ

Sri Satguru Jagjit Singh Ji eLibrary NamdhariElibrary@gmail.com

ਕਤਲ ਹੋ ਗਏ ਹਾਂ। ਦਿੱਲੀ ਤੋਂ ਮਨਫੂਲ ਚੋਪੜਾ ਨੇ ਡੀ. ਸੀ. ਤੋਂ ਫ਼ੋਨ 'ਤੇ ਸਾਡੇ ਬਾਰੇ ਪੁੱਛਿਆ ਤਾਂ ਉਹਨੇ ਉੱਤਰ ਦਿੱਤਾ ਕਿ ਉਹ ਦੋਵੇਂ ਮਾਰੇ ਗਏ ਹਨ। ਅਗਲੇ ਦਿਨ ਸਾਡੇ ਮਰਨ ਦੀ ਖ਼ਬਰ ਅਖ਼ਬਾਰਾਂ ਵਿਚ ਵੀ ਛਪ ਗਈ।

"੨੭ ਅਗਸਤ ਦੀ ਰਾਤ ਅਸਾਂ ਸਣੇ ਬਾਲ ਬੱਚਿਆਂ ਚੋਰ ਕਮਾਦਾਂ ਵਿਚ ਕੱਟੀ। ਰਾਤ ਮੀਂਹ ਵਰ੍ਹਨ ਲੱਗ ਪਿਆ। ਅਸੀਂ ਖੇਤ ਵਿਚ ਇਕ ਢੇਰ ਦੇ ਆਸਰੇ ਜਾ ਖਲੋਤੇ। ਅਗਲਾ ਸਾਰਾ ਦਿਨ ਵੀ ਮੀਂਹ ਵਰ੍ਹਦਾ ਰਿਹਾ। ਦੁਪਹਿਰੇ ਢਾਰਾ ਡਿੱਗ ਪਿਆ ਤਾਂ ਅਸੀਂ ਪਿੰਡ (ਰਣੀਕੇ) ਵਿਚ ਆ ਗਏ। ਸ਼ੇਖ਼ੂਪੁਰੀਏ ਸਰਦਾਰ ਬਹਾਦਰ ਬੂਟਾ ਸਿੰਘ ਦਾ ਲੜਕਾ ਸ. ਬੇਅੰਤ ਸਿੰਘ ਵੀ ਸਾਡੇ ਨਾਲ ਸੀ। ੨੮ ਅਗਸਤ ਦੀ ਰਾਤ ਅਸਾਂ ਪਿੰਡ ਵਿਚ ਬਿਤਾਈ। ੨੯ ਨੂੰ ਪਿਛਲੇ ਪਹਿਰ ਅਸੀਂ ਪੰਜ ਆਦਮੀ ਬੰਦੂਕਾਂ ਲੈ ਕੇ ਪਿੰਡ ਗ਼ਾਜ਼ੀ ਮੁਨਾਰੇ (ਸਰਗੋਧੇ ਵਾਲੀ ਸੜਕ ਉੱਤੇ) ਗਏ, ਪਰ ਸਿੱਖ ਫ਼ੌਜੀ ਕੋਈ ਨਜ਼ਰ ਨਾ ਪਿਆ, ਸੋ ਅਸੀਂ ਵਾਪਸ ਰਣੀਕੇ ਆ ਗਏ। ੩੦ ਨੂੰ ਫਿਰ ਕੁਝ ਜੁਆਨਾਂ ਨੂੰ ਨਾਲ ਲੈ ਕੇ ਅਸੀਂ ਗ਼ਾਜ਼ੀ ਮੁਨਾਰੇ ਗਏ। ਸਿੱਖ ਫ਼ੌਜ ਦੇ ਦੋ ਟਰੱਕ ਸਰਗੋਧੇ ਨੂੰ ਜਾਂਦੇ ਵੇਖੇ। ਪਿੱਛੋਂ ਹੋਰ ਵੀ ਆਉਣਗੇ, ਇਸ ਖ਼ਿਆਲ 'ਤੇ ਅਸੀਂ ਸੜਕ ਉੱਤੇ ਫਾਟਕ ਵਾਲੀ ਕੋਠੜੀ ਵਿਚ ਆ ਲੁੱਕੇ। ਫਿਰ ਇਕ ਟਰੱਕ ਬਲੋਚ ਮਿਲਟਰੀ ਦਾ ਆਇਆ। ਉਸ ਵਿਚ ਸ. ਰਾਜਿੰਦਰ ਸਿੰਘ ਈ. ਏ. ਡੀ. ਏ. ਤੇ ਤਿੰਨ ਸਿੱਖ ਹੋਰ ਸਨ। ਅਸੀਂ ਵੀ ਤਿੰਨ ਆਦਮੀ ਓਸੇ ਟਰੱਕ 'ਤੇ ਚੜ੍ਹ ਕੇ ਸ਼ੇਖ਼ੂਪੁਰੇ ਚਲੇ ਗਏ। ਗੁਰਦੁਆਰੇ ਵਿਚ ਕੈਂਪ ਬਣਿਆ ਹੋਇਆ ਸੀ ਤੇ ਰੱਖਿਆ ਉੱਤੇ ਮੁਸਲਮ ਮਿਲਟਰੀ ਸੀ। ਮੈਂ ਸਾਰੇ ਕੈਂਪ ਵਿਚ ਫਿਰ ਕੇ ਵੇਖਿਆ। ਮੇਰੇ ਕੰਨ ਵਿਚ ਆਣ ਕੇ ਇਕ ਸੱਜਣ ਨੇ ਕਿਹਾ, 'ਤੁਹਾਡੇ ਆਉਣ ਦਾ ਅਫ਼ਸਰਾਂ ਨੂੰ ਪਤਾ ਲੱਗ ਗਿਆ ਹੈ। ਉਹਨਾਂ ਤੁਹਾਨੂੰ ਛੁਰਾ ਮਾਰਨ ਵਾਸਤੇ ਪੰਦਰਾਂ ਆਦਮੀ ਤੁਹਾਡੇ ਮਗਰ ਲਾ ਦਿੱਤੇ ਹਨ।' ਫਿਰ ਉਹਨੇ ਵੈਰੀਆਂ ਦੀਆਂ ਨਜ਼ਰਾਂ ਤੋਂ ਬਚਾਉਣ ਵਾਸਤੇ ਮੈਨੂੰ ਲੜਕੀਆਂ ਦੇ ਸਕੂਲ ਦੇ ਕਮਰੇ ਵਿਚ ਜਾ ਬਿਠਾਇਆ। ਮਿਸਟਰ ਅਹਿਮਦ ਸ਼ਫ਼ੀ ਫਿਰਦਾ-ਫਿਰਦਾ ਉਸ ਕਮਰੇ ਦੇ ਸਾਹਮਣੇ ਆ ਨਿਕਲਿਆ। ਮੈਨੂੰ ਵੇਖਦੇ ਸਾਰ ਉਹ ਹੈਰਾਨ ਹੋ ਗਿਆ। ਬਿਨਾਂ ਮੇਰੇ ਨਾਲ ਬੋਲੇ ਚਾਲੇ ਉਹ ਓਥੋਂ ਚਲਾ ਗਿਆ। ਉਸ ਦਾ ਇਸ ਤਰ੍ਹਾਂ ਚਲੇ ਜਾਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਉਹ ਛੁਰਾ ਮਾਰਨ ਵਾਲੇ ਆਦਮੀ ਵੀ ਅਹਿਮਦ ਸ਼ਫ਼ੀ ਦੇ ਨੀਯਤ ਕੀਤੇ ਹੋਏ ਸਨ। ਇਹ ਭੇਤ ਉਹਦੇ ਹਿੰਦੂ ਅਰਦਲੀ ਨੇ ਦੱਸਿਆ ਸੀ। ਫਿਰ ਮੇਰੇ ਸਾਥੀਆਂ ਨੇ ਮੈਨੂੰ ਉਸ ਕਮਰੇ ਵਿਚੋਂ ਉਠ ਕੇ ਇਕ ਹੋਰ ਮਕਾਨ ਦੇ ਕਮਰੇ ਵਿਚ ਜਾ ਲੁਕਾਇਆ। ਓਥੇ ਇਕ ਸਿੱਖ ਨੇ ਮੈਨੂੰ ਜਾ ਕੇ ਕਿਹਾ ਕਿ ਤੁਹਾਨੂੰ ਪੁਲੀਸ ਇਨਸਪੈਕਟਰ ਨਬੀ ਅਹਿਮਦ ਬਾਹਰ ਬੁਲਾਉਂਦਾ ਹੈ। ਮੈਂ ਉਸ ਨੂੰ ਕਿਹਾ ਕਿ ਉਸ ਨੂੰ ਜਾ ਕੇ ਕਹੋ, ਮੈਨੂੰ ਤਹਿਸੀਲਦਾਰ ਨਹੀਂ ਮਿਲਿਆ।

"ਬਲੋਚ ਮਿਲਟਰੀ ਦੇ ਚਾਰ ਟਰੱਕ ਹਿੰਦੂ ਸਿੱਖਾਂ ਨੂੰ ਸ਼ੇਖ਼ੂਪੁਰੇ ਤੋਂ ਲਾਹੌਰ ਪੁਚਾਉਣ ਵਿਚ ਲੱਗੇ ਹੋਏ ਸਨ। ਜਦ ਉਹ ਫੇਰਾ ਲੈਣ ਆਏ ਤਾਂ ਮੇਰੇ ਮਿੱਤਰਾਂ ਨੇ

ਜ਼ੋਰ ਦੇ ਕੇ ਮੈਨੂੰ ਟਰੱਕ 'ਤੇ ਚੜ੍ਹਾ ਦਿੱਤਾ। ਟਰੱਕ ਚੱਲਣ ਵਾਲੇ ਸਨ, ਜਦ ਰਫ਼ੀ ਅਹਿਮਦ ਉਧਰ ਆਇਆ। ਮੈਂ ਅਵਾਜ਼ ਮਾਰ ਕੇ ਉਸ ਨੂੰ ਕਿਹਾ, 'ਮੈਂ ਪਠਾਨਕੋਟ ਜਾ ਰਿਹਾ ਹਾਂ, ਜੇ ਸੁਜਾਨਪੁਰੋਂ (ਰਫ਼ੀ ਦਾ ਪਿੰਡ) ਤੁਹਾਡੇ ਕਿਸੇ ਆਦਮੀ ਨੂੰ ਕੱਢਣਾ ਹੋਵੇ ਤਾਂ ਦੱਸੋ। ਮੈਨੂੰ ਵੇਖ ਕੇ ਉਹ ਘਬਰਾ ਗਿਆ ਤੇ ਥਿਲਕਦੀ ਜੇਹੀ ਬੋਲੀ ਵਿਚ ਕਿਹੋ ਸੂ 'ਮੇਰੇ ਆਪਣੇ..........ਆਪਣੇ ਸਾਰੇ ਆ ਗਏ ਹਨ।' ਇਸ ਤੋਂ ਅਗ੍ਹਾਂ ਉਹ ਕੁਝ ਨਾ ਕਹਿ ਸਕਿਆ ਤੇ ਝਟਪਟ ਓਥੋਂ ਚਲਾ ਗਿਆ।

"ਟਰੱਕਾਂ ਨੇ ਮੈਨੂੰ ਡੀ. ਏ. ਵੀ. ਕਾਲਜ ਲਾਹੌਰ ਕੈਂਪ ਵਿਚ ਲਿਆ ਸੁੱਟਿਆ। ਸ਼ੇਖੂਪੁਰੇ ਕਾਰਖ਼ਾਨੇ ਵਿਚ ਵੀ ਕੈਂਪ ਬਣ ਗਿਆ ਸੀ। ਮੇਰਾ ਪਰਿਵਾਰ ਵੀ ਹਣੀਕੇ ਤੋਂ ਪਹਿਲੀ ਸਤੰਬਰ ਨੂੰ ਸ਼ੇਖੂਪੁਰੇ ਪੁੱਜ ਪਿਆ ਤੇ ਓਥੋਂ ੩ ਨੂੰ ਲਾਹੌਰ ਡੀ. ਏ. ਵੀ. ਕਾਲਜ ਵਿਚ ਆ ਗਿਆ। ਓਥੋਂ ਅਸੀਂ ਸਾਰੇ ੬ ਸਤੰਬਰ ਨੂੰ ਮਿਲਟਰੀ ਟਰੱਕਾਂ ਉੱਤੇ ਅੰਮ੍ਰਿਤਸਰ ਨੂੰ ਤੁਰੇ। ਜਦੋਂ ਵਾਹਗੇ ਤੋਂ ਹਿੰਦੁਸਤਾਨ ਦੀ ਹੱਦ ਅੰਦਰ ਆਏ ਤਾਂ ਜਾਨ ਵਿਚ ਜਾਨ ਆਈ*।"

ਗੁਰਦੁਆਰਾ ਬਾਜ਼ਾਰ ਤੇ ਮੰਡੀ ਛੱਡ ਕੇ ਬਾਕੀ ਸਾਰਾ ਸ਼ਹਿਰ ਸਾੜ ਦਿੱਤਾ ਗਿਆ। ਕਤਲਾਮ ਤੋਂ ਕੋਈ ਹਿੱਸਾ ਵੀ ਨਹੀਂ ਬਚਿਆ। ੨੬ ਅਗਸਤ ਨੂੰ ਕਰਫ਼ੀਊ ਹੱਟਿਆ ਤਾਂ ਹਜ਼ਾਰਾਂ ਹਿੰਦੂ ਸਿੱਖ ਨਾਮਧਾਰੀ ਗੁਰਦੁਆਰੇ ਵਿਚ ਇਕੱਠੇ ਹੋ ਗਏ। ਮੁਸਲਮ ਮਿਲਟਰੀ ਮੁਲਖਈਏ ਨੂੰ ਨਾਲ ਲੈ ਕੇ ਓਥੇ ਜਾ ਪਈ ਤੇ ਸਾਰੇ ਹਿੰਦੂ ਸਿੱਖ ਗੁਰਦੁਆਰੇ ਦੇ ਵਿਚੇ ਹੀ ਕਤਲ ਕਰ ਦਿੱਤੇ। ਸ. ਆਤਮਾ ਸਿੰਘ ਦੇ ਪੁਰਾਣੇ ਕਾਰਖ਼ਾਨੇ ਵਿਚ ਕੈਂਪ ਬਣ ਗਿਆ ਸੀ। ਮੁਸਲਮ ਮਿਲਟਰੀ ਨੇ ਉਸ ਉੱਤੇ ਹਮਲਾ ਕੀਤਾ। ਪਹਿਲਾਂ ਤਾਂ ਸਭ ਤੋਂ ਨਕਦੀ ਖੋਹ ਲਈ ਤੇ ਫਿਰ ਟੋਮੀ ਗੰਨ ਨਾਲ ਤਿੰਨ ਹਜ਼ਾਰ ਆਦਮੀ ਓਥੇ ਮਾਰ ਦਿੱਤਾ। ਸ. ਆਤਮਾ ਸਿੰਘ ਦਾ ਭਣੇਵਾਂ ਸੁਆਮੀ ਨੰਦ ਸਿੰਘ ਕਾਂਗਰਸੀ ਵੀ ਓਥੇ ਹੀ ਗੋਲੀ ਨਾਲ ਮਾਰਿਆ ਗਿਆ। ਕਾਰਖ਼ਾਨੇ ਵਿਚ ਬਲੋਚ ਸਿਪਾਹੀ ਨੇ ਇਕ ਹਿੰਦੂ ਲੜਕੀ ਨੂੰ ਬਾਹੋਂ ਫੜ ਕੇ ਖਿੱਚਿਆ ਤਾਂ ਇਕ ਸਿੱਖ ਗਭਰੂ ਉਸ ਦੇ ਗਲ ਪੈ ਗਿਆ ਤੇ ਉਸ ਦੀ ਬ੍ਰੇਨਗੰਨ ਖੋਹ ਲਈ, ਪਰ ਉਹ ਚਲਾਉਣੀ ਨਹੀਂ ਜਾਣਦਾ ਸੀ। ਦੂਜੇ ਬਲੋਚ ਸਿਪਾਹੀ ਨੇ ਗੋਲੀ ਮਾਰ ਕੇ ਉਸ ਸਿੱਖ ਨੂੰ ਮਾਰ ਦਿੱਤਾ। ਸ. ਬਾਲ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਕਾਨ 'ਤੇ ਹਮਲਾ ਹੋਇਆ ਤਾਂ ਉਹਨੇ ਅੱਗੋਂ ਬੰਦੂਕ ਨਾਲ ਟਾਕਰਾ ਕੀਤਾ। ਜਦੋਂ ਕਾਰਤੂਸ ਮੁੱਕ ਗਏ ਤਾਂ ਉਹ ਆਪਣੇ ਹੱਥੀਂ ਪਰਿਵਾਰ ਨੂੰ ਕਤਲ ਕਰਕੇ ਮਕਾਨ ਦੇ ਪਿੱਛਲੇ ਪਾਸਿਓਂ ਬਾਹਰ ਨਿਕਲ ਗਿਆ ਤੇ ਜਿਊਂਦਾ ਹਿੰਦੁਸਤਾਨ ਪਹੁੰਚ ਗਿਆ।

ਬਹੁਤਾ ਕੀ ਲਿਖੀਏ, ਸ਼ੇਖੂਪੁਰੇ ਵਰਗੀ ਬੁਰੀ ਹਾਲਤ ਸਾਰੇ ਪੱਛਮੀ ਪੰਜਾਬ

---

*ਬਿਆਨ ਸ. ਗੁਰਦਿਆਲ ਸਿੰਘ ਜੀ ਤਹਿਸੀਲਦਾਰ। ਸਾਡੇ ਕੋਲ ਅਜਿਹੀਆਂ ਕਈ ਹੱਡ-ਬੀਤੀਆਂ ਹਨ, ਜੋ ਅਗਲੀ ਪੁਸਤਕ 'ਪੰਜਾਬ ਦੇ ਵੈਣ' ਵਿੱਚ ਛਪਣਗੀਆਂ।

ਵਿਚੋਂ ਕਿਸੇ ਸ਼ਹਿਰ ਦੀ ਨਹੀਂ ਹੋਈ। ਬਾਰਾਂ ਹਜ਼ਾਰ ਤੋਂ ਵੱਧ ਹਿੰਦੂ ਸਿੱਖ ਏਥੇ ਮੁਸਲਮਾਨਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ ਹਨ।

ਫ਼ਿਰਕੂ ਫ਼ਸਾਦਾਂ ਦੀ ਅੱਗ ਸ਼ੇਖ਼ੂਪੁਰੇ ਸ਼ਹਿਰ ਤੱਕ ਹੀ ਨਾ ਰਹੀ, ਸਗੋਂ ਬਾਹਰ ਪਿੰਡਾਂ ਵਿਚ ਵੀ ਉਸ ਜੋਸ਼ ਨਾਲ ਭੜਕ ਉੱਠੀ। ਇਹ ਜ਼ਿਲ੍ਹਾ ਉਹਨਾਂ ਵਿਚੋਂ ਇਕ ਸੀ, ਜਿਨ੍ਹਾਂ ਨੂੰ ਮਾਲਕੀ ਤੇ ਰੁਅਬ ਅਨੁਸਾਰ ਸਿੱਖ ਜ਼ਿਲ੍ਹੇ ਕਿਹਾ ਜਾ ਸਕਦਾ ਸੀ। ਜੇ ਇਨਸਾਫ਼ ਨੂੰ ਮੁੱਖ ਰੱਖ ਕੇ ਸਿੱਖਾਂ ਦਾ ਕੋਈ ਕੌਮੀ ਘਰ (Home Land) ਬਣਾਇਆ ਜਾਂਦਾ ਤਾਂ ਸਭ ਤੋਂ ਪਹਿਲਾਂ ਜ਼ਿਲ੍ਹਾ ਇਹ ਹੁੰਦਾ। ਇਸੇ ਵਿਚ ਸਿੱਖ ਧਰਮ ਦੇ ਜਨਮਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਸੀ। ਇਸੇ ਕਰਕੇ ਵਿਚਾਰਵਾਨਾਂ ਦਾ ਖ਼ਿਆਲ ਸੀ ਕਿ ਇਹ ਜ਼ਿਲ੍ਹਾ ਹਰ ਹਾਲ ਪੂਰਬੀ ਪੰਜਾਬ ਵਿਚ ਆਵੇਗਾ। ਪਰ ਅੰਗਰੇਜ਼ ਦਿਲੋਂ ਸਿੱਖ ਦਾ ਵਿਰੋਧੀ ਸੀ, ਸੋ ਉਹਨੇ ਇਹ ਜ਼ਿਲ੍ਹਾ ਵੀ ਪਾਕਿਸਤਾਨ ਵਿਚ ਦੇ ਦਿੱਤਾ। ਮੁਸਲਮ ਲੀਗ ਨੇ ਵੀ ਆਪਣੀ ਗਿਣੀ ਮਿਥੀ ਗੋਂਦ ਅਨੁਸਾਰ ਇਸ ਦੀ ਤਬਾਹੀ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਸ਼ੇਖ਼ੂਪੁਰੇ ਦੇ ਨਾਲ ਹੀ ਕਈ ਪਿੰਡਾਂ ਉੱਤੇ ਮੁਸਲਮ ਬਲਵੱਈਆਂ ਨੇ ਫ਼ੌਜ ਤੇ ਪੁਲੀਸ ਦੀ ਮਦਦ ਨਾਲ ਹਮਲੇ ਕਰ ਦਿੱਤੇ। ਸਿੱਖਾਂ ਨੇ ਵੀ ਆਪਣੇ ਬਜ਼ੁਰਗਾਂ ਦੀ ਕੀਰਤੀ ਨੂੰ ਇਕ ਵਾਰ ਫਿਰ ਦੁਹਰਾਇਆ ਤੇ ਹਰ ਥਾਂ ਡਟ ਕੇ ਟਾਕਰਾ ਕੀਤਾ। ਕਈ ਥਾਵਾਂ 'ਤੇ ਉਹਨਾਂ ਪੁਲੀਸ ਤੇ ਫ਼ੌਜ ਨਾਲ ਵੀ ਟੱਕਰ ਲਈ। ਇਕੋ ਗੱਲ ਕਿ ਪਾਕਿਸਤਾਨ ਵਾਲੀ ਖਿੱਚੀ ਹੋਈ ਰਾਮਾਕਾਰ ਨੇ ਪੇਸ਼ ਨਾ ਜਾਣ ਦਿੱਤੀ, ਨਹੀਂ ਤਾਂ ਘਿਰੇ ਹੋਏ ਸ਼ੇਰਾਂ ਵਾਂਗ ਸਿੰਘਾਂ ਨੇ ਕਸਰ ਕੋਈ ਨਹੀਂ ਛੱਡੀ। ਸ. ਵਿਰਸਾ ਸਿੰਘ ਪਿੰਡ ਈਸਰਕੇ ਵਾਲੇ ਨੇ ਆਪਣੀ ਢਾਣੀ ਸਣੇ ਨਾਲ ਲੱਗਦੇ ਜ਼ਿਲ੍ਹਾ ਗੁਜਰਾਂਵਾਲੇ ਦੇ—ਨੌਸ਼ਹਿਰਾ, ਕਿਲ੍ਹਾ ਦੀਵਾਨ ਸਿੰਘ ਆਦਿ—ਪਿੰਡਾਂ ਉੱਤੇ ਹਮਲੇ ਕੀਤੇ। ਨੌਸ਼ਹਿਰੇ ਦਾ ਥਾਣੇਦਾਰ ਕਤਲ ਕਰ ਦਿੱਤਾ ਤੇ ਥਾਣਾ ਸਾੜ ਦਿੱਤਾ। ਹੋਰ ਵੀ ਅਨੇਕਾਂ ਥਾਵਾਂ ਉੱਤੇ ਸਦਾ ਜ਼ਿੰਦਾ ਰਹਿਣ ਵਾਲੇ ਕਾਰਨਾਮੇ ਕੀਤੇ।

ਪੱਛਮੀ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਾਂਗ ਗਾਮੇ ਮਾਝਿਆਂ ਦੀ ਗਿਣਤੀ

ਮੁਰੀਦਕੇ

ਏਥੇ ਵੀ ਵਧੇਰੇ ਸੀ। ਸੋ ਮੁਸਲਮ ਨੈਸ਼ਨਲ ਗਾਰਡ ਨਾਲ ਮਿਲ ਕੇ ਹਜ਼ਾਰਾਂ ਦੇ ਇਕੱਠ ਬਣਾ ਕੇ ਉਹ ਵੀ ਪਿੰਡਾਂ ਤੇ ਮੰਡੀਆਂ ਉੱਤੇ ਹਮਲੇ ਕਰਨ ਲੱਗੇ। ੨੪ ਅਗਸਤ ਨੂੰ ਪੰਜ ਹਜ਼ਾਰ ਲੁਟੇਰੇ ਮੁਸਲਮਾਨ ਹਥਿਆਰ ਲੈ ਕੇ ਮੁਰੀਦਕੇ ਮੰਡੀ ਉੱਤੇ ਆਣ ਪਏ। ਕੁਝ ਘਰਾਂ ਨੂੰ ਅੱਗ ਲਾਈ ਗਈ। ਜੋ ਹਿੰਦੂ ਸਿੱਖ ਮੱਥੇ ਲੱਗਾ, ਕਤਲ ਕਰ ਦਿੱਤਾ ਤੇ ਸਾਰੀ ਮੰਡੀ ਲੁੱਟ ਲਈ। ਇਸ ਦੇ ਉਦਾਲੇ ਪੁਦਾਲੇ ਦੇ ਕਈ ਪਿੰਡਾਂ ਨਾਲ ਵੀ ਅਜਿਹਾ ਹੀ ਸਲੂਕ ਹੋਇਆ।

੨ ਅਗਸਤ ਨੂੰ ਸਾਂਗਲੇ 'ਤੇ ਹਮਲਾ ਕੀਤਾ ਗਿਆ, ਬਲਵਈ ਸੈਂਕੜੇ ਨਹੀਂ,

ਸਾਂਗਲਾ

ਹਜ਼ਾਰਾਂ ਸਨ। ਪਹਿਲੇ ਹੱਲੇ ਵਿਚ ਇਸ ਸੌ ਹਿੰਦੂ ਸਿੱਖ ਕਤਲ ਹੋਏ, ਕੁਝ ਘਰ ਸੜੇ ਤੇ ਬਹੁਤੇ ਲੁੱਟੇ ਗਏ। ਫਿਰ ਇਲਾਕੇ ਦੇ ਮੁਸਲਮ

Sri Satguru Jagjit Singh Ji eLibrary NamdhariElibrary@gmail.com

ਮੈਜਿਸਟਰੇਟ ਨੇ ਬਲਵਈਆਂ ਨੂੰ ਕੁਝ ਸਮੇਂ ਵਾਸਤੇ ਰੋਕ ਦਿੱਤਾ ਤੇ ਹਿੰਦੂ ਸਿੱਖਾਂ ਤੋਂ ਜਾਨ ਬਖ਼ਸ਼ੀ ਵਾਸਤੇ ਇਕ ਲੱਖ ਰੁਪਇਆ ਮੰਗਿਆ, ਜੋ ਮੰਗ ਉਸੇ ਵੇਲੇ ਪੂਰੀ ਕਰ ਦਿੱਤੀ ਗਈ। ਫਿਰ ਉਹਨੇ ਸਾਰੇ ਹਿੰਦੂ ਸਿੱਖਾਂ ਨੂੰ ਥੋੜ੍ਹਾ-ਥੋੜ੍ਹਾ ਸਾਮਾਨ (ਇਕ-ਇਕ ਟਰੰਕ) ਲੈ ਕੇ ਇਕ ਮੰਦਰ ਵਿਚ ਇਕੱਠੇ ਹੋਣ ਵਾਸਤੇ ਕਿਹਾ ਤੇ ਉਸ ਥਾਂ ਉੱਤੇ ਉਹਨਾਂ ਦੀ ਰਾਖੀ ਦਾ ਭਰੋਸਾ ਦੁਆਇਆ। ਉਹ ਵਿਚਾਰੇ ਜ਼ੇਵਰ, ਨਕਦੀ ਲੈ ਕੇ ਇਕੱਠੇ ਹੋ ਗਏ। ਉਹੋ ਮੈਜਿਸਟਰੇਟ ਨਾਲ ਪੁਲੀਸ ਲੈ ਕੇ ਆ ਗਿਆ। ਸਭ ਹਿੰਦੂ ਸਿੱਖਾਂ ਕੋਲ ਜੋ ਰੁਪਇਆ ਪੈਸਾ ਸੀ, ਪੁਲੀਸ ਨੇ ਤਲਾਸ਼ੀ ਲੈ ਕੇ ਖੋਹ ਲਿਆ। ਫਿਰ ਕੁਝ ਪਤਵੰਤੇ ਹਿੰਦੂਆਂ ਦੀਆਂ ਲੜਕੀਆਂ ਨੰਗੀਆਂ ਕਰਕੇ ਸਾਰੀ ਭੀੜ ਵਿਚ ਫੇਰੀਆਂ ਗਈਆਂ ਤੇ ਮਾਪਿਆਂ ਦੇ ਸਾਹਮਣੇ ਉਹਨਾਂ ਦੀ ਬੇਪਤੀ ਕੀਤੀ ਗਈ। ਜਦ ਉਹਨਾਂ ਬੇਘਰਿਆਂ ਨੂੰ ਪੁਲੀਸ ਗੱਡੀ ਚੜ੍ਹਾਉਣ ਵਾਸਤੇ ਸਟੇਸ਼ਨ ਨੂੰ ਤੁਰੀ ਤਾਂ ਬਲਵਈਆਂ ਨੇ ਹਮਲਾ ਕਰਕੇ ਕਈ ਨਿਰਦੋਸ਼ ਕਤਲ ਕਰ ਦਿੱਤੇ।

ਨਨਕਾਣਾ ਸਾਹਿਬ

੧੩ ਅਗਸਤ ਨੂੰ ਨਨਕਾਣਾ ਸਾਹਿਬ ਦੇ ਲੀਗੀ ਅਫ਼ਸਰਾਂ ਨੇ ਹਿੰਦੂ ਸਿੱਖਾਂ ਨੂੰ ਕਿਹਾ ਕਿ ੧੫ ਅਗਸਤ ਨੂੰ ਪਾਕਿਸਤਾਨ ਦੇ ਜਨਮ ਦੀ ਖ਼ੁਸ਼ੀ ਵਿਚ ਹਿੱਸੇਦਾਰ ਬਣੋ ਤੇ ਦੀਪ ਮਾਲਾ ਕਰੋ। ਸਿੱਖਾਂ ਨੇ ਇਸ ਗੱਲੋਂ ਨਾਂਹ ਕਰ ਦਿੱਤੀ। ਸ਼ੇਖ਼ੂਪੁਰੇ ਦੀਆਂ ਖ਼ਬਰਾਂ ਸੁਣ ਕੇ ਉਦਾਲੇ ਦੇ ਪਿੰਡਾਂ ਵਿਚੋਂ ਹਿੰਦੂ ਸਿੱਖ ਘਰ ਛੱਡ ਕੇ ਨਨਕਾਣਾ ਸਾਹਿਬ ਆਉਣ ਲੱਗ ਪਏ। ਅਗਸਤ ਦੇ ਅਖ਼ੀਰੀ ਦਿਨਾਂ ਵਿਚ ਉਦਾਲੇ ਦੇ ਪਿੰਡਾਂ ਵਿਚ ਫ਼ਸਾਦ ਸ਼ੁਰੂ ਹੋ ਗਏ। ਹਜ਼ਾਰਾਂ ਮੁਸਲਮਾਨ ਇਕੱਠੇ ਹੋ ਕੇ ਹਮਲੇ ਕਰਨ ਲੱਗ ਪਏ। ਜੈ ਸਿੰਘ ਵਾਲਾ, ਸ਼ਾਦੀ ਕੋਟ, ਕੋਟ ਸਾਧੂ ਰਾਮ ਆਦਿ ਪਿੰਡਾਂ ਦਾ ਬੁਰਾ ਹਾਲ ਹੋਇਆ। ਸਤੰਬਰ ਚੜ੍ਹਨ ਤੱਕ ਲੱਖ ਸਵਾ ਲੱਖ ਆਦਮੀ ਬਾਹਰੋਂ ਨਨਕਾਣਾ ਸਾਹਿਬ ਆ ਗਏ। ਸ. ਨਰਾਇਣ ਸਿੰਘ ਐਮ. ਏ. ਮੈਨੇਜਰ ਗੁਰਦੁਆਰਾ ਦੇ ਉੱਦਮ ਨਾਲ ਸ. ਮਾਨ ਸਿੰਘ ਹੋਤੋ, ਸ. ਉੱਜਲ ਸਿੰਘ ਤੇ ਸ. ਸੰਪੂਰਨ ਸਿੰਘ ਰਾਹੀਂ ਤਿੰਨ ਸਤੰਬਰ ਤੱਕ ਮਿਲਟਰੀ ਨਨਕਾਣਾ ਸਾਹਿਬ ਪਹੁੰਚ ਗਈ। ਇਸ ਤਰ੍ਹਾਂ ਗੁਰਦੁਆਰੇ ਦਾ ਨਿਰਾਦਰ ਕਰਨ ਦਾ ਇਰਾਦਾ ਲੀਗੀਆਂ ਦਾ ਪੂਰਾ ਨਾ ਹੋਇਆ। ਫਿਰ ਹੌਲੀ-ਹੌਲੀ ਸਾਰੇ ਹਿੰਦੂ ਸਿੱਖ ਹਿੰਦੀ ਫ਼ੌਜ ਦੀ ਮਦਦ ਨਾਲ ਹਿੰਦੁਸਤਾਨ ਆ ਗਏ। ਨਨਕਾਣਾ ਸਾਹਿਬ ਗੁਰਦੁਆਰਾ ਜਨਮਅਸਥਾਨ ਵਿਚ ਸਿੱਖ ਹੁਣ ਤੱਕ ਡਟੇ ਰਹੇ। ਇਕੋ ਹੀ ਗੁਰਦੁਆਰਾ ਹੈ, ਜੋ ਸਿੱਖਾਂ ਤੋਂ ਅਸਲੋਂ ਖ਼ਾਲੀ ਨਹੀਂ ਹੋਇਆ।

ਫ਼ਰੀਦ ਆਬਾਦ

ਪਹਿਲੀ ਸਤੰਬਰ ਨੂੰ ਫ਼ਰੀਦ ਆਬਾਦ ਉੱਤੇ ਹਮਲਾ ਹੋਇਆ। ਸਿੱਖਾਂ ਨੇ ਅੱਗੋਂ ਗੋਲੀਆਂ ਤੇ ਬੰਬਾਂ ਨਾਲ ਬਲਵਈਆਂ ਦਾ ਸਵਾਗਤ ਕੀਤਾ। ੧੦-੧੨ ਹਿੰਦੂ ਸਿੱਖਾਂ ਤੇ ਇਸ ਤੋਂ ਦੂਣੇ ਮੁਸਲਮਾਨ ਇਸ ਟਾਕਰੇ ਵਿਚ ਮਾਰੇ ਗਏ। ਅੰਤ ਹਿੰਦੂ ਸਿੱਖਾਂ ਨੇ ਘਰ ਛੱਡ ਦੇਣ ਵਿਚ ਹੀ ਭਲਾਈ ਸਮਝੀ। ਪਿੰਡਾਂ ਦੇ ਪਿੰਡ ਇਕੱਠੇ ਹੋ ਕੇ ਵਹੀਰ ਬਣ ਕੇ ਤੁਰ ਪਏ। ਅਨੇਕਾਂ ਔਕੜਾਂ ਸਹਿੰਦੇ ਹੋਏ ਅੰਤ ਉਹ ਹਿੰਦ ਵਿਚ ਆਣ ਪਹੁੰਚੇ।

Sri Satguru Jagjit Singh Ji eLibrary NamdhariElibrary@gmail.com

ਢਾਬਾਂ ਸਿੰਘ ਤੇ ਗੋਬਿੰਦਗੜ੍ਹ ਦੇ ਉਦਾਲੇ ਮਜ਼੍ਹਬੀ ਸਿੰਘਾਂ ਦੇ ਚੱਕ ਸਨ। ਉਹਨਾਂ ਵਿਚੋਂ ਬਹੁਤੇ ਫ਼ੌਜੀ ਸਨ। ਹੋਣ ਵਾਲੇ ਘਮਸਾਣ ਵਾਸਤੇ ਉਹਨਾਂ ਪੂਰੀ

ਢਾਬਾਂ ਸਿੰਘ ਤੇ ਗੋਬਿੰਦਗੜ੍ਹ

ਫ਼ੌਜੀ ਤਿਆਰੀ ਕੀਤੀ ਹੋਈ ਸੀ। ਆਪਣੇ ਪਿੰਡਾਂ ਦੇ ਉਦਾਲੇ ਮੋਰਚੇ ਪੁੱਟੇ ਹੋਏ ਸਨ। ਮਕਾਨਾਂ ਉੱਤੇ ਮੋਰਚੇ ਬਣਾਏ ਹੋਏ ਸਨ। ਪੱਕੀਆਂ ਬੰਦੂਕਾਂ, ਫ਼ੌਜੀ ਗਰਨੇਡ ਤੇ ਘਰ ਵਿਚ ਬਣੇ ਕਈ ਕਿਸਮ ਦੇ ਹਥਿਆਰ ਉਹਨਾਂ ਦੇ ਕੋਲ ਸਨ। ਹਜ਼ਾਰਾਂ ਦੀ ਗਿਣਤੀ ਵਿਚ ਉਦਾਲੇ ਮੁਸਲਮਾਨ ਇਕੱਠੇ ਹੁੰਦੇ, ਪਰ ਅਗ੍ਹਾਂ ਵੱਧ ਕੇ ਸਿੱਖਾਂ ਉੱਤੇ ਹਮਲਾ ਕਰਨ ਦੀ ਉਹਨਾਂ ਦੀ ਹਿਮਤ ਨਾ ਪੈਂਦੀ। ਸੱਚੀ ਗੱਲ ਇਹ ਹੈ ਕਿ ਮੁਸਲਮ ਮਿਲਟਰੀ ਦਾ ਵੀ ਹੌਸਲਾ ਨਹੀਂ ਸੀ ਪੈਂਦਾ ਕਿ ਘੁਰਨਿਆਂ ਵਿਚ ਸੁਚੇਤ ਬੈਠਿਆਂ ਸ਼ੇਰਾਂ ਉੱਤੇ ਹਮਲਾ ਕਰਦੀ। ਮੁਲਾਣਿਆਂ ਦੇ ਭੜਕਾਉਣ ਉੱਤੇ ਮਿਲਟਰੀ ਨੇ ਇਕ ਦੋ ਝੜਪਾਂ ਲਈਆਂ, ਪਰ ਹਰ ਵਾਰ ਆਪਣੇ ਕੁਝ ਆਦਮੀ ਮਰਵਾ ਕੇ ਭੱਜ ਜਾਂਦੀ ਰਹੀ। ਅੰਤ ਵੱਡੇ ਅਫ਼ਸਰਾਂ ਨੇ ਜਾ ਕੇ ਸਿੰਘਾਂ ਨਾਲ ਸਮਝੌਤਾ ਕੀਤਾ ਤੇ ਉਹ ਸਣੇ ਹਥਿਆਰਾਂ ਤੇ ਲੋੜੀਂਦੇ ਸਾਮਾਨ ਦੇ ਜੱਥਾ ਬਣ ਕੇ ਹਿੰਦੁਸਤਾਨ ਆ ਗਏ।

ਭਲ੍ਹੇਰ

ਸਭ ਤੋਂ ਸ਼ਾਨਦਾਰ ਕਾਰਨਾਮਾ ਪਿੰਡ ਭਲ੍ਹੇਰ ਦਾ ਹੈ। ੧੦ ਹਜ਼ਾਰ ਮੁਸਲਮਾਨ ਨੇ ਫ਼ੌਜ ਦੀ ਮਦਦ ਨਾਲ ਪਿੰਡ ਉੱਤੇ ੬ ਸਤੰਬਰ ਨੂੰ ਹਮਲਾ ਕੀਤਾ। ਪਿੰਡ ਵਿਚ ਸੱਤ ਹਜ਼ਾਰ ਕੁ ਸਿੰਘ-ਸਿੰਘਣੀਆਂ ਸਨ। ਦੋਹਾਂ ਪਾਸਿਆਂ ਤੋਂ ਡਟਵਾਂ ਟਾਕਰਾ ਹੋਇਆ। ਕਈ ਘੰਟੇ ਮੀਂਹ ਵਾਂਗ ਗੋਲੀ ਵਸਦੀ ਰਹੀ। ੮੦੦ ਸਿੱਖ ਤੇ ੩੦੦੦ ਮੁਸਲਮਾਨ ਮਾਰੇ ਗਏ, ਜਿਨ੍ਹਾਂ ਵਿਚੋਂ ਬਹੁਤ ਸਾਰੇ ਮੁਸਲਮ ਨੈਸ਼ਨਲ ਗਾਰਡ ਤੇ ਫ਼ੌਜੀ ਸਨ। ਜਦ ਲੜਾਈ ਅੰਤ 'ਤੇ ਪੁੱਜੀ ਹੋਈ ਸੀ ਤਾਂ ਮੁਸਲਮ ਮਿਲਟਰੀ ਹੋਰ ਆ ਗਈ। ਉਹਨਾਂ ਆਪਣੇ ਬਹੁਤ ਸਾਰੇ ਬੱਚੇ ਤੇ ਇਸਤਰੀਆਂ ਹੱਥੀਂ ਕਤਲ ਕਰ ਦਿੱਤੇ ਤੇ ਰਹਿੰਦੇ ਖ਼ੂਨੀ ਹੋਲੀ ਖੇਡਣ ਵਾਸਤੇ ਦੁਸ਼ਮਣਾਂ ਵਿਚ ਜਾ ਵੜੇ। ਇਸ ਪਿੰਡ ਵਿਚੋਂ ਕੋਈ ਵਿਰਲਾ ਹੀ ਬਚ ਕੇ ਨਿਕਲਿਆ, ਵਾਧੇ ਦੀ ਗੱਲ ਇਹ ਹੈ ਕਿ ਇਸ ਪਿੰਡ ਵਿਚ ਜੁਆਨ ਸਿੱਖ ਬੀਬੀਆਂ ਮਰਦਾਂ ਵਾਂਗ ਹਥਿਆਰ ਲੈ ਕੇ ਵੈਰੀ ਨਾਲ ਲੜੀਆਂ ਤੇ ਕਈਆਂ ਨੂੰ ਮਾਰ ਕੇ ਸ਼ਹੀਦ ਹੋਈਆਂ।

ਜ਼ਿਲ੍ਹਾ ਗੁਜਰਾਂਵਾਲਾ

ਸ਼ਹਿਰ ਗੁਜਰਾਂਵਾਲੇ ਵਿਚ ਇੱਕਾ ਦੁੱਕਾ ਛੁਰੇ ਵਜਦੇ ਰਹੇ, ਕੁਝ ਮਕਾਨ ਵੀ ਸੜੇ, ਪਰ ਮੁਲਤਾਨ ਜਾਂ ਸ਼ੇਖ਼ੂਪੁਰੇ ਵਾਲਾ ਹਾਲ ਨਹੀਂ ਹੋਇਆ। ਉਥੇ ਬੜਾ ਭਾਰਾ ਕੈਂਪ ਬਣ ਗਿਆ, ਜੋ ਸਹਿਜੇ-ਸਹਿਜੇ ਹਿੰਦੁਸਤਾਨ ਵਿਚ ਆਉਂਦਾ ਗਿਆ। ਪਿੰਡਾਂ ਵਿਚ ਅਜਿਹਾ ਅਮਨ ਨਾ ਰਿਹਾ। ਕਈ ਥਾਵਾਂ 'ਤੇ ਹਲਕਾਏ ਮੁਸਲਮਾਨਾਂ ਨੇ ਹੱਦੋਂ ਵੱਧ ਜ਼ੁਲਮ ਕੀਤੇ। ਖ਼ਾਸ ਕਰ ਘਰਾਂ ਬਾਰਾਂ ਤੋਂ ਉਜੜ ਕੇ ਆਏ ਹੋਏ ਹਿੰਦੂ ਸਿੱਖਾਂ ਦੀਆਂ ਗੱਡੀਆਂ ਉੱਤੇ ਇਸ ਜ਼ਿਲ੍ਹੇ ਦੇ ਲੀਗੀਆਂ ਨੇ ਮਨ ਆਏ ਅਤਿਆਚਾਰ ਕੀਤੇ।

੧੧ ਅਗਸਤ ਨੂੰ ਰਾਵਲਪਿੰਡੀ ਵਲੋਂ ਆ ਰਹੀ ਸਿੰਧ ਐਕਸਪ੍ਰੈਸ ਨੂੰ ਵਜ਼ੀਰਾਬਾਦ ਦੇ ਨੇੜੇ ਖੜੀ ਕਰਕੇ ਸਭ ਹਿੰਦੂ ਸਿੱਖ ਪੁਰਸ਼ਾਰਥੀ ਕਤਲ ਕੀਤੇ ਗਏ। ਦੋ-ਦੋ, ਚਾਰ-ਚਾਰ ਸਾਲ ਦੇ ਮਾਸੂਮ ਬੱਚੇ ਛੁਰਿਆਂ ਨਾਲ ਕੋਹੇ ਗਏ ਤੇ ਬਰਛੀਆਂ 'ਤੇ ਟੰਗ ਕੇ ਗੱਡੀ ਦੇ ਉਦਾਲੇ ਫੇਰੇ ਗਏ। ੧੨ ਅਗਸਤ ਨੂੰ ਜੰਮੂ ਵੱਲੋਂ ਆਉਣ ਵਾਲੀ ਗੱਡੀ ਉੱਤੇ ਹਮਲਾ ਕਰਕੇ ਸੈਂਕੜੇ ਬੇਗੁਨਾਹ ਮੌਤ ਦਾ ਨਵਾਲਾ ਬਣਾਏ ਗਏ। ਗੱਡੀਆਂ ਉੱਤੇ ਇਸ ਤਰ੍ਹਾਂ ਦੇ ਹਮਲੇ ਕਈ ਮਹੀਨੇ ਹੁੰਦੇ ਰਹੇ, ਜਿਨ੍ਹਾਂ ਦਾ ਬਦਲਾ ਤੰਗ ਆਏ ਹੋਏ ਹਿੰਦੂ ਸਿੱਖਾਂ ਨੇ ਪੂਰਬੀ ਪੰਜਾਬ 'ਚੋਂ ਜਾਣ ਵਾਲੇ ਮੁਸਲਮਾਨਾਂ ਤੋਂ ਲਿਆ।

ਵਜ਼ੀਰਾਬਾਦ

ਵਜ਼ੀਰਾਬਾਦ ਸ਼ਹਿਰ ਵਿਚ ਮੁਸਲਮਾਨਾਂ ਦੀ ਭਾਰੀ ਗਿਣਤੀ ਸੀ। ਉਹਨਾਂ ਵਿਚ ਫ਼ਿਰਕੂ ਈਰਖਾ ਵੇਖ ਕੇ ਬਹੁਤ ਸਾਰੇ ਹਿੰਦੂ ਸਿੱਖ ਪੰਦਰਾਂ ਅਗਸਤ ਤੋਂ ਪਹਿਲਾਂ ਹੀ ਆਪਣੇ ਘਰ-ਬਾਰ ਤਿਆਗ ਕੇ ਪੂਰਬੀ ਪੰਜਾਬ ਵਿਚ ਆ ਗਏ। ਜਿਹੜੇ ਅਭਾਗੇ ਮੁਸਲਮ ਲੀਡਰਾਂ ਦੀਆਂ ਝੂਠੀਆਂ ਤੇ ਲਾਰਿਆਂ ਭਰੀਆਂ ਤਕਰੀਰਾਂ 'ਤੇ ਭਰੋਸਾ ਕਰਕੇ ਬੈਠੇ ਰਹੇ, ਉਹ ਬੁਰੀ ਤਰ੍ਹਾਂ ਛੁਰਿਆਂ ਦਾ ਸ਼ਿਕਾਰ ਕੀਤੇ ਗਏ। ਉਹਨਾਂ ਦੇ ਘਰ-ਬਾਰ ਲੁੱਟ ਕੇ ਅਗਨ ਭੇਟ ਕਰ ਦਿੱਤੇ ਗਏ।

ਕਿਲ੍ਹਾ ਦੀਦਾਰ ਸਿੰਘ

੨੬ ਅਗਸਤ ਵਾਲੇ ਦਿਨ ਕਿਲ੍ਹਾ ਦੀਦਾਰ ਸਿੰਘ ਉੱਤੇ ਹੱਲਾ ਕਰਕੇ ਡੇਢ ਸੌ ਦੇ ਲਗਪਗ ਹਿੰਦੂ ਸਿੱਖ ਕਤਲ ਕੀਤੇ ਗਏ। ਸਿੱਖਾਂ ਵੀ ਅੱਗੋਂ ਲੱਗਦੀ ਵਾਹ ਟਾਕਰਾ ਕੀਤਾ ਤੇ ਕੁਝ ਲੁਟੇਰੇ ਤਲਵਾਰ ਦੀ ਭੇਟ ਕਰ ਦਿੱਤੇ।

ਅਕਾਲਗੜ੍ਹ

ਅਕਾਲਗੜ੍ਹ ਉੱਤੇ ੬ ਹਜ਼ਾਰ ਮੁਸਲਮਾਨਾਂ ਨੇ ਹਮਲਾ ਕੀਤਾ। ਉਹਨਾਂ ਨਾਲ ਬਲੋਚ ਮਿਲਟਰੀ ਵੀ ਸੀ। ਤਿੰਨ ਚਾਰ ਸੌ ਦੇ ਲਗਪਗ ਬੇਗੁਨਾਹਾਂ ਦਾ ਖ਼ੂਨ ਏਥੇ ਵੀਟਿਆ ਗਿਆ।

ਵਣੀਕੇ ਤਾਰੜ

ਛੋਟੇ ਜਿਹੇ ਕਸਬੇ ਵਣੀਕੇ ਤਾਰੜ ਉੱਤੇ ਹਜ਼ਾਰਾਂ ਮੁਸਲਮਾਨਾਂ ਨੂੰ ਨਾਲ ਲੈ ਕੇ ਪੁਲੀਸ ਨੇ ਧਾਵਾ ਕੀਤਾ ਅਤੇ ਨਾਲ ਹੀ ਐਲਾਨ ਕੀਤਾ ਕਿ ਇਹ ਹਮਲਾ ਸਿਰਫ਼ ਸਿੱਖਾਂ ਦੇ ਵਿਰੁੱਧ ਹੈ, ਹਿੰਦੂਆਂ ਦੇ ਨਹੀਂ। ਸਭ ਤੋਂ ਪਹਿਲਾਂ ਗੁਰਦੁਆਰੇ ਉੱਤੇ ਹੱਲਾ ਕੀਤਾ। ਸ. ਹਰਨਾਮ ਸਿੰਘ ਨੂੰ ਸਣੇ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਊਂਦਿਆਂ ਸਾੜ ਦਿੱਤਾ। ਪਹਿਲਾਂ ਸਿੱਖਾਂ ਦੇ ਛੋਟੇ-ਛੋਟੇ ਬੱਚੇ ਮਾਪਿਆਂ ਦੇ ਸਾਹਮਣੇ ਕਤਲ ਕੀਤੇ ਗਏ ਤੇ ਫਿਰ ਬਾਕੀ ਇਸਤਰੀ ਪੁਰਸ਼। ਸਿੱਖਾਂ ਦਾ ਸਫ਼ਾਇਆ ਕਰਕੇ ਲੁਟੇਰਿਆਂ ਨੇ ਸਾਰਾ ਕਸਬਾ ਲੁੱਟਿਆ, ਫੂਕਿਆ ਤੇ ਕਈ ਹਿੰਦੂ ਕਤਲ ਕੀਤੇ। ਸਿੱਖ ਤਾਂ ਏਥੋਂ ਕੋਈ ਕਿਸਮਤ ਵਾਲਾ ਹੀ ਬਚ ਕੇ ਨਿਕਲਿਆ ਹੋਵੇਗਾ।

ਇਕ-ਇਕ ਪਿੰਡ ਦਾ ਕੀ ਵੇਰਵਾ ਲਿਖੀਏ, ਸੈਂਕੜੇ ਪਿੰਡ ਇਸ ਜ਼ਿਲ੍ਹੇ ਦੇ, ਪਾਕਿਸਤਾਨ ਦੇ ਬਣਦਿਆਂ ਉਜਾੜ ਕੇ ਥੇਹ ਕਰ ਦਿੱਤੇ ਗਏ। ਹਾਫ਼ਜ਼ਾਬਾਦ,

Sri Satguru Jagjit Singh Ji eLibrary NamdhariElibrary@gmail.com

ਕਾਮੋਕੇ, ਮੱਜੂਚੱਕ, ਹਮੀਦਪੁਰ, ਤਲਵੰਡੀ, ਖਜੂਰਵਾਲਾ, ਬਾਗੜੀਆਂ, ਬੱਦੋਕੇ, ਛੀਨਾ ਆਦਿ ਪਿੰਡਾਂ ਦੇ ਹਿੰਦੂ ਸਿੱਖਾਂ ਉੱਤੇ ਲੀਗੀਆਂ ਨੇ ਮਨ ਆਏ ਕਹਿਰ ਗੁਜ਼ਾਰੇ।

ਜ਼ਿਲ੍ਹਾ ਗੁਰਦਾਸਪੁਰ (ਤਹਿਸੀਲ ਸ਼ਕਰਗੜ੍ਹ)

ਇਸੇ ਜ਼ਿਲ੍ਹੇ ਵਿਚ ਕਾਦੀਆਂ ਮਿਰਜ਼ਈ ਮੁਸਲਮਾਨਾਂ ਦਾ ਗੜ੍ਹ ਸੀ। ਅਮਨ ਦੇ ਦਿਨਾਂ ਵਿਚ ਜਿੱਥੇ ਮਿਰਜ਼ਈ ਪੱਕੇ ਸੁਲ੍ਹਾਕੁਲ ਮੰਨੇ ਜਾਂਦੇ ਸਨ, ਮੁਸਲਮਲੀਗ ਦੇ ਜ਼ਹਿਰੀਲੇ ਪ੍ਰਚਾਰ ਦਾ ਸਦਕਾ ਫ਼ਸਾਦਾਂ ਵਿਚ ਉਹ ਪੂਰੇ ਫ਼ਿਰਕੂ ਤੇ ਹਿੰਦੂ ਸਿੱਖਾਂ ਦੇ ਕਾਤਲ ਸਾਬਤ ਹੋਏ। ਤਿੰਨ ਜੂਨ ਦੇ ਐਲਾਨ ਅਨੁਸਾਰ ਆਰਜ਼ੀ ਵੰਡ ਵਿਚ ਇਹ ਜ਼ਿਲ੍ਹਾ ਵੀ ਪਾਕਿਸਤਾਨ ਵਿਚ ਦੱਸਿਆ ਗਿਆ ਸੀ ਕਿਉਂਕਿ ਪਿੱਛਲੀ ਝੂਠੀ ਤੇ ਫ਼ਰਜ਼ੀ ਹੋਈ ਆਦਮ ਗਿਣਤੀ ਵਿਚ ਏਥੇ ਮੁਸਲਮਾਨ ੫੧ ਫ਼ੀਸਦੀ ਸਿੱਧ ਕੀਤੇ ਗਏ ਸਨ। ਮਿਰਜ਼ਈਆਂ ਨੇ ਏਥੋਂ ਦੇ ਹਿੰਦੂ ਸਿੱਖਾਂ ਨੂੰ ਤਬਾਹ ਕਰਨ ਵਾਸਤੇ ਪਿੰਡਾਂ ਤੇ ਸ਼ਹਿਰਾਂ ਦੇ ਅਨਪੜ੍ਹ ਮੁਸਲਮਾਨਾਂ ਵਿਚ ਬੜਾ ਪ੍ਰਚਾਰ ਕੀਤਾ ਤੇ ਯਥਾ ਸ਼ਕਤੀ ਹਥਿਆਰ ਵੀ ਵੰਡੇ। ਹੱਦਬੰਦੀ ਦੇ ਕਮਿਸ਼ਨ ਨੇ ਰਾਵੀਓਂ ਪਾਰ ਦੀ ਤਹਿਸੀਲ ਸ਼ਕਰਗੜ੍ਹ ਪਾਕਿਸਤਾਨ ਵਿਚ ਦੇ ਦਿੱਤੀ ਤੇ ਬਾਕੀ ਜ਼ਿਲ੍ਹਾ ਹਿੰਦੁਸਤਾਨ ਵਿਚ। ਸੋ ਸਾਰੇ ਜ਼ਿਲ੍ਹੇ ਦੇ ਮੁਸਲਮ ਲੀਗੀਆਂ ਦਾ ਗੁੱਸਾ ਇਕੱਲੀ ਤਹਿਸੀਲ ਸ਼ਕਰਗੜ੍ਹ 'ਤੇ ਨਿਕਲਿਆ। ੨੪ ਅਗਸਤ ਦਾ ਸਾਰਾ ਦਿਨ ਸ਼ਕਰਗੜ੍ਹ ਦੇ ਉਦਾਲੇ ਮੁਸਲਮਾਨ ਇਕੱਠੇ ਹੁੰਦੇ ਰਹੇ। ਉਹ ਸਾਰੀ ਰਾਤ ਵੀ ਇਸੇ ਤਿਆਰੀ ਵਿਚ ਲੰਘ ਗਈ। ੨੫ ਅਗਸਤ ਦਾ ਦਿਨ ਚੜ੍ਹਦਿਆਂ ਹੀ ਉਹਨਾਂ ਸ਼ਕਰਗੜ੍ਹ ਉੱਤੇ ਹਮਲਾ ਕਰ ਦਿੱਤਾ। ਸ਼ਹਿਰ ਦਾ ਬਹੁਤ ਸਾਰਾ ਹਿੱਸਾ ਲੁੱਟਿਆ ਤੇ ਸਾੜਿਆ ਗਿਆ। ਕਈ ਮਹੱਲਿਆਂ ਵਿਚ ਅੱਗੋਂ ਹਿੰਦੂ ਸਿੱਖਾਂ ਨੇ ਟਾਕਰਾ ਕੀਤਾ, ਜਿਸ ਨਾਲ ਕੁਝ ਮੁਸਲਮਾਨ ਮਾਰੇ ਗਏ। ਲੀਗੀ ਲੀਡਰਾਂ ਨੂੰ ਇਕ ਹੋਰ ਚਾਲ ਸੁੱਝੀ। ਉਹਨਾਂ ਲੁੱਟ ਮਾਰ ਬੰਦ ਕਰਾ ਦਿੱਤੀ ਤੇ ਹਿੰਦੂ ਸਿੱਖਾਂ ਨੂੰ ਕਿਹਾ, 'ਛੇਤੀ ਕਰੋ, ਜਾਨਾਂ ਲੈ ਕੇ ਬਾਹਰ ਇਕੱਠੇ ਹੋ ਜਾਓ, ਤੁਹਾਨੂੰ ਫ਼ੌਜ ਦੀ ਰਾਖੀ ਵਿਚ ਹਿੰਦੁਸਤਾਨ ਭੇਜ ਦਿੱਤਾ ਜਾਵੇ।' ਸਾਰੇ ਲੋਕ ਘਰ ਛੱਡ ਕੇ ਬਲੋਚੀ ਫ਼ੌਜ ਦੀ ਰਾਖੀ ਵਿਚ ਬਾਹਰ ਇਕੱਠੇ ਹੋ ਗਏ। ਪਿੱਛੋਂ ਪੁਲੀਸ ਤੇ ਬਲਵਈਆਂ ਨੇ ਉਹਨਾਂ ਨੂੰ ਘੇਰਾ ਪਾ ਲਿਆ। ਹਿੰਦੂ ਸਿੱਖ ਪਾਲਾਂ ਵਿਚ ਖੜੇ ਕਰ ਦਿੱਤੇ ਗਏ। ਪਹਿਲਾਂ ਉਨ੍ਹਾਂ ਦੇ ਛੋਟੇ-ਛੋਟੇ ਬੱਚੇ ਉਹਨਾਂ ਦੇ ਹੀ ਅੱਖਾਂ ਅੱਗੇ ਕੋਹੇ ਗਏ। ਕਈ ਬੱਕਰੇ ਵਾਂਗ ਛੁਰੀ ਨਾਲ ਹਲਾਲ ਕੀਤੇ ਗਏ ਤੇ ਕਈ ਬਰਛੀਆਂ 'ਤੇ ਟੰਗ ਕੇ ਮਾਰੇ ਗਏ। ਫਿਰ ਇਸਤਰੀਆਂ ਅਸਲੋਂ ਨੰਗੀਆਂ ਕਰਕੇ ਸਾਰੀ ਭੀੜ ਵਿਚ ਫੇਰੀਆਂ ਗਈਆਂ, ਉਹਨਾਂ ਦੀ ਸਭ ਦੇ ਸਾਹਮਣੇ ਬੇਇੱਜ਼ਤੀ ਕੀਤੀ ਗਈ ਤੇ ਅੰਤ ਬਹੁਤੀਆਂ ਇਸ ਢੰਗ ਨਾਲ ਮਾਰੀਆਂ ਗਈਆਂ, ਜਿਸ ਨੂੰ ਕੋਈ ਭਲਾਮਾਣਸ ਬਿਆਨ ਵੀ ਨਹੀਂ ਕਰ ਸਕਦਾ। ਸਭ ਤੋਂ ਪਿੱਛੋਂ ਵਾਰੀ ਆਈ ਬਦਨਸੀਬ ਬੰਦਿਆਂ

ਦੀ। ਪੁਲੀਸ ਨੇ ਹੁਕਮ ਦੇ ਕੇ ਇਕ ਵਾਰ ਉਹਨਾਂ ਉੱਤੇ ਹਮਲਾ ਕਰ ਦਿੱਤਾ। ਨਿਹੱਥੇ ਤੇ ਬੇਆਸਰਾ ਅਭਾਗਿਆਂ ਉੱਤੇ ਮੁਸਲਮਾਨ ਭੁੱਖੇ ਬਘਿਆੜਾਂ ਵਾਂਗ ਟੁੱਟ ਪਏ ਤੇ ਸਭ ਨੂੰ ਪਲਾਂ ਵਿਚ ਢੇਰ ਕਰ ਦਿੱਤਾ।

ਲੀਗੀ ਖ਼ੂਨੀਆਂ ਨੇ ਨਿਰਾ ਸ਼ਕਰਗੜ੍ਹ ਉੱਤੇ ਹੀ ਸੰਤੋਸ਼ ਨਾ ਕੀਤਾ, ਸਗੋਂ ਤਹਿਸੀਲ ਦੇ ਕਈ ਪਿੰਡ ਉਜਾੜ ਕੇ ਥੇਹ ਕਰ ਦਿੱਤੇ। ਕਈ ਥਾਵਾਂ 'ਤੇ ਮੁਟਿਆਰ ਹਿੰਦੂ ਸਿੱਖ ਦੇਵੀਆਂ ਨੇ ਪੇਟ ਵਿਚ ਕ੍ਰਿਪਾਨਾਂ, ਚਾਕੂ ਤੇ ਛੁਰੀਆਂ ਮਾਰ ਕੇ ਜਾਂ ਦਰਿਆ ਤੇ ਖੂਹਾਂ ਵਿਚ ਕੁੱਦ ਕੇ ਆਪਣੀ ਇੱਜ਼ਤ ਬਚਾਈ। ਕਈ ਥਾਈਂ ਘੇਰੇ ਵਿਚ ਆਏ ਹੋਏ ਮਾਪਿਆਂ ਨੇ ਮੁਟਿਆਰ ਧੀਆਂ ਤੇ ਭਰਾਵਾਂ ਨੇ ਭੈਣਾਂ ਹੱਥੀਂ ਕਤਲ ਕੀਤੀਆਂ। ਬਹੁਤਾ ਕੀ ਕਹੀਏ, ਓਹੀ ਇਸ ਜ਼ੁਲਮ ਬਾਰੇ ਪੂਰਾ ਜਾਣਦੇ ਹਨ, ਜਿਨ੍ਹਾਂ ਸਿਰ ਵਾਪਰੀ ਹੈ।

ਜ਼ਿਲ੍ਹਾ ਸਿਆਲਕੋਟ

ਘੱਟ ਗਿਣਤੀਆਂ ਦੀ ਤਬਾਹੀ ਵਾਸਤੇ ਤਿਆਰੀ ਹੁੰਦੀ ਰਹੀ, ਪਰ ਪੰਦਰਾਂ ਅਗਸਤ ਤੋਂ ਪਹਿਲਾਂ ਏਥੇ ਫ਼ਸਾਦ ਹੋਣੋਂ ਬਚਾਅ ਰਿਹਾ। ੧੫ ਅਗਸਤ ਨੂੰ ਪਾਕਿਸਤਾਨ ਦੇ ਜਨਮ ਦੀਆਂ ਖ਼ੁਸ਼ੀਆਂ ਮਨਾਈਆਂ ਗਈਆਂ, ਜਿਸ ਵਿਚ ਕੁਝ ਹਿੰਦੂ ਸਿੱਖ ਵੀ ਸ਼ਾਮਲ ਹੋਏ। ਪਰ ਇਹਨਾਂ ਗੱਲਾਂ ਨਾਲ ਮੁਸਲਮਾਨਾਂ ਦੇ ਮਨ ਨਾ ਪਸੀਜੇ। ੨੦ ਅਗਸਤ ਨੂੰ ਓਹਨਾਂ ਸ਼ਹਿਰ ਉੱਤੇ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਸ. ਕਰਤਾਰ ਸਿੰਘ ਸੀ. ਆਈ. ਡੀ. ਨੂੰ ਕਤਲ ਕੀਤਾ ਗਿਆ। ਫਿਰ ਥਾਂ-ਥਾਂ ਬੰਦੂਕਾਂ, ਪਸਤੌਲਾਂ ਤੇ ਬੰਬਾਂ ਦੇ ਚੱਲਣ ਦੀਆਂ ਅਵਾਜ਼ਾਂ ਆਉਣ ਲੱਗ ਪਈਆਂ। ਕਈ ਮਹੱਲਿਆਂ ਵਿਚ ਮਕਾਨਾਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਚੌਕਾਂ ਤੇ ਮੋੜਾਂ ਉੱਤੇ ਲੋਥਾਂ ਦੇ ਢੇਰ ਲੱਗ ਗਏ। ਕੁਝ ਮੰਦਰ ਤੇ ਗੁਰਦੁਆਰੇ ਵੀ ਅੱਗ ਦੀ ਭੇਟ ਕੀਤੇ ਗਏ। ਪੁਲੀਸ ਅਫ਼ਸਰ ਖੁੱਲ੍ਹ-ਮ-ਖੁੱਲ੍ਹਾ ਮੁਸਲਮ ਬਲਵਈਆਂ ਨੂੰ ਕਹਿ ਰਹੇ ਸਨ ਕਿ ਕਾਫ਼ਰਾਂ ਨੂੰ ਮਾਰਨ ਦਾ ਅਜਿਹਾ ਸਮਾਂ ਫੇਰ ਨਹੀਂ ਮਿਲੇਗਾ, ਅੱਜ ਨਬੀ ਰਸੂਲ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਲਵੋ। ਕਈ ਮਹੱਲਿਆਂ ਵਿਚ ਅੱਗੋਂ ਸਿੱਖਾਂ ਨੇ ਟਾਕਰਾ ਵੀ ਕੀਤਾ। ਨਿਹੰਗਾਂ ਦੇ ਬੁੰਗੇ ਵਿਚ ਇਕੱਠੇ ਹੋਏ ਸਿੰਘਾਂ ਨੇ ਅੱਗੋਂ ਡਟ ਕੇ ਟਾਕਰਾ ਕੀਤਾ ਤੇ ਉਹਨਾਂ ਦੀਆਂ ਗੋਲੀਆਂ ਤੇ ਬੰਬਾਂ ਨਾਲ ਢਾਈ ਤਿੰਨ ਸੌ ਮੁਸਲਮਾਨ ਥਾਂ ਰਹੇ। ਬਾਕੀ ਮਹੱਲਿਆਂ ਵਿਚ ਜਾ-ਜਾ ਕੇ ਬਲੋਚੀ ਫ਼ੌਜ ਨੇ ਕਿਹਾ ਕਿ ਜਾਨਾਂ ਬਚਾਉਣ ਵਾਸਤੇ ਸਭ ਹਿੰਦੂ ਸਿੱਖ ਮਿਲਟਰੀ ਦੀ ਰਾਖੀ ਵਿਚ ਫ਼ੌਜੀ ਕੈਂਪ ਅੰਦਰ ਆ ਜਾਣ। ਇਸ ਧੋਖੇ ਵਿਚ ਆ ਕੇ ਸੈਂਕੜੇ ਹਿੰਦੂ ਸਿੱਖ ਉਹਨਾਂ ਦੇ ਨਾਲ ਘਰ ਛੱਡ ਕੇ ਬਾਹਰ ਤੁਰ ਪਏ, ਜੋ ਲਗਪਗ ਸਾਰੇ ਹੀ ਬਾਹਰ ਜਾ ਕੇ ਗੋਲੀ ਦਾ ਨਿਸ਼ਾਨਾ ਬਣਾ ਦਿੱਤੇ ਗਏ। ਸ਼ਹਿਰ ਸਿਆਲਕੋਟ ਵਿਚ ਤਿੰਨ ਹਜ਼ਾਰ ਤੋਂ ਵਧੀਕ ਹਿੰਦੂ ਸਿੱਖ ਮਾਰੇ ਗਏ।

ਫਿਰ ਵਾਰੀ ਆਈ ਪਿੰਡਾਂ ਦੀ। ਕਈ ਥਾਈਂ ਏਥੇ ਰਾਵਲਪਿੰਡੀ ਦੇ ਪਿੰਡਾਂ ਵਾਲੇ ਖ਼ੂਨੀ ਸਾਕੇ ਦੁਹਰਾਏ ਗਏ। ਮਾਵਾਂ ਦੇ ਕੁੱਛੜੋਂ ਦੁੱਧ ਚੁੰਘਦੇ ਬੱਚੇ ਖੋਹ ਕੇ ਕੰਧਾਂ ਨਾਲ ਪਟਕਾ ਕੇ ਮਾਰੇ ਗਏ। ਕਈ ਗਲ ਘੁੱਟ ਕੇ ਤੇ ਕਈ ਗੋਡੇ ਹੇਠ ਦੇ ਕੇ 'ਤਕਬੀਰ' ਪੜ੍ਹ ਕੇ ਹਲਾਲ ਕੀਤੇ ਗਏ। ਇਹ ਕੁਝ ਕਰਦੇ ਹੋਏ ਮੁਸਲਮਾਨ ਕਹਿੰਦੇ ਸਨ 'ਇਹ ਪਾਕਿਸਤਾਨ ਬਣਨ ਦੀ ਖ਼ੁਸ਼ੀ ਵਿਚ ਕੁਰਬਾਨੀ ਦੇ ਰਹੇ ਹਾਂ।' ਇਕ ਸੱਜਣ* ਨੇ ਬੜੀ ਦਰਦਨਾਕ ਹੱਡ-ਬੀਤੀ ਸੁਣਾਈ। ਉਹ ਨਾਲੇ ਗੱਲਾਂ ਕਰ ਰਿਹਾ ਸੀ ਤੇ ਨਾਲੇ ਰੋ ਰਿਹਾ ਸੀ। ਉਸ ਦੇ ਛੋਟੇ ਜਿਹੇ ਪਿੰਡ ਨੂੰ ਪੰਜ ਛੇ ਹਜ਼ਾਰ ਮੁਸਲਮਾਨਾਂ ਨੇ ਘੇਰਾ ਪਾ ਲਿਆ। ਅੱਗੋਂ ਸਿੱਖਾਂ ਨੇ ਮਰਦਾਂ ਵਾਂਗ ਟਾਕਰਾ ਕੀਤਾ। ਦੋਹਾਂ ਪਾਸਿਆਂ ਤੋਂ ਕੁਝ ਆਦਮੀ ਮਾਰੇ ਗਏ। ਏਨੇ ਨੂੰ ਬਲਵਈਆਂ ਦੀ ਮਦਦ ਵਾਸਤੇ ਬਲੋਚੀ ਫ਼ੌਜ ਪਹੁੰਚ ਗਈ। ਵੇਖ ਕੇ ਸਿੱਖਾਂ ਦੇ ਹੌਸਲੇ ਟੁੱਟ ਗਏ। ਉਹ ਸਾਰੇ ਘਰ ਛੱਡ ਕੇ ਇਕ ਦੋ ਹਵੇਲੀਆਂ ਵਿਚ ਇਕੱਠੇ ਹੋ ਗਏ। ਪਲੋ-ਪਲ ਮਿਲਟਰੀ ਦੀ ਗੋਲੀ ਸਿੱਖ ਗੱਭਰੂਆਂ ਨੂੰ ਧਰਤੀ 'ਤੇ ਲਿਟਾਉਣ ਲੱਗੀ। ਜਦ ਸਿੱਖਾਂ ਨੂੰ ਬਚ ਕੇ ਨਿਕਲਣ ਦੀ ਕੋਈ ਆਸ ਨਾ ਰਹਿ ਗਈ ਤਾਂ ਉਹ ਓਹ ਕੁਝ ਕਰਨ ਵਾਸਤੇ ਤਿਆਰ ਹੋ ਗਏ, ਜਿਸ ਨੂੰ ਸੁਣ ਕੇ ਹੀ ਕਲੇਜਾ ਮੂੰਹ ਨੂੰ ਆ ਜਾਂਦਾ ਹੈ। ਉਹ ਇਕ-ਇਕ ਬੱਚੇ ਨੂੰ ਵਾਰੀ-ਵਾਰੀ ਗਲ਼ ਨਾਲ ਲਾ ਕੇ ਚੁੰਮਦੇ ਤੇ ਇਕ ਅੰਦਰ ਲੈ ਜਾਂਦੇ। ਕ੍ਰਿਪਾਨ ਧੂਹ ਕੇ ਪਿਤਾ ਕਹਿੰਦਾ 'ਬੱਚਿਆ ਅੱਖੀਂ ਮੀਟ ਲੈ, ਮੈਂ ਤੇਰੇ ਪੰਘੂੜੇ ਨੂੰ ਹੂਟਾ ਦੇਣ ਲੱਗਾ ਹਾਂ।' ਇਹ ਕਹਿ ਕੇ ਬੱਚੇ ਨੂੰ ਕਤਲ ਕਰਕੇ ਲਹੂ ਭਰੀ ਤਲਵਾਰ ਓਥੇ ਰੱਖ ਕੇ ਉਹ ਬਾਹਰ ਆ ਜਾਂਦਾ। ਫਿਰ ਦੂਜੇ ਦੀ ਵਾਰੀ ਆ ਜਾਂਦੀ। ਉਹ ਆਪਣੇ ਨੌਨਿਹਾਲ ਨੂੰ ਚੁੱਕ ਕੇ ਮੂੰਹ ਚੁੰਮਦਾ ਹੋਇਆ ਅੰਦਰ ਲੈ ਜਾਂਦਾ ਤੇ ਮਿੰਟ ਪਿੱਛੋਂ ਸੱਖਣਾ ਬਾਹਰ ਆ ਜਾਂਦਾ। ਇਸ ਤਰ੍ਹਾਂ ਅੱਧਿਓਂ ਬਹੁਤੇ ਬੱਚੇ ਤੇ ਇਸਤਰੀਆਂ ਆਪਣੇ ਹੱਥੀਂ ਕਤਲ ਕੀਤੇ ਗਏ। ਇਸ ਕੰਮ ਵਾਸਤੇ ਹਰ ਕੋਈ ਦੂਜੇ ਨਾਲੋਂ ਕਾਹਲਾ ਪੈ ਰਿਹਾ ਸੀ ਕਿ ਪਹਿਲਾਂ ਉਹ ਆਪਣੇ ਪਰਿਵਾਰ ਦੀ ਕੁਰਬਾਨੀ ਦੇਵੇ। ਹਰ ਇਕ ਨੂੰ ਇਹ ਡਰ ਖਾ ਰਿਹਾ ਸੀ ਕਿ ਉਸ ਦੀ ਕੋਈ ਧੀ ਭੈਣ ਵੈਰੀਆਂ ਦੇ ਹੱਥ ਨਾ ਆ ਜਾਵੇ। ਮਾੜੇ ਜਾਂ ਚੰਗੇ ਭਾਗਾਂ ਨੂੰ ਐਨ ਉਸ ਵੇਲੇ ਹਿੰਦੁਸਤਾਨੀ ਫ਼ੌਜ ਵੀ ਪਹੁੰਚ ਗਈ ਤੇ ਸਿੱਖਾਂ ਦੀਆਂ ਬਾਕੀ ਜਾਨਾਂ ਬਚ ਗਈਆਂ। ਉਹ ਮਾਪੇ ਹੁਣ ਗੱਲਾਂ ਕਰ ਕਰਕੇ ਰੋਂਦੇ ਹਨ, ਜੋ ਹੱਥੀਂ ਬੱਚਿਆਂ ਨੂੰ ਪਾਕਿਸਤਾਨ ਦੀ ਭੇਟਾ ਕਰਕੇ ਆਏ ਹਨ ਤੇ ਕਹਿੰਦੇ ਹਨ ਕਿ ਸਾਡੇ ਮਰਨ ਤੱਕ ਹਿੰਦੀ ਮਿਲਟਰੀ ਨਾ ਪਹੁੰਚਦੀ ਤਾਂ ਅਸੀਂ ਇਸ ਦੁੱਖ ਤੋਂ ਆਜ਼ਾਦ ਹੋ ਗਏ ਹੁੰਦੇ।

---

*ਕੁਝ ਲਿਖੇ ਹੋਏ ਬਿਆਨ ਸਾਥੋਂ ਗੁੰਮ ਹੋ ਗਏ ਹਨ। ਇਸ ਸੱਜਣ ਦਾ ਵੀ ਨਾਂ ਤੇ ਪਿੰਡ ਭੁੱਲ ਗਿਆ ਹੈ, ਪਰ ਕਹਾਣੀ ਯਾਦ ਰਹਿ ਗਈ ਹੈ ਕਿਉਂਕਿ ਉਹ ਭੁੱਲਣ ਵਾਲੀ ਨਹੀਂ ਸੀ।

ਇਕ ਪਿੰਡ ਵਿਚ ਨਹੀਂ, ਕਈ ਪਿੰਡਾਂ ਵਿਚ ਅਜਿਹੀਆਂ ਮਾਰੂ ਘਟਨਾਵਾਂ

ਬੱਦੋ ਮੱਲੀ

ਹੋਈਆਂ। ੨੬ ਅਗਸਤ ਨੂੰ ਬੱਦੋ ਮੱਲੀ ਉੱਤੇ ਛੇ ਸੱਤ ਹਜ਼ਾਰ ਮੁਸਲਮਾਨਾਂ ਨੇ ਹਮਲਾ ਕੀਤਾ। ਉਹਨਾਂ ਨਾਲ ਮੁਸਲਮ ਨੈਸ਼ਨਲ ਗਾਰਡ ਤੇ ਬਲੋਚ ਸਿਪਾਹੀ ਵੀ ਸਨ। ਦੋਹੀਂ ਪਾਸੀਂ ਟਾਕਰਾ ਹੋਇਆ। ਅੰਤ ਫ਼ੌਜੀ ਥ੍ਰੇਨਗੰਨਾਂ ਸਾਹਮਣੇ ਪਿੰਡ ਵਾਲਿਆਂ ਦੀ ਪੇਸ਼ ਨਾ ਗਈ। ਦੋ ਕੁ ਸੌ ਮੁਸਲਮਾਨਾਂ ਤੋਂ

ਭਰੋਕੇ

ਦੋ ਹਜ਼ਾਰ ਦੇ ਲਗਪਗ ਸਿੱਖ ਗੋਲੀਆਂ ਦਾ ਨਿਸ਼ਾਨਾ ਹੋਏ। ਚੜ੍ਹਦੇ ਸਤੰਬਰ ਪਿੰਡ ਭਰੋਕੇ ਉੱਤੇ ਹਮਲਾ ਕਰਕੇ ਤਿੰਨ ਚਾਰ ਸੌ ਸਿੰਘ ਮੌਤ ਦੇ ਘਾਟ ਉਤਾਰਿਆ ਗਿਆ। ਜ਼ਿਲ੍ਹੇ ਵਿਚ ਥੋੜ੍ਹੇ ਹੀ ਪਿੰਡ ਹੋਣਗੇ, ਜਿਨ੍ਹਾਂ ਵਿਚੋਂ ਸਾਰੇ ਆਦਮੀ ਸਹੀ ਸਲਾਮਤ ਹਿੰਦੁਸਤਾਨ ਪਹੁੰਚੇ ਹੋਣ। ਜਿਹੜੇ ਪਿੰਡਾਂ ਵਿਚ ਹਮਲੇ ਹੋਣ ਤੋਂ ਬਚ ਗਏ, ਉਹਨਾਂ ਉੱਤੇ ਰਾਹ ਵਿਚ ਹਮਲੇ ਕਰਕੇ ਕਈ ਆਦਮੀ ਮਾਰੇ ਗਏ।

ਪੱਛਮੀ ਤੇ ਪੂਰਬੀ ਪੰਜਾਬ ਵਿਚ—ਦੋਹੀਂ ਪਾਸੀਂ—ਬਲ ਰਹੀ ਅੱਗ ਜ਼ਰਾ ਕੁ

ਜੱਸੜ

ਮੱਧਮ ਹੋਈ ਸੀ ਜਾਂ ਜੱਸੜ ਦੀ ਦੁਰਘਟਨਾ ਨੇ ਫੇਰ ਭੜਕਾ ਦਿੱਤੀ। ਹਿੰਦੂ ਸਿੱਖ ਸ਼ਰਨਾਰਥੀਆਂ ਦੀ ਭਰੀ ਹੋਈ ਗੱਡੀ ਹਿੰਦੁਸਤਾਨ ਨੂੰ ਆ ਰਹੀ ਸੀ। ਮੁਸਲਮ ਅਫ਼ਸਰਾਂ ਨੇ ਉਹਨੂੰ ਨਾਰੋਵਾਲ ਤੇ ਜੱਸੜ ਦੇ ਸੰਨ੍ਹ ਵਿਚ ਰੋਕ ਲਿਆ। ਇਸ ਕੰਮ ਵਾਸਤੇ ਇਕੱਠੇ ਕੀਤੇ ਹੋਏ ਹਜ਼ਾਰਾਂ ਮੁਸਲਮਾਨ ਅੱਗੇ ਹੀ ਉਡੀਕ ਵਿਚ ਬੈਠੇ ਸਨ, ਜੋ ਉਹਨਾਂ ਨਿਹੱਥਿਆਂ ਉੱਤੇ ਟੁਟ ਪਏ। ਜੋ ਵੀ ਬਿਰਧ ਬਾਲ ਸਾਹਮਣੇ ਆਇਆ, ਪਾਰ ਬੁਲਾ ਦਿੱਤਾ ਗਿਆ। ਤਿੰਨ ਹਜ਼ਾਰ ਦੇ ਲਗਪਗ ਬਾਹਰ ਹਿੰਦੂ ਸਿੱਖ ਏਥੇ ਕਤਲ ਕੀਤੇ ਗਏ। ਇਹ ਖ਼ਬਰਾਂ ਅੰਮ੍ਰਿਤਸਰ ਪੁੱਜੀਆਂ ਤਾਂ ਸਿੱਖਾਂ ਦੇ ਅੰਦਰ ਨਵੇਂ ਸਿਰਿਓਂ ਬਦਲੇ ਦੀ ਅੱਗ ਬਲ ਉਠੀ, ਜਿਸ ਨੂੰ ਸਿੱਖ ਲੀਡਰਾਂ ਨੇ ਬੜੀ ਹਿੰਮਤ ਨਾਲ ਰੋਕਿਆ।

ਜ਼ਿਲ੍ਹਾ ਗੁਜਰਾਤ

ਇਸ ਜ਼ਿਲ੍ਹੇ ਵਿਚ ਅੱਸੀ ਫ਼ੀਸਦੀ ਆਬਾਦੀ ਮੁਸਲਮਾਨ ਸੀ, ਜਿਹੜੇ ਅਸਲੋਂ ਅਨਪੜ੍ਹ, ਉਜੱਡ ਤੇ ਬੇਸਮਝ ਹਨ। ਮੁਸਲਮ ਲੀਗ ਨੇ ਓਥੇ ਜ਼ਹਿਰੀਲਾ ਪ੍ਰਚਾਰ ਕਰਕੇ ਉਹਨਾਂ ਨੂੰ ਭੜਕਾਉਣ ਵਿਚ ਕੋਈ ਕਸਰ ਨਾ ਛੱਡੀ। ਹਿੰਦੂ ਸਿੱਖਾਂ ਨੇ ਮਾਰਚ ਤੋਂ ਹੀ ਓਥੋਂ ਨਿਕਲਣਾ ਸ਼ੁਰੂ ਕਰ ਦਿੱਤਾ ਸੀ। ਅਗਸਤ ਤੱਕ ਉਹਨਾਂ ਦੀ ਅੱਧਿਓਂ ਬਹੁਤੀ ਗਿਣਤੀ ਹਿੰਦੁਸਤਾਨ ਆ ਚੁੱਕੀ ਸੀ। ਜਿਹੜੇ ਅਭਾਗੇ ਪਿੱਛੇ ਰਹਿ ਗਏ, ਉਹ ਮੁਸਲਮਾਨਾਂ ਦੇ ਕਹਿਰ ਦਾ ਨਿਸ਼ਾਨਾ ਬੁਰੀ ਤਰ੍ਹਾਂ ਬਣੇ। ਜਿੱਥੇ ਅਗਸਤ ਤੋਂ ਪਹਿਲਾਂ ਇਸ ਖ਼ਾਲਸ ਮੁਸਲਮ ਜ਼ਿਲ੍ਹੇ ਵਿਚ ਕੋਈ ਖ਼ਾਸ ਦੁਰਘਟਨਾ ਨਹੀਂ ਸੀ ਹੋਈ, ਓਥੇ ਅਗਸਤ ਦੇ ਅਖ਼ੀਰ ਵਿਚ ਉਹ ਅਤਿਆਚਾਰ ਹੋਏ, ਜਿਨ੍ਹਾਂ ਦੀ ਵਿਆਖਿਆ ਕਰਨੀ ਔਖੀ ਹੈ। ਰਾਵਲਪਿੰਡੀ ਤੋਂ ਆਉਂਦੀਆਂ ਗੱਡੀਆਂ 'ਤੇ ਹਮਲੇ

Sri Satguru Jagjit Singh Ji eLibrary NamdhariElibrary@gmail.com

ਕੀਤੇ ਗਏ, ਪਿੰਡ ਤੇ ਕਸਬੇ ਸਾੜੇ ਗਏ, ਮਾਲ ਲੁਟਿਆ ਗਿਆ, ਬੱਚੇ ਕੋਹੇ ਗਏ, ਇਸਤਰੀਆਂ ਨੂੰ ਨੰਗੀਆਂ ਕਰਕੇ ਜਲੂਸ ਕੱਢੇ ਗਏ ਤੇ ਹਜ਼ਾਰਾਂ ਦਾ ਧਰਮ ਖੋਹ ਕੇ ਛੁਰੇ ਦੇ ਜ਼ੋਰ ਮੁਸਲਮਾਨ ਬਣਾਏ ਗਏ। ਗੁਜਰਾਤ ਸ਼ਹਿਰ ਨਾਲ ਖਹਿ ਕੇ ਵਗਦੀ ਝਨਾਂ—ਜਿਹੜੀ ਕਦੇ ਇਕ ਸੁਹਲ ਕੁੜੀ ਦੇ ਰੁੜ੍ਹਨ ਨਾਲ ਬਦਨਾਮ ਹੋ ਚੁੱਕੀ ਸੀ—ਕਈ ਦਿਨ ਲੋਥਾਂ ਨਾਲ ਭਰ ਕੇ ਵਗਦੀ ਰਹੀ, ਜਿਨ੍ਹਾਂ ਵਿਚ ਸੈਂਕੜੇ ਸੋਹਣੀਆਂ ਦੇ ਸੈਂਕੜੇ ਮਹੀਂਵਾਲ ਰੁੜ੍ਹਦੇ ਜਾਂਦੇ ਸਨ। ਜਿਹੜਾ ਇਸ਼ਕ ਦਾ ਦਰਿਆ ਅਖਵਾਉਂਦਾ ਸੀ, ਉਹ ਮੌਤ ਦਾ ਵਹਿਣ ਬਣ ਗਿਆ।

ਗੁਜਰਾਤ ਦੇ ਉਜਾੜੇ ਪਿੱਛੋਂ ਉਸ ਦੇ ਕਸਬਿਆਂ ਤੇ ਪਿੰਡਾਂ ਦੀ ਵਾਰੀ ਆਈ। ਲਾਲਾ ਮੂਸਾ, ਪਿੰਡੀ ਭੱਟੀਆਂ, ਜਲਾਲਪੁਰ, ਜੱਟਾਂ ਆਦਿ ਕਸਬੇ ਜੀਅ ਖੋਲ੍ਹ ਕੇ ਲੁੱਟੇ ਤੇ ਫੂਕੇ ਗਏ। ਹਿੰਦੂ ਸਿੱਖਾਂ ਨੂੰ ਘਰੋਂ ਬੇਘਰ ਕਰਕੇ ਫਿਰ 'ਇਸਲਾਮ ਜਾਂ ਮੌਤ' ਵਾਲੀ ਸ਼ਰਤ ਸੁਣਾਈ ਗਈ। ਜਿਸ ਨੇ ਮੁਸਲਮਾਨ ਬਣਨੋਂ ਨਾਂਹ ਕੀਤੀ, ਉਸ ਨੂੰ ਛੁਰੇ, ਬਰਛੀ ਜਾਂ ਕੁਹਾੜੀ ਨਾਲ ਕਤਲ ਕੀਤਾ ਗਿਆ। ਏਥੇ ਅਨੋਖੇ ਢੰਗ ਨਾਲ ਹਿੰਦੂ ਸਿੱਖ ਦੇ ਪ੍ਰਾਣਾਂ ਦੀ ਕੀਮਤ ਪਾਈ ਗਈ। ਜਦ ਕੋਈ ਮਰਨ ਵਾਲਾ ਆਖਦਾ ਕਿ ਉਸ ਨੂੰ ਗੋਲੀ ਮਾਰ ਕੇ ਮਾਰਿਆ ਜਾਵੇ ਤਾਂ ਮੁਸਲਮਾਨਾਂ ਦਾ ਲੀਡਰ ਕਹਿੰਦਾ, 'ਇਕ ਕਾਫ਼ਰ ਦੀ ਜ਼ਿੰਦਗੀ ਨਾਲੋਂ ਗੋਲੀ ਦੀ ਕੀਮਤ ਵਧੇਰੇ ਹੈ। ਇਕ-ਇਕ ਕਾਫ਼ਰ ਬਦਲੇ ਇਕ-ਇਕ ਕਾਰਤੂਸ ਖ਼ਰਚ ਕਰਨ ਦਾ ਕੀ ਲਾਭ, ਜਦੋਂ ਕਿ ਇਕੋ ਛੁਰੇ ਨਾਲ ਸੈਂਕੜੇ ਕਾਫ਼ਰ ਹਲਾਲ ਕੀਤੇ ਜਾ ਸਕਦੇ ਹਨ।'

ਮੰਡੀ ਬਹਾਉੱਦੀਨ

ਮੰਡੀ ਬਹਾਉੱਦੀਨ ਵਿਚ ਹਿੰਦੂ ਸਿੱਖ ਬੜੀ ਸ਼ਾਨ ਨਾਲ ਰਹਿੰਦੇ ਸਨ। ਇਲਾਕੇ ਭਰ ਵਿਚ ਉਹ ਅਮੀਰ ਮੰਡੀ ਸੀ। ਮੁਸਲਮ ਨੈਸ਼ਨਲ ਗਾਰਡ ਤੇ ਪੁਲੀਸ ਨੇ ਹਜ਼ਾਰਾਂ ਮੁਸਲਮਾਨ ਨਾਲ ਲੈ ਕੇ ਉਸ ਉੱਤੇ ਹਮਲਾ ਕੀਤਾ। ਬਹੁਤ ਸਾਰੇ ਹਿੰਦੂ ਸਿੱਖ ਗੁਰਦੁਆਰੇ ਵਿਚ ਇਕੱਠੇ ਹੋ ਗਏ। ਏਥੇ ਹਮਲਾ ਹੋਇਆ ਤਾਂ ਟਾਕਰੇ ਵਿਚ ਕਈ ਸਿੱਖ ਵੈਰੀ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ। ਏਥੋਂ ਦੇ ਭਜਨੀਕ ਸੰਤ ਬਾਬਾ ਨਿਹਚਲ ਸਿੰਘ ਜੀ ਵੀ ਏਥੇ ਹੀ ਸ਼ਹੀਦ ਹੋਏ। ਬਲੋਚੀ ਫ਼ੌਜ ਨੇ ਆਪ ਗੋਲੀ ਚਲਾ ਕੇ ਸੈਂਕੜੇ ਆਦਮੀ ਮੌਤ ਦੇ ਘਾਟ ਉਤਾਰੇ। ਅੰਤ ਓਥੇ ੭੦-੮੦ ਹਜ਼ਾਰ ਦਾ ਕੈਂਪ ਬਣ ਗਿਆ। ਸਾਰਾ ਇਲਾਕਾ ਓਥੇ ਹੀ ਆਣ ਕੇ ਇਕੱਠਾ ਹੁੰਦਾ ਗਿਆ। ਇਸ ਕੈਂਪ ਵਿਚ ਬੇਘਰਾਂ ਨੂੰ ਜਿਨ੍ਹਾਂ ਔਖਿਆਂ ਕੀਤਾ ਗਿਆ, ਸ਼ਾਇਦ ਹੀ ਕਿਤੇ ਹੋਵੇ। ਪਿੱਛੋਂ ਸਹਿਜ-ਸਹਿਜ ਫ਼ੌਜੀ ਟਰੱਕਾਂ ਤੇ ਗੱਡੀਆਂ ਉੱਤੇ ਉਹਨਾਂ ਬਦਨਸੀਬਾਂ ਨੂੰ ਹਿੰਦ ਵਿਚ ਲਿਆਂਦਾ ਗਿਆ।

ਭਲਵਾਲ

ਭਲਵਾਲ ਵਿਚ ਉਦਾਲੇ ਦੇ ਪਿੰਡਾਂ ਦੇ ਬਹੁਤ ਸਾਰੇ ਹਿੰਦੂ ਸਿੱਖ ਆ ਗਏ ਸਨ। ੭-੮ ਹਜ਼ਾਰ ਲੁਟੇਰੇ ਮੁਸਲਮਾਨਾਂ ਨੇ ਉਨ੍ਹਾਂ ਉੱਤੇ ਹਮਲਾ ਕੀਤਾ। ਸਿੱਖਾਂ ਨੇ ਇਹ ਜਾਣਦਿਆਂ ਹੋਇਆਂ ਵੀ ਕਿ ਸਾਡੀ ਗਿਣਤੀ ਆਟੇ ਵਿਚ ਲੂਣ ਵਾਂਗ ਹੈ, ਅੱਗੋਂ ਡੱਟ ਕੇ ਟਾਕਰਾ ਕੀਤਾ। ਨਤੀਜੇ ਵਜੋਂ ਦੋ ਕੁ ਸੌ

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ ਮਾਰਿਆ ਗਿਆ। ਅੰਤ ਵਲ ਮਿਰ ਜਹਾਨ ਸ਼ਾਹ ਐਸ. ਏ. ਦੀ ਬੁਲਾਈ ਹੋਈ ਮੁਸਲਮ ਫ਼ੌਜ ਆ ਗਈ, ਜਿਸ ਕਰਕੇ ਉਹਨਾਂ ਦੀ ਤਾਕਤ ਵੱਧ ਗਈ। ਇਸ ਘਮਸਾਨ ਵਿਚ ਬਾਰਾਂ ਕੁ ਸੌ ਸਿੱਖ ਕਤਲ ਹੋਏ। ਕੁਝ ਹਿੰਦੂ ਮੁਸਲਮਾਨ ਬਣਾ ਲਏ ਗਏ।

ਘਣੀਆਂ

ਪਿੰਡ ਘਣੀਆਂ ਵਾਲੇ ਸਿੱਖਾਂ ਨੇ ਬਹਾਦਰੀ ਵਾਲੀ ਹੱਦ ਕਰ ਵਿਖਾਈ। ਜਦ ਉਸ ਪਿੰਡ ਨੂੰ ਘੇਰਾ ਪਾ ਕੇ ਹਿੰਦੂ ਸਿੱਖਾਂ ਨੂੰ ਮੁਸਲਮਾਨ ਬਣਨ ਵਾਸਤੇ ਕਿਹਾ ਗਿਆ ਤਾਂ ਕੁਝ ਸਿੱਖ ਘਰਾਣਿਆਂ ਨੇ ਆਪਣੇ ਪੁਰਾਣੇ ਸ਼ਹੀਦਾਂ ਦੀ ਕੀਰਤੀ ਨੂੰ ਦੁਹਰਾਉਣ ਦੀ ਧਾਰ ਲਈ। ਉਹ ਕੁਝ ਸਮੇਂ ਦੀ ਮੁਹਲਤ ਲੈ ਕੇ ਘਰੋ ਘਰੀ ਗਏ। ਉਹ ਸੋਚਣ ਲੱਗੇ : 'ਆਤਮਘਾਤ ਕਰਨਾ ਪਾਪ ਹੈ, ਪਰ ਅਣਖ ਤੇ ਧਰਮ ਤਿਆਗਣ ਨਾਲੋਂ ਵੱਡਾ ਨਹੀਂ।' ਸਾਡੇ ਵੱਡੇ ਦੇਗਾਂ ਵਿਚ ਉਬਲੇ, ਲੋਹਾਂ 'ਤੇ ਸੜੇ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚੀਰੇ ਗਏ ਤਾਂ ਅਸੀਂ ਕਿਹੜੀ ਕੁਰਬਾਨੀ ਨਹੀਂ ਕਰ ਸਕਦੇ ?' ਛੋਟਿਆਂ-ਛੋਟਿਆਂ ਬੱਚਿਆਂ ਤੱਕ ਉਹ ਸਾਰਾ ਪਰਿਵਾਰ ਉਦਾਲੇ ਕੱਪੜੇ ਵਲੇਟ ਕੇ ਆਪਣੇ ਹੱਥੀਂ ਅੱਗ ਲਾ ਕੇ ਜਿਉਂਦੇ ਸੜ ਮਰੇ ਜਾਂ ਪਿੱਛੋਂ ਮੁਸਲਮਾਨ ਉਹਨਾਂ ਨੂੰ ਦੁਬਾਰਾ ਫੜ ਕੇ ਲਿਆਉਣ ਵਾਸਤੇ ਗਏ ਤਾਂ ਉਹ ਪਾਕਿਸਤਾਨ ਦੀ ਬਾਲੀ ਹੋਈ ਅੱਗ ਵਿਚ ਜਿਊਂਦੇ ਸੜ ਰਹੇ ਸਨ।

ਪਿੰਡੀ ਭੱਟੀਆਂ ਤੇ ਹੋਰ ਕਈ ਕਸਬਿਆਂ ਵਿਚ ਨੰਗੀਆਂ ਹਿੰਦੂ ਦੇਵੀਆਂ ਦੇ ਜਲੂਸ ਕੱਢੇ ਗਏ, ਜਿਨ੍ਹਾਂ ਵਲ ਵੇਖ ਕੇ ਮੁਸਲਮ ਲੀਗੀ ਲੀਡਰ, ਮੁਲਾਣੇ ਤੇ ਸਿਪਾਹੀ—ਸ਼ਰਮ ਨਾਲ ਸਿਰ ਨੀਵਾਂ ਕਰਨ ਦੀ ਥਾਂ ਖ਼ੁਸ਼ੀ ਨਾਲ ਹੱਸਦੇ ਸਨ ਤੇ 'ਅੱਲਾਹੂ ਅਕਬਰ' ਤੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਸਨ।

ਜ਼ਿਲ੍ਹਾ ਜੇਹਲਮ

ਇਸ ਦਾ ਬਹੁਤ ਸਾਰਾ ਇਲਾਕਾ, ਖ਼ਾਸ ਕਰ ਤਹਿਸੀਲ ਚਕਵਾਲ, ਤਾਂ ਮਾਰਚ ਦੇ ਫ਼ਸਾਦਾਂ ਦੀ ਭੇਟ ਹੋ ਚੁੱਕਾ ਸੀ। ਬਾਕੀ ਰਿਹਾ ਜਿਹਲਮ ਸ਼ਹਿਰ, ਉਸ ਨੂੰ ਓਦੋਂ ਤਾਂ ਡਿਸਟ੍ਰਿਕਟ ਮੈਜਿਸਟਰੇਟ ਸ. ਬਲਵੰਤ ਸਿੰਘ 'ਨਲਵਾ' ਨੇ ਬਚਾ ਲਿਆ, ਪਰ ਪਾਕਿਸਤਾਨ ਬਣਨ ਉੱਤੇ ਜਦ ਨਿਰੋਲ ਮੁਸਲਮਾਨ ਅਫ਼ਸਰ ਹੀ ਰਹਿ ਗਏ ਤਾਂ ਫੇਰ ਬਚਾਉਣ ਵਾਲਾ ਕੌਣ ਸੀ ? ੩੦ ਅਗਸਤ ਨੂੰ ਸ਼ਹਿਰ ਵਿਚ ਛੁਰੇ-ਬਾਜ਼ੀ ਸ਼ੁਰੂ ਹੋ ਗਈ। ਰੋਜ਼ ਹੀ ਕੋਈ ਨਾ ਕੋਈ ਦੁਰਘਟਨਾ ਹੋ ਜਾਂਦੀ। ੨੩ ਸਤੰਬਰ ਨੂੰ ਹਾਲਾਤ ਢੇਰ ਵਿਗੜ ਗਏ। ਸਾਰੀ ਰਾਤ ਤੇ ਅਗਲਾ ਦਿਨ ਨਾਅਰੇ ਲੱਗਦੇ ਰਹੇ ਤੇ ਹਥਿਆਰਬੰਦ ਮੁਸਲਮਾਨ ਗਲੀਆਂ ਵਿਚ ਭੱਜੇ ਫਿਰਦੇ ਰਹੇ। ੨੫ ਨੂੰ ਬਲੋਚੀ ਫ਼ੌਜ ਤੇ ਪੁਲੀਸ ਨੂੰ ਨਾਲ ਲੈ ਕੇ ਹਜ਼ਾਰਾਂ ਮੁਸਲਮ ਲੁਟੇਰਿਆਂ ਨੇ ਸ਼ਹਿਰ ਉੱਤੇ ਹਮਲਾ ਕਰ ਦਿੱਤਾ। ਮਹੱਲਾ ਗੋਬਿੰਦਪੁਰ ਵਾਲਿਆਂ ਹਿੰਦੂਆਂ ਸਿੱਖਾਂ ਨੇ ਬਲਵਈਆਂ ਦਾ ਅੱਗੋਂ ਗੋਲੀਆਂ ਨਾਲ ਸਵਾਗਤ ਕੀਤਾ, ਜਿਸ ਨਾਲ ਦੋ ਪੁਲਸੀਏ, ਇਕ ਫ਼ੌਜੀ ਬਲੋਚ ਤੇ ਕੁਝ ਮੁਸਲਮਾਨ ਲੁਟੇਰੇ ਮਾਰੇ ਗਏ। ਫਿਰ ਤਾਂ ਬਲੋਚ ਮਿਲਟਰੀ ਨੇ ਅੰਧਾ-

Sri Satguru Jagjit Singh Ji eLibrary NamdhariElibrary@gmail.com

ਧੂਪ ਗਲੀ ਚਲਾਉਣੀ ਆਰੰਭ ਦਿੱਤੀ। ਘੜੀਆਂ ਪਲਾਂ ਵਿਚ ਸਾਰੇ ਸ਼ਹਿਰ ਅੰਦਰ ਹਾਹਾਕਾਰ ਮਚ ਗਈ। ਵਸਦਾ ਸ਼ਹਿਰ ਉਜਾੜ ਦਿੱਤਾ ਗਿਆ। ਕੁਝ ਮਕਾਨਾਂ ਨੂੰ ਅੱਗ ਵੀ ਲਾਈ ਗਈ। ਨਤੀਜੇ ਵਜੋਂ ੨੫-੩੦ ਮੁਸਲਮਾਨ ਤੇ ੭੦੦ ਹਿੰਦੂ ਸਿੱਖ ਮਾਰੇ ਗਏ। ਬਾਕੀਆਂ ਨੂੰ ਫ਼ੌਜ ਦੀ ਰਾਖੀ ਅੰਦਰ ਕੈਂਪ ਵਿਚ ਇਕੱਠਿਆਂ ਕਰ ਲਿਆ ਗਿਆ। ਕੁਝ ਹਿੰਦੂ ਮਹੱਲਿਆਂ ਵਿਚੋਂ ਫੜ ਕੇ ਕੈਦੀ ਬਣਾ ਲਏ ਗਏ, ਜਿਨ੍ਹਾਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਲਿਆ ਗਿਆ।

ਪਿੰਡ ਦਾਦਨ ਖ਼ਾਂ

ਰਹਿੰਦੇ ਪਿੰਡਾਂ ਦੀ ਵਾਰੀ ਆਈ ਤਾਂ ਰਾਵਲਪਿੰਡੀ ਦੇ ਇਲਾਕੇ ਵਾਲਾ ਹੀ ਹਾਲ ਕੀਤਾ ਗਿਆ। ਪਿੰਡ ਦਾਦਨ ਖ਼ਾਂ ਵਿਚੋਂ ਅੱਧ ਤੋਂ ਵੱਧ ਹਿੰਦੂ ਵਸੋਂ ਮੌਤ ਦੇ ਘਾਟ ਉਤਾਰੀ ਗਈ। ਸਾਰਾ ਸ਼ਹਿਰ ਲੁੱਟਿਆ ਗਿਆ ਤੇ ਚੰਗੇ-ਚੰਗੇ ਮਕਾਨ ਅਗਨ ਭੇਟ ਕੀਤੇ ਗਏ। ਏਹਾ ਹਾਲ ਚਕਵਾਲ ਦਾ ਹੋਇਆ। ਸਤੰਬਰ ਚੜ੍ਹਦਿਆਂ ਹੀ ਉਸ ਕਸਬੇ ਦੇ ਭਾਅ ਦੀ ਕਿਆਮਤ ਆ ਗਈ।

ਚਕਵਾਲ

ਹਿੰਦੂਆਂ ਦੇ ਘਰ ਸਾੜ ਦਿੱਤੇ, ਆਦਮੀ ਕਤਲ ਕੀਤੇ ਤੇ ਦੇਵੀਆਂ ਦੀ ਬੇਪਤੀ ਕੀਤੀ ਗਈ। ਇਸੇ (ਪਿੰਡ ਦਾਦਨ ਖ਼ਾਂ) ਤਹਿਸੀਲ ਵਿਚ ਪਿੰਡ ਵਹਾਲੀ ਦਾ ਬੁਰਾ ਹਾਲ ਕੀਤਾ ਗਿਆ। ਕੀਮਤੀ ਸਾਮਾਨ ਲੁੱਟਣ ਪਿੱਛੋਂ ਹਿੰਦੂਆਂ ਸਿੱਖਾਂ ਨੂੰ ਉਹਨਾਂ ਦੇ ਘਰਾਂ ਦੇ ਅੰਦਰ ਬੰਦ ਕਰਕੇ ਮਕਾਨਾਂ ਨੂੰ ਅੱਗਾਂ ਲਾਈਆਂ ਗਈਆਂ। ਇਸ ਤਰ੍ਹਾਂ ਉਹ ਬੇਦੋਸ਼ੇ ਜਿਊਂਦੇ ਸਾੜੇ ਗਏ। ਇਸ ਜ਼ਿਲ੍ਹੇ ਵਿਚ

ਵਹਾਲੀ

ਇਕ ਥਾਂ ਨਹੀਂ, ਅਨੇਕਾਂ ਪਿੰਡਾਂ ਵਿਚ ਜਿਊਂਦੇ ਆਦਮੀ ਸਾੜੇ ਗਏ। ਕਟਾਸ ਰਾਜ ਦੇ ਸੰਤ ਕੱਪੜਿਆਂ 'ਤੇ ਤੇਲ ਛਿੜਕ ਕੇ ਫੂਕ ਦਿੱਤੇ ਗਏ। ਹਿੰਦੂ ਸਿੱਖ ਦੇਵੀਆਂ ਨੂੰ ਨੰਗੀਆਂ ਕਰਕੇ ਪਿੰਡ ਪਿੰਡ ਫੇਰਿਆ ਗਿਆ ਤੇ ਮਹਿਫ਼ਲਾਂ ਵਿਚ ਨਚਾਇਆ ਗਿਆ। ਜੋ ਜੋ ਕੁਝ ਏਥੇ ਹੋਇਆ, ਉਸ ਦਾ ਪੂਰਾ ਵਰਣਨ ਕਰਨ ਦੀ ਕਿਸੇ ਵਿਚ ਵੀ ਹਿੰਮਤ ਨਹੀਂ, ਨਾ ਹੀ ਸਭਿਅਤਾ ਉਸ ਦੀ ਆਗਿਆ ਦੇਂਦੀ ਹੈ।

ਜ਼ਿਲ੍ਹਾ ਰਾਵਲਪਿੰਡੀ

ਇਸ ਜ਼ਿਲ੍ਹੇ ਵਿਚ—ਸ਼ਹਿਰ ਰਾਵਲਪਿੰਡੀ ਨੂੰ ਛੱਡ ਕੇ—ਹੋਰ ਕੋਈ ਥਾਂ ਰਹਿ ਹੀ ਨਹੀਂ ਸੀ ਗਿਆ, ਜਿਸ ਦੇ ਉਜਾੜਨ ਦੀ ਹੁਣ ਲੋੜ ਪੈਂਦੀ। ਮਾਰਚ ਦੇ ਫ਼ਸਾਦਾਂ ਵਿਚ ਹੀ ਇਥੋਂ ਦਾ ਖ਼ਾਤਮਾ ਹੋ ਗਿਆ ਸੀ। ਸ਼ਹਿਰ ਦਾ ਵੀ ਓਦੋਂ ਹੀ ਸਫ਼ਾਇਆ ਹੋ ਜਾਂਦਾ, ਪਰ ਓਥੋਂ ਦੇ ਹਿੰਦੂ ਸਿੱਖਾਂ ਨੇ ਆਪਣੀ ਹਿੰਮਤ ਨਾਲ ਉਸ ਨੂੰ ਬਚਾਈ ਰੱਖਿਆ ਸੀ। ਪਾਕਿਸਤਾਨ ਬਣ ਜਾਣ ਪਿੱਛੋਂ ਹਾਲਤ ਅਸਲੋਂ ਬਦਲ ਗਈ। ੨੦ ਅਗਸਤ ਤੋਂ ਪਿੱਛੋਂ ਬਾਜ਼ਾਰਾਂ ਵਿਚ ਛੁਰੇ ਵੱਜਣ ਲੱਗ ਪਏ। ਸਤੰਬਰ ਚੜ੍ਹੇ ਤੋਂ ਰਹਿੰਦੇ ਹਿੰਦੂ ਸਿੱਖ ਵੀ ਸ਼ਹਿਰ ਛੱਡ ਕੇ ਨਿਕਲਣ ਲੱਗ ਪਏ। ਆਪੋ ਆਪਣੇ ਮਹੱਲਿਆਂ ਵਿਚ ਬੈਠੇ ਹਿੰਦੂ ਸਿੱਖਾਂ ਦਾ ਮੁਸਲਮਾਨ ਕੁਝ ਨਹੀਂ ਵਿਗਾੜ ਸਕੇ ਸਨ, ਹੁਣ ਉਹਨਾਂ ਜਾਂਦਿਆਂ ਉੱਤੇ ਹਮਲੇ ਕਰਨ ਲੱਗ ਪਏ। ਕਈ ਥਾਈਂ ਟਰੱਕਾਂ ਤੇ

ਗੱਡੀਆਂ ਉਤੇ ਧਾਵੇ ਕਰਕੇ ਲੁਟੇਰਿਆਂ ਨੇ ਕੁਝ ਮਾਲੀ ਤੇ ਜਾਨੀ ਨੁਕਸਾਨ ਕੀਤਾ; ਪਰ ਜੋ ਬੁਰਾ ਹਾਲ ਇਲਾਕੇ ਦਾ ਹੋਇਆ ਸੀ, ਉਸ ਜ਼ੁਲਮ ਤੋਂ ਸ਼ਹਿਰ ਵਾਲੇ ਬਚੇ ਰਹੇ। ਸਹਿਜ-ਸਹਿਜ ਸਾਰਾ ਸ਼ਹਿਰ ਖ਼ਾਲੀ ਹੋ ਗਿਆ।

ਜ਼ਿਲ੍ਹਾ ਕੈਮਲਪੁਰ ਤੇ ਅਟਕ

ਰਾਵਲਪਿੰਡੀ ਵਾਲਾ ਹੀ ਹਾਲ ਇਹਨਾਂ ਜ਼ਿਲ੍ਹਿਆਂ ਦਾ ਸਮਝੋ। ਓਥੋਂ ਦੇ ਸੈਂਕੜੇ ਪਿੰਡ ਅਗਸਤ ਤੋਂ ਪਹਿਲਾਂ-ਪਹਿਲਾਂ ਹੀ ਥੇਹ ਕਰ ਦਿੱਤੇ ਗਏ ਸਨ। ਜਿਹੜੇ ਬਾਕੀ ਬਚੇ, ਉਹਨਾਂ ਦੀ ਵਾਰੀ ਪਾਕਿਸਤਾਨ ਦੇ ਐਲਾਨ ਪਿਛੋਂ ਆ ਗਈ। ਮਸੁਲਮਾਨਾਂ ਨੂੰ ਭੜਕਾਂਦੇ ਰਹਿੰਦੇ ਅਤੇ ਹਿੰਦੂ ਸਿੱਖਾਂ ਦਾ ਨਾਸ ਕਰਾਉਣ ਵਿਚ ਪੂਰਾ ਤਾਣ ਲਾਇਆ। ਕੀ ਸ਼ਹਿਰਾਂ ਵਿਚ ਤੇ ਕੀ ਪਿੰਡਾਂ ਵਿਚ ਹਿੰਦੂ ਸਿੱਖਾਂ ਦੇ ਘਰ ਪੁੱਜ ਕੇ ਲੁਟੇ ਤੇ ਸਾੜੇ ਗਏ। ਸੈਂਕੜੇ ਬੇਗੁਨਾਹ ਸਦਾ ਦੀ ਨੀਂਦੇ ਸੁਆਏ ਗਏ। ਥੋੜ੍ਹੇ ਹੀ ਕੇਵਲ ਜਾਨਾਂ ਲੈ ਕੇ ਵਾਹ ਕੈਂਪ ਵਿਚ ਪੁੱਜੇ, ਜੋ ਪਿਛੋਂ ਸਹਿਜ-ਸਹਿਜ ਹਿੰਦੁਸਤਾਨ ਲਿਆਂਦੇ ਗਏ।

ਗੁਰਦੁਆਰਾ ਪੰਜਾ ਸਾਹਿਬ ਦੀ ਬੇਅਦਬੀ ਕਰਨ ਵਾਸਤੇ ਮੁਸਲਮਾਨ ਹੱਲੇ ਕਰ-ਕਰ ਆਉਂਦੇ ਰਹੇ, ਪਰ ਰਹਿੰਦੇ ਦਮ ਤਕ ਸਿੱਖਾਂ ਨੇ ਉਸ ਦੀ ਰਾਖੀ ਕੀਤੀ। ਅੰਤ ਦੀ ਵਾਰ ਸਮੇਂ ਦੇ ਗੇੜ ਦੇ ਮਾਰੇ ਹੋਏ (ਕਿਸੇ ਚੰਗੇ ਸਮੇਂ ਦੀ ਉਡੀਕ ਵਿਚ) ਪ੍ਰਾਣਾਂ ਤੋਂ ਪਿਆਰੇ ਗੁਰਦੁਆਰੇ ਨੂੰ ਛੱਡ ਕੇ ਉਹ ਹਿੰਦੁਸਤਾਨ ਆ ਗਏ। ਪੰਜਾ ਸਾਹਿਬ ਦੀ ਪਵਿੱਤਰ ਧਰਤੀ ਅਜ ਵੀ ਸਿੱਖਾਂ ਦੀ ਉਡੀਕ ਕਰ ਰਹੀ ਹੈ ਤੇ ਪਤਾ ਨਹੀਂ ਅਜੇ ਕਿੰਨਾ ਚਿਰ ਉਸ ਨੂੰ ਉਡੀਕ ਕਰਨੀ ਪਵੇਗੀ।

ਜ਼ਿਲ੍ਹਾ ਮੀਆਂਵਾਲੀ

੧੫ ਅਗਸਤ ਤਕ ਇਸ ਜ਼ਿਲ੍ਹੇ ਵਿਚ ਬਿਲਕੁਲ ਅਮਨ ਰਿਹਾ। ਪੰਜ ਫ਼ੀਸਦੀ ਹਿੰਦੂ ਸਿੱਖ ਆਪਣੇ ਘਰਾਂ ਵਿਚ ਸ਼ਾਂਤੀ ਨਾਲ ਵਸਦੇ ਰਹੇ। ਓਥੋਂ ਦੇ ਆਮ ਮੁਸਲਮਾਨਾਂ ਦੇ ਵਰਤਾਓ ਤੋਂ ਤਾਂ ਸਿੱਧ ਹੁੰਦਾ ਸੀ ਕਿ ਓਥੇ ਫਿਰ ਵੀ ਅਮਨ ਹੀ ਰਹੇਗਾ, ਪਰ ਲੀਗੀ ਲੀਡਰਾਂ ਨੇ ਰਹਿਣ ਨਾ ਦਿੱਤਾ। ਮਿਸਟਰ ਨਿਆਜ਼ੀ ਐਮ. ਐਲ. ਏ. ਆਪ ਅੱਗੇ ਲੱਗਾ। ਉਹਨੇ ਅਨਭੋਲ ਮੁਸਲਮਾਨਾਂ ਨੂੰ ਮਜ਼੍ਹਬ ਦੇ ਨਾਂ ਉੱਤੇ ਭੜਕਾ ਕੇ ਹਿੰਦੂ ਸਿੱਖਾਂ ਦੀ ਤਬਾਹੀ ਵਾਸਤੇ ਤਿਆਰ ਕਰ ਲਿਆ। ਚਲ੍ਹਦੇ ਸਤੰਬਰ ਹੀ ਇਹ ਕੰਮ ਆਰੰਭ ਕਰ ਦਿੱਤਾ ਗਿਆ। ਮੀਆਂਵਾਲੀ ਸ਼ਹਿਰ ਵਿਚੋਂ ਸਭ ਹਿੰਦੂ ਸਿੱਖਾਂ ਦੇ ਘਰ ਲੁੱਟੇ ਤੇ ਸਾੜੇ ਗਏ। ਬਹੁਤ ਸਾਰੇ ਬਦਨਸੀਬ ਛੁਰਿਆਂ ਦਾ ਸ਼ਿਕਾਰ ਹੋਏ ਤੇ ਕੁਝ ਬੇ-ਘਰ ਹੋ ਕੇ ਸੱਖਣੇ ਹੱਥੀਂ ਹਿੰਦੁਸਤਾਨ ਵਿਚ ਆ ਸਕੇ। ਬਾਕੀ ਗੱਲ ਰਹੀ ਪਿੰਡਾਂ ਦੀ, ਓਥੇ ਵੀ ਬਾਕੀ ਥਾਵਾਂ ਨਾਲੋਂ ਘੱਟ ਨਾ ਗੁਜ਼ਰੀ।

ਅਜੇ ੪ ਸਤੰਬਰ ਦਾ ਸੂਰਜ ਚੜ੍ਹਿਆ ਨਹੀਂ ਸੀ, ਜਦੋਂ ਪੰਜ ਕੁ ਹਜ਼ਾਰ ਮੁਸਲਮਾਨਾਂ ਨੇ ਕਸਬੇ ਨੂੰ ਘੇਰਾ ਪਾ ਲਿਆ। ਆਉਂਦਿਆਂ ਹੀ ਉਹਨਾਂ ਫ਼ਾਇਰ ਕਰਨੇ ਸ਼ੁਰੂ ਕਰ ਦਿੱਤੇ। ਅਵਾਜ਼ ਸੁਣ ਕੇ ਕੁਝ ਲੋਕ ਬਾਹਰ ਨੂੰ ਭੱਜੇ, ਜੋ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤੇ ਗਏ। ਅੰਦਰ ਵੜਦਿਆਂ ਹੀ ਉਹਨਾਂ ਘਰ ਲੁੱਟਣੇ ਤੇ

ਸਾੜਨ ਆਰੰਭ ਕਿਤਾ। ਜਿਸ ਨੇ ਮੁਸਲਮਾਨ ਹੋਣ ਨਾਂਹ ਕੀਤੀ, ਉਹਨੂੰ ਜਿਊਂਦੇ ਨੂੰ ਬਲਦੀ ਅੱਗ ਵਿਚ ਸੁੱਟ ਕੇ ਸਾੜ ਦਿੱਤਾ। ਆਫ਼ਰੀਨ ਹੈ ਉਹਨਾਂ ਧਰਮ-ਪਾਲਕਾਂ ਦੇ! ਇਕ-ਇਕ ਨੂੰ ਵੈਰੀ 'ਮੌਤ ਜਾਂ ਇਸਲਾਮ' ਵਿਚੋਂ ਇਕ ਚੀਜ਼ ਚੁਣਨ ਵਾਸਤੇ

ਕੁੰਦੀਆਂ

ਕਹਿੰਦੇ ਤੇ ਅੱਗੋਂ ਨਾਂਹ ਕਰਨ ਉੱਤੇ ਅੱਗ ਵਿਚ ਸੁੱਟ ਦੇਂਦੇ। ਪਰ ਇਕ ਨੂੰ ਸਾਹਮਣੇ ਅੱਗ ਵਿਚ ਭੁੱਜਦਾ ਵੇਖ ਕੇ ਦੂਜਾ ਧਰਮ ਉਤੋਂ ਕੁਰਬਾਨ ਹੋਣ ਵਾਸਤੇ ਤਿਆਰ ਹੋ ਜਾਂਦਾ। ਇਸ ਤਰ੍ਹਾਂ ਨਿੱਕੇ ਵੱਡੇ ਸੌ ਸਵਾ ਸੌ ਹਿੰਦੂ ਸਿੱਖ ਜਿਊਂਦੇ ਸਾੜ ਕੇ 'ਪਾਕਿਸਤਾਨ' ਦੀਆਂ ਖੁਸ਼ੀਆਂ ਮਨਾਈਆਂ ਗਈਆਂ। ਇਹੋ

ਹਰਨੋਲੀ

ਹਾਲ ਹਰਨੋਲੀ ਦਾ ਹੋਇਆ। ਕਹਿਰੀ ਮੁਸਲਮਾਨਾਂ ਤੋਂ ਆਪਣੀ ਪਤ ਬਚਾਉਣ ਬਦਲੇ ਦੇਵੀਆਂ ਨੇ ਖੂਹ ਭਰ ਦਿੱਤੇ। ਦਰੀਆ ਖ਼ਾਨ, ਈਸਾ ਖ਼ੇਲ, ਦਾਊਦ ਖ਼ੇਲ ਆਦਿ ਥਾਵਾਂ ਨੂੰ ਉਜਾੜਨ ਤੇ ਸਾੜਨ ਵਿਚ ਵੀ ਕੋਈ ਕਸਰ ਨਾ ਛੱਡੀ ਗਈ। ਸ਼ਾਇਦ ਹੀ ਕੋਈ ਪਿੰਡ ਜਾਂ ਕਸਬਾ ਹੋਊ, ਜਿਥੇ ਕਿਸੇ ਬੇਗੁਨਾਹ ਦਾ ਲਹੂ ਨਾ ਡੁੱਲ੍ਹਿਆ ਹੋਵੇ। ਮਿਸਟਰ ਨਿਆਜ਼ੀ ਤੇ ਅਜੇਹੇ ਕਈ ਹੋਰ ਲੀਡਰ ਆਪ ਅੱਗੇ ਲੱਗ ਕੇ ਸਭ ਕੁਝ ਕਰਾ ਰਹੇ ਸਨ। ਸਾਰੇ ਜ਼ਿਲ੍ਹੇ ਵਿਚ ਦਸ ਹਜ਼ਾਰ ਦੇ ਅੰਦਰ ਬਾਹਰ ਹਿੰਦੂ ਸਿੱਖ ਮਾਰੇ ਗਏ।

ਜ਼ਿਲ੍ਹਾ ਮੁਜ਼ੱਫਰਗੜ੍ਹ ਤੇ ਡੇਹਰਾ ਗ਼ਾਜ਼ੀ ਖ਼ਾਂ

ਇਹ ਦੋਵੇਂ ਜ਼ਿਲ੍ਹੇ ਨਿਰੋਲ ਮੁਸਲਮਾਨੀ ਵੱਸੋਂ ਦੇ ਹਨ। ਹਿੰਦੂ ਵੱਸੋਂ ਨਾਂ ਮਾਤਰ (੪ ਫ਼ੀਸਦੀ) ਹੀ ਸੀ। ੧੫ ਅਗਸਤ ਤੋਂ ਪਹਿਲਾਂ ਦੋਹਾਂ ਥਾਵਾਂ 'ਤੇ ਅਮਨ ਰਿਹਾ। ਮਾਰਚ ਦੇ ਫ਼ਸਾਦਾਂ—ਖ਼ਾਸ ਕਰ ਮੁਲਤਾਨ ਤੇ ਰਾਵਲਪਿੰਡੀ ਵਿਚ ਖੇਡੀ ਗਈ ਖ਼ੂਨੀ ਹੋਲੀ—ਨੇ ਓਥੋਂ ਦੇ ਹਿੰਦੂਆਂ ਨੂੰ ਭੈ-ਭੀਤ ਜ਼ਰੂਰ ਕਰ ਦਿੱਤਾ ਸੀ। ਸੋ ਹਿੰਦੂ ਸਿੱਖਾਂ ਵਿਚੋਂ ਮਾਲਦਾਰ ਬੰਦੇ ਅਗਸਤ ਤੋਂ ਪਹਿਲਾਂ ਹੀ ਹਿੰਦੁਸਤਾਨ ਆ ਗਏ ਸਨ। ਜਿਹੜੇ ਮੁਸਲਮਾਨਾਂ ਦੀਆਂ ਤਸੱਲੀਆਂ ਉੱਤੇ ਭਰੋਸਾ ਕਰਕੇ ਓਥੇ ਬੈਠੇ ਰਹਿ ਗਏ, ਓਹ ਬਲੋਚੀ ਫ਼ੌਜ ਦੇ ਕਹਿਰ ਦਾ ਸ਼ਿਕਾਰ ਹੋ ਗਏ। ਪਾਕਿਸਤਾਨ ਦਾ ਜਨਮ ਹੁੰਦਿਆਂ ਹੀ ਮੁਸਲਮਾਨਾਂ ਨੇ ਅੱਖਾਂ ਫੇਰ ਲਈਆਂ ਤੇ ਸ਼ਹਿਰਾਂ ਵਿਚ ਛੁਰੇਬਾਜ਼ੀ ਸ਼ੁਰੂ ਕਰ ਦਿੱਤੀ। ਮੁਜ਼ੱਫਰਗੜ੍ਹ ਤੇ ਡੇਹਰਾ ਗ਼ਾਜ਼ੀ ਖ਼ਾਂ ਦੋਵੇਂ ਜ਼ਿਲ੍ਹਿਆਂ ਦੇ ਸਦਰ ਮੁਕਾਮ ਸਨ।

ਦੋਹਾਂ ਉੱਤੇ ਸ਼ਹਿਰ ਦੇ ਤੇ ਇਲਾਕੇ ਦੇ ਮੁਸਲਮਾਨ ਰਲ ਕੇ ਟੁੱਟ ਪਏ। ਹਿੰਦੂਆਂ ਸਿੱਖਾਂ ਦੇ ਸਾਰੇ ਘਰ ਲੁੱਟ ਲਏ ਤੇ ਪਿੱਛੋਂ ਕੁਝ ਮਕਾਨ ਸਾੜ ਵੀ ਦਿੱਤੇ ਗਏ। ਜਿਨ੍ਹਾਂ ਮੁਸਲਮਾਨ ਹੋਣਾ ਮੰਨ ਲਿਆ, ਕੇਵਲ ਉਹਨਾਂ ਦੀ ਜਾਨ ਬਖ਼ਸ਼ੀ, ਬਾਕੀ ਸਭ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਹ ਜ਼ੁਲਮ ਦੀ ਲਹਿਰ ਕੇਵਲ ਦੋਹਾਂ ਵੱਡਿਆਂ ਸ਼ਹਿਰਾਂ ਤਕ ਹੀ ਨਾ ਰੁਕੀ, ਸਗੋਂ ਇਲਾਕੇ ਦੇ ਪਿੰਡਾਂ ਤੇ ਕਸਬਿਆਂ ਤਕ ਵੀ ਜਾ ਅਪੜੀ। ਕਈ ਥਾਵਾਂ 'ਤੇ ਤਾਂ ਜ਼ੁਲਮ ਵਾਲੀ ਹੱਦ ਕਰ ਦਿੱਤੀ ਗਈ। ਬੱਚਿਆਂ, ਇਸਤ੍ਰੀਆਂ ਤੇ ਮਰਦਾਂ ਨੂੰ ਮਿੱਟੀ ਦਾ ਤੇਲ ਪਾ ਕੇ ਜਿਊਂਦਿਆਂ ਸਾੜ ਦਿੱਤਾ (ਜਿਵੇਂ ਮੋਚੀ ਵਾਲਾ ਵਿਚ) ਜੋ ਸਲੂਕ ਇਸਤ੍ਰੀਆਂ ਨਾਲ ਕੀਤਾ ਗਿਆ, ਉਸ ਨੂੰ ਤਾਂ

ਕਈ। ਇਜ਼ਤ ਵਾਲਾ ਕੋਹ ਸੁਣ ਵੀ ਨਹੀ ਸਕਦਾ। ਹਜ਼ਾਰਾਂ ਬੰਦੇ ਧੱਕੇ ਨਾਲ ਮੁਸਲਮਾਨ ਬਣਾਏ ਗਏ।

ਹੁਣ ਸਮੁੱਚੇ ਤੌਰ' ਤੇ ਪੱਛਮੀ ਪੰਜਾਬ 'ਤੇ ਕੁਝ ਸਤਰਾਂ ਲਿਖ ਕੇ ਇਸ ਖ਼ੂਨੀ ਡਰਾਮੇ ਦੀ ਕਥਾ ਬੰਦ ਕਰਦੇ ਹਾਂ। ਇਕ ਗੱਲ ਅਸੀਂ ਥਾਂ ਪੁਰ ਥਾਂ ਲਿਖਣੋਂ ਜਾਣ ਬੁਝ ਕੇ ਛੱਡ ਗਏ ਹਾਂ ਕਿਉਂਕਿ ਇਲਾਕਾਵਾਰ ਲਿਖਣ ਦੀ ਕੌਮੀ ਅਣਖ ਨੇ ਆਗਿਆ ਨਹੀਂ ਦਿੱਤੀ। ਪੱਛਮੀ ਪੰਜਾਬ ਵਿਚ ਅੱਸੀ-ਨੱਬੇ ਹਜ਼ਾਰ ਇਸਤਰੀਆਂ ਉਧਾਲੀਆਂ ਗਈਆਂ ਹਨ। ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਸਭ ਤੋਂ ਵਧੇਰੇ ਮੁੱਲ ਇਸਤਰੀਆਂ ਨੂੰ ਹੀ ਤਾਰਨਾ ਪਿਆ ਹੈ। ਉਧਾਲੀਆਂ ਹੋਈਆਂ ਇਸਤਰੀਆਂ ਦੇ ਅਸਲੋਂ ਨੰਗੀਆਂ ਕਰਕੇ ਜਲੂਸ ਕੱਢੇ ਗਏ, ਮਹਿਫ਼ਲਾਂ ਵਿਚ ਨਾਚ ਕਰਾਇਆ ਗਿਆ ਤੇ ਹਜ਼ਾਰਾਂ ਆਦਮੀਆਂ ਦੇ ਸਾਹਮਣੇ ਉਹਨਾਂ ਦਾ ਸਤ ਭੰਗ ਕੀਤਾ ਗਿਆ। ਇਕ-ਇਕ ਮੁਟਿਆਰ ਨਾਲ ਪੰਜਾਹ-ਪੰਜਾਹ ਆਦਮੀਆਂ ਨੇ ਬੁਰਾ ਕੀਤਾ, ਜਿਸ ਨਾਲ ਕਈ ਵਿਚਾਰੀਆਂ ਇਸੇ ਹਾਲਤ ਵਿਚ ਮਰ ਗਈਆਂ। (ਵਹਿਸ਼ੀਪਣ ਦੀ ਹੱਦ ਹੋ ਗਈ) ਕਈਆਂ ਸੁੰਦਰੀਆਂ ਦੀਆਂ ਲੋਥਾਂ ਨਾਲ ਵੀ ਮੁਸਲਮਾਨ ਬੁਰਾ

ਇਸਤਰੀਆਂ

ਕਰਮ ਕਰਨੋਂ ਨਾ ਟਲੇ। ਕਈਆਂ ਦੇ ਪੇਟ ਵਿਚ ਬੰਦੂਕ ਦੀ ਨਾਲੀ ਦੇ ਕੇ ਫ਼ਾਇਰ ਕਰਕੇ ਮਾਰੀਆਂ ਗਈਆਂ। ਕਈਆਂ ਦੇ ਪੇਟ ਵਿਚ ਲੱਕੜਾਂ ਤੇ ਬੋਤਲਾਂ ਦਿੱਤੀਆਂ ਗਈਆਂ। ਥੋੜ੍ਹੀ ਥੋੜ੍ਹੀ ਗੱਲੋਂ ਨਾਂਹ ਕਰਨ 'ਤੇ ਕਈ ਜਿਊਂਦੀਆਂ ਸਾੜੀਆਂ ਗਈਆਂ। ਇਕ-ਇਕ ਨਵਾਬ ਤੇ ਲੀਗੀ ਲੀਡਰ ਜਾਂ ਐਮ. ਐਲ. ਏ. ਦੇ ਘਰ ਸੈਂਕੜੇ ਰੱਖੀਆਂ ਗਈਆਂ। ਸਤਵੰਤੀਆਂ ਮੁਟਿਆਰਾਂ ਨੂੰ ਪੇਸ਼ਾ ਕਰਨ ਵਾਸਤੇ ਮਜਬੂਰ ਕੀਤਾ ਗਿਆ। ਉਹਨਾਂ ਨੂੰ ਦਸ ਦਿਨ ਇਕ ਥਾਂ ਤੇ ਵੀਹ ਦਿਨ ਦੂਜੇ ਥਾਂ ਰਹਿਣਾ ਪੈਂਦਾ। ਹਰ ਥਾਂ ਇਕ-ਇਕ ਨੂੰ ਕਈ-ਕਈ ਜਰਵਾਣਿਆਂ ਦੀ ਬੁਰੀ ਖ਼ਾਹਸ਼ ਦਾ ਸ਼ਿਕਾਰ ਹੋਣਾ ਪੈਂਦਾ। ਮੰਡੀ ਬਣਾ ਕੇ, ਬੋਲੀ ਦੇ ਕੇ ਦਸ-ਦਸ ਰੁਪੈ ਤੋਂ ਮੁਟਿਆਰਾਂ ਨੀਲਾਮ ਕੀਤੀਆਂ ਗਈਆਂ। ਬਹੁਤ ਸਾਰੀਆਂ ਖ਼ੈਬਰ ਤੋਂ ਪਾਰ ਕਾਬਲ ਵਿਚ ਭੇਜ ਦਿੱਤੀਆਂ ਗਈਆਂ। ਜਦ ਦੋਹਾਂ ਹਕੂਮਤਾਂ ਨੇ ਫ਼ੈਸਲਾ ਕੀਤਾ ਕਿ ਉਧਾਲੀਆਂ ਹੋਈਆਂ ਇਸਤਰੀਆਂ ਨੂੰ ਵਾਪਸ ਕਰਨਾ ਹੈ ਤਾਂ ਪਾਕਿਸਤਾਨ ਵਿਚੋਂ ਵੀ ਕੁਝ ਦੇਵੀਆਂ ਵਾਪਸ ਆਈਆਂ। ਉਹਨਾਂ ਦੇ ਮੱਥੇ ਉੱਤੇ, ਮੂੰਹ ਉੱਤੇ, ਛਾਤੀਆਂ ਉੱਤੇ ਤੇ ਸਰੀਰ ਦੇ ਬਾਕੀ ਕਈ ਅੰਗਾਂ ਉੱਤੇ 'ਪਾਕਿਸਤਾਨ' ਉਕਰਿਆ ਹੋਇਆ ਸੀ। ਲੋਹੇ ਦੇ ਠੱਪੇ ਤਪਾ ਕੇ ਸਰੀਰ ਉੱਤੇ ਲਾਏ ਹੋਏ ਸਨ। ਮੁੱਕਦੀ ਗੱਲ, ਜੋ ਕੁਝ ਉਹਨਾਂ ਅਬਲਾਵਾਂ ਨਾਲ ਪਾਕਿਸਤਾਨ ਵਿਚ ਬੀਤੀ ਹੈ, ਉਸ ਦੀ ਹਜ਼ਰਤ ਆਦਮ ਦੀ ਔਲਾਦ ਤੋਂ ਆਸ ਨਹੀਂ ਸੀ ਕੀਤੀ ਜਾਂਦੀ। ਉਹ ਆਦਮ ਦੀ ਔਲਾਦ ਦਾ ਨਹੀਂ, ਸ਼ੈਤਾਨ ਦੀ ਔਲਾਦ ਦਾ ਕੰਮ ਸੀ।

ਪੂਰਬੀ ਪੰਜਾਬ ਵਿਚ ਵੀ ਏਨੀਆਂ ਕੁ ਹੀ ਮੁਸਲਮ ਇਸਤਰੀਆਂ ਉਧਾਲੀਆਂ ਗਈਆਂ ਸਨ, ਪਰ ਉਹਨਾਂ ਨਾਲ ਏਨਾ ਬੁਰਾ ਸਲੂਕ ਨਹੀਂ ਕੀਤਾ ਗਿਆ। ਅਸੀਂ ਇਸ ਉਧਾਲੇ ਨੂੰ ਵੀ ਚੰਗਾ ਨਹੀਂ ਸਮਝਦੇ, ਬੁਰਾ ਕੰਮ ਹਰ ਹਾਲ ਬੁਰਾ ਹੈ, ਪਰ

ਫ਼ਰਕ ਕੇਵਲ ਏਨਾ ਹੈ ਕਿ ਏਧਰ ਜਿਨੀਆਂ ਉਧਾਲੀਆਂ ਗਈਆਂ ਸਨ, ਉਹਨਾਂ ਨੂੰ ਇਕ-ਇਕ ਆਦਮੀ ਨੇ ਆਪਣੇ ਘਰ ਵਾਲੀਆਂ ਬਣ ਕੇ ਰੱਖਿਆ ਹੈ। ਦੂਜੇ ਹਰ ਕਿਸੇ ਤੋਂ ਉਹਨਾਂ ਦੇ ਸਰੀਰ ਤੇ ਪਤ ਦੀ ਰੱਖਿਆ ਕੀਤੀ ਹੈ। ਉਹਨਾਂ ਨੂੰ ਚੰਗਾ ਖਾਣ ਨੂੰ ਤੇ ਚੰਗਾ ਹੰਢਾਉਣ ਨੂੰ ਦਿੱਤਾ ਹੈ। ਸਮਾਜ ਵਿਚ ਉਹਨਾਂ ਨੂੰ ਓਹਾ ਦਰਜਾ ਦਿੱਤਾ ਹੈ, ਜੋ ਬਾਕੀ ਵਿਆਹੁਤਾ ਇਸਤਰੀਆਂ ਨੂੰ ਮਿਲਦਾ ਹੈ।

ਜਦ ਉਧਾਲੀਆਂ ਇਸਤਰੀਆਂ ਨੂੰ ਵਾਪਸ ਮੋੜਨ ਦਾ ਕੰਮ ਆਰੰਭ ਹੋਇਆ ਤਾਂ ਸਾਡੀ ਸਰਕਾਰ ਨੇ ਇਸ ਕੰਮ ਨੂੰ ਬੜੇ ਉੱਦਮ ਨਾਲ ਕੀਤਾ ਤੇ ਹਜ਼ਾਰਾਂ ਮੁਸਲਮਾਨ ਇਸਤਰੀਆਂ ਓਧਰ ਭੇਜੀਆਂ। ਪਰ ਪਾਕਿਸਤਾਨ ਸਰਕਾਰ ਨੇ ਹਰ ਢੰਗ ਨਾਲ ਇਸ ਕੰਮ ਵਿਚ ਰੁਕਾਵਟ ਪਾਈ ਤੇ ਓਧਰੋਂ ਬਹੁਤ ਥੋੜ੍ਹੀਆਂ ਇਸਤਰੀਆਂ ਏਧਰ ਭੇਜੀਆਂ। ਉਹਨਾਂ ਦੇ ਐਮ. ਐਲ. ਏ., ਵਜ਼ੀਰ ਤੇ ਲੀਡਰ ਆਪ ਇਸ ਕੰਮ ਵਿਚ ਰੁਕਾਵਟ ਪਾ ਰਹੇ ਸਨ। ਸਾਡੇ ਇਲਾਕੇ ਵਿਚੋਂ ਲਗਪਗ ਸਾਰੀਆਂ ਇਸਤਰੀਆਂ ਵਾਪਸ ਕੀਤੀਆਂ ਜਾ ਚੁੱਕੀਆਂ ਹਨ। ਉਹ ਥੋੜ੍ਹੀਆਂ ਹੀ ਰਹਿ ਗਈਆਂ ਹਨ, ਜੋ ਕਿਸੇ ਹਾਲਤ ਵਿਚ ਵੀ ਵਾਪਸ ਜਾਣ ਵਾਸਤੇ ਤਿਆਰ ਨਹੀਂ। ਪਰ ਓਧਰ ਅਜੇ ਹਜ਼ਾਰਾਂ ਵਿਲਕ ਰਹੀਆਂ ਹਨ, ਜਿਨ੍ਹਾਂ ਦੀ ਇਸ ਹਾਲਤ ਉੱਤੇ ਪਾਕਿਸਤਾਨ ਰਹਿਮ ਕਰਨ ਨੂੰ ਤਿਆਰ ਨਹੀਂ।

ਇਸ ਖ਼ੂਨੀ ਹੋਲੀ ਵਿਚ ਕੁਝ ਬਹਾਦਰ ਦੇਵੀਆਂ ਨੇ ਧਰਮ ਤੇ ਪਤ ਬਚਾਉਣ ਬਦਲੇ ਉਹ ਸੂਰਮਤਾਈ ਕਰ ਵਿਖਾਈ ਹੈ, ਜਿਸ ਦੀ ਮਿਸਾਲ ਮਿਲਣੀ ਔਖੀ ਹੈ। ਉਹ ਹੱਥੀਂ ਤਲਵਾਰਾਂ ਫੜ ਕੇ ਮਰਦਾਂ ਵਾਂਗ ਲੜੀਆਂ ਹਨ। ਜਿਥੇ ਪੇਸ਼ ਨਹੀਂ ਗਈ, ਓਥੇ ਕਟਾਰਾਂ ਮਾਰ ਕੇ ਖੂਹਾਂ ਤੇ ਦਰਿਆਵਾਂ ਵਿਚ ਛਾਲਾਂ ਮਾਰ ਕੇ ਸ਼ਹੀਦ ਹੋਈਆਂ ਹਨ। ਕਈ ਥਾਂਈਂ ਦੁੱਧ ਚੁੰਘਦੇ ਬੱਚਿਆਂ ਨੂੰ ਕੁਛੜ ਚੁੱਕ ਕੇ ਬਲਦੀ ਅੱਗ ਵਿਚ ਛਾਲਾਂ ਮਾਰ ਕੇ ਜਿਉਂਦੀਆਂ ਸੜੀਆਂ ਹਨ। ਏਨੇ ਚਾਅ ਨਾਲ ਉਹ ਮੌਤ ਨੂੰ ਗਲ ਲਾਉਂਦੀਆਂ ਰਹੀਆਂ ਹਨ, ਜਿਵੇਂ ਚਿਰੀਂ ਵਿਛੁੰਨੀ ਅਤੇ ਪਿਆਰੀ ਸਹੇਲੀ ਨੂੰ ਲਾਈਦਾ ਹੈ। ਭਾਰਤ ਵਾਸੀਆਂ ਨੂੰ ਇਸਤਰੀ ਜਾਤੀ ਦੀ ਇਸ ਕਰਨੀ ਨੂੰ ਸਦਾ ਯਾਦ ਰਖਣਾ ਚਾਹੀਦਾ ਹੈ।

ਨਿਰਾ ਪੱਛਮੀ ਪੰਜਾਬ ਵਿਚ ਹੀ ਨਹੀਂ, ਪਾਕਿਸਤਾਨ ਦੇ ਬਾਕੀ ਸੂਬਿਆਂ ਵਿਚ ਵੀ ਬਥੇਰਾ ਜ਼ੁਲਮ ਹੋਇਆ ਹੈ। ਸੂਬਾ ਸਰਹੱਦ (ਪਿਸ਼ਾਵਰ) ਦਾ ਜ਼ਿਕਰ ਤਾਂ ਪਿੱਛੇ ਆ ਚੁੱਕਾ ਹੈ, ਪਹਿਲਾਂ ਇਹ ਫ਼ਸਾਦ ਦੀ ਅੱਗ ਬਲੀ ਹੀ ਓਥੋਂ ਸੀ, ਜਿਸ ਨੇ ਮੁੜ ਕੇ ਸਾਰੇ ਪੰਜਾਬ ਨੂੰ ਉਜਾੜ ਦਿੱਤਾ। ਬਾਕੀ ਰਿਹਾ ਸੂਬਾ ਸਿੰਧ ਤੇ ਬਲੋਚਸਤਾਨ, ਓਥੇ ਵੀ ਮੁਸਲਮਾਨਾਂ ਨੇ ਓਹਾ ਕੁਝ ਕੀਤਾ, ਜਿਸ ਵਾਸਤੇ ਲੀਗ ਮੁੱਦਤ ਤੋਂ ਉਹਨਾਂ ਨੂੰ ਤਿਆਰ ਕਰ ਰਹੀ ਸੀ।

ਇਕੋ ਕੋਇਟੇ ਦੀ ਮਿਸਾਲ ਕਾਫ਼ੀ ਹੈ। ਮੁਸਲਮ ਲੀਗ ਕੋਇਟਾ ਦੇ ਪ੍ਰੈਜ਼ੀਡੈਂਟ ਕਾਜ਼ੀ ਮੁਹੰਮਦ ਈਸਾ ਨੇ ਹਜ਼ਾਰਾਂ ਮੁਸਲਮਾਨਾਂ ਨੂੰ ਭੜਕਾ ਕੇ ਅਗਸਤ ੨੧-੨੨

ਦੀ ਵਿਚੋਲੀ ਰਾਤ ਹਿੰਦੂ ਮੁਹੱਲਿਆਂ 'ਤੇ ਹਮਲਾ ਕਰ ਦਿੱਤਾ। ਕਈ ਥਾਵਾਂ ਤੇ

ਕੋਇਟਾ

ਅੱਗੋਂ ਹਿੰਦੂਆਂ ਸਿੱਖਾਂ ਟਾਕਰਾ ਵੀ ਕੀਤਾ। ਸਾਰਾ ਹਿੰਦੂ ਸ਼ਹਿਰ ਲੁਟ ਕੇ ਫੂਕ ਦਿੱਤਾ ਗਿਆ। ਬਹੁਤ ਸਾਰੇ ਹਿੰਦੂ ਜਿਊਂਦੇ ਘਰਾਂ ਵਿਚ ਸਾੜੇ ਗਏ। ੨੨ ਅਗਸਤ ਦਾ ਸਾਰਾ ਦਿਨ ਏਹਾ ਹਾਲ ਹੁੰਦਾ ਰਿਹਾ। ੧੫ ਸਿੱਖ, ੫੦੦ ਮੁਸਲਮਾਨ ਤੇ ੧੦੦੦ ਹਿੰਦੂ (ਖ਼ਾਸ ਕਰ ਸਿੰਧੀ) ਕਤਲ* ਹੋਏ। ਕਈ ਸਟੇਸ਼ਨਾਂ ਉੱਤੇ ਜਿੰਨੇ ਹਿੰਦੂ ਮੁਲਾਜ਼ਮ ਸਨ, ਸਭ ਕਤਲ ਕੀਤੇ ਗਏ। ਬੋਸਤਾਨ ਸਟੇਸ਼ਨ ਦੇ ੧੨੪ ਹਿੰਦੂ ਮੁਲਾਜ਼ਮ ਬੁਰੀ ਤਰ੍ਹਾਂ ਤਸੀਹੇ ਦੇ ਕੇ ਮਾਰੇ ਗਏ।

ਰਿਆਸਤ ਬਹਾਵਲਪੁਰ

ਰਿਆਸਤ ਦੇ ਮੁਸਲਮਾਨ ਅਫ਼ਸਰ ਕਸਮਾਂ ਖਾ ਖਾ ਕੇ ਹਿੰਦੂ ਸਿੱਖਾਂ ਨੂੰ ਭਰੋਸਾ ਦੁਆਉਂਦੇ ਰਹੇ ਕਿ ਏਥੇ ਘੱਟ ਗਿਣਤੀਆਂ ਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਜਾਵੇਗੀ। ਪਰ ਜਿਹੜੇ-ਜਿਹੜੇ ਇਲਾਕੇ ਨੇ ਮੁਸਲਮਾਨਾਂ ਦੀਆਂ ਕਸਮਾਂ 'ਤੇ ਭਰੋਸਾ ਕੀਤਾ, ਓਸੇ ਓਸੇ ਨੂੰ ਵਧੇਰੇ ਨੁਕਸਾਨ ਉਠਾਉਣਾ ਪਿਆ। ਪਾਕਿਸਤਾਨ ਦਾ ਜਨਮ ਹੁੰਦਿਆਂ ਹੀ ਮੁਸਲਮ ਲੀਗ ਨੇ ਆਪਣਾ ਕੰਮ ਆਰੰਭ ਦਿੱਤਾ। ਰਿਆਸਤ ਵਿਚ ਓਹਨਾਂ ਦੀ ਚੋਖੀ ਗਿਣਤੀ ਸੀ। ਉਸ ਪੱਖੀਵਾਸ ਕੌਮ ਨੇ ਪਹਿਲਾਂ ਤਾਂ ਸਿੱਖਾਂ ਦੀਆਂ ਫ਼ਸਲਾਂ ਉਜਾੜਨੀਆਂ ਆਰੰਭੀਆਂ ਤੇ ਫਿਰ ਮਾਲ ਡੰਗਰ ਖੋਹਣੇ ਤੇ ਘਰ ਲੁੱਟਣੇ ਸ਼ੁਰੂ ਕਰ ਦਿੱਤੇ। ਕਿਤੇ-ਕਿਤੇ ਕੁਝ ਆਦਮੀ ਕਤਲ ਵੀ ਕੀਤੇ ਗਏ। ਪਿੰਡਾਂ ਵਿਚ ਹਫੜਾ-ਤਫੜੀ ਮੱਚ ਗਈ, ਤੇ ਕੁਝ ਲੋਕਾਂ ਨੇ ਰਿਆਸਤ ਵਿਚੋਂ ਨਿਕਲਣਾ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਲੀਗੀਆਂ ਨੇ ਆਪਣਾ ਮਾਰੂ ਪ੍ਰੋਗਰਾਮ

ਬਹਾਵਲਪੁਰ ਸ਼ਹਿਰ

ਛੇਤੀ ਆਰੰਭ ਦਿੱਤਾ। ਬਹਾਵਲਪੁਰ ਸ਼ਹਿਰ ਈਦ ਤੋਂ ਅਗਲੇ ਦਿਨ ਸ਼ਹਿਰ ਬਹਾਵਲਪੁਰ ਉੱਤੇ ਹਮਲਾ ਹੋ ਗਿਆ। ਉਸ ਵੇਲੇ ਸ਼ਹਿਰ ਵਿਚ ਕਰਫ਼ਿਊ ਲੱਗਾ ਹੋਇਆ ਸੀ, ਪਰ ਅਮਲੀ ਤੌਰ 'ਤੇ ਇਹ ਕਰਫ਼ਿਊ ਆਰਡਰ ਸਿੱਖਾਂ ਵਾਸਤੇ ਹੀ ਸੀ, ਮੁਸਲਮਾਨਾਂ ਵਾਸਤੇ ਨਹੀਂ। ਲੀਗੀਆਂ ਨੇ ਹਿੰਦੂਆਂ ਨੂੰ ਸਿੱਖਾਂ ਨਾਲੋਂ ਪਹਿਲਾਂ ਹੀ ਪਾੜ ਲਿਆ ਸੀ। ਉਹਨਾਂ ਵਲੋਂ ਪੂਰੇ ਜ਼ੋਰ ਨਾਲ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਹਿੰਦੂਆਂ ਨਾਲ ਸਾਡਾ ਕੋਈ ਵੈਰ ਨਹੀਂ, ਇਹ ਸਾਡੇ ਮਿੱਤਰ ਹਨ, ਪਰ ਅਸਾਂ ਸਿੱਖ ਕੋਈ ਜਿਊਂਦਾ ਨਹੀਂ ਛੱਡਣਾ। ਸੋ ਪਹਿਲੇ ਦਿਨ ਉਹਨਾਂ ਕਿਸੇ ਹਿੰਦੂ ਨੂੰ ਕੁਝ ਨਹੀਂ ਕਿਹਾ, ਸਿਰਫ਼ ਸਿੱਖਾਂ ਦੇ ਘਰ ਲੁੱਟੇ ਸਾੜੇ ਤੇ ਸਿੱਖਾਂ ਨੂੰ ਹੀ ਕਤਲ ਕੀਤਾ। ਚਾਰ ਸੌ ਦੇ ਅੰਦਰ ਬਾਹਰ ਸਿੱਖ ਮਾਰੇ ਗਏ। ਬਾਕੀ ਜਿਨ੍ਹਾਂ ਨੂੰ ਕਿਵੇਂ ਨਾ ਕਿਵੇਂ ਸਮਾਂ ਮਿਲ ਗਿਆ, ਉਹ ਜਾਨਾਂ ਲੈ ਕੇ ਨਿਕਲ ਗਏ। ਹਿੰਦੂ ਚੁੱਪ ਕਰਕੇ ਇਹ ਸਭ ਕੁਝ ਵੇਖਦੇ ਰਹੇ। ਕਈ ਸਮਝਦੇ ਸਨ ਕਿ ਉਹਨਾਂ ਸਿਰ

---

*ਬਿਆਨ ਦੀਵਾਨ ਕੁੰਦਨ ਲਾਲ ਬੀ. ਏ. ਗਿਆਨੀ। ਆਪ ਉਸ ਵੇਲੇ ਤਹਿਸੀਲ ਸਿੰਜਾਵੀ (ਜ਼ਿਲ੍ਹਾ ਲੋਰਾ ਲਾਈ, ਬਲੋਚਸਤਾਨ) ਵਿਚ ਤਹਿਸੀਲਦਾਰ ਸਨ ਤੇ ੨੧-੨੨ ਦੀ ਰਾਤ ਕੋਇਟੇ ਵਿਚ ਸਨ। ੯ ਅਕਤੂਬਰ ਨੂੰ ਕੋਇਟੇ ਤੋਂ ਨਿਕਲ ਕੇ ਹੈਦਰਾਬਾਦ ਤੇ ਮਾਰਵਾੜ ਰੇਲਵੇ ਰਾਹੀਂ ਹਿੰਦੁਸਤਾਨ ਆਏ।

ਆਈ ਬਲਾ ਨਿਰੀ ਸਿੱਖਾਂ ਉੱਤੇ ਹੀ ਪੈ ਗਈ ਹੈ, ਉਹਨਾਂ ਨੂੰ ਹੁਣ ਕੋਈ ਡਰ ਨਹੀਂ। ਪਰ ਅਗਲੇ ਦਿਨ ਹੀ ਹਿੰਦੂਆਂ ਦੀ ਵਾਰੀ ਆ ਗਈ। ਉਹਨਾਂ ਨਾਲ ਵੀ ਓਵੇਂ ਹੀ ਬੀਤੀ, ਜਿਵੇਂ ਇਕ ਦਿਨ ਪਹਿਲਾਂ ਸਿੱਖਾਂ ਨਾਲ ਬੀਤੀ ਸੀ। ਛੇ-ਸੱਤ ਸੌ ਦੇ ਲਗਪਗ ਹਿੰਦੂ ਕਤਲ ਕੀਤਾ ਗਿਆ। ਅਬਲਾ ਇਸਤਰੀਆਂ ਨੂੰ ਏਥੇ ਵੀ ਓਹਾ ਕਸ਼ਟ ਸਹਿਣੇ ਪਏ, ਜੋ ਪੱਛਮੀ ਪੰਜਾਬ ਵਿਚ। ਫਿਰ ਆਉਣ ਵਾਲੀਆਂ ਗੱਡੀਆਂ ਵਿਚੋਂ ਕੱਢ ਕੇ ਕਈ ਦਿਨ ਤਕ ਏਥੇ ਹਿੰਦੂ ਸਿੱਖ ਕਤਲ ਕੀਤੇ ਜਾਂਦੇ ਰਹੇ।

ਬਹਾਵਲ ਨਗਰ

੨੯ ਅਗਸਤ ਨੂੰ ਮੰਡੀ ਬਹਾਵਲ ਨਗਰ ਉੱਤੇ ਹਮਲਾ ਕੀਤਾ ਗਿਆ। ਏਥੇ ਅਸਲੀ ਵੱਸੋਂ ਨਾਲੋਂ ਬਹੁਤੇ ਹਿੰਦੂ ਸਿੱਖ ਬਾਹਰੋਂ ਪਿੰਡਾਂ ਵਿਚੋਂ ਆਏ ਹੋਏ ਸਨ। ਦੋ ਦਿਨ ਲੁਟ ਮਾਰ ਤੇ ਕਟਾ-ਵੱਢ ਹੁੰਦੀ ਰਹੀ। ਬਾਈ ਤੇਈ ਸੌ ਜਾਨਾਂ ਪਾਕਿਸਤਾਨ ਦੀ ਭੇਟ ਚੜ੍ਹਾਈਆਂ ਗਈਆਂ ਤੇ ਸੈਂਕੜਿਆਂ ਦਾ ਮਜ਼੍ਹਬ ਤਬਦੀਲ ਕੀਤਾ ਗਿਆ। ਮੰਡੀ ਚਿਸਤੀਆਂ, ਰਹੀਮਯਾਰ ਖ਼ਾਂ, ਹਾਰੂੰਨਾਬਾਦ, ਫੋਰਟ ਅਬੱਸ ਆਦਿ ਥਾਵਾਂ 'ਤੇ ਵੀ ਲੁੱਟ ਮਾਰ ਹੋਈ, ਪਰ ਉਪਰਲੇ ਦੋਹਾਂ ਥਾਵਾਂ ਵਰਗੀ ਨਹੀਂ। ਬਾਕੀ ਰਹੀ ਗੱਲ ਪਿੰਡਾਂ ਦੀ, ਜਿਥੇ ਕਿਤੇ ਸਿੱਖਾਂ ਦੇ ਪੰਜ ਦਸ ਪਿੰਡ ਇਕੱਠੇ ਸਨ, ਉਹ ਤਾਂ ਇਕ-ਇਕ ਥਾਂ ਕੈਂਪ ਬਣਾ ਬੈਠੇ, ਪਰ ਇਕੱਲੇ ਦੁਕੱਲੇ ਪਿੰਡਾਂ ਦਾ ਬੁਰਾ ਹਾਲ ਹੋਇਆ। ਕੁਝ ਤਾਂ ਕਾਫਲੇ ਬਣਾ ਕੇ ਬੀਕਾਨੇਰ ਰਿਆਸਤ ਵਿਚ ਤੇ ਕੁਝ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਆ ਗਏ। ਦੂਰ ਦੀ ਬਹੁਤ ਸਾਰੀ ਵਸੋਂ ਕਈ ਮਹੀਨੇ ਤਕ ਜਰਵਾਣਿਆਂ ਦੇ ਘੇਰੇ ਵਿਚ ਕਸ਼ਟ ਸਹਿੰਦੀ ਰਹੀ। ਫਿਰ ਜਾ ਕੇ ਹਿੰਦੁਸਤਾਨੀ ਫ਼ੌਜ ਪਹੁੰਚੀ ਤੇ ਉਹਨਾਂ ਨੂੰ ਆਪਣੀ ਰੱਖਿਆ ਵਿਚ ਹਿੰਦੁਸਤਾਨ ਲੈ ਆਈ।

ਇਸ ਤਰ੍ਹਾਂ ਬਣਿਆਂ ਹੈ ਇਹ ਪਾਕਿਸਤਾਨ। ਲੱਖਾਂ ਜਾਨਾਂ ਤਬਾਹ ਹੋਈਆਂ, ਅਰਬਾਂ ਰੁਪਏ ਦਾ ਮਾਲ ਲੁੱਟਿਆ ਫੂਕਿਆ ਗਿਆ, ਹਜ਼ਾਰਾਂ ਸਤਵੰਤੀਆਂ ਦੇ ਸਤ ਤੋੜੇ ਗਏ ਤਾਂ ਜਾ ਕੇ ਇਸ ਪਾਕਿਸਤਾਨ ਦਾ ਜਨਮ ਦਿਨ ਮਨਾਇਆ ਗਿਆ। ਜਦ ਤਕ ਇਤਿਹਾਸ ਵਿਚ ਪਾਕਿਸਤਾਨ ਦਾ ਨਾਂ ਰਹੇਗਾ, ਉਸ ਧਰਤੀ ਵਿਚੋਂ, ਜਿਥੇ ਪਾਕਿਸਤਾਨ ਦਾ ਨਕਸ਼ਾ ਉਲੀਕਿਆ ਗਿਆ ਹੈ, ਲੱਖਾਂ ਬੇਗੁਨਾਹਾਂ ਦੀਆਂ ਆਹਾਂ ਤੇ ਹਉਕੇ ਉਠਦੇ ਰਹਿਣਗੇ। ਮਿਸਟਰ ਮੁਹੰਮਦ ਅਲੀ 'ਜਿਨਾਹ' ਦੀ ਲਹੂ ਭਰੀ ਤਸਵੀਰ ਇਨਸਾਫ਼ ਪਸੰਦਾਂ ਦੀ ਨਜ਼ਰ ਵਿਚ ਸਦਾ ਘਿਰਣਾ ਦੀ ਪਾਤਰ ਬਣੀ ਰਹੇਗੀ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਪੰਜਵਾਂ ਕਾਂਡ

ਪੂਰਬੀ ਪੰਜਾਬ

ਪੱਛਮੀ ਪੰਜਾਬ ਵਿਚ ਜਦੋਂ ਬੇਗੁਨਾਹਾਂ ਦੇ ਖ਼ੂਨ ਦੀਆਂ ਨਦੀਆਂ ਵਗ ਰਹੀਆਂ ਸਨ, ਪੂਰਬੀ ਪੰਜਾਬ ਵਿਚ ਓਦੋਂ ਬਿਲਕੁਲ ਅਮਨ ਸੀ। ਓਧਰ ਹਿੰਦੂ ਤੇ ਸਿੱਖ ਬਕਰੀਦ ਦੇ ਬੱਕਰਿਆਂ ਵਾਂਗ ਕੋਹੇ ਜਾ ਰਹੇ ਸਨ, ਪਰ ਏਧਰ ਮੁਸਲਮਾਨ ਸ਼ਾਂਤੀ ਨਾਲ ਵੱਸ ਰਹੇ ਸਨ। ਇਸ ਸਚਾਈ ਤੋਂ ਕੋਈ ਵੀ ਨਹੀਂ ਮੁਕਰ ਸਕਦਾ ਕਿ ਫ਼ਿਰਕੂ ਫ਼ਸਾਦ ਦੀ ਅੱਗ ਕੇਵਲ ਓਥੇ ਹੀ ਭੜਕੀ, ਜਿਥੇ ਪਹਿਲ ਮੁਸਲਮਾਨਾਂ ਨੇ ਕੀਤੀ। ਅੰਮ੍ਰਿਤਸਰ ਵਿਚ ਮੁਸਲਮਾਨਾਂ ਨੇ ਪਹਿਲਾ ਹਮਲਾ ਕੀਤਾ, ਜਿਸ ਦਾ ਜਵਾਬ ਹਿੰਦੂ ਸਿੱਖਾਂ ਨੇ ਚੰਗਾ ਕਰਾਰੇ ਹੱਥੀਂ ਦਿੱਤਾ। ਓਥੇ ਰੋਜ਼ ਛੁਰਾ, ਕ੍ਰਿਪਾਨ ਚਲ ਰਹੇ ਸਨ, ਪਰ ਉਸ ਤੋਂ ਬਾਰਾਂ ਮੀਲ ਦੀ ਵਿੱਥ ਉੱਤੇ ਤਰਨਤਾਰਨ ਵਿਚ, ਜਿੱਥੇ ਹਿੰਦੂ ਸਿੱਖਾਂ ਦਾ ਬੜਾ ਭਾਰਾ ਜੋਸ਼ ਸੀ, ਬਿਲਕੁਲ ਅਮਨ ਰਿਹਾ। ਪੂਰਬੀ ਪੰਜਾਬ ਦੇ ਕਿਸੇ ਵੀ ਸ਼ਹਿਰ ਜਾਂ ਇਲਾਕੇ ਵਿਚ ਹਿੰਦੂ ਸਿੱਖਾਂ ਪਹਿਲ ਨਹੀਂ ਕੀਤੀ। ਉਹਨਾਂ ਦੇ ਇਸ ਅਮਨ ਪਸੰਦ ਸੁਭਾਅ ਨੂੰ ਵੇਖ ਕੇ ਮੁਸਲਮਾਨ ਸਗੋਂ ਦਲੇਰ ਹੋ ਗਏ। ਉਹਨਾਂ ਨੂੰ ਯਕੀਨ ਹੋ ਗਿਆ ਕਿ ਅਸੀਂ ਭਾਵੇਂ ਕੁਝ ਕਰੀਏ, ਹਿੰਦੂ ਸਿੱਖ ਅੱਗੋਂ ਹੱਥ ਨਹੀਂ ਚੁੱਕਣਗੇ। ਏਥੋਂ ਤਕ ਕਿ ਮੁਸਲਮ ਲੀਗ ਦੇ ਵੱਡੇ-ਵੱਡੇ ਲੀਡਰ ਵੀ ਸਮਝਣ ਲੱਗ ਪਏ ਕਿ ਅਸੀਂ ਪਾਕਿਸਤਾਨ ਵਿਚੋਂ ਹਿੰਦੂ ਸਿੱਖਾਂ ਨੂੰ ਮਾਰ ਕੇ ਭਜਾ ਦਿਆਂਗੇ, ਪਰ ਮੁਸਲਮਾਨ ਪੂਰਬੀ ਪੰਜਾਬ ਵਿਚ ਓਦੋਂ ਵੱਸਦੇ ਰਹਿਣਗੇ।

ਮੁਸਲਮਾਨਾਂ ਨੇ ਸਿੱਖਾਂ ਨੂੰ ਸਮਝਣ ਵਿਚ ਬੜਾ ਭਾਰਾ ਟਪਲਾ ਖਾਧਾ। ਸਿੱਖ ਟਾਕਰੇ ਵਾਸਤੇ ਓਦੋਂ ਹੀ ਤਿਆਰ ਹੁੰਦਾ ਹੈ, ਜਦੋਂ ਹੋਰ ਕੋਈ ਚਾਰਾ ਨਾ ਰਹਿ ਜਾਏ। ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਹੁਕਮ ਸਦਾ ਸਿੱਖ ਦੇ ਸਾਹਮਣੇ ਰਹਿੰਦਾ ਹੈ:

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

(ਜਦੋਂ ਕੰਮ ਸਾਰਿਆਂ ਹੀਲਿਆਂ ਤੋਂ ਲੰਘ ਜਾਵੇ, ਭਾਵ, ਜਦੋਂ ਹੋਰ ਕੋਈ ਚਾਰਾ ਨਾ ਰਹਿ ਜਾਵੇ, ਓਦੋਂ ਮਰਦ ਦਾ ਹੱਕ ਹੈ ਕਿ ਤਲਵਾਰ ਹੱਥ ਵਿਚ ਲੈ ਲਵੇ।)

ਇਸ ਅਸੂਲ ਅਨੁਸਾਰ ਸਿੱਖ ਸ਼ਾਂਤ ਰਹੇ, ਪਰ ਮੁਸਲਮਾਨ ਉਲਟੇ ਸਿੱਖਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਤਾਹਨੇ ਦੇਣ ਲੱਗ ਪਏ। ਉਹ ਕਹਿੰਦੇ, 'ਅਸੀਂ ਤਾਂ ਐਵੇਂ ਸਿੱਖਾਂ ਤੋਂ ਡਰਦੇ ਰਹੇ। ਜੇ ਸਾਨੂੰ ਪਤਾ ਹੁੰਦਾ ਕਿ ਇਹ ਸਿੱਖ ਪਹਿਲੇ ਸਿੱਖਾਂ ਵਰਗੇ ਨਹੀਂ ਰਹੇ ਤਾਂ ਅਸੀਂ ਇਹਨਾਂ ਨੂੰ ਕਦੋ ਦਾ ਖ਼ਤਮ ਕਰ ਦੇਂਦੇ।' ਕਿਸੇ ਅਭੋਲ ਸਿੱਖ ਨੂੰ ਲਾਹੌਰ ਵਿਚ ਛੁਰਾ ਮਾਰ ਕੇ ਮੁਸਲਮਾਨ ਕਹਿੰਦੇ : 'ਇਹ ਸ਼ੇਰੇ ਪੰਜਾਬ ਪਿਆ ਹੈ।' ਤੁਰੇ ਜਾਂਦੇ ਸਿੱਖ ਨੂੰ ਵੇਖ ਕੇ ਰੌਲਾ ਪਾ ਦੇਂਦੇ : 'ਸ਼ਿਕਾਰ ਜਾ ਰਿਹਾ ਹੈ।' ਕਹਿੰਦੇ : 'ਸਿੱਖ ਦੀ ਵੱਖੀ ਵਿਚ ਛੁਰਾ ਬੜਾ ਠੀਕ ਬਹਿੰਦਾ ਹੈ।' ਆਦਿ।

ਅਜਿਹੇ ਨਿਤ ਦੇ ਤਾਹਨਿਆਂ ਨੇ ਸਿੱਖੀ ਅਣਖ ਨੂੰ ਮਜਬੂਰ ਕਰ ਦਿੱਤਾ ਕਿ ਉਹ ਕੁਝ ਕਰ ਵਿਖਾਵੇ। ਸਿੱਖਾਂ ਦੇ ਸਬਰ ਦਾ ਪਿਆਲਾ ਭਰ ਕੇ ਉਛਲਣ ਲੱਗ ਪਿਆ। ਲੀਗ ਦੇ ਫ਼ਿਰਕੂ ਅਤਿਆਚਾਰ ਨੇ 'ਸਰਬਤ ਦਾ ਭਲਾ' ਮੰਗਣ ਵਾਲੇ ਸਿੱਖਾਂ ਦੀਆਂ ਤਲਵਾਰਾਂ ਮਿਆਨੋਂ ਬਾਹਰ ਲੈ ਆਂਦੀਆਂ ਤੇ ਉਹਨਾਂ 'ਜੋ ਅੜੇ ਸੋ ਝੜੇ' ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ।

ਪੂਰਬੀ ਪੰਜਾਬ ਵਿਚ ਸਿੱਖਾਂ ਦਾ ਹਮਲਾ ਸਭ ਤੋਂ ਪਹਿਲਾਂ ਜ਼ਿਲ੍ਹਾ ਅੰਮ੍ਰਿਤਸਰ

ਜ਼ਿਲ੍ਹਾ ਅੰਮ੍ਰਿਤਸਰ

ਦੇ ਪਿੰਡਾਂ ਵਿਚ ਸ਼ੁਰੂ ਹੋਇਆ। ਏਥੇ ਵੀ ਪਹਿਲ ਮੁਸਲਮਾਨਾਂ ਹੀ ਕੀਤੀ। ਅੰਮ੍ਰਿਤਸਰ ਵਾਲੀ ਨਹਿਰ ਉੱਤੇ ਖਾਲੜੇ ਵਾਲੇ ਪਾਸੇ ਤਿੰਨ ਰਾਹੀ (ਦੋ ਸਿੱਖ, ਇਕ ਹਿੰਦੂ) ਮੁਸਲਮਾਨਾਂ ਨੇ ਮਾਰ ਦਿੱਤੇ। ਇਕ ਬੁੱਢਾ ਜਿਹਾ ਝਬਾਲ ਤਰਨਤਾਰਨ ਵਾਲੀ ਸੜਕ ਉੱਤੇ ਕਤਲ ਕੀਤਾ ਗਿਆ। ਇਕ ਦੋ ਹੋਰ ਵੀ ਅਜਿਹੀਆਂ ਦੁਰਘਟਨਾਵਾਂ ਹੋਈਆਂ। ਭੜੋਵਾਲ ਤੇ ਵੈਰੋਵਾਲ ਦੇ ਮੁਸਲਮਾਨਾਂ ਨੇ ਇਕ ਦੋ ਦਿਨ ਨਾਅਰੇ ਵੀ ਲਾਏ। ਇਹਨਾਂ ਘਟਨਾਵਾਂ ਨੇ ਸਿੱਖਾਂ ਦਾ ਸਬਰ ਤੋੜ ਦਿੱਤਾ। ਉਹਨਾਂ ਦੇ ਜਜ਼ਬਾਤ ਇਕ ਵਾਰ ਬਾਰੂਦ ਦੀ ਅੱਗ ਵਾਂਗ ਭੜਕ ਉਠੇ। ਅਗਸਤ ਚੜ੍ਹਦਿਆਂ ਹੀ ਉਹਨਾਂ ਤਲਵਾਰਾਂ ਧੂਹ ਲਈਆਂ। ਰਾਹ ਵਿਚ ਜਾਂ ਖੇਤਾਂ ਵਿਚ ਜਿਥੇ ਕੋਈ ਮੁਸਲਮਾਨ ਮਿਲਿਆ, ਓਥੇ ਹੀ ਕਤਲ ਕਰ ਦਿੱਤਾ। ਜਿਹੜਾ ਇਕੱਲਾ-ਦੁਕੱਲਾ ਬਾਹਰ ਰਹਿ ਗਿਆ, ਉਹ ਜਿਊਂਦਾ ਘਰ ਨਾ ਪਰਤਿਆ, ਕਤਲ ਕੀਤਾ ਤੇ ਨਹਿਰ ਵਿਚ ਵਿਚ ਰੋੜ੍ਹ ਦਿੱਤਾ। ਪਹਿਲੇ ਦਿਨ ੧੦-੧੨ ਮੌਤਾਂ ਹੋਈਆਂ। ਚੌਥੇ ਦਿਨ ਤਕ ਰੋਜ਼ਾਨਾ ਮੌਤਾਂ ਦੀ ਗਿਣਤੀ ੮੦-੯੦ ਤਕ ਪਹੁੰਚ ਗਈ। ਸਾਰੇ ਜ਼ਿਲ੍ਹੇ ਵਿਚ ਹਲਚਲ ਮਚ ਗਈ। ਪਹਿਲਾਂ ਤਾਂ ਲੋਥਾਂ ਨਹਿਰ ਵਿਚ ਰੋੜ੍ਹ ਦਿੱਤੀਆਂ ਜਾਂਦੀਆਂ ਸਨ, ਫਿਰ ਰਾਹਾਂ ਉੱਤੇ ਸੁੱਟੀਆਂ ਜਾਣ ਲਗੀਆਂ। ਪਿੰਡਾਂ ਵਿਚੋਂ ਨਿਕਲ ਕੇ ਮੁਸਲਮਾਨ ਨੱਸਣ ਲੱਗ ਪਏ। ਜੰਡੋਕੇ ਸਟੇਸ਼ਨ ਉੱਤੇ ਤਿੰਨ ਕੁ ਸੌ ਮੁਸਲਮਾਨ ਸਾਮਾਨ ਲੈ ਕੇ ਗੱਡੀ ਦੀ ਉਡੀਕ ਵਿਚ ਬੈਠੇ ਸਨ, ਜਾਂ ਉਦਾਲੇ ਦੇ ਪਿੰਡਾਂ ਦੀ ਧਾੜ ਆਣ ਪਈ। ਉਹਨਾਂ ਸਭ ਸਾਮਾਨ ਲੁੱਟ ਲਿਆ ਤੇ ਅੱਧਿਆਂ ਕੁ ਨੂੰ ਮੌਤ ਦੇ ਹਵਾਲੇ ਕਰ ਦਿੱਤਾ। ਬਾਕੀ ਬਾਲ ਬੱਚੇ ਤੇ ਬੁੱਢੇ ਠੇਰੇ ਹੀ ਸਟੇਸ਼ਨ 'ਤੇ ਰਹਿ ਗਏ। ਇਸ ਗੱਲ ਨੂੰ ਦੋ ਦਿਨ ਗੁਜ਼ਰ ਗਏ, ਪਰ ਅਫ਼ਸਰਾਂ ਨੇ ਕਿਸੇ ਨੂੰ ਪੁੱਛਿਆ ਤਕ ਨਾ। ਫੇਰ ਕੀ ਸੀ ? ਲੋਕ ਸਮਝ ਗਏ ਕਿ ਜਿਸ ਦਾ ਜ਼ੋਰ ਪਵੇ, ਉਹ ਜੋ ਚਾਹੇ ਕਰ

Sri Satguru Jagjit Singh Ji eLibrary NamdhariElibrary@gmail.com

ਲਵੇ, ਕੋਈ ਕਿਸੇ ਨੂੰ ਰੋਕਣ ਵਰਜਨ ਵਾਲਾ ਨਹੀਂ ਹੈ। ਫਿਰ ਤਾਂ ਆਏ ਦਿਨ ਕਈ-ਕਈ ਪਿੰਡ ਉਜੜਨ ਲੱਗੇ।

ਮੁਸਲਮ ਲੀਗ ਨੇ ਅੰਮ੍ਰਿਤਸਰ ਦੇ ਪਿੰਡਾਂ ਵਿਚ ਵੀ ਮੁਸਲਮਾਨਾਂ ਨੂੰ ਹਥਿਆਰ ਦੇ ਕੇ ਤਿਆਰ ਕੀਤਾ ਹੋਇਆ ਸੀ। ਸਭ ਤੋਂ ਪਹਿਲਾਂ ਪਿੰਡ ਨਾਗੋਕੇ ਦੇ ਮੁਸਲਮਾਨਾਂ ਸ਼ਰਾਰਤ ਛੇੜੀ ਤੇ ਇਕ ਹਿੰਦੂ ਕਤਲ ਕਰ ਦਿੱਤਾ। ਇਸ ਨੇ ਬਲਦੀ 'ਤੇ ਤੇਲ ਪਾਇਆ। ਸਿੱਖ ਅੱਗੇ ਹੀ ਭੜਕੇ ਹੋਏ ਸਨ। ਉਹਨਾਂ ਅਗਲੇ ਦਿਨ ਹੀ ਪਿੰਡ ਉੱਤੇ ਹਮਲਾ ਕਰ ਦਿੱਤਾ। ਜਿਹੜੇ ਕਾਬੂ ਆਏ ਸਭ ਮੁਸਲਮਾਨ ਕਤਲ ਕਰ ਦਿੱਤੇ। ਸੌ ਦੇ ਲਗਪਗ ਆਦਮੀ ਮਾਰੇ ਗਏ, ਬਾਕੀ ਸਾਰੇ ਨੱਸ ਕੇ ਕੋਈ ਕਿਸੇ ਪਿੰਡ ਤੇ ਕੋਈ ਕਿਸੇ ਪਿੰਡ ਜਾ ਵੜੇ। ਸਾਰੇ ਇਲਾਕੇ ਦੇ ਮੁਸਲਮਾਨ ਡਰ ਗਏ। ਉਦਾਲੇ ਪਿੰਡਾਂ ਦੇ ਘਰ ਬਾਰ ਛੱਡ ਕੇ ਭਰੋਵਾਲ ਇਕੱਠੇ ਹੋਣ ਲਗੇ। ੧੧ ਅਗਸਤ ਨੂੰ ਤਰਨਤਾਰਨ ਦੇ ਕੋਲ ਪਿੰਡ ਕੱਕੇ ਕੜਿਆਲੇ ਉੱਤੇ ਹਮਲਾ ਹੋਇਆ। ਸਾਰੀ ਰਾਤ ਦੋਹਾਂ ਪਾਸਿਆ ਤੋਂ ਗੋਲੀ ਚਲਦੀ ਰਹੀ। ਅਗਲੇ ਦਿਨ ਦਸ ਵਜਦੇ ਨੂੰ ਮੁਸਲਮਾਨ ਪਿੰਡ ਛੱਡ ਕੇ ਨੱਸ ਤੁਰੇ। ਇਸ ਮੁਠਭੇੜ ਵਿਚ ਦੋ ਸਿੱਖ ਤੇ ਪੰਜਾਹ ਕੁ ਮੁਸਲਮਾਨ ਮਾਰੇ ਗਏ। ਸਾਰਾ ਪਿੰਡ ਲੁੱਟ ਲਿਆ ਗਿਆ। ਓਹਿਓ ਬਹੁਤੇ ਘਰ ਸਾੜ ਦਿੱਤੇ ਗਏ। ਏਥੋਂ ਬਚ ਕੇ ਨਿਕਲੇ ਹੋਏ ਕਈ ਤਰਨਤਾਰਨ ਸਟੇਸ਼ਨ ਉੱਤੇ ਮਾਰ ਦਿੱਤੇ ਗਏ। ਫਿਰ ਸ਼ਹਾਬਪੁਰਾ, ਢਿਅਲ, ਪਲਾਸੌਰ ਆਦਿ ਤਰਨਤਾਰਨ ਦੇ ਉਦਾਲੇ ਦੇ ਸਾਰੇ ਪਿੰਡ ਇਕ-ਇਕ ਕਰਕੇ ਖ਼ਾਲੀ ਕਰਾਏ ਗਏ। ਥਾਣਾ ਝਬਾਲ ਵਿਚ ਛਿਛਰੇਵਾਲਾ, ਭੋਜੀਆਂ, ਕੱਥੋਂ, ਝੱਚਰ ਆਦਿ ਪਿੰਡ ਲੁੱਟੇ ਤੇ ਸਾੜੇ ਗਏ। ਪਹਿਲਾਂ-ਪਹਿਲਾਂ ਮੁਸਲਮਾਨਾਂ ਕੁਝ ਟਾਕਰਾ ਕੀਤਾ, ਪਰ ਫੇਰ ਤਾਂ ਉਹ ਸਿੱਖਾਂ ਦਾ ਨਾਂ ਸੁਣ ਕੇ ਹੀ ਹੌਸਲੇ ਹਾਰ ਜਾਂਦੇ। ਅੰਮ੍ਰਿਤਸਰ ਦੇ ਉਦਾਲੇ ਫ਼ਤਹਿਪੁਰ, ਕੋਟ ਸੈਦ ਮਹਿਮੂਦ, ਵਡਾਲੀ ਆਦਿ ਵਿਚੋਂ ਵੀ ਸਭ ਮੁਸਲਮਾਨ ਮਾਰੇ ਤੇ ਕੱਢੇ ਗਏ। ਥਾਣਾ ਮਜੀਠਾ ਵਿਚ ਕਈ ਥਾਵਾਂ ਦਾ ਬਹੁਤ ਬੁਰਾ ਹਾਲ ਕੀਤਾ ਗਿਆ। ੧੫ ਅਗਸਤ ਤੋਂ ਪਹਿਲਾਂ ਹੀ ਪਿੰਡਾਂ ਦੀ ਮੁਸਲਮਾਨ ਵੱਸੋਂ ਵਿਚੋਂ ਚੌਥਾ ਹਿੱਸਾ ਘਰ ਬਾਰ ਛੱਡ ਕੇ ਪਛਮੀ ਪੰਜਾਬ ਨੂੰ ਤੁਰ ਗਏ ਸਨ। ਅਗਸਤ ਦੇ ਅਖ਼ੀਰ ਤਕ ਕੇਵਲ ਭਰੋਵਾਲ, ਨੌਸ਼ਹਿਰਾ, ਤਰਨਤਾਰਨ ਆਦਿ ਕੈਂਪਾਂ ਵਿਚ ਹੀ ਮੁਸਲਮਾਨ ਰਹਿ ਗਏ ਸਨ, ਬਾਕੀ ਕਿਤੇ ਨਹੀਂ।

ਤਰਨਤਾਰਨ ਖ਼ਾਸ ਵਿਚ ਲੁੱਟ ਬਥੇਰੀ ਹੋਈ, ਪਰ ਮੌਤਾਂ ਬੜੀਆਂ ਥੋੜ੍ਹੀਆਂ। ਸ਼ਹਿਰ ਦਾ ਮੁਸਲਮਾਨੀ ਹਿੱਸਾ ਸਾਰਾ ਲੁੱਟਿਆ ਗਿਆ ਤੇ ਅੱਸੀ ਫ਼ੀਸਦੀ ਮਕਾਨ ਸਾੜੇ ਗਏ। ਬਾਕੀ ਮੁਸਲਮਾਨ ਕੁਝ ਪੱਟੀ ਦੇ ਰਾਹ ਤੇ ਕੁਝ ਝਬਾਲ ਦੇ ਰਾਹ ਪੈਦਲ ਚਲੇ ਗਏ।

ਜਦ ਕੈਂਪਾਂ ਵਿਚੋਂ ਮੁਸਲਮਾਨਾਂ ਨੂੰ ਗੱਡੀਆਂ 'ਤੇ ਬਾਹਰ ਭੇਜਣ ਲੱਗੇ ਤਾਂ ਸਿੱਖਾਂ ਨੇ ਰੇਲ ਦੀ ਲਾਈਨ ਪੁੱਟ ਕੇ ਇਹ ਰਾਹ ਬੰਦ ਕਰ ਦਿੱਤਾ। ਤਰਨਤਾਰਨ

ਨਾਗੋਕੇ

ਕੱਕਾ ਕੜਿਆਲਾ

ਤਰਨਤਾਰਨ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਤੋਂ ਪੱਟੀ ਖੇਮਕਰਨ ਦੇ ਵਿਚਾਲਿਓਂ ਲਾਈਨਾਂ ਤੋੜੀਆਂ ਗਈਆਂ। ਪਾਕਿਸਤਾਨ ਵਿਚੋਂ ਆਉਂਦੀਆਂ ਗੱਡੀਆਂ ਦੇ ਹਿੰਦੂ ਸਿੱਖ ਕਤਲ ਕੀਤੇ ਜਾਂਦੇ ਸਨ, ਇਸ ਲਈ ਉਸ ਦਾ ਬਦਲਾ ਲੈਣ ਵਾਸਤੇ ਸਿੱਖਾਂ ਵੀ ਏਧਰ ਓਹਾ ਕੰਮ ਆਰੰਭ ਦਿੱਤਾ।

ਸ਼ਹਿਰ ਅੰਮ੍ਰਿਤਸਰ

ਅੰਮ੍ਰਿਤਸਰ ਸ਼ਹਿਰ ਦੇ ਮੁਸਲਮਾਨਾਂ ਮਾਰਚ ਤੋਂ ਲੈ ਕੇ ਹੁਣ ਤੱਕ ਅੱਤ ਚੁੱਕੀ ਹੋਈ ਸੀ। ਹੁਣ ਉਹਨਾਂ ਇਕ ਆਖ਼ਰੀ ਟੱਕਰ ਲੈਣ ਦੀ ਠਾਣ ਲਈ। ੧੩ ਅਗਸਤ ਨੂੰ ਲਾਹੌਰ ਤੋਂ ਮੁਸਲਮ ਅਫ਼ਸਰਾਂ ਵੱਲੋਂ ਅੰਮ੍ਰਿਤਸਰ ਦੇ ਮੁਸਲਮ ਅਫ਼ਸਰਾਂ ਨੂੰ ਖ਼ਬਰ ਭੇਜੀ ਗਈ ਕਿ ਇਸੇ ਦਿਨ ਹਿੰਦੂ ਸਿੱਖ ਪੁਲੀਸ ਤੇ ਫ਼ੌਜ ਉੱਤੇ ਹਮਲਾ ਕਰਕੇ ਉਸ ਨੂੰ ਖ਼ਤਮ ਕਰਕੇ ਮੁੜ ਕੇ ਸਾਰੇ ਸ਼ਹਿਰ ਨੂੰ ਤਬਾਹ ਕਰ ਦੇਣ। ਇਹ ਖ਼ਬਰ ਇਕ ਹਿੰਦੂ ਅਫ਼ਸਰ ਦੇ ਹੱਥ ਆ ਗਈ। ਉਹਨੇ ਮੁਸਲਮ ਪੁਲੀਸ ਨੂੰ ਘੇਰਾ ਪਾ ਕੇ ਉਸ ਤੋਂ ਹਥਿਆਰ ਖੋਹ ਲਏ ਤੇ ਫਿਰ ਹਿੰਦੂ ਸਿੱਖਾਂ ਨੂੰ ਕਹਿ ਦਿੱਤਾ ਕਿ ਲਾਹੌਰ ਪਾਕਿਸਤਾਨ ਵਿਚ ਤੇ ਅੰਮ੍ਰਿਤਸਰ ਹਿੰਦੁਸਤਾਨ ਵਿਚ ਆ ਗਿਆ ਹੈ। ਇਸ ਦਾ ਭਾਵ ਅਰਥ ਸਮਝਣ ਵਿਚ ਕਿਸੇ ਨੂੰ ਭੁਲੇਖਾ ਲੱਗਣ ਦੀ ਕੋਈ ਗੁੰਜਾਇਸ਼ ਨਹੀਂ ਸੀ। ੧੪ ਅਗਸਤ ਨੂੰ ਹਿੰਦੂ ਸਿੱਖਾਂ ਵਲੋਂ ਅੰਮ੍ਰਿਤਸਰ ਉੱਤੇ ਹਮਲਾ ਹੋ ਗਿਆ ਤੇ ੧੯ ਅਗਸਤ ਤਕ ਸਾਰਾ ਸ਼ਹਿਰ ਮੁਸਲਮਾਨਾਂ ਵਲੋਂ ਖ਼ਾਲੀ ਹੋ ਗਿਆ। ਜਿਸ ਗਲੀ ਬਾਜ਼ਾਰ ਵਿਚ ਵੇਖੋ, ਲੋਥਾਂ ਦੇ ਢੇਰ ਲੱਗੇ ਪਏ ਸਨ। ਕਿਹਾ ਨਹੀਂ ਜਾ ਸਕਦਾ ਕਿ ਕਿੰਨੇ ਕੁ ਮੁਸਲਮਾਨ ਮਾਰੇ ਗਏ ਤੇ ਕਿੰਨੇ ਕੁ ਜਿਊਂਦੇ ਨਿਕਲ ਕੇ ਚਲੇ ਗਏ। ਅੱਜ ਵੀ ਵੇਖੀਏ ਤਾਂ ਪਤਾ ਚਲਦਾ ਹੈ ਕਿ ਜਿਨ੍ਹਾਂ ਹੱਥਾਂ ਨਾਲ ਇਨਸਾਨ ਨੇ ਇਸ ਖ਼ੂਬਸੂਰਤ ਸ਼ਹਿਰ ਨੂੰ ਉਸਾਰਿਆ ਸੀ, ਉਹਨਾਂ ਹੀ ਹੱਥਾਂ ਨਾਲ ਕਿੰਨੀ ਬੇਰਹਿਮੀ ਨਾਲ ਉਜਾੜਿਆ ਹੈ। ਚੌਥੇ ਹਿੱਸੇ ਦੇ ਲਗਪਗ ਸ਼ਹਿਰ ਖੋਲਿਆਂ ਵਿਚ ਵਟ ਗਿਆ ਹੈ। ਇਕ ਸ਼ਰੀਫ਼ਪੁਰਾ ਮਹੱਲਾ ਬਚਿਆ ਰਿਹਾ ਕਿਉਂਕਿ ਓਥੇ ਕੈਂਪ ਬਣ ਗਿਆ ਸੀ।

ਪਾਕਿਸਤਾਨੀ ਮੁਸਲਮਾਨ ਵੱਲੋਂ ਜ਼ੁਲਮੀ ਭਾਜੀ ਵਿਚ ਵਾਧਾ ਹੁੰਦਾ ਗਿਆ, ਜਿਸ ਦਾ ਜਵਾਬ ਏਧਰੋਂ ਹਿੰਦੂ ਸਿੱਖ ਦੇਂਦੇ ਰਹੇ। ਰਾਵਲਪਿੰਡੀ ਵਲੋਂ ਆਉਂਦੀ ਗੱਡੀ ਵਿਚ ਛੇ ਸੌ ਹਿੰਦੂ ਸਿੱਖ ਆ ਰਹੇ ਸਨ। ਸ਼ਾਹਦਰੇ ਤੋਂ ਪਿਛਾਂਹ ਹੀ ਮੁਸਲਮਾਨਾਂ ਨੇ ਉਹ ਗੱਡੀ ਰੋਕ ਲਈ ਤੇ ਸਾਰੇ ਪੁਰਸ਼ਾਰਥੀ ਕਤਲ ਕਰ ਦਿੱਤੇ। ਜਿਸ ਵੇਲੇ ਉਹ ਲੋਥਾਂ ਦੀ ਭਰੀ ਹੋਈ ਗੱਡੀ ਅੰਮ੍ਰਿਤਸਰ ਪੁੱਜੀ ਤਾਂ ਵੇਖ ਕੇ ਉਹ ਆਦਮੀ ਵੀ ਮਰਨ ਮਾਰਨ ਵਾਸਤੇ ਤਿਆਰ ਹੋ ਗਏ, ਜਿਹੜੇ ਕਦੇ ਕੀੜੀ ਮਾਰਨ ਦੇ ਵੀ ਹੱਕ ਵਿਚ ਨਹੀਂ ਸਨ। ਉਸੇ ਦਿਨ ਜਲੰਧਰ ਵੱਲੋਂ ਆਉਂਦੀ ਗੱਡੀ ਰੋਕ ਲਈ ਤੇ ਉਸ ਵਿਚਲੇ ਤਿੰਨ ਹਜ਼ਾਰ ਮੁਸਲਮਾਨ ਕਤਲ ਕਰ ਦਿੱਤੇ। ਉਸ ਗੱਡੀ ਵਿਚੋਂ ਇਕ ਜੀਅ ਵੀ

ਜਿਊਂਦਾ ਨਾ ਬਚ ਸਕਿਆ। ਜਿਸ ਵੇਲੇ ਇਹ ਲੋਥਾਂ ਦੀ ਭਰੀ ਗੱਡੀ ਪਾਕਿਸਤਾਨ ਵਿਚ ਪਹੁੰਚੀ ਤਾਂ ਸਾਰੇ ਤਰਥੱਲੀ ਮੱਚ ਗਈ। ਅਗਲੇ ਦਿਨ ਹੀ ਸਾਡੀਆਂ ਦੋ ਗੱਡੀਆਂ ਅਮਨ ਨਾਲ ਪਾਕਿਸਤਾਨ ਵਿਚੋਂ ਆ ਗਈਆਂ। ਜੇ ਅੰਮ੍ਰਿਤਸਰ ਵਿਚ ਇਹ ਗੱਡੀ ਨਾ ਮਾਰੀ ਜਾਂਦੀ ਤਾਂ ਪਾਕਿਸਤਾਨ ਵਿਚੋਂ ਇਕ ਵੀ ਹਿੰਦੂ ਸਿੱਖ ਬਚ ਕੇ ਨਾ ਆਉਂਦਾ। ਮੁੱਕਦੀ ਗੱਲ, ਏਧਰ ਸਿੱਖਾਂ ਨੇ ਓਹੋ ਕੁਝ ਕੀਤਾ, ਜੋ ਕਰਨ ਵਾਸਤੇ ਮੁਸਲਮਾਨਾਂ ਨੇ ਮਜਬੂਰ ਕੀਤਾ।

ਇਕ ਘਟਨਾ ਦਾ ਹੋਰ ਜ਼ਿਕਰ ਕਰਕੇ ਅੰਮ੍ਰਿਤਸਰ ਦੇ ਹਾਲ ਖ਼ਤਮ ਕਰਦੇ ਹਾਂ। ਭਰੋਵਾਲ ਤੋਂ ਬਲੋਚ ਮਿਲਟਰੀ ਦੀ ਰਾਖੀ ਵਿਚ ਮੁਸਲਮਾਨਾਂ ਦਾ ਕਾਫ਼ਲਾ ਪਾਕਿਸਤਾਨ ਨੂੰ ਤੁਰਿਆ। ਉਹ ਆਪਣਾ ਲੋੜੀਂਦਾ ਸਭ ਸਾਮਾਨ ਲੈ ਕੇ ਪਿੰਡੋਂ ਨਿਕਲੇ। ਉਦਾਲੇ ਦੇ ਸਿੱਖਾਂ ਨੂੰ ਵੇਖ ਕੇ ਬੜਾ ਗ਼ੁੱਸਾ ਆਇਆ ਕਿ ਸਾਡੇ ਓਧਰੋਂ ਖ਼ਾਲੀ ਹੱਥ ਆਉਣ ਤੇ ਇਹ ਸਾਮਾਨ ਲੈ ਕੇ ਜਾਣ। ਸਾਰਿਆਂ ਫ਼ੈਸਲਾ ਕੀਤਾ ਕਿ ਇਹ ਕਾਫ਼ਲਾ ਲੁੱਟ ਲੈਣਾ ਹੈ। ਕਾਫ਼ਲਾ ਤਰਨਤਾਰਨ ਪੁੱਜਾ ਤਾਂ ਮਿਲਟਰੀ ਨੇ ਕਰਫ਼ੀਊ ਲਾ ਦਿੱਤਾ। ਦੋ ਸਿੱਖ ਗਭਰੂ ਉਹਨਾਂ ਬਾਹਰ ਮਾਲ ਚਾਰਦੇ ਮਾਰ ਦਿੱਤੇ। ਕਾਫ਼ਲਾ ਤਰਨਤਾਰਨ ਅੱਡੇ ਤੋਂ ਲੈ ਕੇ ਅੰਮ੍ਰਿਤਸਰ ਵਾਲੀ ਸੜਕ 'ਤੇ ਦੋ ਮੀਲ ਤਕ ਬੈਠਾ ਸੀ। ਸਿੱਖਾਂ ਨੇ ਉਸ ਉੱਤੇ ਹਮਲਾ ਕਰ ਦਿੱਤਾ। ਅੱਗੋਂ ਬਲੋਚ ਮਿਲਟਰੀ ਨੇ ਸਟੇਨਗੰਨਾਂ ਦਾ ਫ਼ਾਇਰ ਸ਼ੁਰੂ ਕਰ ਦਿੱਤਾ। ਸਿੱਖ ਵੱਟਾਂ ਦੇ ਆਸਰੇ ਲੰਮੇ ਪੈ ਗਏ। ਫ਼ਾਇਰ ਬੰਦ ਹੋਇਆ ਤਾਂ ਉਹ ਉਠ ਕੇ ਕਾਫ਼ਲੇ ਵੱਲ ਵਧੇ। ਮਿਲਟਰੀ ਨੇ ਫੇਰ ਗੋਲੀ ਚਲਾਈ। ਸਿੱਖ ਫੇਰ ਲੰਮੇ ਪੈ ਗਏ। ਇਸ ਤਰ੍ਹਾਂ ਤਿੰਨ ਵਾਰ ਬਲੋਚੀ ਫ਼ੌਜ ਨੇ ਸਟੇਨਗੰਨਾਂ ਦੇ ਫ਼ਾਇਰ ਕੀਤੇ। ਚੌਥੇ ਫ਼ਾਇਰ ਤੋਂ ਪਹਿਲਾਂ ਹੀ ਸਿੱਖ ਭੱਜ ਕੇ ਮੁਸਲਮਾਨਾਂ ਦੇ ਵਿਚ ਜਾ ਵੜੇ ਤੇ ਕ੍ਰਿਪਾਨ ਨਾਲ ਵਾਢ ਧਰ ਦਿੱਤੀ। ਹੁਣ ਗੋਲੀ ਨਹੀਂ ਸੀ ਚਲਾਈ ਜਾ ਸਕਦੀ ਕਿਉਂਕਿ ਦੋਵੇਂ ਧਿਰਾਂ ਆਪਸ ਵਿਚ ਰਲ ਮਿਲ ਗਈਆਂ ਸਨ। ਮਿਲਟਰੀ ਨੇ ਹੁਕਮ ਦਿੱਤਾ ਕਿ ਕਾਫ਼ਲਾ ਸਾਮਾਨ ਛੱਡ ਕੇ ਜਾਨਾਂ ਬਚਾਉਣ ਦੀ ਕਰੇ। ਸੋ ਸਭ ਮੁਸਲਮਾਨ ਕੇਵਲ ਜਾਨਾਂ ਲੈ ਕੇ ਅੰਮ੍ਰਿਤਸਰ ਨੂੰ ਉਠ ਨੱਸੇ। ਇਸ ਮੁਠ ਭੇੜ ਵਿਚ ਗੋਲੀ ਨਾਲ 7 ਸਿੱਖ ਮਰੇ ਤੇ ਪੰਜਾਹ ਕੁ ਮੁਸਲਮਾਨ ਕ੍ਰਿਪਾਨਾਂ ਤੇ ਬਰਛੀਆਂ ਨਾਲ ਮਰੇ। ਹਮਲਾ ਕਰਨ ਵਾਲੇ ਸਿੱਖਾਂ ਕੋਲ ਬੰਦੂਕ ਕੋਈ ਨਹੀਂ ਸੀ। ਕਾਫ਼ਲੇ ਦਾ ਸਾਰਾ ਸਾਮਾਨ ਲੁੱਟ ਲਿਆ ਗਿਆ।

ਇਲਾਕਾ ਪੱਟੀ

ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਲਗਪਗ ਅੱਧੋ-ਅੱਧ ਵੰਡੀ ਗਈ ਸੀ। ਕਸੂਰ ਪਾਕਿਸਤਾਨ ਵਿਚ ਤੇ ਖੇਮਕਰਨ ਹਿੰਦੁਸਤਾਨ ਵਿਚ। ਕਸੂਰ ਦੇ ਪਾਕਿਸਤਾਨੀ ਹਿੱਸੇ ਵਿਚੋਂ ਆਏ ਹੋਏ ਸਿੱਖਾਂ ਨੇ ਹਿੰਦੁਸਤਾਨੀ ਹਿੱਸੇ ਦੇ ਮੁਸਲਮਾਨਾਂ ਤੋਂ ਬਦਲੇ

ਲਏ। ਪੱਟੀ ਦੇ ਇਲਾਕੇ ਵਿਚੋਂ ਬਹੁਤ ਸਾਰੇ ਮੁਸਲਮਾਨ ੧੫ ਅਗਸਤ ਤੋਂ ਪਹਿਲਾਂ ਹੀ ਘਰ ਬਾਰ ਛੱਡ ਗਏ ਸਨ। ਜਦ ਹੱਦਬੰਦੀ ਦਾ ਫ਼ੈਸਲਾ ਹੋ ਗਿਆ ਤਾਂ ਬਾਕੀਆਂ ਨੂੰ ਵੀ ਮੁਸਲਮ ਨੈਸ਼ਨਲ ਗਾਰਡ ਤੇ ਫ਼ੌਜੀ ਟਰੱਕਾਂ ਉੱਤੇ ਕੱਢਣ ਲੱਗ ਪਏ। ਪੱਟੀ ਤੇ ਭਿੱਖੀਵਿੰਡ ਕਸੂਰ ਸੜਕ ਉੱਤੇ ਇਹ ਟਰੱਕ ਚਲਦੇ ਸਨ। ਸੜਕ ਦੇ ਆਸੇ ਪਾਸੇ ਲੰਘਦੇ ਕਈ ਸਿੱਖ ਮੁਸਲਮ ਮਿਲਟਰੀ ਨੇ ਗੋਲੀ ਨਾਲ ਮਾਰ ਦਿੱਤੇ। ਕਈ ਦਿਨ ਤਕ ਇਸ ਤਰ੍ਹਾਂ ਇਹ ਸੜਕ ਹੀ ਸਿੱਖਾਂ ਵਾਸਤੇ ਬੰਦ ਰਹੀ। ਹਿੰਦੂਸਤਾਨ ਦੀ ਮਿਲਟਰੀ ਅਜੇ ਇਸ ਇਲਾਕੇ ਵਿਚ ਪੁੱਜੀ ਨਹੀਂ ਸੀ। ਇਸ ਗੱਲ ਤੋਂ ਸਿੱਖ ਵਧੇਰੇ ਭੜਕ ਉੱਠੇ ਕਿ ਪਾਕਿਸਤਾਨ ਵਿਚ ਤਾਂ ਮੁਸਲਮਾਨਾਂ ਨੇ ਮਨਮਾਨੀ ਕੀਤੀ, ਪਰ ਜੇ ਹਿੰਦੂਸਤਾਨ ਵਿਚ ਆਣ ਕੇ ਵੀ ਉਹ ਓਸੇ ਤਰ੍ਹਾਂ ਕਰਦੇ ਰਹੇ ਤਾਂ ਫੇਰ ਸਾਡਾ ਟਿਕਾਣਾ ਕਿਹੜਾ ਹੋਇਆ ? ਸੋ ਇਸ ਇਲਾਕੇ ਦੇ ਮੁਸਲਮਾਨਾਂ ਤੋਂ ਬਦਲਾ ਲੈਣ ਵਾਸਤੇ ਹਜ਼ਾਰਾਂ ਸਿੱਖ ਇਕੱਠੇ ਹੋ ਗਏ। ਇਸ ਇਲਾਕੇ ਵਿਚ ਮੁਸਲਮਾਨਾਂ ਦੇ ਚਾਰ ਵੱਡੇ ਗੜ੍ਹ ਸਨ : ਪੱਟੀ, ਬੂਰ, ਘਰਿਆਲਾ ਤੇ ਅਲਗੋਂ। ਉਦਾਲੇ ਦੇ ਬਹੁਤ ਸਾਰੇ ਮੁਸਲਮਾਨ ਵੀ ਇਹਨਾਂ ਥਾਵਾਂ 'ਤੇ ਹੀ ਇਕੱਠੇ ਹੋਏ-ਹੋਏ ਸਨ।

ਅਲਗੋਂ

੨੪ ਅਗਸਤ ਨੂੰ ਦੋ ਢਾਈ ਹਜ਼ਾਰ ਸਿੱਖਾਂ ਨੇ ਅਲਗੋਂ ਉੱਤੇ ਹਮਲਾ ਕਰ ਦਿੱਤਾ। ਉਥੇ ਛੇ ਸੱਤ ਹਜ਼ਾਰ ਮੁਸਲਮਾਨ ਟਾਕਰੇ ਦੀ ਤਿਆਰੀ ਕਰੀ ਬੈਠੇ ਸਨ। ਉਹਨਾਂ ਦੀ ਮਦਦ ਵਾਸਤੇ ਮੁਸਲਮ ਮਿਲਟਰੀ ਦੀਆਂ ਦੋ ਲਾਰੀਆਂ ਵੀ ਪੁੱਜੀਆਂ ਹੋਈਆਂ ਸਨ। ਇਕ ਲਾਰੀ ਨਾਲ ਦੇ ਥੇਹ ਉੱਤੇ ਖੜੀ ਕਰਕੇ ਉਪਰ ਮਸ਼ੀਨਗੰਨ ਬੀੜੀ ਹੋਈ ਸੀ। ਦੂਜੀ ਲਾਰੀ ਪਿੰਡ ਦੇ ਉਦਾਲੇ ਫਿਰ ਰਹੀ ਸੀ। ਸਿੱਖ ਪੈਂਦੀ ਸੱਟੇ ਪਿੰਡ ਦੇ ਵਿਚ ਆਣ ਵੜੇ। ਤਿੰਨ ਘੰਟੇ ਦੋਹੀਂ ਪਾਸੀਂ ਗੋਲੀ ਚਲਦੀ ਰਹੀ। ਘਰਾਂ ਵਿਚ ਸਿੱਖਾਂ ਨੇ ਕ੍ਰਿਪਾਨਾਂ ਤੇ ਬਰਛਿਆਂ ਨਾਲ ਧਾਵਾ ਬੋਲ ਦਿੱਤਾ। ਮੁਸਲਮਾਨਾਂ ਨੂੰ ਭੱਜਣ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਹਿ ਗਿਆ। ਅੰਤ ਸੱਖਣੇ ਹੱਥੀਂ ਪਿੰਡ ਛੱਡ ਕੇ ਸਾਰੇ ਮੁਸਲਮਾਨ ਨਸ ਤੁਰੇ। ਇਕ ਲਾਰੀ ਅੱਗੇ ਤੇ ਇਕ ਪਿੱਛੇ, ਸਭ ਘਰਿਆਲੇ ਜਾ ਵੜੇ। ਇਸ ਲੜਾਈ ਵਿਚ ਛੇ ਸਿੱਖ (ਸੁਰਜਨ ਸਿੰਘ ਲਾਖਣਾ, ਦਰਸ਼ਣ ਸਿੰਘ ਸਰਾਇਚ, ਦੋ ਸਿੰਘ ਦਫ਼ਰੂਹ ਦੇ, ਇਕ ਭੜਾਲਾਂ ਦਾ ਤੇ ਇਕ ਵੱਲਣ ਦਾ) ਤੇ ੭੦-੮੦ ਮੁਸਲਮਾਨ ਮਾਰੇ ਗਏ। ਸਾਰਾ ਪਿੰਡ ਲੁੱਟਿਆ ਗਿਆ।

ਵਰਨਾਲਾ

੨੬ ਅਗਸਤ ਨੂੰ ਸਵੇਰੇ ਹੀ ਸਿੱਖਾਂ ਨੇ ਵਰਨਾਲੇ ਨੂੰ ਘੇਰਾ ਪਾ ਲਿਆ। ਵਰਨਾਲੇ ਵਾਲੇ ਮੁਸਲਮਾਨ ਬਿਨਾਂ ਲੜਾਈ ਦੇ ਘਰ-ਬਾਰ ਸੁੱਧਾ ਛੱਡ ਕੇ ਪਿੰਡ ਘਰਿਆਲੇ ਵਿਚ ਆ ਗਏ। ਪਿਛੋਂ ਸਿੱਖਾਂ ਨੇ ਸਾਰਾ ਪਿੰਡ ਲੁੱਟ ਲਿਆ।

ਘਰਿਆਲਾ

ਘਰਿਆਲਾ ਮੁਸਲਮਾਨਾਂ ਦੀ ਮਲਕੀਅਤ ਬੜਾ ਵੱਡਾ ਪਿੰਡ ਸੀ। ਉਦਾਲੇ ਦੇ ਬਹੁਤ ਸਾਰੇ ਛੋਟੇ-ਛੋਟੇ ਪਿੰਡ ਖ਼ਾਲੀ ਹੋ ਕੇ ਏਥੇ ਆਣ ਇਕੱਠੇ ਹੋਏ ਸਨ। ਇਸ ਤਰ੍ਹਾਂ ਪਿੰਡ ਵਿਚ ਮੁਸਲਮਾਨਾਂ ਦੀ ਗਿਣਤੀ ੨੦

Sri Satguru Jagjit Singh Ji eLibrary NamdhariElibrary@gmail.com

ਹਜ਼ਾਰ ਤਕ ਪੁੱਜ ਗਈ ਸੀ। ਉਹਨਾਂ ਦੀ ਰਾਖੀ ਵਾਸਤੇ ਮੁਸਲਮ ਨੈਸ਼ਨਲ ਗਾਰਡ ਤੇ ਬਲੋਚ ਮਿਲਟਰੀ ਦੀਆਂ ਅੱਠ ਲਾਰੀਆਂ ਵੀ ਆਈਆਂ ਹੋਈਆਂ ਸਨ। ਉਹਨਾਂ ਕੋਲ ਪੱਕੀਆਂ ਬੰਦੂਕਾਂ, ਸਟੇਨਗੰਨਾਂ ਤੇ ਬਰੇਨਗੰਨਾਂ ਸਨ। ਛੇ ਸੱਤ ਹਜ਼ਾਰ ਸਿੱਖਾਂ ਨੇ ੨੬ ਅਗਸਤ ਚਾਰ ਵਜੇ ਘਰਿਆਲੇ ਨੂੰ ਘੇਰਾ ਪਾ ਲਿਆ। ਛੇ ਸੱਤ ਸੌ ਸਿੱਖ ਘੋੜਿਆਂ 'ਤੇ ਅਸਵਾਰ ਸਨ। ਉਹਨਾਂ ਵਿਚ ਕੁਝ ਪੈਨਸ਼ਨਰ ਫ਼ੌਜੀ ਵੀ ਸਨ ਉਹਨਾਂ ਕੋਲ ਬਾਰਾਂ ਬੋਰ ਦੀਆਂ, ੩੦੩ ਨੰਬਰ ਦੀਆਂ (ਪੱਕੀਆਂ) ਬੰਦੂਕਾਂ, ਦੇਸੀ ਪਸਤੌਲ, ਦੇਸੀ ਬੰਬ ਤੇ ਕੁਝ ਫ਼ੌਜੀ ਗਰਨੇਡ ਸਨ। ਮੁਸਲਮ ਫ਼ੌਜੀ ਲਾਰੀਆਂ ਪਿੰਡ ਦੇ ਉਦਾਲੇ ਫਿਰ ਕੇ ਰਾਖੀ ਕਰ ਰਹੀਆਂ ਸਨ। ਸਿੱਖਾਂ ਨੇ ਇਕ ਲਾਰੀ ਉੱਤੇ ਹਮਲਾ ਕਰ ਦਿੱਤਾ, ਜਿਸ ਉੱਤੇ ਬਰੇਨਗੰਨ ਬੀੜੀ ਹੋਈ ਸੀ। ਇਕ ਸਿੱਖ ਦੀ ਗੋਲੀ ਨਾਲ ਬਰੇਨਗੰਨ ਵਾਲਾ ਬਲੋਚ ਮਾਰਿਆ ਗਿਆ, ਇਕ ਨੇ ਡਰਾਈਵਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ ਤਾਂ ਬਾਕੀ ਬਲੋਚ ਲਾਰੀ ਛੱਡ ਕੇ ਨੱਸ ਗਏ। ਉਹ ਨੱਸਦੇ ਹੋਏ ਦੋ ਬੰਦੂਕਾਂ ਵੀ ਲਾਰੀ ਵਿਚ ਹੀ ਛੱਡ ਗਏ, ਜੋ ਸਿੱਖਾਂ ਦੇ ਹੱਥ ਆ ਗਈਆਂ ਇਕ ਹੋਰ ਲਾਰੀ ਚਿੱਕੜ ਵਿਚ ਫਸ ਗਈ। ਸਿੱਖਾਂ ਉਸ ਉੱਤੇ ਗੋਲੀਆਂ ਚਲਾਈਆਂ, ਇਕ ਸਿਪਾਹੀ ਮਾਰਿਆ ਗਿਆ ਤਾਂ ਬਾਕੀ ਲਾਰੀ ਛੱਡ ਕੇ ਪਿੰਡ ਵਿਚ ਜਾ ਵੜੇ ਸਿੱਖਾਂ ਨੇ ਇਸ ਲਾਰੀ ਦੇ ਟਾਇਰ ਕਟ ਦਿੱਤੇ। ਹੁਣ ਚੁਫੇਰਿਓਂ ਪਿੰਡ ਉੱਤੇ ਮੀਂਹ ਵਾਂਗ ਗੋਲੀ ਬਰਸਣ ਲੱਗੀ। ਹਮਲਾ ਕਰਨ ਵਾਲਿਆਂ ਵਿਚੋਂ ਲੱਖਾ ਸਿੰਘ ਦੁੱਲੂ, ਬਿਸ਼ਨ ਸਿੰਘ ਕਾਦੀਵਿੰਡ, ਅਜਾਇਬ ਸਿੰਘ ਸਹਾਰੀ, ਦਲੀਪ ਸਿੰਘ, ਜੀਤ ਸਿੰਘ ਦਫਰੂਹ ਆਦਿ ਪ੍ਰਸਿੱਧ ਸਨ। ਜਥੇਦਾਰ ਚੰਨਣ ਸਿੰਘ ਉਰਾੜਾ ਆਪਣੀ ਕਾਰ ਉੱਤੇ ਸਿੱਖਾਂ ਨੂੰ ਬਾਹਰੋਂ ਦਾਰੂ ਸਿੱਕਾ ਪੁਚਾ ਰਹੇ ਸਨ। ਸਾਰੀ ਰਾਤ ਇਸੇ ਤਰ੍ਹਾਂ ਗੋਲੀ ਚਲਦੀ ਰਹੀ। ਮੁਸਲਮਾਨ ਪਿੰਡ ਛੱਡ ਕੇ ਨੱਸਣਾ ਚਾਹੁੰਦੇ ਸਨ, ਪਰ ਚੁਫੇਰੇ ਸਿੱਖਾਂ ਦਾ ਘੇਰਾ ਸੀ। ਦਿਨ ਚੜ੍ਹੇ ਸਿੱਖਾਂ ਨੇ ਸਟੇਸ਼ਨ ਵਾਲਾ ਪਾਸਾ ਖ਼ਾਲੀ ਛੱਡ ਦਿੱਤਾ ਤੇ ਬਾਕੀ ਤਿੰਨਾਂ ਪਾਸਿਆਂ ਤੋਂ ਹੱਲਾ ਕਰਕੇ ਪਿੰਡ ਵਿਚ ਵੜ ਗਏ। ਅਖ਼ੀਰ ੨੭ ਅਗਸਤ ਨੂੰ ੧੦ ਵਜੇ ਸਭ ਮੁਸਲਮਾਨ ਪਿੰਡ ਛੱਡ ਕੇ ਨੱਸ ਤੁਰੇ। ਕੋਈ ਟਾਵਾਂ-ਟਾਵਾਂ ਹੀ ਕੁਝ ਨਕਦ ਮਾਲ ਲੈ ਕੇ ਨਿਕਲਿਆ, ਨਹੀਂ ਤਾਂ ਸਭ ਖ਼ਾਲੀ ਹੱਥੀਂ ਸਾਰਾ ਪਿੰਡ ਲੁੱਟ ਲਿਆ ਗਿਆ। ਇਸ ਘਮਸਾਨ ਵਿਚ ੭੦-੮੦ ਸਿੱਖ ਤੇ ਸੱਤ ਕੁ ਸੌ ਮੁਸਲਮਾਨ ਮਰਿਆ।

ਬੂਹ

ਇਸ ਤੋਂ ਦੋ ਦਿਨ ਪਿੱਛੋਂ ਬੂਹ ਉੱਤੇ ਹਮਲਾ ਹੋ ਗਿਆ। ਇਹ ਪਿੰਡ ਦਰਿਆ ਸਤਲੁਜ ਦੇ ਢਾਹੇ ਦੇ ਉੱਤੇ ਹੈ। ਕੁਦਰਤੀ ਮੋਰਚੇ ਬਣੇ ਹੋਏ ਸਨ। ਮੁਸਲਮਾਨਾਂ ਨੇ ਆਪਣੀ ਰੱਖਿਆ ਵਾਸਤੇ ਬੜਾ ਪ੍ਰਬੰਧ ਕੀਤਾ ਹੋਇਆ ਸੀ। ਇਕ ਵਾਰ ਹਮਲਾ ਕਰਕੇ ਸਿੱਖ ਪਿੱਛੇ ਹਟ ਗਏ। ਮੁਸਲਮਾਨਾਂ ਸਮਝਿਆ ਕਿ ਮੌਤ ਟਲ ਗਈ ਹੈ, ਪਰ ਤਿੰਨ ਚਾਰ ਘੰਟੇ ਪਿੱਛੋਂ ਸਿੱਖ ਫੇਰ ਆਣ ਪਏ। ਇਸ ਵਾਰ ਮੁਸਲਮਾਨਾਂ ਨੂੰ ਘਰ ਬਾਰ ਛੱਡ ਕੇ ਨੱਸਣਾ ਪੈ ਗਿਆ। ਏਥੇ ਜਦ ਸਾਰੇ ਸਿੱਖ ਤੇ

Sri Satguru Jagjit Singh Ji eLibrary NamdhariElibrary@gmail.com

੮੦-੯੦ ਮੁਸਲਮਾਨ ਮਰੇ। ਬਾਕੀ ਜਾਨਾਂ ਲੈ ਕੇ ਪਾਕਿਸਤਾਨ ਨੂੰ ਨੱਸ ਗਏ।

ਪੱਟੀ

ਪੱਟੀ ਵਿਚ ਬਹੁਤਾ ਜਾਨੀ ਨੁਕਸਾਨ ਨਹੀਂ ਹੋਇਆ, ਸਿਰਫ਼ ਇਕ ਦੋ ਮੌਤਾਂ ਹੋਈਆਂ, ਉਹ ਵੀ ਕਿਸੇ ਲੜਾਈ ਵਿਚ ਨਹੀਂ। ਥੋੜ੍ਹਾ ਥੋੜ੍ਹਾ ਸਾਮਾਨ ਲੈ ਕੇ ਕੁਝ ਗੱਡੀ ਤੇ ਟਰੱਕਾਂ ਰਾਹੀਂ ਤੇ ਬਾਕੀ ਪੈਦਲ ਚਲ ਕੇ ਪਾਕਿਸਤਾਨ ਜਾ ਪਹੁੰਚੇ।

ਖੇਮ ਕਰਨ

ਖੇਮਕਰਨ ਸਰਹੱਦੀ ਕਸਬਾ ਹੈ। ਉਥੋਂ ਦੇ ਸਿੱਖ ਥਾਣੇਦਾਰ ਦੀ ਕਿਰਪਾ ਨਾਲ ਸਭ ਮੁਸਲਮਾਨ ਅਮਨ ਨਾਲ ਕਸੂਰ ਜਾ ਪੁੱਜੇ। ਬਾਕੀ ਸਾਰੇ ਇਲਾਕੇ ਦੇ ਛੋਟੇ ਮੋਟੇ ਪਿੰਡਾਂ ਦੇ ਮੁਸਲਮਾਨ ਆਪਣੇ ਆਪ ਹੀ ਪਾਕਿਸਤਾਨ ਨੂੰ ਨੱਸ ਗਏ।

ਜ਼ਿਲ੍ਹਾ ਗੁਰਦਾਸਪੁਰ

ਇਸ ਜ਼ਿਲ੍ਹੇ ਵਿਚ ਕਾਦੀਆਂ ਮਿਰਜ਼ਈ ਮੁਸਲਮਾਨਾਂ ਦਾ ਮਜ਼੍ਹਬੀ ਗੜ੍ਹ ਸੀ। ਇਸੇ ਵਾਸਤੇ ਉਹ ਸੋਚਦੇ ਸਨ ਕਿ ਤਹਿਸੀਲ ਬਟਾਲਾ ਜ਼ਰੂਰ ਪਾਕਿਸਤਾਨ ਵਿਚ ਜਾਵੇਗੀ। ਇਸੇ ਹੌਸਲੇ ਉੱਤੇ ਉਹਨਾਂ ਸਾਰੇ ਜ਼ਿਲ੍ਹੇ ਵਿਚ ਹਿਦੂਆਂ ਸਿੱਖਾਂ ਉੱਤੇ ਹਰ ਤਰ੍ਹਾਂ ਦਾ ਰੁਅਬ ਪਾਉਣ ਦਾ ਯਤਨ ਕੀਤਾ। ਹਿਦੂ ਸਿੱਖਾਂ ਨੂੰ ਯਕੀਨ ਹੋ ਗਿਆ ਕਿ ਜੇ ਇਹ ਇਲਾਕਾ ਪਾਕਿਸਤਾਨ ਵਿਚ ਆ ਗਿਆ ਤਾਂ ਏਥੇ ਵੀ ਰਾਵਲਪਿੰਡੀ ਵਾਲਾ ਹਾਲ ਹੋਵੇਗਾ। ਸੋ ਉਹਨਾਂ ਵੀ ਯਥਾਸ਼ਕਤ ਬਚਾਉ ਵਾਸਤੇ ਟਾਕਰੇ ਦੀ ਤਿਆਰੀ ਕਰ ਲਈ। ਉਹਨਾਂ ਦੇ ਭਾਗ ਚੰਗੇ ਸਨ ਕਿ ਤਹਿਸੀਲ ਸ਼ਕਰਗੜ੍ਹ ਤੋਂ ਬਿਨਾਂ ਬਾਕੀ ਜ਼ਿਲ੍ਹਾ ਹਿੰਦੁਸਤਾਨ ਵਿਚ ਆ ਗਿਆ। ਹੱਦਬੰਦੀ ਦਾ ਐਲਾਨ ਹੁੰਦਿਆਂ ਹੀ ਮੁਸਲਮਾਨਾਂ ਦੇ ਹੌਸਲੇ ਟੁੱਟ ਗਏ। ਫੇਰ ਵੀ ਉਹ ਸ਼ਰਾਰਤ ਕਰਨੋਂ ਨਾ ਟਲੇ। ਬਟਾਲਾ ਆਦਿ ਕਈ ਥਾਵਾਂ 'ਤੇ ਉਹਨਾਂ ਪਹਿਲ ਕੀਤੀ। ਪਰ ਹੁਣ ਹਿਦੂ ਸਿੱਖਾਂ ਦੇ ਦਿਲ ਵਧੇ ਹੋਏ ਸਨ। ਉਹਨਾਂ ਹਰ ਥਾਂ ਮੁਸਲਮਾਨਾਂ ਦਾ ਮਾਲੀ ਤੇ ਜਾਨੀ ਨੁਕਸਾਨ ਕੀਤਾ। ਇਸ ਜ਼ਿਲ੍ਹੇ ਵਿਚ ਬਹੁਤੀ ਡੱਟ ਕੇ ਲੜਾਈ ਕਿਤੇ ਵੀ ਨਹੀਂ ਹੋਈ, ਸੋ ਬਹੁਤੀ ਕਟਾ ਵੱਢ ਤੇ ਸਾੜ ਫੂਕ ਤੋਂ ਬਚਾਉ ਹੀ ਰਿਹਾ। ਹਰਗੋਬਿੰਦਪੁਰਾ, ਬਟਾਲਾ, ਗੁਰਦਾਸਪੁਰ ਆਦਿ ਥਾਵਾਂ 'ਤੇ ਮਾਮੂਲੀ ਘਟਨਾਵਾਂ ਹੋਈਆਂ, ਘਰ-ਬਾਰ ਲੁੱਟੇ ਗਏ ਤੇ ਕੁਝ ਮੁਸਲਮਾਨ ਸਿੱਧੇ ਰਾਵੀਓਂ ਪਾਰ ਹੋ ਗਏ ਤੇ ਕੁਝ ਕਾਦੀਆਂ ਆਦਿ ਕੈਂਪਾਂ ਵਿਚ ਇਕੱਠੇ ਹੋ ਗਏ। ਕਾਦੀਆਂ ਸਭ ਤੋਂ ਵੱਡਾ ਕੈਂਪ ਸੀ, ਜੋ ਕਈ ਮਹੀਨੇ ਤਕ ਪਾਕਿਸਤਾਨ ਵੱਲ ਢੁੱਕਦਾ ਰਿਹਾ। ਇਸ ਵੇਲੇ ਵੀ ਉੱਥੇ ਕੁਝ ਮੁਜਾਵਰ ਬੈਠੇ ਹਨ।

ਜ਼ਿਲ੍ਹਾ ਹੁਸ਼ਿਆਰਪੁਰ

ਜੁਲਾਈ ਦੇ ਅਖ਼ੀਰ ਵਿਚ ਹੀ ਏਥੇ ਕੁਝ ਗੜ-ਬੜ ਸ਼ੁਰੂ ਹੋ ਗਈ ਸੀ। ਹੱਦਬੰਦੀ ਦੇ ਐਲਾਨ ਪਿੱਛੋਂ ਹਾਲਤ ਹੋਰ ਵੀ ਵਿਗੜ ਪਈ। ਪਾਕਿਸਤਾਨ ਵਿਚੋਂ ਉੱਜੜ ਕੇ ਆਏ ਹੋਏ ਹਿਦੂ ਸਿੱਖਾਂ ਦਾ ਬੁਰਾ ਹਾਲ ਵੇਖ ਕੇ ਏਥੋਂ ਦੇ ਹਿਦੂ ਸਿੱਖ

ਸਹਾਰ ਨਾ ਸਕੇ। ਉਹਨਾਂ ਅਗਸਤ ਦੇ ਅਖ਼ੀਰ ਵਿਚ ਹੁਸ਼ਿਆਰਪੁਰ ਦੀਆਂ ਕਈ ਬਸਤੀਆਂ 'ਤੇ ਹਮਲਾ ਕਰ ਦਿੱਤਾ। ਖ਼ਾਸ ਕਰ ਜਿਨ੍ਹਾਂ ਬਸਤੀਆਂ ਵਿਚ ਮੁਸਲਮਾਨ ਆਕੀ ਹੋਏ ਬੈਠੇ ਸਨ, ਬਹੁਤਾ ਨੁਕਸਾਨ ਓਥੇ ਹੀ ਹੋਇਆ। ਇਕ ਦਿਨ ਵਿਚ ਪੁਰਾਣੀ ਬਸਤੀ, ਨਵੀਂ ਬਸਤੀ, ਵੱਡੀ ਬਸਤੀ, ਗ਼ੁਲਾਮ ਹੁਸੈਨ, ਦੌਲਤ ਖ਼ਾਨ, ਦਾਊਦ ਆਦਿ ਉਜਾੜ ਦਿੱਤੀਆਂ ਗਈਆਂ। ਸਾਰਾ ਸ਼ਹਿਰ ਲੁੱਟ ਲਿਆ ਗਿਆ। ਕਈ ਮਕਾਨ ਅਗਨ ਭੇਟ ਵੀ ਕੀਤੇ ਗਏ। ਪੰਜ ਕੁ ਸੌ ਮੁਸਲਮਾਨਾਂ ਦੇ ਮਾਰੇ ਜਾਣ ਦਾ ਅੰਦਾਜ਼ਾ ਹੈ। ਬਾਕੀ ਕੈਂਪਾਂ ਰਾਹੀਂ ਪਾਕਿਸਤਾਨ ਵਿਚ ਚਲੇ ਗਏ। ਉਦਾਲੇ ਦੇ ਪਿੰਡਾਂ ਵਿਚ ਵੀ ਕਈ ਮੁਸਲਮਾਨ ਮਾਰੇ ਗਏ ਤੇ ਬਾਕੀ ਖ਼ਾਲੀ ਹੱਥੀਂ ਨੱਸ ਭਜ ਕੇ ਕੈਂਪ ਵਿਚ ਜਾ ਪੁੱਜੇ।

ਨਾਰੋ ਨੰਗਲ

ਨਾਰੋ ਨੰਗਲ ਉੱਤੇ ਹਮਲਾ ਹੋਇਆ ਤਾਂ ਮੁਸਲਮਾਨ ਅੱਗੋਂ ਟਾਕਰੇ ਲਈ ਤਿਆਰ ਹੋ ਗਏ। ਉਹਨਾਂ ਨੇ ਮਕਾਨਾਂ ਉੱਤੇ ਸਲੇ ਪੱਕਿ ਮੋਰਚੇ ਬਣਾਏ ਹੋਏ ਸਨ। ਜਿਸ ਵੇਲੇ ਸਿੱਖਾਂ ਨੇ ਬਾਹਰੋਂ ਗੋਲੀਆਂ ਚਲਾਈਆਂ ਤਾਂ ਮੁਸਲਮਾਨ ਘਬਰਾ ਗਏ ਤੇ ਪਿੰਡ ਵਿਚ ਏਧਰ ਓਧਰ ਨੱਸਣ ਭੱਜਣ ਲੱਗ ਪਏ। ਸਿੱਖ ਪੈਂਦੀ ਸੱਟੇ ਬਰਛੀਆਂ ਲੈ ਕੇ ਪਿੰਡ ਵਿਚ ਵੜ ਗਏ ਤੇ ਲੁੱਟ ਮਾਰ ਸ਼ੁਰੂ ਕਰ ਦਿੱਤੀ। ਮੁਸਲਮਾਨਾਂ ਵਿਚ ਟਾਕਰੇ ਦੀ ਤਾਬ ਨਾ ਰਹੀ। ਜਿਸ ਪਾਸੇ ਕਿਸੇ ਦਾ ਮੂੰਹ ਹੋਇਆ, ਉੱਠ ਨੱਸਿਆ। ੬੦-੭੦ ਮੁਸਲਮਾਨ ਮਾਰੇ ਗਏ। ਬਾਕੀ ਸਭ ਜਾਨਾਂ ਲੈ ਕੇ ਕੈਂਪ ਵਿਚ ਚਲੇ ਗਏ।

ਦਸੂਹਾ

ਦਸੂਹਾ ਤਹਿਸੀਲ ਵਿਚ ਮੁਸਲਮਾਨਾਂ ਦੀ ਬੜੀ ਭਾਰੀ ਗਿਣਤੀ ਸੀ। ਮੁਸਲਮ ਅਖ਼ਬਾਰ ਇਸ ਤਹਿਸੀਲ ਨੂੰ ਪਾਕਿਸਤਾਨ ਵਿਚ ਲੈਣ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹੇ ਸਨ। ੧੫ ਅਗਸਤ ਦੇ ਪਿੱਛੋਂ ਉਹ ਸਾਰੇ ਘਰ-ਬਾਰ ਛੱਡ ਕੇ ਕੈਂਪਾਂ ਵਿਚ ਇਕੱਠੇ ਹੋ ਗਏ। ਇਸ ਵਾਸਤੇ ਇਸ ਤਹਿਸੀਲ ਦਾ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਇਲਾਕੇ ਵਿਚ ਕੁਝ ਪਿੰਡਾਂ—ਮਸਤੇਵਾਲ, ਨੈਣਵਾਲ—ਆਦਿ ਉੱਤੇ ਹਮਲੇ ਹੋਏ, ਜਿਨ੍ਹਾਂ ਵਿਚ ੯੦੦ ਦੇ ਲੱਗਪਗ ਮੁਸਲਮਾਨ ਮਾਰੇ ਗਏ।

ਗੜ੍ਹ ਸ਼ੰਕਰ

ਗੜ੍ਹ ਸ਼ੰਕਰ ਵਿਚ ਜੁਲਾਈ ਵਿਚ ਹੀ ਗੜ-ਬੜ ਸ਼ੁਰੂ ਹੋ ਗਈ ਸੀ। ੧੫ ਅਗਸਤ ਪਿੱਛੋਂ ਏਥੇ ਕੈਂਪ ਬਣ ਗਿਆ। ਕਸਬੇ ਦੇ ਤੇ ਇਲਾਕੇ ਦੇ ਮੁਸਲਮਾਨ ਕੈਂਪ ਵਿਚ ਇਕੱਠੇ ਹੋ ਗਏ। ਇਲਾਕੇ ਦੇ ਪਿੰਡਾਂ ਵਿਚ ਕੋਈ ਥਾਈਂ ਹਮਲੇ ਤਾਂ ਹੋਏ, ਪਰ ਮਾਮੂਲੀ। ਸਮੁੱਚੇ ਤੌਰ 'ਤੇ ਇਸ ਜ਼ਿਲ੍ਹੇ ਵਿਚ ਬੜੇ ਥੋੜ੍ਹੇ ਮੁਸਲਮਾਨ ਮਰੇ ਹਨ।

ਜ਼ਿਲ੍ਹਾ ਜਲੰਧਰ

ਇਸੇ ਸ਼ਹਿਰ ਵਿਚ ਮਾਰਚ ਦੇ ਮਹੀਨੇ ਅਮਨ ਕਾਇਮ ਰੱਖਣ ਦੇ ਹਾਮੀ ਅਕਾਲੀ ਲੀਡਰ ਬਾਬੂ ਲਾਭ ਸਿੰਘ ਜੀ ਮੁਸਲਮਾਨਾਂ ਹੱਥੋਂ ਕਤਲ ਕੀਤੇ ਗਏ

Sri Satguru Jagjit Singh Ji eLibrary NamdhariElibrary@gmail.com

ਸਨ। ਇਸ ਗੱਲੋਂ ਹਿੰਦੂ ਸਿੱਖ ਦਿਲਾਂ ਵਿਚ ਸਾੜ ਲਈ ਬੈਠੇ ਸਨ। ਸ਼ਹਿਰ ਵਿਚ ਮੁਸਲਮਾਨਾਂ ਦੀ ਭਾਰੀ ਬਹੁ ਗਿਣਤੀ ਹੋਣ ਕਰਕੇ ਉਹ ਸਮੇਂ ਦੀ ਉਡੀਕ ਵਿਚ ਸਨ। ਅਸਲ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਦੋਵੇਂ ਧਿਰਾਂ ਇਕ ਦੂਜੇ ਦੀ ਤਬਾਹੀ ਵਾਸਤੇ ਤਿਆਰੀ ਕਰੀ ਬੈਠੇ ਸਨ, ਪਰ ਦੋਵੇਂ ੧੫ ਅਗਸਤ ਦੀ ਉਡੀਕ ਕਰ ਰਹੇ ਸਨ ਕਿ ਇਹ ਸ਼ਹਿਰ ਕਿਹੜੇ ਪਾਸੇ ਜਾਂਦਾ ਹੈ ? ੧੫ ਨੂੰ ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਹਕੂਮਤਾਂ ਬਣ ਗਈਆਂ, ਪਰ ਹੱਦ ਦਾ ਫ਼ੈਸਲਾ ਨਾ ਹੋਇਆ। ਇਸੇ ਦਿਨ ਮੁਸਲਮਾਨਾਂ ਨੇ ਹਿੰਦੂ ਸਿੱਖ ਮਹੱਲਿਆਂ ਨੂੰ ਤਬਾਹ ਕਰਨ ਦੀ ਸਕੀਮ ਬਣਾ ਲਈ। ਉਹਨਾਂ ਦਾ ਲੀਡਰ ਸੁਲਤਾਨ ਖ਼ਾਂ ਪਹਿਲਵਾਨ ਸੀ। ਹਿੰਦੂ ਸਿੱਖਾਂ ਨੂੰ ਇਸ ਗੋਂਦ ਦਾ ਪਤਾ ਲੱਗ ਗਿਆ। ਉਹਨਾਂ ਆਪਣੀ ਮਦਦ ਵਾਸਤੇ ਬਾਹਰੋਂ ਸਿੱਖਾਂ ਦੇ ਜੱਥੇ ਮੰਗਵਾ ਲਏ। ਸ਼ਾਮ ਨੂੰ ਸੱਤ ਵਜੇ ਸੁਲਤਾਨ ਖ਼ਾਂ ਦੇ ਮਕਾਨ 'ਤੇ ਹਮਲਾ ਕਰ ਦਿੱਤਾ ਗਿਆ। ਕਿਸੇ ਨੌਜਵਾਨ ਨੇ ਦਸਤੀ ਬੰਬ ਸੁੱਟਿਆ, ਜਿਸ ਨਾਲ ਸੁਲਤਾਨ ਖ਼ਾਂ ਮਾਰਿਆ ਗਿਆ। ਉਸ ਦੇ ਮਰਨ ਦੀ ਦੇਰ ਸੀ ਕਿ ਹਿੰਦੂ ਸਿੱਖਾਂ ਦੇ ਹੌਸਲੇ ਵੱਧ ਗਏ। ਉਹਨਾਂ ਸ਼ਹਿਰ 'ਤੇ ਹੱਲਾ ਬੋਲ ਦਿੱਤਾ। ਜੋ ਬਾਜ਼ਾਰ ਵਿਚ ਨਜ਼ਰ ਆਇਆ, ਤਲਵਾਰ ਭੇਟ ਕਰ ਦਿੱਤਾ ਗਿਆ। ਕੁਝ ਮਕਾਨਾਂ ਨੂੰ ਅੱਗ ਵੀ ਲਾਈ ਗਈ। ਮੁਸਲਮਾਨਾਂ ਨੇ ਕਈ ਥਾਈਂ ਟਾਕਰਾ ਕਰਨਾ ਚਾਹਿਆ, ਪਰ ਕਿਤੇ ਵੀ ਉਹਨਾਂ ਦੇ ਪੈਰ ਨਾ ਲੱਗੇ। ਸੈਂਕੜੇ ਮੁਸਲਮਾਨ ਮਾਰੇ ਗਏ ਤੇ ਬਾਕੀ ਸ਼ਹਿਰ ਛੱਡ ਕੇ ਨਾਲ ਦੀਆਂ ਬਸਤੀਆਂ (ਗੁਜ਼ਾਂ, ਦਾਨਸ਼ਮੰਦਾਂ, ਸ਼ੇਖ਼ਾਂ ਆਦਿ) ਵਿਚ ਜਾ ਵੜੇ। ਫਿਰ ਸਰਕਾਰ ਵਲੋਂ ਓਥੇ ਉਹਨਾਂ ਵਾਸਤੇ ਕੈਂਪ ਬਣਾ ਦਿੱਤਾ, ਜਿਥੋਂ ਉਹ ਸਹਿਜ-ਸਹਿਜ ਗੱਡੀਆਂ ਰਾਹੀਂ ਤੇ ਪੈਦਲ ਚਲ ਕੇ ਪਾਕਿਸਤਾਨ ਚਲੇ ਗਏ।

ਪਿੰਡ

ਸ਼ਹਿਰ ਪਿੱਛੋਂ ਪਿੰਡਾਂ ਦੀ ਵਾਰੀ ਆਈ। ਕਈ ਪਿੰਡਾਂ ਉੱਤੇ ਮੁਸਲਮਾਨਾਂ ਨੇ ਹਮਲਾ ਕਰਨ ਦੀ ਤਿਆਰੀ ਕੀਤੀ ਹੋਈ ਸੀ, ਪਰ ਜਦੋਂ ਉਲਟੇ ਸਿੱਖਾਂ ਨੇ ਉਹਨਾਂ ਉੱਤੇ ਹੱਲੇ ਬੋਲ ਦਿੱਤੇ ਤਾਂ ਅੱਗੋਂ ਟਾਕਰੇ ਵਿਚ ਮੁਸਲਮਾਨ ਖਲੋ ਨਾ ਸਕੇ। ਉਹਨਾਂ ਦੇ ਦੇਸੀ ਬੰਬ ਤੇ ਪਸਤੌਲ ਧਰੇ ਹੀ ਰਹਿ ਗਏ। ਜੰਡ, ਚਨਕੋਈ, ਨੂਰਪੁਰ, ਘੋਗੜੀ, ਜੱਸੋਵਾਲ ਆਦਿ ਕਈ ਪਿੰਡ ਤਬਾਹ ਕਰ ਦਿੱਤੇ ਗਏ। ਕੁਝ ਪਿੰਡ ਅੱਗ ਲਾ ਕੇ ਵੀ ਸਾੜੇ ਗਏ। ਹਜ਼ਾਰਾਂ ਦੀ ਗਿਣਤੀ ਵਿਚ ਮੁਸਲਮਾਨ ਮਾਰੇ ਗਏ। ਬਾਕੀ ਘਰ ਬਾਰ ਛੱਡ ਕੇ ਪਾਕਿਸਤਾਨ ਨੂੰ ਹੋ ਤੁਰੇ।

ਰੱਬੀ ਕਹਿਰ

ਕੁਝ ਬਦਨਸੀਬ ਮੁਸਲਮਾਨ, ਸਿੱਖਾਂ ਦੀ ਤਲਵਾਰ ਤੋਂ ਤਾਂ ਬਚ ਗਏ, ਪਰ ਮੌਤ ਤੋਂ ਨਾ ਬਚ ਸਕੇ। ਜਿਸ ਪਾਕਿਸਤਾਨ ਬਦਲੇ ਉਹਨਾਂ ਐਨਾ ਊਧਮ ਤੇ ਪਾਪ ਕੀਤਾ ਸੀ, ਉਸ ਵਿਚ ਪਹੁੰਚਣਾ ਵੀ ਨਸੀਬ ਨਾ ਹੋਇਆ। ਮੁਸਲਮਾਨਾਂ ਦਾ ਸੱਠ ਸੱਤਰ ਹਜ਼ਾਰ ਦਾ ਕਾਫ਼ਲਾ ਸ਼ਾਹੀ ਸੜਕ (ਜੀ. ਟੀ. ਰੋਡ) ਉੱਤੇ ਵੇਈਂ ਨਦੀ ਦੇ ਪੁਲ ਕੋਲ ਬੈਠਾ ਸੀ। ਇਕ ਚਾਲੀ ਹਜ਼ਾਰ ਦਾ

ਕਾਫ਼ਲਿਆਂ ਵਿਚੋਂ ਕੱਲ ਤੇ ਇਕ ਏਨਾ ਕੁ ਹੀ ਸੁਲਤਾਨਪੁਰ ਬੈਠਾ ਸੀ। ਉਧਰ ਪੰਜਾਬੀਆਂ ਨੂੰ ਉਜਾੜਾ ਪਿਆ ਤੇ ਓਧਰੋਂ ਐਨੀਆਂ ਬਾਰਸ਼ਾਂ ਹੋਈਆਂ ਤੇ ਦਰਿਆਵਾਂ ਵਿਚ ਚੜ੍ਹਾਅ ਆਏ, ਜਿਨ੍ਹਾਂ ਦੀ ਮਿਸਾਲ ਪਿਛਲੇ ਸੌ ਸਾਲ ਤਕ ਨਹੀਂ ਮਿਲਦੀ ਛੋਟੀ ਜਿਹੀ ਨਦੀ ਵੇਈਂ ਵਿਚ ਏਨਾ ਪਾਣੀ ਆ ਗਿਆ ਕਿ ਉਸ ਨੇ ਰੇਲਵੇ ਲਾਈਨ ਦਾ ਪੁਲ ਮੁੱਢੋਂ ਹੀ ਪੁੱਟ ਦਿੱਤਾ ਤੇ ਪੱਕੀ ਸੜਕ ਤੋੜ ਦਿੱਤੀ।

ਫ਼ੀਰੋਜ਼ਪੁਰ-ਜਲੰਧਰ ਰੇਲਵੇ ਲਾਈਨ ਦੇ ਥਾਵਾਂ ਤੋਂ ਅਸਲੋਂ ਗ਼ਰਕ ਹੋ ਗਈ ਉਹ ਬੈਠੇ ਹੋਏ ਕਾਫ਼ਲੇ ਸਾਰੇ ਦੇ ਸਾਰੇ ਜਲ-ਪ੍ਰਵਾਹ ਹੋ ਗਏ। ਕੇਵਲ ਜ਼ਿਲ੍ਹਾ ਜਲੰਧਰ ਤੇ ਰਿਆਸਤ ਕਪੂਰਥਲਾ ਦੀ ਹੱਦ ਅੰਦਰ ਹੀ ਦੋ ਲੱਖ ਮੁਸਲਮਾਨ ਰੁੜ੍ਹ ਗਿਆ।

ਜ਼ਿਲ੍ਹਾ ਫਿਰੋਜ਼ਪੁਰ

ਖੋਖਰੀ ਅਰਾਈਆਂ

ਇਸ ਜ਼ਿਲ੍ਹੇ ਵਿਚ ਸਭ ਤੋਂ ਪਹਿਲਾਂ ਪਿੰਡ ਖੋਖਰੀ ਅਰਾਈਆਂ ਤਹਿਸੀਲ ਮੋਗਾ ਵਿਚ ਗੜਬੜ ਹੋਈ। ਉਸ ਪਿੰਡ ਦੇ ਮੁਸਲਮਾਨਾਂ ਨੇ ਇਲਾਕੇ ਵਿਚ ਅੱਤ ਚੁੱਕੀ ਹੋਈ ਸੀ। ਆਏ ਦਿਨ ਭੜਕਾਊ ਨਾਅਰੇ ਲਾਉਣੇ ਤੇ ਸਿੱਖਾਂ ਨੂੰ ਤਾਹਨੇ ਦੇਣੇ ਉਹਨਾਂ ਦਾ ਕੰਮ ਸੀ। ਇਸ ਸ਼ਰਾਰਤ ਤੋਂ ਝਗੜਾ ਵੱਧ ਗਿਆ। ਪੰਜ ਅਗਸਤ ਨੂੰ ਇਲਾਕੇ ਦੇ ਸਿੱਖਾਂ ਨੇ ਖੋਖਰੀ ਉੱਤੇ ਹਮਲਾ ਕਰ ਦਿੱਤਾ ਉਹਨਾਂ ਵੀ ਅੱਗੋਂ ਟਾਕਰਾ ਕੀਤਾ, ਪਰ ਸਿੱਖਾਂ ਦੀਆਂ ਗੋਲੀਆਂ ਅੱਗੇ ਪੇਸ਼ ਨਾ ਗਈ। ਇਸ ਹਮਲੇ ਵਿਚ ਵੀਹ ਪੰਝੀ ਮੁਸਲਮਾਨ ਮਾਰੇ ਗਏ ਤੇ ਏਨੇ ਕੁ ਹੀ ਫੱਟੜ ਹੋਏ। ਇਸ ਅੱਗ ਨੂੰ ਫ਼ੌਜ ਨੇ ਅਗ੍ਹਾਂ ਨਾ ਵਧਣ ਦਿੱਤਾ, ਸਗੋਂ ਏਥੇ ਦਾ ਏਥੇ ਹੀ ਦਬਾ ਦਿੱਤਾ।

ਮੋਗਾ

੧੯ ਅਗਸਤ ਨੂੰ ਖ਼ਾਸ ਮੋਗੇ ਵਿਚ ਫ਼ਸਾਦ ਹੋ ਗਿਆ। ਦੇਵ ਸਮਾਜ ਸਕੂਲ ਦੇ ਨਾਲ ਦੀ ਮਸੀਤ ਵਿਚ ਛੇ ਸੱਤ ਹਜ਼ਾਰ ਮੁਸਲਮਾਨਾਂ ਨੇ ਇਕੱਠੇ ਹੋ ਕੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਮਸੀਤ ਵਿਚੋਂ ਹੀ ਉਹਨਾਂ ਉਤਾਂਹ ਨੂੰ ਦੇਸੀ ਪਸਤੌਲਾਂ ਦੇ ਫ਼ਾਇਰ ਕੀਤੇ। ਉਹਨਾਂ ਦਾ ਖ਼ਿਆਲ ਸੀ ਕਿ ਇਸ ਤਰ੍ਹਾਂ ਹਿੰਦੂ ਸਿੱਖ ਭੈ-ਭੀਤ ਹੋ ਜਾਣਗੇ। ਕੁਝ ਮਨਚਲਿਆਂ ਨੇ ਇਕ ਹੋਰ ਭੁੱਲ ਕੀਤੀ : ਹਿੰਦੂ ਚਮਿਆਰਾਂ ਦੇ ਕੁਝ ਘਰਾਂ ਨੂੰ ਅੱਗ ਲਾ ਦਿੱਤੀ। ਸ਼ਹਿਰ ਦੇ ਹਿੰਦੂ ਸਿੱਖ ਅੱਗੇ ਹੀ ਭਰੇ ਪੀਤੇ ਪਏ ਸਨ। ਇਸ ਘਟਨਾ ਨੇ ਬਲਦੀ 'ਤੇ ਤੇਲ ਪਾਇਆ, ਜਿਸ ਨਾਲ ਭਾਂਬੜ ਮਚ ਉਠੇ। ਮੁਸਲਮਾਨ ਅਜੇ ਹਮਲਾ ਕਰਨ ਬਾਰੇ ਸੋਚ ਹੀ ਰਹੇ ਸਨ, ਕਿ ਸਿੱਖਾਂ ਨੇ ਹਮਲਾ ਕਰ ਦਿੱਤਾ। ਮੋਗਾ ਤੇ ਉਸ ਦੇ ਨਾਲ ਲੱਗਦੀਆਂ ਬਸਤੀਆਂ ਵਿਚ ਲੁੱਟ ਮਾਰ ਮਚ ਗਈ। ਸ਼ਹਿਰ ਦਾ ਸਾਰਾ ਮੁਸਲਮ ਹਿੱਸਾ ਲੁੱਟ ਲਿਆ ਗਿਆ। ਕੁਝ ਮਕਾਨ ਵੀ ਸਾੜੇ ਗਏ। ਸੈਂਕੜੇ ਮੁਸਲਮਾਨ ਮਾਰੇ ਗਏ। ਜੋ ਬਚੇ, ਉਹ ਮਿਸ਼ਨ ਅਹਾਤੇ ਦੇ ਕੈਂਪ ਵਿਚ ਇਕੱਠੇ ਹੋ ਗਏ।

ਤਹਿਸੀਲ ਜ਼ੀਰਾ ਵਿਚ ਫ਼ਸਾਦ ਬਲੋਚ ਮਿਲਟਰੀ ਦੇ ਪਰ ਸ਼ੁਰੂ ਹੋਇਆ। ਉਸ

ਤਹਿਸੀਲ ਜ਼ੀਰਾ

ਦੇ ਟਰੱਕ ਮਖ਼ੂ ਦੇ ਨੇੜੇ ਪੱਕੀ ਸੜਕ ਉੱਤੇ ਜਾ ਰਹੇ ਸਨ। ਉਹਨਾਂ ਨੇ ਲੋਕਾਂ ਨੂੰ ਡਰਾਉਣ ਵਾਸਤੇ ਬਿਨਾਂ ਕਿਸੇ ਖ਼ਾਸ ਕਾਰਨ ਫ਼ਾਇਰ ਕੀਤੇ। ਸਾਹਮਣਿਓਂ ਸਰਦਾਰ ਅਮਰ ਸਿੰਘ ਥਾਣੇਦਾਰ ਹਲਕਾ ਮਖ਼ੂ ਤਿਨ ਸਿਪਾਹੀਆਂ ਸਣੇ ਆ ਰਹੇ ਸਨ। ਉਹਨਾਂ ਮਿਲਟਰੀ ਨੂੰ ਵਰਜਿਆ ਕਿ ਬਿਨਾਂ ਕਾਰਨ ਫ਼ਾਇਰ ਕਰਨਾ ਠੀਕ ਨਹੀਂ ਕਿਉਂਕਿ ਹਾਲਾਤ ਅੱਗੇ ਹੀ ਵਿਗੜੇ ਹੋਏ ਹਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਬਲੋਚ ਮਿਲਟਰੀ ਨੇ ਥਾਣੇਦਾਰ ਅਮਰ ਸਿੰਘ, ਉਸ ਦੇ ਤਿੰਨੇ ਸਿਪਾਹੀ, ਇਕ ਹੋਰ ਸਿੱਖ ਤੇ ਇਕ ਹਿੰਦੂ (ਛੇ ਆਦਮੀ) ਗੋਲੀ ਨਾਲ ਉਡਾ ਦਿੱਤੇ। ਇਹ ਖ਼ਬਰ ਇਲਾਕੇ ਵਿਚ ਪਹੁੰਚੀ ਤਾਂ ਦੋਹਾਂ ਧਿਰਾਂ ਵਿਚ ਖਿੱਚੋਤਾਣ ਹੱਦੋਂ ਵੱਧ ਗਈ। ਨਾਲ ਹੀ ਮੁਸਲਮਾਨਾਂ ਦੇ ਹੌਸਲੇ ਵੱਧ ਗਏ। ਨੀਲੇ ਵਾਲੇ ਤੇ ਕਰਮੂੰ ਵਾਲੇ ਮੁਸਲਮਾਨਾਂ ਨੇ ੨੦ ਅਗਸਤ ਨੂੰ ਭੰਗਾਲੀ ਕਲਾਂ 'ਤੇ ਹਮਲਾ ਕਰਕੇ ਸਿੱਖਾਂ

ਨੀਲੇ ਵਾਲਾ

ਦੇ ਬਾਰਾਂ ਘਰ ਸਾੜ ਦਿੱਤੇ। ਛੇ ਸਿੰਘ ਤੇ ਇਕ ਸਿੰਘਣੀ ਕਤਲ ਕੀਤੇ ਗਏ। ਦੋ ਸਿੱਖ ਲੜਕੀਆਂ ਘੇਰੇ ਵਿਚ ਆ ਗਈਆਂ। ਉਹਨਾਂ ਦੋਹਾਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਏਨੇ ਨੂੰ ਖ਼ਬਰ ਸੁਣ ਕੇ ਇਲਾਕੇ ਦੇ ਸਿੱਖ ਆਣ ਪਏ। ਉਹਨਾਂ ਨੂੰ ਵੇਖਦੇ ਸਾਰ ਮੁਸਲਮਾਨ ਭੱਜ ਕੇ ਨੀਲੇ ਵਾਲੇ ਜਾ ਵੜੇ। ਸਿੱਖਾਂ ਨੇ ਉਹ ਦੋਵੇਂ ਬੀਬੀਆਂ ਜਿਉਂਦੀਆਂ ਖੂਹ ਵਿਚੋਂ ਕੱਢ ਲਈਆਂ। ਨੀਲੇ ਵਾਲੇ ਵਿਚ ਉਸ ਵੇਲੇ ਤਿੰਨ ਹਜ਼ਾਰ ਮੁਸਲਮਾਨ ਲੜਨ ਨੂੰ ਤਿਆਰ ਖੜੇ ਸਨ। ਸਿੱਖ ਸਭੋ ਛੇ ਸੌ ਸਨ। ਉਹਨਾਂ ਆਪਣੀ ਘੱਟ ਗਿਣਤੀ ਦੀ ਪ੍ਰਵਾਹ ਨਾ ਕੀਤੀ ਤੇ ਅਗਾਧ ਜੋਸ਼ ਵਿਚ ਆ ਕੇ ਨੀਲੇ ਵਾਲੇ 'ਤੇ ਹਮਲਾ ਕਰ ਦਿੱਤਾ। ਚਾਰ ਸਿੱਖ ਤੇ ਤੀਹ ਮੁਸਲਮਾਨ ਮਾਰੇ ਗਏ। ਬਾਕੀ ਮੁਸਲਮਾਨ ਪਿੰਡ ਛੱਡ ਕੇ ਕਰਮੂੰ ਵਾਲੇ ਜਾ ਵੜੇ।

੨੧ ਤਾਰੀਖ਼ ਨੂੰ ਸਿੱਖਾਂ ਨੇ ਕਰਮੂੰ ਵਾਲੇ ਉੱਤੇ ਧਾਵਾ ਬੋਲ ਦਿੱਤਾ। ਉਥੇ ਮੁਸਲਮਾਨਾਂ ਦੀ ਗਿਣਤੀ ਨੌਂ ਹਜ਼ਾਰ ਤਕ ਪੁੱਜੀ ਹੋਈ ਸੀ। ਘੇਰਾ ਪਾਉਣ ਵਾਲੇ ਸਿੱਖ

ਕਰਮੂੰ ਵਾਲਾ

ਦੋ ਹਜ਼ਾਰ ਤੋਂ ਵੱਧ ਨਹੀਂ ਸਨ। ਸਾਰੀ ਰਾਤ ਘੇਰਾ ਕਾਇਮ ਰਿਹਾ, ਪਰ ਹਮਲਾ ਕਿਸੇ ਪਾਸਿਓਂ ਨਹੀਂ ਹੋਇਆ। ੨੨ ਨੂੰ ਸਵੇਰੇ ਲੜਾਈ ਸ਼ੁਰੂ ਹੋ ਗਈ ਤੇ ਦੁਪਹਿਰ ਤਕ ਮੁਕ ਗਈ। ੨੫ ਸਿੱਖ ਮਰੇ ਤੇ ੯ ਫੱਟੜ ਹੋਏ। ਮੁਸਲਮਾਨ ਇਕ ਹਜ਼ਾਰ ਤੋਂ ਵੱਧ ਕਤਲ ਹੋਏ ਤੇ ਸੱਤ ਅੱਠ ਸੌ ਜ਼ਖ਼ਮੀ। ਬਾਕੀ ਸਭ ਨੱਸ ਕੇ ਚੌਂਟੀਆਂ ਕਲਾਂ ਜਾ ਲੁਕੇ। ੨੩ ਨੂੰ ਸਿੱਖਾਂ ਉੱਥੇ ਹਮਲਾ ਕਰ ਦਿੱਤਾ। ਅੱਗੇ-ਅੱਗੇ

ਚੌਂਟੀਆਂ ਕਲਾਂ

ਮੁਸਲਮਾਨ ਤੇ ਮਗਰ-ਮਗਰ ਸਿੱਖ ਭੱਜੇ ਫਿਰਦੇ ਸਨ। ਦੋਹਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾ ਰਿਹਾ ਸੀ। ਲੜਾਈ ਸ਼ੁਰੂ ਹੋ ਗਈ। ਮੁਸਲਮਾਨਾਂ ਟਾਕਰਾ ਤਾਂ ਕੀਤਾ ਪਰ ਉਹਨਾਂ ਦੇ ਹੌਸਲੇ ਅਸਲੋਂ ਟੁੱਟੇ ਹੋਏ ਸਨ। ਇਸ ਲੜਾਈ ਵਿਚ ਸਿਰਫ਼ ਪੰਜ ਸਿੱਖ ਮਰੇ ਤੇ ਦੋ ਜ਼ਖ਼ਮੀ ਹੋਏ। ਮੁਸਲਮਾਨਾਂ ਦੀਆਂ ਮੌਤਾਂ ਇਕ ਹਜ਼ਾਰ ਦੇ ਅੰਦਰ ਬਾਹਰ ਸਨ, ਤੇ ਪੰਜ ਸੌ ਦੇ ਲਗਪਗ ਜ਼ਖ਼ਮੀ ਹੋ ਗਏ। ਚੌਂਟੀਆਂ ਤੋਂ ਨਿਕਲ ਕੇ ਉਹ ਜ਼ੀਰੇ ਵੱਲ ਭੱਜੇ। ਮਗਰੇ ਸਿੱਖ ਵਾਹੀ ਧਰੀ ਆ ਰਹੇ ਸਨ। ਚਾਰ ਮੀਲ ਵਿਚ ਲੋਥਾਂ ਹੀ ਲੋਥਾਂ ਹੋ ਗਈਆਂ।

ਤਲਵੰਡੀਆਂ

ਜ਼ੀਰੇ ਤੋਂ ਤਿੰਨ ਮੀਲ ਚੜ੍ਹਦੇ ਪਾਸੇ ਜੱਲੇ ਖ਼ਾਂ ਮੰਗੇ ਖ਼ਾਂ ਦੀਆਂ ਦੋ ਤਲਵੰਡੀਆਂ ਕੋਲ-ਕੋਲ ਹਨ। ਉਥੇ ਚੌਦਾਂ ਪੰਦਰਾਂ ਹਜ਼ਾਰ ਮੁਸਲਮਾਨ ਇਕੱਠੇ ਹੋ ਗਏ। ਉਹਨਾਂ ਦਾ ਲੀਡਰ ਚੌਧਰੀ ਮੁਖਤਿਆਰ ਸੀ। ਉਥੇ ਛੇ ਘਰ ਰਾਮਗੜ੍ਹੀਆ ਸਿੱਖਾਂ ਦੇ ਸਨ। ਉਹ ਪੰਝੀ ਅਗਸਤ ਨੂੰ ਤੜਕੇ ਹੀ ਘਰ ਛੱਡ ਕੇ ਨਿਕਲ ਗਏ। ਮੁਸਲਮਾਨਾਂ ਨੂੰ ਪਤਾ ਲੱਗਾ ਤਾਂ ਉਹਨਾਂ ਦਿਨੇ ੯ ਵਜੇ ਉਹ ਛੀਏ ਘਰ ਸਾੜ ਦਿੱਤੇ। ਫਿਰ ਉਹ ਢੋਲ ਵਜਾਉਂਦੇ ਪਿੰਡ ਸ਼ਦਰੇ ਉੱਤੇ ਹਮਲਾ ਕਰਨ ਵਾਸਤੇ ਵੱਧੇ। ਅੱਗੋਂ ਛੇ ਹਜ਼ਾਰ ਸਿੱਖ ਉਹਨਾਂ ਉੱਤੇ ਹਮਲਾ ਕਰਨ ਵਾਸਤੇ ਆ ਰਿਹਾ ਸੀ। ਖ਼ਬਰ ਪਾ ਕੇ ਥਾਣਾ ਜ਼ੀਰਾ ਦੀ ਪੁਲੀਸ (ਥਾਣੇਦਾਰ ਰਘਬੀਰ ਸਿੰਘ*, ਦੋ ਹਵਾਲਦਾਰ ਤੇ ਛੇ ਸਿਪਾਹੀ) ਮੌਕੇ ਉੱਤੇ ਪਹੁੰਚ ਗਈ। ਉਸ ਨੇ ਲੜਾਈ ਬੰਦ ਕਰਾਉਣੀ ਚਾਹੀ, ਪਰ ਮੁਸਲਮਾਨਾਂ ਨੇ ਪੁਲੀਸ ਉੱਤੇ ਹੀ ਗੋਲੀਆਂ ਚਲਾਉਣੀਆਂ ਆਰੰਭ ਕਰ ਦਿੱਤੀਆਂ। ਹਵਾਲਦਾਰ ਬਲਵੰਤ ਸਿੰਘ ਗੋਲੀ ਨਾਲ ਮਾਰਿਆ ਗਿਆ। ਇਹ ਵੇਖ ਕੇ ਸਿੱਖਾਂ ਦਾ ਜੋਸ਼ ਠੱਲ੍ਹਿਆ ਨਾ ਰਿਹਾ। ਉਹਨਾਂ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡ ਕੇ ਧਾਵਾ ਬੋਲ ਦਿੱਤਾ। ਉਹਨਾਂ ਨੂੰ ਆਪਣੇ ਵੱਲ ਛਾਲਾਂ ਮਾਰ ਕੇ ਆਉਂਦਿਆਂ ਵੇਖ ਕੇ ਮੁਸਲਮਾਨ ਭੱਜ ਕੇ ਤਲਵੰਡੀ ਜੱਲੇ ਖ਼ਾਂ ਵਿਚ ਜਾ ਵੜੇ ਤੇ ਪਹਿਲਾਂ ਤੋਂ ਤਿਆਰ ਕੀਤੇ ਹੋਏ ਮੋਰਚਿਆਂ ਵਿਚ ਡਟ ਗਏ। ਉਹਨਾਂ ਕੋਲ ਸਟੇਨਗੰਨਾਂ, ਪੱਕੀਆਂ ਬੰਦੂਕਾਂ ਤੇ ਸਾਢੇ ਸੱਤ ਇੰਚ ਚੌੜੇ ਮੂੰਹ ਵਾਲੀਆਂ ਦੋ ਦੇਸੀ ਤੋਪਾਂ ਸਨ। ਸਿੱਖਾਂ ਕੋਲ ਕੁਝ ਦੇਸੀ ਪਸਤੌਲ, ਤਿੰਨ ਬਾਰਾਂ ਬੋਰ ਦੀਆਂ ਬੰਦੂਕਾਂ ਤੇ ਬਾਕੀ ਤਲਵਾਰਾਂ ਬਰਛੇ ਹੀ ਸਨ। ਪਿੰਡ ਦੇ ਉਦਾਲੇ ਘੇਰਾ ਪੈ ਗਿਆ। ੧੦ ਵਜੇ ਤੋਂ ਸ਼ਾਮ ਤਕ ਲੜਾਈ ਹੁੰਦੀ ਰਹੀ। ਨੱਸਣ ਵਾਸਤੇ ਮੁਸਲਮਾਨ ਤਿੰਨ ਵਾਰ ਪਿੰਡੋਂ ਬਾਹਰ ਨਿਕਲੇ ਤੇ ਤਿੰਨੇ ਵਾਰ ਸਿੱਖਾਂ ਨੇ ਘੇਰ ਕੇ ਅੰਦਰ ਵਾੜ ਦਿੱਤੇ। ਸਾਰੀ ਰਾਤ ਵੀ ਕਟਾ ਵੱਢ ਹੁੰਦੀ ਰਹੀ। ਏਨੀ ਤਿਆਰੀ ਹੁੰਦਿਆਂ ਹੋਇਆਂ ਵੀ ਮੁਸਲਮਾਨਾਂ ਦੇ ਹੌਸਲੇ ਟੁੱਟ ਗਏ। ਉਹਨਾਂ ਵਿਚੋਂ ਬਹੁਤੇ ਅਸਲੋਂ ਧੌਣਾਂ ਨੀਵੀਆਂ ਕਰਕੇ ਮਰੇ। ਉਹਨਾਂ ਵਿਚ ਅੱਗੋਂ ਹੱਥ ਹਲਾਉਣ ਦਾ ਆਸਰਾ ਨਹੀਂ ਸੀ ਰਿਹਾ। ਇਸ ਮੋਰਚੇ ਵਿਚ ਸਿਰਫ਼ ਬਾਰਾਂ ਸਿੱਖ ਕਤਲ ਹੋਏ ਤੇ ਇਕ ਜ਼ਖ਼ਮੀ, ਪਰ ਇਸ ਦੇ ਟਾਕਰੇ ਵਿਚ ੯ ਹਜ਼ਾਰ ਮੁਸਲਮਾਨ ਮਾਰੇ ਗਏ। ਸਭ ਕਮਰੇ, ਹਵੇਲੀਆਂ ਤੇ ਗਲੀਆਂ ਲੋਥਾਂ ਨਾਲ ਭਰ ਗਈਆਂ। ਇਹ ਸੀ ੨੫ ਅਗਸਤ, ਜਿਸ ਦਿਨ ਸ਼ੇਖ਼ੂਪੁਰੇ ਤੇ ਤਲਵੰਡੀ ਵਿਚ ਇਕੋ ਜਿਹਾ ਲਹੂ ਡੁਲ੍ਹਿਆ। ਰਾਤ ਦੇ ਹਨ੍ਹੇਰੇ ਵਿਚ ਜਿਹੜੇ ਇਥੋਂ ਬਚ ਕੇ ਨਿਕਲ ਸਕੇ, ਉਹਨਾਂ ਢੋਲੇ ਵਾਲੇ ਜਾ ਜਾਨ ਲੁਕਾਈ।

ਧਰਮਕੋਟ

ਧਰਮਕੋਟ ਦੇ ਇਲਾਕੇ ਵਿਚ ਮਾਮੂਲੀ ਗੜਬੜ ਹੋਈ। ਬਹੁਤ ਸਾਰੇ ਮੁਸਲਮਾਨ ਧਰਮਕੋਟ ਤੇ ਢੋਲੇ ਵਾਲੇ ਇਕੱਠੇ ਹੋ ਗਏ, ਜੋ ਫ਼ੌਜ ਦੀ ਰੱਖਿਆ ਵਿਚ ਸਹਿਜ-ਸਹਿਜ ਪਾਕਿਸਤਾਨ ਜਾ ਪੁੱਜੇ।

*ਤਹਿਸੀਲ ਜ਼ੀਰਾ ਦੇ ਸਾਰੇ ਹਾਲ ਥਾਣੇਦਾਰ ਰਘਬੀਰ ਸਿੰਘ ਜੀ ਨੇ ਲਿਖਵਾਏ ਹਨ।

ਮੱਖੂ

ਇਲਾਕਾ ਮੱਖੂ ਵਿਚ ਤਲਵੰਡੀ ਨਪਾਲਾਂ ਦਾ ਮਹਿੰਦੀ ਖ਼ਾਂ ਬੜਾ ਤਕੜਾ ਆਦਮੀ ਸੀ। ਉਸ ਦੇ ਆਦਮੀਆਂ ਨੇ ਲਾਗਲੇ ਪਿੰਡ ਮਰਹਾਣੇ ਉੱਤੇ ਹਮਲਾ ਕਰਕੇ ਕੁਝ ਮਕਾਨਾਂ ਨੂੰ ਅੱਗ ਲਾ ਦਿੱਤੀ। ਓਥੋਂ ਦੇ ਸਿੱਖ ਬਾਹਰੋਂ ਜੱਥੇ ਇਕੱਠੇ ਕਰਨ ਵਾਸਤੇ ਨਿਕਲੇ ਤਾਂ ਮੁਸਲਮਾਨ ਡਰਦੇ ਪਿੰਡ ਛੱਡ ਕੇ ਉਠ ਨੱਸੇ। ਮਹਿੰਦੀ ਖ਼ਾਂ ਸਾਰੇ ਇਲਾਕੇ ਦਾ ਕਾਫ਼ਲਾ ਬਣਾ ਕੇ ਰਿਆਸਤ ਕਪੂਰਥਲਾ ਨੂੰ ਨਿਕਲ ਗਿਆ। ਕੁਝ ਦਿਹਾੜੇ ਉਹ ਦਰਿਆਓਂ ਪਾਰ ਓਥੇ ਬੈਠਾ ਰਿਹਾ। ਅਗ੍ਹਾਂ ਨਿਕਲਣ ਨੂੰ ਕੋਈ ਰਾਹ ਨਾ ਲੱਭਾ ਤਾਂ ਮੁੜ ਕੇ ਫੇਰ ਮੱਖੂ ਤੋਂ ਡੇਢ ਮੀਲ ਦੀ ਵਿਥ ਉੱਤੇ ਕੋਟ ਕਾਇਮ ਖ਼ਾਂ ਆ ਬੈਠਾ। ਇਹ ਕਾਫ਼ਲਾ ਰੇਲਵੇ ਲਾਈਨ ਦੇ ਨਾਲ-ਨਾਲ ਦੂਰ ਤਕ ਖਿਲਰਿਆ ਹੋਇਆ ਸੀ। ਇਸ ਦੀ ਗਿਣਤੀ ੬੦ ਹਜ਼ਾਰ ਦੇ ਲਗਪਗ ਸੀ। ਉਦਾਲੇ ਦੇ ਸਿੱਖ ਵੀ ਲੱਗੇ ਕਾਫ਼ਲੇ ਉੱਤੇ ਹਮਲਾ ਕਰਨ ਦੀ ਤਿਆਰੀ ਕਰਨ। ਮਹਿੰਦੀ ਖ਼ਾਂ ਨੂੰ ਇਸ ਗੋਂਦ ਦਾ ਪਤਾ ਲੱਗ ਗਿਆ। ਉਸ ਨੇ ਕਾਫ਼ਲੇ ਵਿਚੋਂ ਰੁਪਇਆ ਜੀਆਂ ਦੇ ਹਿਸਾਬ ਨਾਲ ਇਸ ਲਈ ਇਕੱਠਾ ਕੀਤਾ ਕਿ ਪਾਕਿਸਤਾਨ ਨੂੰ ਜਾਣ ਵਾਸਤੇ ਬੇੜੀਆਂ ਦਾ ਪ੍ਰਬੰਧ ਕਰਨਾ ਹੈ। ਪਿਆਰਾ ਸਿੰਘ ਸਰਾ, ਦਲੀਪ ਸਿੰਘ ਪਿੰਡ ਗੁੱਦਾ ਤੇ ਬਿਸ਼ਨ ਸਿੰਘ ਮਰਹਾਣਾ ਨੂੰ ਪੰਝੀ ਹਜ਼ਾਰ ਰੁਪਏ ਦੇ ਕੇ ਮਹਿੰਦੀ ਖ਼ਾਂ ਰਾਤੋ-ਰਾਤ ਬੇੜੀ ਉੱਤੇ ਪਾਕਿਸਤਾਨ ਜਾ ਪੁੱਜਾ, ਪਰ ਨਾਲਦਿਆਂ ਨੂੰ ਪਿੱਛੋਂ ਸਿੱਖਾਂ ਗੋਚਰੇ ਛੱਡ ਗਿਆ। ੧੭ ਸਤੰਬਰ ਨੂੰ ੮ ਹਜ਼ਾਰ ਸਿੱਖਾਂ ਨੇ ਉਸ ਕਾਫ਼ਲੇ ਉੱਤੇ ਹਮਲਾ ਕਰ ਦਿੱਤਾ। ਕੁਝ ਘੰਟਿਆਂ ਵਿਚ ਦਸ ਹਜ਼ਾਰ ਮੁਸਲਮਾਨ ਮਾਰੇ ਗਏ ਤੇ ਵਾਹਵਾ ਹਜ਼ਾਰ ਜ਼ਖ਼ਮੀ ਹੋਏ। ਸਿੱਖ ਇਕ ਵੀ ਨਹੀਂ ਮੋਇਆ ਕਿਉਂਕਿ ਕਿਸੇ ਮੁਸਲਮਾਨ ਅੱਗੋਂ ਹੱਥ ਨਹੀਂ ਚੁੱਕਿਆ। ਉਹ ਸਿੱਖ ਦੀ ਕੱਢੀ ਹੋਈ ਕ੍ਰਿਪਾਨ ਵੇਖ ਕੇ ਧੌਣ ਨੀਵੀਂ ਕਰ ਦੇਂਦੇ ਸਨ। ਦੋ ਮਰਦੇ ਸਨ ਤਾਂ ਚਾਰ ਐਵੇਂ ਲਾਗੇ ਲੰਮੇ ਪੈ ਜਾਂਦੇ ਸਨ। ਮਾਰਿਆ ਉਹ ਸੱਠ ਹਜ਼ਾਰ ਹੀ ਜਾਂਦਾ, ਪਰ ਇਸ ਹਾਲਤ ਵਿਚ ਉਹਨਾਂ ਨੂੰ ਮਾਰਨ 'ਤੇ ਕਿਸੇ ਦਾ ਦਿਲ ਨਹੀਂ ਸੀ ਕਰਦਾ। ਇਸ ਤਰ੍ਹਾਂ ਢੱਠਿਆਂ ਪਿਆਂ ਨੂੰ ਮਾਰਨਾ ਸਿੱਖੀ ਅਸੂਲ ਅਨੁਸਾਰ ਠੀਕ ਨਹੀਂ ਸੀ, ਪਰ ਜੋ ਕੁਝ ਪਾਕਿਸਤਾਨ ਵਿਚ ਹੋਇਆ ਤੇ ਹੋ ਰਿਹਾ ਸੀ, ਉਸ ਨੇ ਸਭ ਕੁਝ ਕਰਨ ਵਾਸਤੇ ਹਿੰਦੂਆਂ ਸਿੱਖਾਂ ਨੂੰ ਮਜਬੂਰ ਕਰ ਦਿੱਤਾ ਸੀ। ਇਸ ਕਾਫ਼ਲੇ ਦੀ ਹਾਲਤ ਬੜੀ ਤਰਸ-ਯੋਗ ਸੀ। ਪਿੰਡਾਂ ਦੇ ਛੋਟੇ-ਛੋਟੇ ਮੁੰਡੇ ਜਾ ਕੇ ਉਹਨਾਂ ਦੀਆਂ ਗੰਢੜੀਆਂ ਫੋਲਣ ਲੱਗ ਪੈਂਦੇ ਸੀ ਪਰ ਉਹਨਾਂ ਵਿਚ ਹਿੰਮਤ ਨਹੀਂ ਸੀ ਕਿ ਕਿਸੇ ਨੂੰ ਵਰਜਣ। ਕਿਸੇ ਗਭਰੂ ਨੂੰ ਵੇਖ ਕੇ, ਮਾਪਿਆਂ ਕੋਲੋਂ ਉਠ ਕੇ ਮੁਟਿਆਰਾਂ ਉਹਦੇ ਮਗਰ ਨੱਸ ਉਠਦੀਆਂ ਸਨ ਤੇ ਕਹਿੰਦੀਆਂ ਸਨ, 'ਜਾਂ ਸਾਨੂੰ ਨਾਲ ਲੈ ਚਲ ਤੇ ਜਾਂ ਮਾਰ ਜਾ'। ਜੇ ਸੱਚ ਪੁੱਛੋ ਤਾਂ ਇਹ ਐਨੇ ਘੋਰ ਅਤਿਆਚਾਰ ਇਕ ਆਦਮੀ—ਮਿਸਟਰ ਮੁਹੰਮਦ ਅਲੀ ਜਿਨਾਹ—ਦੀ ਜ਼ਿੱਦ ਦਾ ਸਦਕਾ ਹੋਏ। ਇਹ ਬਚਿਆ ਕਾਫ਼ਲਾ ਪਾਕਿਸਤਾਨ ਚਲੇ ਜਾਣ ਪਿਛੋਂ ਇਕ ਹੋਰ ਕਾਫ਼ਲਾ ਏਥੇ ਆ ਗਿਆ, ਜੋ ਦਰਿਆ ਦੇ ਚੜ੍ਹਾਅ ਵਿਚ ਰੁੜ੍ਹ ਗਿਆ।

੨੧ ਅਗਸਤ ਨੂੰ ਮੁਕਤਸਰ ਵਿਚ ਫ਼ਸਾਦ ਹੋ ਗਿਆ। ਪਹਿਲਾਂ ਮੁਸਲਮਾਨਾਂ ਨੇ ਇਕ ਹਿੰਦੂ ਦੇ ਘਰ ਬੰਬ ਸੁੱਟਿਆ। ਇਸ ਗੱਲੋਂ ਭੜਕ ਕੇ ਹਿੰਦੂ ਸਿੱਖਾਂ ਨੇ ਮੁਸਲਮਾਨਾਂ ਉੱਤੇ ਹਮਲਾ ਕਰ ਦਿੱਤਾ। ਇਕ ਦਿਨ ਵਿਚ ਸੈਂਕੜੇ ਮੁਸਲਮਾਨ ਮਾਰੇ ਗਏ। ਉਹਨਾਂ ਦੇ ਘਰ ਬਾਰ ਲੁੱਟੇ ਗਏ। ਕੁਝ ਪਿੰਡਾਂ ਵਿਚ ਵੀ ਹਮਲੇ ਹੋਏ ਤੇ ਕਈ ਆਦਮੀ ਮਾਰੇ ਗਏ। ਬਾਕੀ ਸਭ ਮਿਲਟਰੀ ਦੀ ਰੱਖਿਆ ਵਿਚ ਕਾਫ਼ਲੇ ਬਣ ਕੇ ਪਾਕਿਸਤਾਨ ਚਲੇ ਗਏ।

ਮੁਕਤਸਰ

ਫ਼ਾਜ਼ਲਕਾ ਤਹਿਸੀਲ ਵਿਚ ਨਵਾਬ ਮਮਦੋਟ ਦਾ ਬੜਾ ਜ਼ੋਰ ਸੀ। ਜਦ ਉਹ ਪਾਕਿਸਤਾਨ ਚਲਿਆ ਗਿਆ ਤਾਂ ਪਿੱਛੋਂ ਸਿੱਖਾਂ ਨੇ ਹਮਲੇ ਕਰਕੇ ਉਸ ਦੇ ਸਾਰੇ ਪਿੰਡ ਉਜਾੜ ਦਿੱਤੇ। ਸੈਂਕੜੇ ਮੁਸਲਮਾਨ ਮਾਰੇ ਗਏ ਤੇ ਬਾਕੀ ਜਾਨਾਂ ਲੈ ਕੇ ਦਰਿਆਓਂ ਪਾਰ ਪਾਕਿਸਤਾਨ ਵਿਚ ਚਲੇ ਗਏ।

ਫ਼ਾਜ਼ਲਕਾ

ਫ਼ੀਰੋਜ਼ਪੁਰ ਸ਼ਹਿਰ ਵਿਚ ੧੯ ਅਗਸਤ ਨੂੰ ਸਵੇਰੇ ੯ ਵਜੇ ਗੜਬੜ ਸ਼ੁਰੂ ਹੋਈ। ਸਭ ਤੋਂ ਪਹਿਲਾਂ ਸਦਰ ਬਾਜ਼ਾਰ ਛਾਉਣੀ ਵਿਚ ਇਕ ਮੁਸਲਮਾਨ ਕਤਲ ਹੋਇਆ। ਮੁਸਲਮਾਨਾਂ ਨੇ ਸਾਢੇ ਨੌਂ ਵਜੇ ਹਮਲਾ ਕਰਨ ਦੀ ਸਕੀਮ ਬਣਾਈ ਹੋਈ ਸੀ। ਹਿੰਦੂ ਸਿੱਖਾਂ ਨੂੰ ਇਸ ਗੋਂਦ ਦਾ ਪਤਾ ਲੱਗ ਗਿਆ। ਸੋ ਉਹਨਾਂ ਨੌਂ ਵਜੇ ਹੀ ਹਮਲਾ ਸ਼ੁਰੂ ਕਰ ਦਿੱਤਾ। ਪਰ ਛੇਤੀ ਹੀ ਸ਼ਹਿਰ ਦੇ ਪ੍ਰਬੰਧਕ ਅਫ਼ਸਰਾਂ ਨੇ ਗੜਬੜ 'ਤੇ ਕਾਬੂ ਪਾ ਲਿਆ। ਇਸ ਵਾਸਤੇ ਸ਼ਹਿਰ ਵਿਚ ਬਹੁਤਾ ਖ਼ੂਨ ਖ਼ਰਾਬਾ ਨਹੀਂ ਹੋਇਆ। ਅਫ਼ਸਰਾਂ ਨੇ ਕਰਫ਼ੀਊ ਲਾ ਕੇ ਮੁਸਲਮਾਨਾਂ ਨੂੰ ਮਿਲਟਰੀ ਦੀ ਰਾਖੀ ਵਿਚ ਕੱਢ ਦਿੱਤਾ। ਏਧਰੋਂ ਮੁਸਲਮਾਨਾਂ ਦੇ ਟਰੱਕ ਕਸੂਰ ਨੂੰ ਭੇਜੇ ਜਾਂਦੇ ਸਨ ਤੇ ਓਧਰੋਂ ਸਿੱਖਾਂ ਹਿੰਦੂਆਂ ਦੇ ਏਧਰ ਆ ਰਹੇ ਸਨ। ਇਸ ਤਰ੍ਹਾਂ ਦੋ ਹਫ਼ਤੇ ਵਿਚ ਸਾਰਾ ਜ਼ਿਲ੍ਹਾ ਖ਼ਾਲੀ ਹੋ ਗਿਆ। ਇਸ ਜ਼ਿਲ੍ਹੇ ਵਿਚ ਬਹੁਤ ਮੁਸਲਮਾਨ ਮਰੇ ਹਨ।

ਫ਼ਿਰੋਜ਼ਪੁਰ ਸ਼ਹਿਰ

ਜ਼ਿਲ੍ਹਾ ਲੁਧਿਆਣਾ

ਲੁਧਿਆਣਾ ਖਾਲਸਈ ਜ਼ਿਲ੍ਹਾ ਹੈ। ਮੁਸਲਮ ਲੀਗੀ ਏਥੇ ਵੀ ਸ਼ਰਾਰਤ ਛੇੜਨ ਤੋਂ ਨਾ ਟਲੇ। ੧੨ ਮਾਰਚ ਨੂੰ ੩ ਵਜੇ ਉਹਨਾਂ ਸ਼ਹਿਰ ਵਿਚ ਇਕ ਸਿੱਖ ਕਤਲ ਕਰ ਦਿੱਤਾ। ਅਫਸਰਾਂ ਨੇ ਓਸੇ ਦਿਨ ਕਰਫ਼ੀਊ ਲਾ ਦਿੱਤਾ। ਅਗਲੇ ਦਿਨ ਕੇਵਲ ਦੋ ਘੰਟੇ ਕਰਫ਼ੀਊ ਖੁਲ੍ਹਾ ਤਾਂ ਲੀਗੀਆਂ ਨੇ ਇਕ ਸਿੱਖ ਹੋਰ (ਪ੍ਰੀਤਮ ਸਿੰਘ ਸਪੁੱਤਰ ਈਸ਼ਰ ਸਿੰਘ) ਕਤਲ ਕਰ ਦਿੱਤਾ। ਇਕ ਦਸਵੀਂ ਜਮਾਤ ਦਾ ਸਿੱਖ ਵਿਦਿਆਰਥੀ ਕਤਲ ਕਰ ਦਿੱਤਾ। ਇਸ ਗੱਲੋਂ ਭੜਕ ਕੇ ਸਿੱਖਾਂ ਨੇ ਵੀ ਇਕ ਤਾਂਗੇ ਵਾਲਾ ਮੁਸਲਮਾਨ ਮਾਰ ਦਿੱਤਾ। ਕੁਝ ਮੁਸਲਮਾਨ ਬਾਹਰ ਵੀ ਮਾਰੇ ਗਏ। ਅਫ਼ਸਰਾਂ ਨੇ ਕਰਫ਼ੀਊ ਲਾ ਕੇ ਗੜਬੜ 'ਤੇ ਕਾਬੂ ਪਾ ਲਿਆ। ਦੋ ਮਹੀਨੇ ਅਮਨ ਨਾਲ ਬੀਤ ਗਏ। ਸ਼ਹਿਰ ਲੁਧਿਆਣੇ ਵਿਚ ਮੁਸਲਮਾਨਾਂ ਦੀ ਬੜੀ ਗਿਣਤੀ ਸੀ। ਸਾਰੀ ਵੱਸੋਂ ਵਿਚੋਂ ੭੦ ਹਜ਼ਾਰ ਮੁਸਲਮਾਨ, ੩੦ ਹਜ਼ਾਰ ਹਿੰਦੂ ਤੇ ਮਸਾਂ ੪ ਹਜ਼ਾਰ ਸਿੱਖ ਸਨ।

ਬਹੁ-ਗਿਣਤੀ ਦੇ ਮਾਣ ਉੱਤੇ ਮੁਸਲਮਾਨਾਂ ਫੇਰ ਅਮਨ ਭੰਗ ਕਰਨ ਦਾ ਉਪਰਾਲਾ ਕਰ ਦਿੱਤਾ। ੨੫ ਮਈ ਨੂੰ ਕਰੀਮਪੁਰੇ ਵਿਚ ਈਸ਼ਰ ਸਿੰਘ ਦੁਕਾਨਦਾਰ ਨੂੰ ਘਾਇਲ ਕਰ ਦਿੱਤਾ, ਜੋ ਕੁਝ ਘੰਟਿਆਂ ਪਿੱਛੋਂ ਪ੍ਰਲੋਕ ਸਿਧਾਰ ਗਿਆ। ਹੋਰ ਵੀ ਕੁਝ ਅਜਿਹੀਆਂ ਘਟਨਾਵਾਂ ਹੋਈਆਂ, ਜਿਨ੍ਹਾਂ ਨੇ ਸਿੱਖਾਂ ਹਿੰਦੂਆਂ ਨੂੰ ਭੜਕਣ ਵਾਸਤੇ ਬੜਾ ਜੋਸ਼ ਦੁਆਇਆ। ਕਾਂਗਰਸੀ ਹਿੰਦੂ ਸਿੱਖਾਂ ਨੇ ਵੱਡੇ ਅਫ਼ਸਰਾਂ ਨੂੰ ਮਿਲ-ਮਿਲਾ ਕੇ ਸ਼ਹਿਰ ਤੇ ਜ਼ਿਲ੍ਹੇ ਦੀ ਰਾਖੀ ਵਾਸਤੇ ਬਲੋਚ ਮਿਲਟਰੀ ਲੈ ਆਂਦੀ। ਉਹਨਾਂ ਨੂੰ ਕਿਸੇ ਹਿੰਦੂ ਸਿੱਖ ਦੇ ਮਰਨ ਦਾ ਅਫ਼ਸੋਸ ਨਹੀਂ ਸੀ, ਪਰ ਉਹ ਕੋਈ ਮੁਸਲਮਾਨ ਮਰਿਆ ਨਹੀਂ ਸਨ ਵੇਖ ਸਕਦੇ। ਉਹਨਾਂ ਨੂੰ ਹਿੰਦੂ ਸਿੱਖਾਂ ਨਾਲੋਂ ਮੁਸਲਮਾਨ ਪਿਆਰੇ ਲਗਦੇ ਸਨ।

ਬਲੋਚ ਮਿਲਟਰੀ ਨੇ ਆਉਂਦਿਆਂ ਹੀ ਅੱਤ ਚੁੱਕ ਲਈ। ਉਹਨਾਂ ਸ਼ਹਿਰ ਤੇ ਇਲਾਕੇ ਵਿਚ ਕਈ ਅਜਿਹੇ ਕੰਮ ਕੀਤੇ, ਜਿਨ੍ਹਾਂ ਨੂੰ ਵੇਖ ਕੇ ਕੋਈ ਵੀ ਜਿਊਂਦੀ ਕੌਮ ਸਹਾਰ ਨਹੀਂ ਸਕਦੀ। ਕੋਕਰੀ ਵਿਚੋਂ ਬਲੋਚ ਫ਼ੌਜੀ ਦੋ ਸਿੱਖ ਵਿਦਿਆਰਥੀਆਂ ਨੂੰ ਬੁਲਾ ਕੇ ਲੈ ਗਏ ਕਿ ਤੁਹਾਨੂੰ ਡਿਪਟੀ ਕਮਿਸ਼ਨਰ ਸੱਦਦਾ ਹੈ ਤੇ ਬਾਹਰ ਜਾ ਕੇ ਦੋਹਾਂ ਨੂੰ ਗੋਲੀ ਨਾਲ ਮਾਰ ਦਿੱਤਾ। ਇਸੇ ਤਰ੍ਹਾਂ ਬਲੋਚਾਂ ਨੇ ਹੋਰ ਇਕ ਦੋ ਥਾਈਂ ਸਿੱਖ ਕਤਲ ਕੀਤੇ। ਅਜਿਹੀਆਂ ਦੁਖਦਾਈ ਘਟਨਾਵਾਂ ਦੇ ਕਾਰਨ ਹਿੰਦੂ ਸਿੱਖ ਭੜਕ ਉਠੇ। ਉਹਨਾਂ ਦਾ ਜੋਸ਼ ਬੇਕਾਬੂ ਹੋ ਗਿਆ। ਅੰਤ ੧੫ ਅਗਸਤ ਨੂੰ ਉਹਨਾਂ ਲੁਧਿਆਣੇ ਸ਼ਹਿਰ ਉੱਤੇ ਹਮਲਾ ਕਰ ਦਿੱਤਾ। ਸਾਰਾ ਸ਼ਹਿਰ ਲੁੱਟਿਆ ਗਿਆ। ਕੁਝ ਕੁ ਮਕਾਨਾਂ ਨੂੰ ਅੱਗਾਂ ਵੀ ਲੱਗੀਆਂ, ਪਰ ਮਾਮੂਲੀ। ਬਹੁ-ਗਿਣਤੀ ਪੂਰੀ ਤਿਆਰੀ ਤੇ ਬਲੋਚ ਮਿਲਟਰੀ ਦੀ ਸਹਾਇਤਾ ਹੁੰਦਿਆਂ ਹੋਇਆਂ ਵੀ ਮੁਸਲਮਾਨ ਟਾਕਰਾ ਨਾ ਕਰ ਸਕੇ। ਉਹ ਸ਼ਹਿਰ ਛੱਡ ਕੇ ਬਾਹਰ ਨਿਕਲ ਤੁਰੇ। ਲੁਧਿਆਣੇ ਵਿਚ ਬੜੇ ਥੋੜ੍ਹੇ ਮੁਸਲਮਾਨ ਮਰੇ, ਪਰ ਪਾਕਿਸਤਾਨ ਵਿਚ ਬੜੇ ਥੋੜ੍ਹੇ ਪਹੁੰਚੇ। ਘਰੋਂ ਬਹੁਤ ਸਾਰੇ ਸ਼ਹਿਰ ਦੇ ਨੇੜੇ ਹੀ ਬੁੱਢੇ ਨਾਲੇ ਕੋਲ ਕੈਂਪ ਵਿਚ ਬਹਿ ਗਏ ਤੇ ਕੁਝ ਸਤਲੁਜ ਦੇ ਦੋਹਾਂ ਕੰਢਿਆਂ 'ਤੇ। ਲੁਧਿਆਣੇ ਤੋਂ ਫ਼ਲੌਰ ਤਕ ਸਾਰੇ ਮੁਸਲਮਾਨ ਹੀ ਬੈਠੇ ਸਨ। ਪਿੱਛੋਂ ਚੜ੍ਹਾਅ ਆ ਗਿਆ ਤਾਂ ਲੱਖ ਕੁ ਆਦਮੀ ਉਸ ਵਿਚ ਰੁੜ੍ਹ ਗਿਆ।

ਘੁੰਮਾ ਘਰਾਲਾ

ਜਦ ਪਿੰਡਾਂ ਦੀ ਵਾਰੀ ਆਈ ਤਾਂ ਫਿਰ ਤਾਂ ਮੁਸਲਮਾਨਾਂ ਨੂੰ ਕੋਈ ਵੀ ਸ਼ਕਤੀ ਨਾ ਬਚਾ ਸਕੀ। ੩੧ ਜੁਲਾਈ ਨੂੰ ਘੁੰਮਾ ਘਰਾਲਾ (ਤਹਿਸੀਲ ਸਮਰਾਲਾ) ਵਿਚ ਫ਼ਸਾਦ ਹੋ ਗਿਆ। ਟਾਕਰੇ ਵਿਚ ੧੧ ਮੁਸਲਮਾਨ ਕਤਲ ਹੋਏ, ਪਰ ਸਿੱਖ ਕੋਈ ਨਹੀਂ।

ਦਲੇਆਂ

ਪਹਿਲੀ ਅਗਸਤ ਨੂੰ ਪਿੰਡ ਦਲੇਆਂ ਉੱਤੇ ਇਕ ਸਿੱਖਾਂ ਦਾ ਜੱਥਾ ਆਣ ਪਿਆ। ਦੋ ਮੁਸਲਮਾਨ ਮਾਰੇ ਗਏ ਤੇ ਤਿੰਨ ਜ਼ਖ਼ਮੀ ਹੋਏ। ਬਾਕੀ ਦੇ ਭੱਜ ਕੇ ਪਿੰਡ ਵਿਚ ਸਿੱਖਾਂ ਦੇ ਘਰੀਂ ਜਾ ਲੁੱਕੇ। ਉਹਨਾਂ ਸਿੱਖਾਂ ਨੇ ਸ਼ਰਨ ਪਿਆਂ ਦੀ ਲੱਜ ਪਾਲੀ ਤੇ ਉਹਨਾਂ ਦੀਆਂ ਜਾਨਾਂ ਬਚਾ ਲਈਆਂ। [illegible] ਲੁੱਟ ਕੇ ਤੇ [illegible] ਗਿਆ। ੩

Sri Satguru Jagjit Singh Ji eLibrary NamdhariElibrary@gmail.com

ਨਾਰੰਗਵਾਲ

ਅਗਸਤ ਨੂੰ ਨਾਰੰਗਵਾਲ ਉੱਤੇ ਹਮਲਾ ਹੋ ਗਿਆ। ਕੁਝ ਮਕਾਨ ਸੜੇ ਤੇ ਕੁਝ ਮੁਸਲਮਾਨ ਮਾਰੇ ਗਏ। ਅੱਗੋਂ ਮੁਸਲਮਾਨਾਂ ਵੀ ਜਵਾਬੀ ਕਾਰਵਾਈ ਕਰਨੀ ਆਰੰਭ ਕਰ ਦਿੱਤੀ। ਕਿਲ੍ਹਾ ਰਾਏਪੁਰ, ਸਨੇਤ ਤੇ ਬੂੱਟੇ ਪਿੰਡ ਵਿਚ ਉਹਨਾਂ ਨੇ ਸਿੱਖਾਂ ਹਿੰਦੂਆਂ ਦੇ ਘਰਾਂ ਨੂੰ ਅੱਗਾਂ ਲਾਈਆਂ। ਇਸ ਲਲਕਾਰ ਨੂੰ ਹਿੰਦੂ ਸਿੱਖ ਸਹਾਰ ਨਾ ਸਕੇ। ਉਹ ਇਕ ਵੇਰਾਂ ਭਾਂਬੜ ਬਣ ਕੇ ਭੜਕ ਉਠੇ। ਓਧਰ ੧੫ ਅਗਸਤ ਨੂੰ ਆਜ਼ਾਦੀ ਦਿਨ ਮਨਾਇਆ ਜਾ ਰਿਹਾ ਸੀ ਤੇ ਓਧਰ ਹਿੰਦੂ ਸਿੱਖ ਤਲਵਾਰਾਂ ਧੂਹ ਕੇ ਮੈਦਾਨ ਵਿਚ ਆ ਗਏ। ਉਹਨਾਂ ਰੇਲਵੇ ਸਟੇਸ਼ਨਾਂ ਉੱਤੇ ਤੇ ਰਾਹਾਂ ਵਿਚ ਮੁਸਲਮਾਨ ਮਾਰਨੇ ਸ਼ੁਰੂ ਕਰ ਦਿੱਤੇ।

ਲਲਤੋਂ **ਖੇੜੀ** **ਕਾਲਕ** **ਗੁੱਜਰਵਾਲ**

ਲਲਤੋਂ ਵੱਡੀ ਉੱਤੇ ਹਮਲਾ ਹੋਇਆ। ਮੁਸਲਮਾਨਾਂ ਅੱਗੋਂ ਮਾਮੂਲੀ ਟਾਕਰਾ ਕੀਤਾ, ਪਰ ਉਹ ਸਗੋਂ ਉਹਨਾਂ ਦੀ ਤਬਾਹੀ ਦਾ ਹੀ ਕਾਰਨ ਬਣਿਆ। ਇਸ ਪਿੰਡ ਵਿਚ ੬੦੦ ਮੁਸਲਮਾਨ ਮਾਰੇ ਗਏ। ਨਾਲ ਹੀ ਖੇੜੀ ਉੱਤੇ ਹਮਲਾ ਹੋ ਗਿਆ। ਉਥੇ ੫੦ ਮੁਸਲਮਾਨ ਕਤਲ ਹੋਏ। ਇਕ ਹੋਰ ਜੱਥੇ ਨੇ ਪਿੰਡ ਕਾਲਕ ਉੱਤੇ ਹਮਲਾ ਕਰਕੇ ੧੦੦ ਮੁਸਲਮਾਨ ਕਤਲ ਕਰ ਦਿੱਤੇ। ਗੁੱਜਰਵਾਲ ਦੇ ਮੁਸਲਮਾਨ ਬੜੇ ਆਕੜੇ ਹੋਏ ਸਨ। ਉਹ ਜਥੇ ਹੱਥੋਂ ਆਪਣੇ ਦੋ ਸੌ ਆਦਮੀ ਮਰਵਾ ਕੇ ਪਿੰਡ ਛੱਡ ਕੇ ਨੱਸ ਗਏ।

ਸਰਾਭਾ

ਸਰਾਭਾ ਦੇ ਮੁਸਲਮਾਨਾਂ ਨੇ ਪਸਤੌਲਾਂ, ਬੰਦੂਕਾਂ ਤੇ ਬੰਬਾਂ ਤਕ ਤਿਆਰੀ ਕੀਤੀ ਹੋਈ ਸੀ। ਇਹ ਜ਼ਿਮੀਂਦਾਰ ਮੁਸਲਮਾਨਾਂ ਦਾ ਪਿੰਡ ਸੀ। ਸਿੱਖਾਂ ਨੇ ਹਮਲਾ ਕੀਤਾ ਤਾਂ ਅੱਗੋਂ ਮੁਸਲਮਾਨਾਂ ਨੇ ਬੰਦੂਕਾਂ ਨਾਲ ਸਵਾਗਤ ਕੀਤਾ। ਸਿੱਖਾਂ ਨੇ ਗੋਲੀਆਂ ਦੀ ਪ੍ਰਵਾਹ ਨਾ ਕੀਤੀ। ਉਹ ਇਕੋ ਵਾਰ ਜੈਕਾਰੇ ਛੱਡ ਕੇ ਵੈਰੀ ਦੇ ਗਲ੍ਹ ਜਾ ਪਏ। ਪਲਾਂ ਵਿਚ ਹੀ ਛੇ ਸੌ ਦੇ ਲਗਪਗ ਮੁਸਲਮਾਨ ਮਾਰਿਆ ਗਿਆ ਤੇ ਬਾਕੀ ਜਿਧਰ ਮੂੰਹ ਹੋਇਆ, ਨੱਸ ਉਠੇ। ਏਥੇ ਕਿਸੇ ਇਕ ਸਿੱਖ ਨੂੰ ਵੀ ਚੋਟ ਨਹੀਂ ਆਈ।

ਜੁੜਾਹਾਂ **ਆਂਡਲੂ**

ਜੁੜਾਹਾਂ ਪਿੰਡ ਉੱਤੇ ਜੱਥੇ ਨੇ ਧਾਵਾ ਕੀਤਾ। ਪਹਿਲਾਂ ਤਾਂ ਮੁਸਲਮਾਨ 'ਐਲੀ-ਐਲੀ' ਕਰਦੇ ਟਾਕਰੇ ਲਈ ਨਿਕਲੇ, ਪਰ ਛੇਤੀ ਹੀ ਹੌਸਲਾ ਹਾਰ ਗਏ। ਦੋ ਸੌ ਮੁਸਲਮਾਨ ਮਾਰੇ ਗਏ। ਬਾਕੀ ਭੱਜ ਕੇ ਕੋਟਲੇ ਜਾ ਵੜੇ। ਪਿੰਡ ਆਂਡਲੂ ਦੇ ਮੁਸਲਮਾਨਾਂ ਅੱਗੋਂ ਚੰਗਾ ਟਾਕਰਾ ਕੀਤਾ। ਏਥੇ ਦੋ ਸਿੱਖ—ਸ: ਇੰਦਰਜੀਤ ਸਿੰਘ ਏਅਰ ਫ਼ੋਰਸ ਦਾ ਤੇ ਜੱਥੇਦਾਰ ਨਰੈਣ ਸਿੰਘ ਰੁੜਕੇ ਦਾ—ਕਤਲ ਹੋਏ। ਮਗਰ ਦੋਹ ਦੇ ਬਦਲੇ ਛੇ ਸੌ ਮੁਸਲਮਾਨ ਤਲਵਾਰ ਭੇਟ ਕੀਤਾ ਗਿਆ। ਬਾਕੀ ਭੱਜ ਕੇ ਰਾਏਕੋਟ ਕੈਂਪ ਵਿਚ ਚਲੇ ਗਏ।

ਜਗਰਾਉਂ

ਜਗਰਾਉਂ ਦੇ ਉਦਾਲੇ ਛੋਟੀਆਂ-ਛੋਟੀਆਂ ਕਈ ਬਸਤੀਆਂ ਸਨ, ਜਿਨ੍ਹਾਂ ਨੂੰ ਕੋਠੇ ਸੱਦਦੇ ਸਨ। ਉਥੋਂ ਦੇ ਸਾਰੇ ਮੁਸਲਮਾਨ

Sri Satguru Jagjit Singh Ji eLibrary NamdhariElibrary@gmail.com

ਜਗਰਾਉਂ ਵਿਚ ਆਣ ਇਕੱਠੇ ਹੋਏ ਤੇ ਲੱਗੇ ਟਾਕਰੇ ਦੀ ਤਿਆਰੀ ਕਰਨ। ਇਲਾਕੇ ਦੇ ਸਿੱਖਾਂ ਨੇ ਹੱਲਾ ਕੀਤਾ ਤਾਂ ਲੜਾਈ ਵਿਚ ਤਿੰਨ ਸਿੱਖ (ਇਕ ਦਾ ਨਾਮ ਸ. ਕਪੂਰ ਸਿੰਘ) ਤੇ ੩੫੦ ਮੁਸਲਮਾਨ ਮਾਰੇ ਗਏ।

ਹਠੂਰ

ਹਠੂਰ ਰੰਘੜਾਂ ਦਾ ਪਿੰਡ ਸੀ। ਉਹ ਆਪਣੇ ਆਪ ਨੂੰ ਬੜੇ ਲੜਾਕੇ ਸਮਝਦੇ ਸਨ। ਜਦ ਸਿੱਖਾਂ ਨਾਲ ਟਾਕਰਾ ਕਰਨਾ ਪਿਆ ਤਾਂ ਉਹ ਜੁਲਾਹਿਆਂ ਵਾਂਗ ਭੇਡੇ ਪੈ ਗਏ। ਇਕ ਸਿੱਖ ਤੇ ੩੦ ਮੁਸਲਮਾਨ ਮਰੇ। ਬਾਕੀ ਘਰ ਛੱਡ ਕੇ ਰਾਏਕੋਟ ਕੈਂਪ ਵਿਚ ਚਲੇ ਗਏ।

ਰਸੂਲ

ਰਸੂਲ ਉੱਤੇ ਧਾਵਾ ਕੀਤਾ ਗਿਆ ਤਾਂ ਉਹ ਅੱਗੋਂ ਟਾਕਰਾ ਵੀ ਨਾ ਕਰ ਸਕੇ। ਨੱਸਦੇ ਹੋਏ ਓਥੇ ੭੦ ਮੁਸਲਮਾਨ ਕਤਲ ਹੋਏ।

ਗ਼ਾਲਬ

ਗ਼ਾਲਬ ਪਿੰਡ ਵਿਚ ਲੜਾਈ ਹੋਈ, ਪਰ ਮਰੇ ਸਿਰਫ਼ ੩੦੦ ਮੁਸਲਮਾਨ ਹੀ।

ਸਿਧਵਾਂ

ਛੋਟੇ ਵੱਡੇ ਸਿਧਵਾਂ ਦੇ ਸਾਰੇ ਮੁਸਲਮਾਨ ਸਿੱਖ ਬਣ ਗਏ, ਜੋ ਪਿੱਛੋਂ ਸਾਰੇ ਹੀ ਮਿਲਟਰੀ ਨਾਲ ਪਾਕਿਸਤਾਨ ਨੂੰ ਚਲੇ ਗਏ।

ਕਿਸ਼ਨਪੁਰਾ

ਕਿਸ਼ਨਪੁਰਾ—ਜਿਸ ਨੂੰ ਆਮ ਲੋਕ ਨਵਾਂ ਪਿੰਡ ਵੀ ਆਖਦੇ ਹਨ—ਵਿਚ ਉਦਾਲੇ ਦੇ ਕਈ ਪਿੰਡਾਂ ਦੇ ਮੁਸਲਮਾਨ ਇੱਕਠੇ ਹੋ ਗਏ। ਇਸ ਦੀ ਇਕ ਬਾਹੀ ਬੜਾ ਜੰਗਲ ਹੈ। ਜਦ ਸਿੱਖਾਂ ਨੇ ਹਮਲਾ ਕੀਤਾ ਤਾਂ ਸਾਰੇ ਮੁਸਲਮਾਨ ਜੰਗਲ ਵੱਲ ਨਿਕਲ ਤੁਰੇ। ਸਿੱਖਾਂ ਨੇ ਸਾਰੀ ਭੀੜ ਨੂੰ ਜੰਗਲ ਵਿਚ ਘੇਰ ਲਿਆ ਤੇ ਵਾਢੀ ਧਰ ਦਿੱਤੀ।

ਅਸਲ ਵਿਚ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਦੇ ਹੌਸਲੇ ਹੀ ਟੁੱਟ ਗਏ ਸਨ। ਸਿੱਖਾਂ ਦਾ ਨਾਂ ਸੁਣ ਕੇ ਹੀ ਉਹਨਾਂ ਦੀ ਅੱਧੀ ਜਾਨ ਨਿਕਲ ਜਾਂਦੀ ਸੀ। ਨਹੀਂ ਤਾਂ ਏਥੇ ਮੁਸਲਮਾਨਾਂ ਨਾਲੋਂ ਸਿੱਖਾਂ ਦੀ ਗਿਣਤੀ ਕਿਤੇ ਪੰਦਰਵਾਂ ਹਿੱਸਾ ਸੀ। ਕੁਝ ਘੰਟਿਆਂ ਵਿਚ ਹੀ ਸਾਰਾ ਜੰਗਲ ਲੋਥਾਂ ਨਾਲ ਭਰ ਗਿਆ। ਅੰਦਾਜ਼ਾ ਹੈ ਕਿ ਏਥੇ ੧੦ ਹਜ਼ਾਰ ਤੋਂ ਵੱਧ ਮੁਸਲਮਾਨ ਮਰੇ ਹਨ।

ਰਾਮਗੜ੍ਹ

ਇਹ ਬੜਾ ਅਮੀਰ ਪਿੰਡ ਸੀ ਤੇ ਰਾਮਗੜ੍ਹ ਸਰਦਾਰਾਂ ਦਾ ਅਖਵਾਉਂਦਾ ਸੀ। ਓਥੇ ਮੁਸਲਮਾਨਾਂ ਬੜੀ ਤਿਆਰੀ ਕੀਤੀ ਹੋਈ ਸੀ, ਜੋ ਕਿਸੇ ਕੰਮ ਨਾ ਆਈ। ਸਿੱਖਾਂ ਨੇ ਹਮਲਾ ਕਰਕੇ ੧੨੦੦ ਮੁਸਲਮਾਨ ਮਾਰ ਦਿੱਤੇ। ਬਾਕੀ ਨੱਸ ਗਏ।

ਬਹਾਦਰਗੜ੍ਹ

ਮੰਡੀ ਦਾ ਨਾਮ ਬਹਾਦਰਗੜ੍ਹ ਤੇ ਰੇਲਵੇ ਸਟੇਸ਼ਨ ਰਿਆਸਤ ਮਲੇਰਕੋਟਲੇ ਵਿਚ ਹੈ। ਮੰਡੀ ਸਰਕਾਰੀ ਇਲਾਕੇ ਵਿੱਚ ਤੇ ਸਟੇਸ਼ਨ ਰਿਆਸਤ ਮਲੇਰਕੋਟਲੇ ਵਿੱਚ ਹੈ। ਇਸ ਹੱਦ ਉੱਤੇ ਬੜਾ ਹੀ ਲਹੂ ਡੁਲ੍ਹਾ ਹੈ। ਸਭ ਤੋਂ ਪਹਿਲਾਂ ੨੧ ਅਗਸਤ ਨੂੰ ਕਟਾ ਵੱਢ ਸ਼ੁਰੂ ਹੋਈ। ਸਵੇਰੇ ੧੦ ਵਜੇ ਮਲੇਰਕੋਟਲੇ ਨੂੰ ਗੱਡੀ ਚੜ੍ਹਨ ਆਏ ਹੋਏ ੩੪ ਮੁਸਲਮਾਨ ਮਾਰੇ ਗਏ। ਫਿਰ ਸਿੱਖਾਂ ਨੇ ਏਥੇ ਪੱਕੀ ਛਾਉਣੀ ਬਣਾ ਲਈ। ਏਥੇ ਪੰਜ ਸੌ ਸਿੱਖ ਹਰ ਵੇਲੇ ਰਹਿੰਦਾ ਸੀ। ਮੰਡੀ ਦੇ ਹਿੰਦੂ ਸਿੱਖਾਂ ਵੱਲੋਂ ਲੰਗਰ

ਚਲਦਾ ਰਹਿੰਦਾ ਸੀ। ਸਰਕਾਰੀ ਇਲਾਕੇ ਵਿਚੋਂ ਰਿਆਸਤ ਮਲੇਰਕੋਟਲੇ ਨੂੰ ਜਾਣ ਵਾਸਤੇ ਮੁਸਲਮਾਨ ਏਥੋਂ ਦੀ ਲੰਘਦੇ ਸਨ। ਏਥੇ ਅੱਗੇ ਬੈਠੇ ਜੱਥੇ ਉਹਨਾਂ ਉੱਤੇ ਹਮਲੇ ਕਰਦੇ ਸਨ। ੨੧ ਅਗਸਤ ਤੋਂ ੧੦ ਸਤੰਬਰ ਤਕ ਏਥੇ ੧੯੦੦ ਮੁਸਲਮਾਨ ਮਾਰੇ ਗਏ। ਏਥੋਂ ਦੇ ਪ੍ਰਬੰਧਕਾਂ ਨੇ ਮੁਰਦੇ ਦਫ਼ਨਾਉਣ ਵਾਸਤੇ ਭੰਗੀਆਂ ਦਾ ਪ੍ਰਬੰਧ ਕੀਤਾ ਹੋਇਆ ਸੀ, ਜਿਨ੍ਹਾਂ ਨੂੰ ਅੱਠ ਆਨੇ ਫੀ ਮੁਰਦਾ ਦਿੱਤਾ ਜਾਂਦਾ ਸੀ। ਇਸ ਮੋਰਚੇ ਉੱਤੇ ਮੰਡੀ ਵਾਲਿਆਂ ਦਾ ੧੧ ਹਜ਼ਾਰ ਰੁਪਇਆ ਖ਼ਰਚ ਹੋਇਆ।

ਧੂਰਕੋਟ

੨੫ ਅਗਸਤ ਦੀ ਰਾਤ ਨੂੰ ਧੂਰਕੋਟ ਦੇ ਮੁਸਲਮਾਨ ਸਾਮਾਨ ਲੈ ਕੇ ਨਿਕਲ ਤੁਰੇ। ਸਿੱਖਾਂ ਨੂੰ ਪਤਾ ਲੱਗਾ ਤਾਂ ਉਹਨਾਂ ਹਮਲਾ ਕਰ ਦਿੱਤਾ। ਅੱਗੇ-ਅੱਗੇ ਮੁਸਲਮਾਨ ਤੇ ਮਗਰ ਮਗਰ ਸਿੱਖ ਅਹਿਮਦਗੜ੍ਹ ਨੂੰ ਭੱਜੇ। ਰਾਹ ਵਿਚ ੩੫ ਮੁਸਲਮਾਨ ਮਾਰੇ ਗਏ ਤੇ ਏਨੇ ਕੁ ਹੀ ਫਟੜ ਹੋਏ। ਅਹਿਮਦਗੜ੍ਹ ਪਹੁੰਚੇ ਤਾਂ ਅੱਗੋਂ ਮੁਸਲਮ ਮਿਲਟਰੀ ਨੇ ਗੋਲੀ ਚਲਾ ਕੇ ਦੋ ਸਿੱਖ ਕਤਲ ਕਰ ਦਿੱਤੇ। ਅੱਗੋਂ ਸਿੱਖਾਂ ਵੀ ਗੋਲੀਆਂ ਚਲਾਈਆਂ, ਜਿਸ ਨਾਲ ੨੦ ਮੁਸਲਮਾਨ ਮਾਰੇ ਗਏ।

ਮੁਜ਼ਾਰਾ

ਰਾਏਪੁਰ

ਬੜੂੰਦੀ

ਬ੍ਰਹਮਪੁਰ

ਹੁਣ ਦੂਜੇ ਪਾਸੇ ਆ ਜਾਓ। ਮੁਜ਼ਾਰਾ ਪਿੰਡ ਉੱਤੇ ਹਮਲਾ ਕਰਕੇ ਸਿੱਖਾਂ ਨੇ ੨੨ ਅਗਸਤ ਨੂੰ ੧੫ ਮੁਸਲਮਾਨ ਮਾਰੇ। ਸਾਰਾ ਪਿੰਡ ਉਜਾੜ ਦਿੱਤਾ ਗਿਆ। ਇਸੇ ਦਿਨ ਰਾਏਪੁਰ ਸਟੇਸ਼ਨ 'ਤੇ ਗੱਡੀ ਰੋਕ ਕੇ ੪੫ ਮੁਸਲਮਾਨ ਮਾਰ ਦਿੱਤੇ ਗਏ। ੨੩ ਅਗਸਤ ਨੂੰ ਬੜੂੰਦੀ ਉੱਤੇ ਹਮਲਾ ਹੋ ਗਿਆ। ਓਥੋਂ ਦੀ ਕੁਲ ਮੁਸਲਮਾਨ ਵੱਸੋਂ ੯੦੦ ਸੀ, ਜਿਸ ਵਿਚੋਂ ੫੦੦ ਕਤਲ ਹੋ ਗਈ। ਬ੍ਰਹਮਪੁਰ ਉੱਤੇ ਹਮਲਾ ਹੋਇਆ ਤਾਂ ੧੫੦ ਮੁਸਲਮਾਨ ਮਾਰੇ ਗਏ।

ਦੁਰਾਹਾ

੧੯ ਅਗਸਤ ਨੂੰ ਦੁਰਾਹਾ ਮੰਡੀ ਤੇ ਪਿੰਡ ਉੱਤੇ ਹਮਲਾ ਕਰਕੇ ਦੋਹਾਂ ਥਾਵਾਂ ਤੋਂ ਮੁਸਲਮ ਵੱਸੋਂ ਉਜਾੜ ਦਿੱਤੀ ਗਈ। ਦੁਰਾਹੇ ਨਾਲ ਦੀ ਬੜੀ ਡੂੰਘੀ ਨਹਿਰ ਲੰਘਦੀ ਹੈ। ਪਰਿਓਂ ਆਉਣ ਵਾਲੇ ਮੁਸਲਮਾਨਾਂ ਨੂੰ ਇਸੇ ਪੁਲ ਥਾਣੀ ਲੰਘਣਾ ਪੈਂਦਾ ਸੀ। ਏਥੇ ਅੱਗੋਂ ਸਿੱਖ ਮੋਰਚੇ ਮੱਲ ਕੇ ਬੈਠੇ ਸਨ। ਹਰ ਆਏ ਕਾਫ਼ਲੇ ਨੂੰ ਉਹ ਮਾਰ ਕੇ ਨਹਿਰ ਵਿਚ ਸੁੱਟ ਦੇਂਦੇ ਸਨ। ੩੧ ਅਗਸਤ ਤਕ ਇਸ ਪੁਲ ਉੱਤੇ ਰੋਜ਼ ਹਜ਼ਾਰਾਂ ਕਤਲ ਹੁੰਦੇ ਰਹੇ। ਅੰਦਾਜ਼ਾ ਹੈ ਕਿ ਏਥੇ ੨੫ ਹਜ਼ਾਰ ਮੁਸਲਮਾਨ ਕਤਲ ਹੋਏ ਹਨ*।

ਸਾਹਨੇਵਾਲ

੩ ਸਤੰਬਰ ਨੂੰ ਸਾਹਨੇਵਾਲ ਸਟੇਸ਼ਨ ਉੱਤੇ ਦਿੱਲੀ ਤੋਂ ਆਉਂਦੀ ਗੱਡੀ ਖ਼ਾਲੀ ਕਰ ਲਈ ਗਈ ਕਿਉਂਕਿ ਪਾਕਿਸਤਾਨ ਵਿਚੋਂ ਲੋਥਾਂ ਨਾਲ ਭਰੀਆਂ ਆਈਆਂ ਗੱਡੀਆਂ ਨੇ ਇਹ ਕੁਝ ਕਰਨ ਵਾਸਤੇ ਸਿੱਖਾਂ ਨੂੰ ਮਜਬੂਰ

---

*ਜ਼ਿਲ੍ਹਾ ਲੁਧਿਆਣਾ ਦੀ ਸਾਰੀ ਰੀਪੋਰਟ ਸ. ਅਜਾਇਬ ਸਿੰਘ ਬੁਟਾਹਰੀ (ਜ਼ਿਲ੍ਹਾ ... ਕੱਲਰ ... ਜਿਨ੍ਹਾਂ ਨੇ ਲਿਖਵਾਈ ਹੈ।

Sri Satguru Jagjit Singh Ji eLibrary NamdhariElibrary@gmail.com

ਕਰ ਦਿੱਤਾ ਸੀ। ਇਸ ਗੱਡੀ ਵਿਚੋਂ ਇਕ ਹਜ਼ਾਰ ਮੁਸਲਮਾਨ ਕਤਲ ਕੀਤਾ ਗਿਆ। ਲੋਥਾਂ ਚੁੱਕ ਕੇ ਦੁਰਾਹੇ ਵਾਲੀ ਨਹਿਰ ਵਿਚ ਸੁੱਟ ਦਿੱਤੀਆਂ ਗਈਆਂ ਤੇ ਗੱਡੀ ਪਾਣੀ ਨਾਲ ਧੋ ਕੇ ਅੱਗੇ ਤੋਰ ਦਿੱਤੀ ਗਈ।

ਲਲੌੜੀ

ਉਦਾਲੇ ਦੇ ਛੋਟੇ-ਛੋਟੇ ਸਾਰੇ ਪਿੰਡ ਲਲੌੜੀ ਵਿਚ ਇਕੱਠੇ ਹੋ ਗਏ ਸਨ। ਓਥੋਂ ਦੇ ਕੁਝ ਮੁਸਲਮਾਨ ਭੇਸ ਵਟਾ ਕੇ ਅਕਾਲੀ ਬਣੇ ਹੋਏ ਸਨ, ਜੋ ਪਿੰਡ ਦੇ ਉਦਾਲੇ ਪਹਿਰਾ ਦੇ ਰਹੇ ਸਨ। ਉਹਨਾਂ ਨੂੰ ਸਿੱਖ ਸਮਝ ਕੇ ਸ. ਭੋਲਾ ਸਿੰਘ ਤੇ ਇਕ ਸਿੰਘ ਹੋਰ ਪਤਾ ਲੈਣ ਵਾਸਤੇ ਉਹਨਾਂ ਕੋਲ ਗਏ ਤਾਂ ਉਹਨਾਂ ਦੋਹਾਂ ਨੂੰ ਕਤਲ ਕਰ ਦਿੱਤਾ। ਉਹਨਾਂ ਦੀਆਂ ਅੱਖਾਂ ਕੱਢ ਕੇ ਫਿਰ ਛੋਟੇ-ਛੋਟੇ ਟੋਟੇ ਕਰ ਦਿੱਤੇ। ਇਹ ਘਟਨਾ ੨੯ ਅਗਸਤ ਦੀ ਹੈ। ਇਹ ਖ਼ਬਰ ਸੁਣ ਕੇ ਓਸੇ ਸ਼ਾਮ ਨੂੰ ਸਿੰਘਾਂ ਦਾ ਜੱਥਾ ਬਾਹਰੋਂ ਆਣ ਪਿਆ। ਉਹਨਾਂ ਪੰਜ ਹਜ਼ਾਰ ਮੁਸਲਮਾਨ ਕਤਲ ਕਰਕੇ ਸ: ਭੋਲਾ ਸਿੰਘ ਦਾ ਬਦਲਾ ਲਿਆ। ਬਾਕੀ ਜਾਨ ਬਚਾ ਕੇ ਨੱਸ ਗਏ। ਸਾਰਾ ਪਿੰਡ ਲੁੱਟ ਲਿਆ ਗਿਆ। ਪਿਛੋਂ ਕੁਝ ਘਰਾਂ ਨੂੰ ਅੱਗ ਵੀ ਲਾ ਦਿੱਤੀ ਗਈ।

ਘੁੰਘਰਾਲੀ

ਘੁੰਘਰਾਲੀ ਵਿਚ ਅੱਠ ਦਸ ਹਜ਼ਾਰ ਮੁਸਲਮਾਨ ਇਕੱਠੇ ਹੋਏ ਸਨ। ੨੯ ਅਗਸਤ ਨੂੰ ਦੋ ਤਿੰਨ ਹਜ਼ਾਰ ਸਿੱਖਾਂ ਦਾ ਜੱਥਾ ਆਣ ਪਿਆ। ਪਿੰਡ ਵਾਲੇ ਮੁਸਲਮਾਨਾਂ ਕੋਲ ੪੦ ਦੇ ਲਗਪਗ ਪੱਕੀਆਂ ਬੰਦੂਕਾਂ ਸਨ, ਪਰ ਉਹਨਾਂ ਨੂੰ ਚਲਾਉਣ ਦਾ ਸਮਾਂ ਨ ਮਿਲਿਆ, ਜਾਂ ਸਿੱਖ ਉਹਨਾਂ ਦੇ ਗਲ ਆਣ ਪਏ। ਟਾਕਰੇ ਵਿਚ ਸਿਰਫ਼ ਇਕ ਸਿੱਖ (ਦੁਰਾਹੇ ਦਾ ਜੱਥੇਦਾਰ) ਕਤਲ ਹੋਇਆ। ਮੁਸਲਮਾਨ ਚਾਰ ਹਜ਼ਾਰ ਮਾਰੇ ਗਏ। ਲੋਥਾਂ ਨਾਲ ਛੱਪੜ ਤੇ ਖੂਹ ਭਰ ਦਿੱਤੇ ਗਏ।

ਸਹੌਲੀ

ਏਹਾ ਹਾਲ ਸਹੌਲੀ ਦਾ ਹੋਇਆ। ਓਥੇ ਵੀ ਇਕ ਹਜ਼ਾਰ ਮੁਸਲਮਾਨ ਮਾਰਿਆ ਗਿਆ।

ਖੰਨਾ

ਖੰਨਾ ਮੰਡੀ ਵਿਚ ਮੁਸਲਮਾਨਾਂ ਦੀ ਬੜੀ ਤਾਕਤ ਸੀ। ਇਕ ਜੁੰਮੇ ਨੂੰ ਉਹਨਾਂ ਮਸੀਤ ਵਿਚ ਇਕੱਠੇ ਹੋ ਕੇ ਗਰਮ-ਗਰਮ ਤਕਰੀਰਾਂ ਕੀਤੀਆਂ, ਜਿਸ ਤੋਂ ਹਿੰਦੂ ਸਿੱਖਾਂ ਨੂੰ ਖ਼ਤਰਾ ਭਾਸਣ ਲਗਾ। ਉਹਨਾਂ ਬਾਹਰੋਂ ਸਿੰਘਾਂ ਦਾ ਜੱਥਾ ਲਿਆ ਕੇ ਮੰਡੀ ਉੱਤੇ ਹਮਲਾ ਕਰ ਦਿੱਤਾ। ਸੈਂਕੜੇ ਮੁਸਲਮਾਨ ਪਲਾਂ ਵਿਚ ਮਾਰੇ ਗਏ।

ਇਸ ਜ਼ਿਲ੍ਹੇ ਵਿਚ ਏਨਾ ਕੁਝ ਹੋਇਆ ਕਿ ਸਾਰੇ ਦਾ ਵੇਰਵਾ ਲਿਖਣਾ ਔਖਾ ਹੈ। ਕਈ ਥਾਵਾਂ ਤੋਂ ਰਿਆਸਤ ਪਟਿਆਲਾ ਤੇ ਮਲੇਰਕੋਟਲੇ ਦੇ ਇਲਾਕੇ ਇਸ ਦੇ ਨਾਲ ਲੱਗਦੇ ਹਨ। ਦੁਰਾਹਾ, ਪੈਲ, ਬਹਾਦਰਗੜ੍ਹ ਤੇ ਰਾਏਕੋਟ ਦੇ ਰਾਹੀਂ ਮੁਸਲਮਾਨ ਪਟਿਆਲੇ ਵਿਚੋਂ ਭੱਜ ਕੇ ਮਲੇਰਕੋਟਲੇ ਨੂੰ ਆਉਂਦੇ ਸਨ, ਅੱਗੇ ਸਿੱਖ ਜੱਥੇ ਇਹ ਰਾਹ ਮੱਲ ਕੇ ਬੈਠੇ ਸਨ। ਇਸ ਵਾਸਤੇ ਇਹਨਾਂ ਰਾਹਾਂ ਉੱਤੇ ਕਈ ਦਿਨ ਤਕ ਕਤਲਾਮ ਹੁੰਦੀ ਰਹੀ।

Sri Satguru Jagjit Singh Ji eLibrary NamdhariElibrary@gmail.com

ਜ਼ਿਲ੍ਹਾ ਅੰਬਾਲਾ

ਅੰਬਾਲਾ ਸ਼ਹਿਰ ਵਿਚ ਕੋਈ ਖ਼ਾਸ ਕਟਾ ਵੱਢ ਨਹੀਂ ਹੋਈ। ਸਿਰਫ਼ ਸਟੇਸ਼ਨ ਉੱਤੇ ਦੋ ਚਾਰ ਮੁਸਲਮਾਨ ਮਾਰੇ ਗਏ। ਬਾਕੀ ਸਭ ਨੂੰ ਕੈਂਪ ਵਿਚ ਇਕੱਠਿਆਂ ਕਰ ਲਿਆ, ਜੋ ਸਹਿਜ-ਸਹਿਜ ਪਾਕਿਸਤਾਨ ਭੇਜ ਦਿੱਤੇ ਗਏ। ਪਿੰਡਾਂ ਵਿਚ ਵੀ ਬਾਕੀ ਜ਼ਿਲ੍ਹਿਆਂ ਵਾਂਗ ਤਾਂ ਨਹੀਂ, ਪਰ ਕਿਤੇ-ਕਿਤੇ ਕੱਟਾ ਵੱਢ ਹੋਈ।

ਨਰਾਇਣਗੜ੍ਹ

ਨਰਾਇਣਗੜ੍ਹ ਦੇ ਇਲਾਕੇ ਵਿਚੋਂ ਚੌਦਾਂ ਪੰਦਰਾਂ ਹਜ਼ਾਰ ਮੁਸਲਮਾਨ ਇਕੱਠੇ ਹੋ ਕੇ ਸਢੌਰਾ ਕੈਂਪ ਨੂੰ ਤੁਰ ਪਏ। ਥੋੜ੍ਹੀ ਦੂਰ ਗਏ ਤਾਂ ਅੱਗੋਂ ਹਿੰਦੂ ਸਿੱਖਾਂ ਦਾ ਇਕ ਜੱਥਾ ਆਣ ਪਿਆ। ਉਹ ਗਿਣਤੀ ਵਿਚ ਭਾਵੇਂ ਥੋੜ੍ਹੇ ਹੀ ਸਨ, ਪਰ ਉਹਨਾਂ ਦੇ ਦਿਲ ਬੜੇ ਵਧੇ ਹੋਏ ਸਨ। ਉਹਨਾਂ ਹਮਲਾ ਕਰਕੇ ਸਾਰਾ ਕਾਫ਼ਲਾ ਲੁੱਟ ਲਿਆ ਤੇ ਤਿੰਨ ਕੁ ਹਜ਼ਾਰ ਆਦਮੀ ਕਤਲ ਕਰ ਦਿੱਤੇ।

ਮੁਰੰਡਾ

ਮੁਰੰਡੇ ਦੇ ਮੁਸਲਮਾਨ ਘਰੋਂ ਨਿਕਲ ਕੇ ਕੁਰਾਲੀ ਕੈਂਪ ਨੂੰ ਤੁਰੇ ਤਾਂ ਰਾਹ ਵਿਚ ਉਹਨਾਂ ਉੱਤੇ ਵੀ ਹਮਲਾ ਹੋ ਗਿਆ। ਸਤਾਰਾਂ ਸੌ ਮੁਸਲਮਾਨ ਮਾਰਿਆ ਗਿਆ। ਬਾਕੀ ਕਿਵੇਂ ਨਾ ਕਿਵੇਂ ਕੈਂਪ ਵਿਚ ਜਾ ਪੁੱਜੇ।

ਚਟੌਲੀ

ਚੁਟਾਲਾ

ਚਟੌਲੀ ਦੇ ਮੁਸਲਮਾਨਾਂ ਨੇ ਟਾਕਰਾ ਕੀਤਾ, ਪਰ ਛੇਤੀ ਹੀ ਦਮ ਹਾਰ ਗਏ। ਇਕ ਸਿੱਖ ਤੇ ੫੦੦ ਮੁਸਲਮਾਨ ਮਾਰੇ ਗਏ। ਚੁਟਾਲਾ ਦੇ ਮੁਸਲਮਾਨਾਂ ਨੇ ਬੰਦੂਕਾਂ ਨਾਲ ਟਾਕਰਾ ਕੀਤਾ। ਪੰਜ ਦਸ ਹਿੰਦੂ ਸਿੱਖ ਤੇ ਹਜ਼ਾਰ ਬਾਰਾਂ ਸੌ ਮੁਸਲਮਾਨ ਲੜਾਈ ਵਿਚ ਮਾਰੇ ਗਏ। ਸਾਰਾ ਪਿੰਡ ਉਜਾੜ ਦਿੱਤਾ ਗਿਆ। ਥੋੜ੍ਹੇ ਹੀ ਹੋਰ ਪਿੰਡਾਂ ਵਿਚ ਗੜਬੜ ਹੋਈ, ਨਹੀਂ ਤਾਂ ਸਾਰੇ ਜ਼ਿਲ੍ਹੇ ਦੇ ਮੁਸਲਮਾਨ ਉਥੋਂ ਜਿਊਂਦੀ ਜਾਨਾਂ ਲੈ ਕੇ ਨਿਕਲ ਗਏ।

ਜ਼ਿਲ੍ਹਾ ਸ਼ਿਮਲਾ

ਅਗਸਤ ਵਿਚ ਸਾਰੇ ਥਾਂਈਂ ਅੱਗ ਬਲ ਰਹੀ ਸੀ, ਪਰ ਸ਼ਿਮਲੇ ਦੀਆਂ ਠੰਢੀਆਂ ਪਹਾੜੀਆਂ ਉੱਤੇ ਅਮਨ ਸੀ। ਪੂਰਬੀ ਪੰਜਾਬ ਸਰਕਾਰ ਦੇ ਦਫ਼ਤਰ ਏਥੇ ਆ ਚੁੱਕੇ ਸਨ। ਹਜ਼ਾਰਾਂ ਹਿੰਦੂ ਸਿੱਖ ਪਛਮੀ ਪੰਜਾਬ 'ਚੋਂ ਉਜੜ ਕੇ ਏਥੇ ਆਏ ਹੋਏ ਸਨ, ਪਰ ਏਥੋਂ ਦੇ ਮੁਸਲਮਾਨ ਅਜੇ ਵੀ ਏਥੇ ਓਵੇਂ ਵੱਸ ਰਹੇ ਸਨ, ਸਗੋਂ ਉਹ ਲੀਗ ਦੇ ਪ੍ਰੋਗ੍ਰਾਮ ਅਨੁਸਾਰ ਸ਼ਹਿਰ ਨੂੰ ਤਬਾਹ ਕਰਨ ਦੀ ਸੋਚ ਰਹੇ ਸਨ। ਤੰਗ ਆ ਕੇ ਹਿੰਦੂ ਸਿੱਖਾਂ ਨੇ ੮ ਸਤੰਬਰ ਨੂੰ ਕੰਮ ਆਰੰਭ ਦਿੱਤਾ। ਪਹਿਲੇ ਦਿਨ ਚਾਰ ਮੁਸਲਮਾਨ ਮਰੇ ਕਿਉਂਕਿ ਸਵੇਰੇ ਹੀ ਇਕ ਹਿੰਦੂ ਏਥੇ ਕਤਲ ਕਰ ਦਿੱਤਾ ਗਿਆ ਸੀ। ਡੀ. ਸੀ. ਨੇ ਕਰਫ਼ਿਊ ਲਾ ਦਿੱਤਾ। ਰਾਤ ਤਾਂ ਕਰਫ਼ਿਊ ਕਰਕੇ ਅਮਨ ਰਹਿੰਦਾ, ਪਰ ਦਿਨੇ ਪੰਜ ਸੱਤ ਮੌਤਾਂ ਹੋ ਜਾਂਦੀਆਂ। ੧੦ ਸਤੰਬਰ ਨੂੰ ਉਜੜ ਕੇ ਆਏ ਹੋਏ ਬੇਘਰਾਂ ਨੇ ਮਾਲ ਰੋਡ, ਲੋਇਰ ਬਾਰ ਤੇ ਕਾਰਟ ਰੋਡ ਦੀਆਂ ਦੁਕਾਨਾਂ ਲੁੱਟ ਲਈਆਂ। ੧੧ ਅਗਸਤ ਨੂੰ ਮੁਸਲਮਾਨਾਂ ਨੇ ਪੀਣ ਵਾਲੇ ਪਾਣੀ ਵਿਚ ਜ਼ਹਿਰ ਮਿਲਾ ਦਿੱਤਾ, ਜਿਸ ਨਾਲ ਪੰਜ ਸੱਤ ਹਿੰਦੂ ਸਿੱਖ ਮਰ ਗਏ। ਮਹਿਕਮਾ ਸਿਹਤ ਨੇ ਪਤਾ ਲੱਗਣ

'ਤੇ ਨਲਕਿਆਂ ਦਾ ਪਾਣੀ ਸਾਫ਼ ਕਰਵਾ ਦਿੱਤਾ।

ਸ਼ਿਮਲੇ ਵਿਚ ਲਦਾਖੀ ਮਹੱਲਾ ਸਭ ਤੋਂ ਨੀਵੇਂ ਥਾਂ ਹੈ। ਓਥੇ ਬਹੁਤੀ ਵੱਸੋਂ ਮੁਸਲਮਾਨਾਂ ਦੀ ਸੀ। ਜਿਨ੍ਹਾਂ ਮਹੱਲਿਆਂ ਵਿਚ ਟਾਵੇਂ-ਟਾਵੇਂ ਮੁਸਲਮਾਨ ਸਨ, ਉਹ ਵੀ ਛੱਡ ਕੇ ਇਸੇ ਮਹੱਲੇ ਵਿਚ ਆ ਗਏ। ਉਹਨਾਂ ਇਕ ਹੋਰ ਬੁਰੀ ਗੋਂਦ ਬਣਾ ਲਈ। ਮਹੱਲੇ ਦੇ ਜਿਸ ਉਪਰਲੇ ਹਿੱਸੇ ਵਿਚ ਕੁਝ ਘਰ ਹਿੰਦੂਆਂ ਦੇ ਸਨ, ਓਥੇ ਆਪਣੇ ਘਰ ਖ਼ਾਲੀ ਕਰਕੇ ਮੁਸਲਮਾਨਾਂ ਅੱਗ ਲਾ ਦਿੱਤੀ। ਚੰਗੇ ਭਾਗਾਂ ਨੂੰ ਉਹ ਅੱਗ ਬਹੁਤੀ ਖਿਲਰੀ ਨਾ। ਜੇ ਵੱਧ ਜਾਂਦੀ ਤਾਂ ਸਾਰਾ ਸ਼ਿਮਲਾ ਹੀ ਸੜ ਜਾਣਾ ਸੀ। ਇਸ ਸਾਜ਼ਸ਼ ਦੇ ਪ੍ਰਗਟ ਹੁੰਦਿਆਂ, ਹਿੰਦੂ ਸਿੱਖ ਗੁੱਸੇ ਵਿਚ ਪਾਗਲ ਹੋ ਉਠੇ। ਉਹਨਾਂ ਉਚੇ ਮਹੱਲਿਆਂ ਤੋਂ ਲਦਾਖੀ ਮਹੱਲੇ ਉੱਤੇ ਬੰਬ ਸੁੱਟਣੇ ਸ਼ੁਰੂ ਕਰ ਦਿੱਤੇ। ਇਹ ਕੰਮ ਉਸ ਦਿਨ ਤਕ ਜਾਰੀ ਰਿਹਾ, ਜਦ ਤਕ ਸਾਰੇ ਮੁਸਲਮਾਨ ਸ਼ਿਮਲਾ ਖ਼ਾਲੀ ਨਾ ਕਰ ਗਏ। ਸਾਰੇ ਸ਼ਿਮਲੇ ਵਿਚ ਛੇ ਸੱਤ ਸੌ ਮੁਸਲਮਾਨ ਮਾਰੇ ਗਏ।

ਜ਼ਿਲ੍ਹਾ ਸ਼ਿਮਲਾ ਵਿਚ ਕਈ ਛੋਟੀਆਂ-ਛੋਟੀਆਂ ਰਿਆਸਤਾਂ ਵੀ ਸ਼ਾਮਲ ਹਨ। ਮੁਸਲਮਾਨਾਂ ਦੀ ਵੱਸੋਂ ਓਥੇ ਟਾਂਵੀ-ਟਾਂਵੀਂ ਸੀ। ਉਹਨਾਂ ਵਿਚੋਂ ਬਹੁਤ ਸਾਰਿਆਂ ਨੇ ਹਿੰਦੂ ਧਰਮ ਧਾਰਨ ਕਰ ਲਿਆ। ਜਿਨ੍ਹਾਂ ਨੱਸਣ ਦਾ ਯਤਨ ਕੀਤਾ, ਉਹ ਰਾਹ ਵਿਚ ਹੀ ਮਾਰੇ ਗਏ। ਉਸ ਵੇਲੇ ਉਹਨਾਂ ਹਿੰਦੂ ਬਣ ਕੇ ਜਾਨ ਬਚਾ ਲਈ ਤੇ ਪਿਛੋਂ ਮਿਲਟਰੀ ਨਾਲ ਪਾਕਿਸਤਾਨ ਨੂੰ ਚਲੇ ਗਏ।

ਜ਼ਿਲ੍ਹਾ ਕਾਂਗੜਾ

ਇਹ ਸਾਰਾ ਜ਼ਿਲ੍ਹਾ ਪਹਾੜੀ ਹੈ ਤੇ ਬਹੁਤ ਸਾਰੀਆਂ ਹਿੰਦੂ ਰਿਆਸਤਾਂ ਵਿਚ ਘਿਰਿਆ ਹੋਇਆ ਹੈ। ਇਸ ਵਿਚ ਬਹੁਤੀ ਵੱਸੋਂ ਹਿੰਦੂਆਂ ਦੀ ਹੈ। ਮੁਸਲਮਾਨ ਐਵੇਂ ਨਾਂ ਮਾਤਰ ਹੀ ਸਨ। ਉਹਨਾਂ ਵਿਚੋਂ ਥੜੇ ਥੋੜ੍ਹੇ ਮਾਰੇ ਗਏ। ਬਾਕੀ ਸਭ ਨੇ ਹਿੰਦੂ ਬਣ ਕੇ ਜਾਨ ਬਚਾ ਲਈ। ਕੁਝ ਅਜੇ ਵੀ ਹਿੰਦੂ ਬਣ ਕੇ ਆਪਣੇ ਟਿਕਾਣਿਆਂ 'ਤੇ ਡਟੇ ਬੈਠੇ ਹਨ। ਹੋਰ ਕੋਈ ਖ਼ਾਸ ਘਟਨਾ ਨਹੀਂ ਹੋਈ।

ਜ਼ਿਲ੍ਹਾ ਕਰਨਾਲ

ਇਸ ਜ਼ਿਲ੍ਹੇ ਵਿਚ ਸ਼ੁਰੂ ਤੋਂ ਅਖ਼ੀਰ ਤਕ ਅਮਨ ਰਿਹਾ। ਰੁਹਤਕ ਦੇ ਨਾਲ ਲੱਗਦੇ ਕੁਝ ਪਿੰਡਾਂ ਵਿਚ ਮਾਮੂਲੀ ਗੜਬੜ ਹੋਈ, ਪਰ ਖ਼ੂਨ ਖ਼ਰਾਬਾ ਕਿਤੇ ਵੀ ਨਹੀਂ ਹੋਇਆ। ਏਥੋਂ ਦੇ ਹਿੰਦੂ ਕਾਂਗਰਸੀ ਚਾਹੁੰਦੇ ਸਨ ਕਿ ਮੁਸਲਮਾਨ ਏਥੋਂ ਨਾ ਜਾਣ। ਪੱਛਮੀ ਪੰਜਾਬ ਵਿਚੋਂ ਉਜੜ ਕੇ ਆਏ ਹੋਏ ਹਿੰਦੂ ਸਿੱਖਾਂ ਨਾਲ ਉਹਨਾਂ ਨੂੰ ਕੋਈ ਹਮਦਰਦੀ ਨਹੀਂ ਸੀ। ਓਥੋਂ ਦਾ ਬਣੀਆ ਮੁਸਲਮਾਨ ਕੋਲ ਸੌਦਾ ਵੇਚ ਕੇ ਖ਼ੁਸ਼ ਸੀ, ਪਰ ਹਿੰਦੂ ਸਿੱਖ ਪੁਰਸ਼ਾਰਥੀ ਕੋਲ ਨਹੀਂ। ਮੁੱਕਦੀ ਗੱਲ, ਉਹਨਾਂ ਦਾ ਉਜੜ ਕੇ ਆਏ ਹੋਏ ਹਿੰਦੂ ਸਿੱਖਾਂ ਨਾਲ ਵਰਤਾਉ ਘਿਰਣਾ ਭਰਿਆ ਸੀ।

ਪੁਰਸ਼ਾਰਥੀਆਂ ਦੀਆਂ ਲਹੂ ਭਰੀਆਂ ਅੱਖਾਂ ਵੇਖ ਕੇ ਓਥੋਂ ਦੇ ਮੁਸਲਮਾਨ ਭੈ-

ਭੀਤ ਹੋ ਗਏ। ਉਹ ਆਪਣੇ ਘਰ-ਬਾਰ ਛੱਡ ਕੇ ਨੱਸਣ ਲੱਗ ਪਏ। ਕੁਝ ਘਰ ਪੁਰਸ਼ਾਰਥੀਆਂ ਨੇ ਮੁੱਲ ਵੀ ਲਏ। ਕਾਂਗਰਸੀਆਂ ਨੇ ਪੁਰਸ਼ਾਰਥੀਆਂ ਨੂੰ ਧੱਕਧੱਕੀ ਘਰਾਂ 'ਚੋਂ ਕੱਢ ਕੇ ਮੁਸਲਮਾਨਾਂ ਨੂੰ ਫੇਰ ਘਰਾਂ ਵਿਚ ਲਿਆ ਬਿਠਾਇਆ। ਪਤਾ ਨਹੀਂ, ਉਹਨਾਂ ਨੂੰ ਮੁਸਲਮਾਨਾਂ ਨਾਲ ਵਧੇਰੇ ਪਿਆਰ ਸੀ ਜਾਂ ਹਿੰਦੁਸਤਾਨ ਦੀ ਆਜ਼ਾਦੀ ਬਦਲੇ ਪਾਕਿਸਤਾਨ ਵਿਚੋਂ ਉਜੜ ਕੇ ਆਏ ਹੋਏ ਹਿੰਦੂ ਸਿੱਖਾਂ ਨਾਲ ਵਧੇਰੇ ਘਿਰਣਾ। ਜਦ ਦੋਹਾਂ ਹਕੂਮਤਾਂ ਨੇ ਆਬਾਦੀ ਦੇ ਤਬਾਦਲੇ ਦਾ ਫ਼ੈਸਲਾ ਕਰ ਲਿਆ ਤੇ ਪੂਰਬੀ ਪੰਜਾਬ ਨੇ ਅਮਲੀ ਤੌਰ 'ਤੇ ਫ਼ੈਸਲਾ ਕਰ ਦਿੱਤਾ ਕਿ ਏਥੋਂ ਮੁਸਲਮਾਨਾਂ ਨੂੰ ਪੁਰਸ਼ਾਰਥੀਆਂ ਵਾਸਤੇ ਹਰ ਹਾਲ ਥਾਂ ਖ਼ਾਲੀ ਕਰਨੀ ਪਵੇਗੀ ਤਾਂ ਜਾ ਕੇ ਇਹ ਜ਼ਿਲ੍ਹਾ ਮੁਸਲਮਾਨਾਂ ਤੋਂ ਖ਼ਾਲੀ ਹੋਇਆ। ਜ਼ਿਲ੍ਹੇ ਦੇ ਅਸਲੀ ਵਸਨੀਕਾਂ ਵਿਚੋਂ ਕੁਝ ਆਦਮੀ ਅਜੇ ਵੀ ਪੁਰਸ਼ਾਰਥੀਆਂ 'ਤੇ ਔਖੇ ਹਨ; ਕਿਉਂਕਿ ਜੇ ਉਹ ਪਾਕਿਸਤਾਨ ਵਿਚੋਂ ਜਿਊਂਦੇ ਨਾ ਆਉਂਦੇ ਤਾਂ ਏਥੋਂ ਮੁਸਲਮਾਨਾਂ ਨੂੰ ਕਿਉਂ ਜਾਣਾ ਪੈਂਦਾ?

ਜ਼ਿਲ੍ਹਾ ਹਿਸਾਰ

ਜ਼ਿਲ੍ਹਾ ਹਿਸਾਰ ਦੇ ਬਾਕੀ ਹਿੱਸਿਆਂ ਵਿਚ ਤਾਂ ਅਮਨ ਰਿਹਾ, ਪਰ ਜਿਸ ਹਿੱਸੇ ਵਿਚ ਮੇਉ ਵੱਸਦੇ ਸਨ, ਓਥੇ ਗੜਬੜ ਹੁੰਦੀ ਹੀ ਰਹੀ। ਦੋਜਾਨਾ ਤੇ ਪਟੌਦੀ ਰਿਆਸਤਾਂ ਨੇ ਏਥੋਂ ਦੇ ਮੇਉ ਮੁਸਲਮਾਨਾਂ ਨੂੰ ਹਥਿਆਰਬੰਦ ਕੀਤਾ ਹੋਇਆ ਸੀ। ਉਹ 'ਮੇਉਸਥਾਨ' ਬਣਾਉਣ ਦੇ ਸੁਪਨਿਆਂ ਵਿਚ ਹਰ ਬੁਰਾਈ ਸਹੇੜਨ ਨੂੰ ਤਿਆਰ ਸਨ। ਉਹਨਾਂ ਭਿਵਾਨੀ ਤੇ ਉਸ ਦੇ ਉਦਾਲੇ ਦੇ ਪਿੰਡਾਂ ਦੇ ਹਿੰਦੂਆਂ ਸਿੱਖਾਂ ਉੱਤੇ ਬੜੇ ਮਾਰੂ ਹਥਿਆਰਾਂ ਨਾਲ ਹਮਲੇ ਸ਼ੁਰੂ ਕਰ ਦਿੱਤੇ। ਤੰਗ ਆ ਕੇ ਹਿੰਦੂ ਸਿੱਖਾਂ ਨੇ ਵੀ ਕੁਝ ਉੱਦਮ ਕੀਤਾ। ਅੰਤ ਮੁਸਲਮਾਨਾਂ ਨੂੰ ਘਰ ਛੱਡ ਕੇ ਪਾਕਿਸਤਾਨ ਨੂੰ ਭਾਗ ਲਾਉਣ ਵਾਸਤੇ ਤੁਰਨਾ ਪਿਆ। ਹੁਣ ਹਿੰਦੂ ਸਿੱਖਾਂ ਦਾ ਵੀ ਝਾਕਾ ਖੁੱਲ੍ਹ ਗਿਆ ਸੀ। ਉਹਨਾਂ ਜਾਂਦੇ ਮੁਸਲਮਾਨਾਂ ਉੱਤੇ ਹਮਲੇ ਸ਼ੁਰੂ ਕਰ ਦਿੱਤੇ। ਜਿਹੜੇ ਏਥੋਂ ਬਚ ਕੇ ਨਿਕਲੇ, ਉਹਨਾਂ ਵਿਚੋਂ ਹਿੱਸੇ ਆਉਂਦੇ ਫ਼ੀਰੋਜ਼ਪੁਰੀਆਂ ਸੰਭਾਲ ਲਏ। ਬਾਕੀ ਅਨੇਕਾਂ ਤਕਲੀਫ਼ਾਂ ਝੱਲ ਕੇ ਪਾਕਿਸਤਾਨ ਵਿਚ ਪੁੱਜੇ।

ਕੁਝ ਮੁਸਲਮਾਨ ਏਥੋਂ ਨਿਕਲ ਕੇ ਨਾਲ ਲਗਦੀਆਂ ਮੁਸਲਮ ਰਿਆਸਤਾਂ ਨੂੰ ਚਲੇ ਗਏ।

ਜ਼ਿਲ੍ਹਾ ਰੁਹਤਕ ਤੇ ਗੁੜਗਾਉਂ

ਇਹਨਾਂ ਦੋਹਾਂ ਜ਼ਿਲ੍ਹਿਆਂ ਦੀ ਰਹਿਣੀ-ਬਹਿਣੀ, ਰਸਮੋ-ਰਿਵਾਜ ਤੇ ਬੋਲੀ ਬਾਕੀ ਪੰਜਾਬ ਨਾਲੋਂ ਬਿਲਕੁਲ ਵੱਖਰੀ ਹੈ। ਇਸ ਦੇ ਪਹਾੜੀ ਇਲਾਕੇ ਵਿਚ ਮੇਉ ਮੁਸਲਮਾਨ ਬੜੀ ਭਾਰੀ ਗਿਣਤੀ ਵਿਚ ਸਨ। ਉਹਨਾਂ ਨੇ ਮਾਰਚ ਤੋਂ ਹੀ ਅੱਤ ਚੁੱਕ ਲਈ ਸੀ ਤੇ ਅਗਸਤ ਦੇ ਅਖ਼ੀਰ ਤਕ ਉਹ ਆਪਣੀ ਆਈ 'ਤੇ ਡਟੇ ਰਹੇ। ਪੰਦਰਾਂ ਅਗਸਤ ਤੋਂ ਪਹਿਲਾਂ ਤਾਂ ਉਹ ਤਕੜੇ ਰਹੇ, ਪਰ ਪਿਛੋਂ ਓਥੋਂ ਦੇ ਹਿੰਦੂ ਜਾਟਾਂ ਨੇ ਇਹਨਾਂ ਨੂੰ ਅੱਗੇ ਲਾ ਲਿਆ। ਇਸ ਇਲਾਕੇ ਦਾ ਬਹੁਤ ਸਾਰਾ ਹਾਲ ਪਿੱਛੇ ਆ

ਚੁੱਕਾ ਹੈ। ਜਦੋਂ ਮੇਉ ਦਾ ਹੌਸਲਾ ਟੁੱਟ ਗਿਆ ਤਾਂ ਫਿਰ ਤਾਂ ਉਹ ਸੈਂਕੜਿਆਂ ਦੀ ਗਿਣਤੀ ਵਿਚ ਰੋਜ਼ ਮਰਨ ਲੱਗੇ। ਜਾਂਦਿਆਂ ਹੋਇਆਂ ਉਹਨਾਂ ਦੇ ਕਾਫ਼ਲਿਆਂ ਉੱਤੇ ਏਨੇ ਹਮਲੇ ਹੋਏ, ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਖ਼ਾਸ ਕਰ ਗੁੜਗਾਉਂ ਦਾ ਬਹੁਤ ਸਾਰਾ ਇਲਾਕਾ ਤਬਾਹ ਹੋ ਚੁੱਕਾ ਹੈ। ਮੇਉ ਕੌਮ ਬਹੁਤ ਨੁਕਸਾਨ ਉਠਾ ਕੇ ਪਾਕਿਸਤਾਨ ਪੁੱਜੀ ਹੈ। ਪੱਛਮੀ ਪੰਜਾਬ ਸਰਕਾਰ ਨੇ ਵੀ ਉਹਨਾਂ ਨੂੰ ਵਧੇਰੇ ਹੱਦ ਦੇ ਨਾਲ-ਨਾਲ ਹੀ ਵਸਾਇਆ ਹੈ।

ਪੂਰਬੀ ਪੰਜਾਬ ਦੀਆਂ ਪਹਾੜੀ ਰਿਆਸਤਾਂ

ਜਮਨਾ ਤੋਂ ਲੈ ਕੇ ਰਾਵੀ ਤਕ ਇਹ ਰਿਆਸਤਾਂ ਖਿਲਰੀਆਂ ਹੋਈਆਂ ਹਨ। ਇਹਨਾਂ ਉੱਤੇ ਵੀ ਪੰਜਾਬ ਦਾ ਅਸਰ ਹੋਇਆ, ਪਰ ਬੜਾ ਥੋੜ੍ਹਾ। ਮੁਸਲਮਾਨਾਂ ਦੀ ਵੱਸੋਂ ਏਥੇ ਬੜੀ ਥੋੜ੍ਹੀ ਸੀ। ਵਧੇਰੇ ਗਿਣਤੀ ਕੇਵਲ ਹਿੰਦੂਆਂ ਦੀ ਹੀ ਹੈ। ਲੋੜ ਪਈ 'ਤੇ ਉਹ ਮੁਸਲਮਾਨ ਚਾਰ ਦਿਨਾਂ ਵਾਸਤੇ ਹਿੰਦੂ ਬਣ ਗਏ। ਜਿਹੜੇ ਲੀਗ ਨਾਲ ਸੰਬੰਧ ਰੱਖਣ ਵਾਲੇ ਸਨ, ਉਹ ਕੁਝ ਮਾਰੇ ਵੀ ਗਏ। ਇਸ ਵੇਲੇ ਥੋੜ੍ਹੇ ਹੀ ਬਾਕੀ ਰਹਿ ਗਏ ਹਨ, ਜਿਨ੍ਹਾਂ ਨਵਾਂ ਧਰਮ ਧਾਰਨ ਕੀਤਾ ਹੋਇਆ ਹੈ। ਬਾਕੀ ਸਭ ਮਿਲਟਰੀ ਨਾਲ ਪਾਕਿਸਤਾਨ ਨੂੰ ਚਲੇ ਗਏ ਹਨ।

ਮੈਦਾਨੀ ਰਿਆਸਤਾਂ

ਕਪੂਰਥਲਾ

ਕਪੂਰਥਲਾ ਸਿੱਖ ਰਿਆਸਤ ਹੈ, ਪਰ ਇਸ ਵਿਚ ਵੱਸੋਂ ਬਹੁਤੀ ਮੁਸਲਮਾਨਾਂ ਦੀ ਸੀ। ਇਸੇ ਵਾਸਤੇ ਲਾਹੌਰ ਦੇ ਮੁਸਲਮ ਅਖ਼ਬਾਰ ਮਹਾਰਾਜੇ ਨੂੰ ਪਾਕਿਸਤਾਨ ਵਿਚ ਸ਼ਾਮਲ ਹੋਣ ਦੀਆਂ ਸਲਾਹਾਂ ਦੇਂਦੇ ਸਨ ਤੇ ਕਦੇ-ਕਦੇ ਲੀਗੀ ਲੀਡਰ ਧਮਕੀਆਂ ਵੀ। ਰਿਆਸਤ ਦਾ ਪ੍ਰਧਾਨ ਮੰਤਰੀ ਕਈ ਸਾਲਾਂ ਤੋਂ ਮੁਸਲਮਾਨ ਚਲਿਆ ਆ ਰਿਹਾ ਸੀ। ਸੋ ਪੋਲੀਸ, ਫ਼ੌਜ ਤੇ ਬਾਕੀ ਹਰ ਮਹਿਕਮੇ ਵਿਚ ਵੀ ਮੁਸਲਮਾਨਾਂ ਦੀ ਬਹੁ-ਗਿਣਤੀ ਸੀ। ਮੁਸਲਮ ਲੀਗ ਨੇ ਜਲਸੇ ਜਲੂਸਾਂ ਰਾਹੀਂ ਰਿਆਸਤ ਦੇ ਹਿੰਦੂ ਸਿੱਖਾਂ ਨੂੰ ਭੈ-ਭੀਤ ਕਰਨ ਦਾ ਬੜਾ ਯਤਨ ਕੀਤਾ। ਪਰ ਜਦੋਂ ਇਸ ਦੇ ਉਦਾਲੇ ਦਾ ਇਲਾਕਾ ਹਿੰਦੁਸਤਾਨ ਵਿਚ ਆ ਗਿਆ ਤੇ ਸਰਕਾਰੀ ਇਲਾਕੇ ਦੇ ਮੁਸਲਮਾਨ ਲੁੱਟ ਮਾਰ ਕੇ ਕੱਢ ਦਿੱਤੇ ਗਏ ਤਾਂ ਏਥੋਂ ਦੇ ਮੁਸਲਮਾਨਾਂ ਦੇ ਵੀ ਹੌਸਲੇ ਟੁੱਟ ਗਏ। ਸਰਕਾਰੀ ਇਲਾਕੇ ਨਾਲ ਲੱਗਦੇ ਕਈ ਪਿੰਡਾਂ ਉੱਤੇ ਸਿੱਖਾਂ ਨੇ ਹਮਲੇ ਕਰਕੇ ਉਜਾੜ ਦਿੱਤਾ। ਅੰਤ ਡਰਦੇ ਮਾਰੇ ਸਾਰੇ ਮੁਸਲਮਾਨ ਸੁਲਤਾਨਪੁਰ, ਕਪੂਰਥਲਾ, ਹਮੀਰਾ ਆਦਿ ਕੈਂਪਾਂ ਵਿਚ ਇਕੱਠੇ ਹੋ ਗਏ। ਉਹਨਾਂ ਵਿਚੋਂ ਕਈ ਬਦਨਸੀਬ ਤਾਂ ਦਰਿਆ ਦੇ ਹੜ੍ਹ ਵਿਚ ਰੁੜ੍ਹ ਗਏ ਤੇ ਬਾਕੀ ਮਰ ਮਰਾ ਕੇ ਪਾਕਿਸਤਾਨ ਵਿਚ ਜਾ ਪੁੱਜੇ।

ਫ਼ਰੀਦਕੋਟ

ਰਿਆਸਤ ਫ਼ਰੀਦਕੋਟ ਬਹੁਤ ਸਾਰੀ ਜ਼ਿਲ੍ਹਾ ਫ਼ੀਰੋਜ਼ਪੁਰ ਵਿਚ ਘਿਰੀ ਹੋਈ ਹੈ। ਸੋ ਉਸ ਦੇ ਦੁਰਾਡੇ ਪਿੰਡਾਂ 'ਤੇ ਗਵਾਂਢ ਦਾ ਖ਼ਾਸਾ ਅਸਰ ਹੋਇਆ। ਲਾਹੌਰ ਦੀ ਗੜਬੜ ਵਿਚ ਪੰਥ ਦੀ ਸੇਵਾ ਕਰਨ ਬਦਲੇ ਤੇ ਪਛਮੀ

ਪੰਜਾਬ ਵਿਚੋਂ ਉਜੜ ਕੇ ਆਏ ਬੇਘਰਾਂ ਦੀ ਸਹਾਇਤਾ ਕਰਨ ਕਰਕੇ ਲੱਗੀ। ਅਖ਼ਬਾਰ ਮਹਾਰਾਜਾ ਦੀ ਬਥੇਰੀ ਬਦਨਾਮੀ ਕਰਦੇ ਰਹੇ ਸਨ, ਪਰ ਮਹਾਰਾਜਾ ਨੇ ਲੋੜਦੀ ਵੱਸ ਕੋਈ ਅਜਿਹਾ ਕੰਮ ਨਹੀਂ ਕੀਤਾ, ਜੋ ਉਸ ਦੀ ਸ਼ਾਨ ਦੇ ਵਿਰੁੱਧ ਹੋਵੇ। ਉਸ ਨੇ ਯਥਾ ਸ਼ਕਤ ਮੁਸਲਮਾਨਾਂ ਨੂੰ ਕੈਂਪਾਂ ਵਿਚ ਇਕੱਠਿਆਂ ਕਰਕੇ ਪਾਕਿਸਤਾਨ ਵਿਚ ਪੁਚਾਣ ਦਾ ਯਤਨ ਕੀਤਾ। ਸ਼ਹਿਰ ਫ਼ਰੀਦਕੋਟ ਵਿਚ ਬਹੁਤੀ ਕਟਾ ਵੱਢ ਨਹੀਂ ਹੋਈ, ਪਰ ਰਿਆਸਤ ਦੀਆਂ ਹੱਦਾਂ ਉੱਤੇ ਓਹਾ ਕੁਝ ਹੋਇਆ, ਜੋ ਪੱਛਮੀ ਪੰਜਾਬ ਵਿਚ ਮਾਰਚ ਤੋਂ ਹੋ ਰਿਹਾ ਸੀ। ਜਿਸ ਵੇਲੇ ਮੁਸਲਮਾਨ ਰਿਆਸਤ ਦੀ ਹਦੋਂ ਪਾਰ ਹੁੰਦੇ ਤਾਂ ਰਾਹ ਮੱਲ ਕੇ ਬੈਠੇ ਹੋਏ ਹਿੰਦੂ ਸਿੱਖ ਉਹਨਾਂ ਨੂੰ ਸੰਭਾਲ ਲੈਂਦੇ। ਇਸ ਤਰ੍ਹਾਂ ਰਿਆਸਤ ਦੇ ਕਈ ਮੁਸਲਮਾਨ ਰਾਹ ਵਿਚ ਹੀ ਮਾਰੇ ਗਏ।

ਜੀਂਦ

ਰਿਆਸਤ ਜੀਂਦ ਵਿਚ ਵੀ ਕੋਈ ਖ਼ਾਸ ਦੁਰਘਟਨਾ ਨਹੀਂ ਹੋਈ। ਸਰਕਾਰੀ ਇਲਾਕੇ ਨਾਲ ਮਿਲਦੀਆਂ ਹੱਦਾਂ ਉੱਤੇ ਕੁਝ ਆਦਮੀ ਮਾਰੇ ਗਏ ਜੋ ਜਾਂ ਉਹਨਾਂ ਕਾਫ਼ਲਿਆਂ ਉੱਤੇ ਹਮਲੇ ਹੋਏ, ਜੋ ਰਿਆਸਤ ਦੇ ਪ੍ਰਬੰਧ ਤੋਂ ਬਿਨਾਂ ਹੀ ਤੁਰ ਪਏ। ਬਾਕੀ ਸਾਰੇ ਸਹੀ ਸਲਾਮਤ ਪਾਕਿਸਤਾਨ ਜਾ ਪੁੱਜੇ।

ਨਾਭਾ

ਰਿਆਸਤ ਦੀ ਰਾਜਧਾਨੀ ਸ਼ਹਿਰ ਨਾਭਾ ਵਿਚ ਤਾਂ ਕੋਈ ਕਟਾ ਵੱਢ ਨਾ ਹੋਈ। ਭਾਵੇਂ ਮੁਸਲਮਾਨਾਂ ਨੇ ਓਥੇ ਵੀ ਸ਼ਰਾਰਤਾਂ ਕੀਤੀਆਂ ਸਨ, ਪਰ ਬਾਹਰ ਪਿੰਡਾਂ ਵਿਚ ਖ਼ੈਰ ਨਾ ਗੁਜ਼ਾਰੀ। ੧੫ ਅਗਸਤ ਤੋਂ ਪਿੱਛੋਂ ਸਿੱਖਾਂ ਹਿੰਦੂਆਂ ਨੇ ਮੁਸਲਮਾਨਾਂ ਦੇ ਪਿੰਡਾਂ ਉੱਤੇ ਹਮਲੇ ਕਰਨੇ ਆਰੰਭ ਦਿੱਤੇ। ਸਭ ਤੋਂ ਪਹਿਲਾਂ ਧੂਰੀ ਕੋਲ ਇਕ ਕਾਫ਼ਲੇ ਤੋਂ ਛੇੜ ਛਿੜੀ। ਮੁਸਲਮਾਨਾਂ ਦੇ ਲੰਘਦੇ ਹੋਏ ਕਾਫ਼ਲੇ ਨੇ ਸਿੱਖਾਂ ਨੂੰ ਵੇਖ ਕੇ ਭੜਕਾਊ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਉਹਨਾਂ ਰਾਹ ਵਿਚਾਲੇ ਸਿੱਖਾਂ ਦੇ ਪਿੰਡ ਉੱਤੇ ਹਮਲਾ ਕਰਨ ਦੀ ਤਿਆਰੀ ਕਰ ਲਈ। ਉਹਨਾਂ ਨੂੰ ਪਤਾ ਨਹੀਂ ਸੀ ਕਿ ਪਿੰਡ ਵਿਚ ਬਹੁਤ ਸਾਰੇ ਸਿੱਖ ਉਹਨਾਂ ਦੀ ਆਉ ਭਗਤ ਵਾਸਤੇ ਅੱਗੇ ਹੀ ਲੁਕੇ ਬੈਠੇ ਹਨ। ਜਦ ਮੁਸਲਮਾਨ 'ਅੱਲੀ-ਅੱਲੀ' ਕਰਦੇ ਪਿੰਡ ਵੱਲ ਵਧੇ ਤਾਂ ਸਿੱਖਾਂ ਨੇ ਅੱਗੋਂ ਹਮਲਾ ਕਰ ਦਿੱਤਾ। ਹਜ਼ਾਰ ਦੇ ਅੰਦਰ ਬਾਹਰ ਮੁਸਲਮਾਨ ਮਾਰੇ ਗਏ। ਕਾਫ਼ਲਾ ਸਾਰਾ ਲੁੱਟਿਆ ਗਿਆ। ਲੋਥਾਂ ਉਦਾਲੇ ਦੇ ਖੂਹਾਂ ਵਿਚ ਸੁੱਟ ਦਿਤੀਆਂ ਗਈਆਂ। ਜਿਨ੍ਹਾਂ ਨੂੰ ਜਾਨ ਬਚਾ ਕੇ ਭੱਜਣ ਦਾ ਸਮਾਂ ਮਿਲ ਗਿਆ, ਉਹ ਕਿਵੇਂ ਨਾ ਕਿਵੇਂ ਨਿਕਲ ਗਏ। ਇਹ ਘਟਨਾ ੨੫ ਅਗਸਤ ਦੀ ਹੈ। ਫਿਰ ਤਾਂ ਚੱਲ ਸੋ ਚੱਲ। ਕਈ ਪਿੰਡਾਂ ਉੱਤੇ ਹਮਲੇ ਹੋਏ। ਜਿਹੜੇ ਪਿੰਡਾਂ ਵਿਚੋਂ ਬਚ ਨਿਕਲੇ, ਉਹ ਰਾਹ ਵਿਚ ਲੁੱਟੇ ਮਾਰੇ ਗਏ। ਰਿਆਸਤ ਦੀਆਂ ਹੱਦਾਂ ਉੱਤੇ ਤਾਂ ਲੋਥਾਂ ਹੀ ਲੋਥਾਂ ਹੋ ਗਈਆਂ। ਰਿਆਸਤ ਬਹਾਵਲਪੁਰ ਵਿਚੋਂ ਉਜੜ ਕੇ ਆਏ ਹੋਏ ਹਿੰਦੂ ਸਿੱਖਾਂ ਦੀ ਬੁਰੀ ਹਾਲਤ ਵੇਖ ਕੇ ਹਰ ਕੋਈ ਮੁਸਲਮਾਨਾਂ ਤੋਂ ਬਦਲਾ ਲੈਣ ਵਾਸਤੇ ਤਿਆਰ ਹੋ ਗਿਆ ਸੀ। ਜੇ ਕਦੇ ਉਸ ਮੁਸਲਮਾਨੀ ਰਿਆਸਤ ਵਿਚ ਹਿੰਦੂਆਂ ਸਿੱਖਾਂ ਉੱਤੇ ਜ਼ੁਲਮ ਨਾ ਕੀਤੇ ਜਾਂਦੇ ਤਾਂ ਸਿੱਖ ਰਿਆਸਤਾਂ ਵਿਚ

ਮੁਸਲਮਾਨਾਂ ਨੂੰ ਕੋਈ ਕਸ਼ਟ ਨਾ ਭੁਗਤਣਾ ਪੈਂਦਾ।

ਰਿਆਸਤ ਪਟਿਆਲਾ

ਇਸ ਔਖੇ ਸਮੇਂ ਵਿਚ ਮਹਾਰਾਜਾ ਪਟਿਆਲਾ ਨੇ ਜਿੰਨੇ ਨੇਕ ਕੰਮ ਕੀਤੇ ਹਨ, ਹੋਰ ਕਿਸੇ ਰਿਆਸਤ ਦੇ ਮਹਾਰਾਜੇ ਨੇ ਨਹੀਂ ਕੀਤੇ। ਜੋ ਉਸ ਨੇ ਇਸ ਵੇਲੇ ਗੁਰੂ ਪੰਥ ਦੀ ਸੇਵਾ ਕੀਤੀ ਹੈ, ਉਹ ਵੀ ਭੁਲਾਈ ਜਾਣ ਵਾਲੀ ਨਹੀਂ। ਰਿਆਸਤ ਵਿਚ ਸਿੱਖਾਂ ਦੀ ਨਿੱਗਰ ਬਹੁ-ਗਿਣਤੀ ਸੀ। ਜੇ ਮਹਾਰਾਜਾ ਜਾਂ ਬਾਕੀ ਸਿੱਖ ਅਹਿਲਕਾਰ ਚਾਹੁੰਦੇ ਤਾਂ ਮਾਰਚ ਵਿਚ ਹੀ ਏਥੇ ਮੁਸਲਮਾਨਾਂ ਨਾਲ ਉਹ ਕੁਝ ਕੀਤਾ ਜਾ ਸਕਦਾ ਸੀ, ਜੋ ਰਾਵਲਪਿੰਡੀ ਵਿਚ ਹਿੰਦੂ ਸਿੱਖਾਂ ਨਾਲ ਹੋਇਆ ਸੀ। ਪਰ ਸਿੱਖ ਚਲਨ ਨੇ ਕਿਸੇ ਨੂੰ ਵੀ ਇਸ ਕੰਮ ਦੀ ਆਗਿਆ ਨਾ ਦਿੱਤੀ। ਰਿਆਸਤ ਵਿਚ ਮੁਸਲਮਾਨ ਪੂਰੇ ਅਮਨ ਨਾਲ ਵੱਸਦੇ ਰਹੇ।

ਜਦ ਰਾਵਲਪਿੰਡੀ ਆਦਿ ਪਛਮੀ ਜ਼ਿਲ੍ਹਿਆਂ ਵਿਚੋਂ ਉਜੜ ਕੇ ਆਇਆਂ ਹੋਇਆਂ ਨੂੰ ਕੋਈ ਥਾਂ ਨਹੀਂ ਸੀ ਝੱਲਦਾ ਤਾਂ ਉਹਨਾਂ ਬੇਘਰਿਆਂ ਨੂੰ ਮਹਾਰਾਜਾ ਨੇ ਆਪਣੀ ਛਾਤੀ ਨਾਲ ਲਾ ਲਿਆ। ਨਿਆਸਰਿਆਂ ਨੂੰ ਆਪਣੀ ਰਿਆਸਤ ਵਿਚ ਆਸਰਾ ਦੇਣ ਦਾ ਐਲਾਨ ਕਰ ਦਿੱਤਾ। ਸੁਣ ਕੇ, ਸਰਹੱਦ ਤੇ ਰਾਵਲਪਿੰਡੀ ਦੇ ਇਲਾਕੇ ਦੇ ਹਜ਼ਾਰਾਂ ਹਿੰਦੂ ਸਿੱਖ ਰਿਆਸਤ ਵਿਚ ਆਣ ਪਹੁੰਚੇ। ਉਹਨਾਂ ਵਿਚੋਂ ਬਹੁਤਿਆਂ ਕੋਲ ਨਾ ਪੈਸਾ ਸੀ, ਨਾ ਤਨ ਢੱਕਣ ਨੂੰ ਪੂਰਾ ਕਪੜਾ। ਮਹਾਰਾਜੇ ਨੇ ਉਹਨਾਂ ਵਾਸਤੇ ਤੰਬੂ ਲਗਵਾ ਦਿੱਤੇ ਤੇ ਕਈ ਥਾਈਂ ਆਰਜ਼ੀ ਮਕਾਨ ਵੀ ਬਣਵਾ ਦਿੱਤੇ। ਇਸ ਸਮੇਂ ਮਹਾਰਾਜੇ ਨੇ ਜੋ 'ਗਰੀਬ ਪਰਿਵਰ' ਤੇ 'ਦਾਨੀ' ਹੋਣ ਦਾ ਸਬੂਤ ਦਿੱਤਾ, ਇਤਿਹਾਸ ਵਿਚ ਉਸ ਦੀਆਂ ਬੜੀਆਂ ਥੋੜ੍ਹੀਆਂ ਮਿਸਾਲਾਂ ਮਿਲਦੀਆਂ ਹਨ। ਉਜੜੇ ਹੋਏ ਗ਼ਰੀਬਾਂ ਵਾਸਤੇ ਆਪਣੇ ਖ਼ਾਸ ਸੁੱਚੇ ਤੰਬੂਆਂ ਤਕ ਲਾ ਦਿੱਤੇ। ਅਨਾਥ ਬੱਚਿਆਂ ਵਾਸਤੇ ਰੋਟੀ ਦੇ ਨਾਲ ਦੁੱਧ ਤੇ ਫਲ ਤਕ ਦਿੱਤੇ। ਲੁੱਟਿਆਂ ਹੋਇਆਂ ਵਾਸਤੇ ਖ਼ਜ਼ਾਨੇ ਦੇ ਬੂਹੇ ਖੋਲ੍ਹ ਦਿਤੇ। ਕਈ ਮਹੀਨੇ ਅਤੁੱਟ ਲੰਗਰ ਵਰਤਦਾ ਰਿਹਾ। ਸੇਵਾ ਦੀ ਬੜੀ ਉੱਚੀ ਮਿਸਾਲ ਕਾਇਮ ਕਰ ਦਿੱਤੀ। ਮਹਾਰਾਜਾ ਸਾਹਿਬ, ਮਹਾਰਾਣੀ ਜੀਉ ਤੇ ਰਾਜ ਮਾਤਾ ਜੀ ਆਪ ਹੱਥੀਂ ਉਹਨਾਂ ਗ਼ਰੀਬ ਬੇਘਰਿਆਂ ਨੂੰ ਲੰਗਰ ਤੇ ਫਲ ਵਰਤਾਉਂਦੇ ਰਹੇ। ਆਪ ਕਈ ਵਾਰੀ ਉਹਨਾਂ ਦੁਖੀਆਂ ਦਾ ਦੁੱਖ ਸੁਣਦੇ ਤੇ ਵੰਡਾਉਂਦੇ। ਏਥੇ ਹੀ ਬੱਸ ਨਹੀਂ, ਉਹਨਾਂ ਵਿਚੋਂ ਕਈਆਂ ਯੋਗ ਸਜਣਾਂ ਨੂੰ ਰਿਆਸਤ ਵਿਚ ਨੌਕਰੀਆਂ ਦਿੱਤੀਆਂ ਤੇ ਕਈਆਂ ਨੂੰ ਆਪਣਾ ਕਾਰੋਬਾਰ ਚਲਾਉਣ ਵਾਸਤੇ ਕਰਜ਼ਾ ਦੇ ਕੇ ਮਦਦ ਕੀਤੀ। ਮਹਾਰਾਜਾ ਦੇ ਇਸ ਪਰਉਪਕਾਰ ਨੂੰ ਦੇਸ਼ ਕਦੇ ਨਹੀਂ ਭੁੱਲੇਗਾ।

ਮਹਾਰਾਜਾ ਨੇ ਜਿਥੇ ਉਜੜਿਆਂ ਹੋਇਆਂ ਦਾ ਏਨਾ ਦਰਦ ਵੰਡਾਇਆ, ਉਥੇ ਰਿਆਸਤ ਦੀ ਮੁਸਲਮ ਪਰਜਾ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ। ਪਰ ਪਰਜਾ ਵਿਚੋਂ ਲੀਗ ਦੇ ਚਾਟੜਿਆਂ ਤੇ ਲਾਹੌਰ ਦੇ ਮੁਸਲਮ ਅਖ਼ਬਾਰਾਂ ਨੇ ਮਹਾਰਾਜਾ ਦੀ

ਨੇਕੀ ਨੂੰ ਬੁਰੀ ਨਜ਼ਰ ਨਾਲ ਵੇਖਿਆ ਤੇ ਉਸ ਦੇ ਵਿਰੁੱਧ ਝੂਠਾ ਪ੍ਰਾਪੇਗੰਡਾ ਆਰੰਭ ਕਰ ਦਿੱਤਾ। ਮੁਸਲਮਾਨ ਨਹੀਂ ਸੀ ਚਾਹੁੰਦਾ ਕਿ ਜਿਨ੍ਹਾਂ ਨੂੰ ਉਹਨੇ ਪਛਮੀ ਪੰਜਾਬ ਵਿਚੋਂ ਉਜਾੜ ਕੇ ਕੱਢਿਆ ਹੈ, ਉਹਨਾਂ ਨੂੰ ਕੋਈ ਆਸਰਾ ਦੇਵੇ। ਸੋ ਆਏ ਦਿਨ ਅਖ਼ਬਾਰਾਂ ਵਿਚ ਏਹਾ ਛਪਿਆ ਹੋਵੇ ਕਿ "ਮਹਾਰਾਜਾ ਪਟਿਆਲਾ ਰਿਆਸਤ ਵਿਚ ਸਿੱਖਾਂ ਦੀ ਗਿਣਤੀ ਵਧਾ ਰਿਹਾ ਹੈ, ਜਿਸ ਤੋਂ ਉਥੋਂ ਦੀ ਮੁਸਲਮ ਆਬਾਦੀ ਨੂੰ ਜਾਨ ਮਾਲ ਦਾ ਖ਼ਤਰਾ ਹੈ। ਮੁਸਲਮਾਨ ਉਥੋਂ ਘਰ ਬਾਰ ਛੱਡਣ ਵਾਸਤੇ ਮਜਬੂਰ ਕੀਤੇ ਜਾ ਰਹੇ ਹਨ। ਮੁਸਲਮਾਨਾਂ ਦੇ ਮਕਾਨ ਖੋਹ ਕੇ ਪਛਮੀ ਪੰਜਾਬ ਵਿਚੋਂ ਗਏ ਹਿੰਦੂ ਸਿੱਖਾਂ ਨੂੰ ਦਿੱਤੇ ਜਾ ਰਹੇ ਹਨ। ਨੌਕਰੀਆਂ ਵਿਚੋਂ ਮੁਸਲਮਾਨਾਂ ਦਾ ਹੱਕ ਖੋਹ ਕੇ ਹਿੰਦੂ ਸਿੱਖਾਂ ਨੂੰ ਦਿੱਤਾ ਜਾ ਰਿਹਾ ਹੈ। ਪਾਕਿਸਤਾਨ ਨੂੰ ਫ਼ਤਹਿ ਕਰਨ ਵਾਸਤੇ ਪਟਿਆਲਾ ਨਵੀਂ ਸਿੱਖ ਫ਼ੌਜ ਭਰਤੀ ਕਰ ਰਿਹਾ ਹੈ" ਆਦਿ। ਜੋ ਵੀ ਉਹ ਪਟਿਆਲੇ ਦੇ ਵਿਰੁੱਧ ਲਿਖ ਸਕਦੇ ਸਨ, ਉਹਨਾਂ ਕਸਰ ਨਾ ਛੱਡੀ। ਪਰ ਮਹਾਰਾਜਾ ਨੇ ਇਹਨਾਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ ਤੇ ਆਪਣੇ ਨੇਕ ਕੰਮ ਵਿਚ ਲੱਗੇ ਰਹੇ।

ਮੁਸਲਮ ਲੀਗੀਆਂ ਦੇ ਹੌਸਲੇ ਏਥੋਂ ਤਕ ਵੱਧ ਰਹੇ ਸਨ ਕਿ ਵਜ਼ੀਰ ਅਲੀ ਸਦਰ ਪਟਿਆਲਾ ਮੁਸਲਮ ਲੀਗ ਤੇ ਡਾਕਟਰ ਹਫ਼ੀਜ਼ ਨੇ ਇਕ ਜਲਸਾ ਕਰਕੇ ਖੁੱਲ੍ਹੇ ਸ਼ਬਦਾਂ ਵਿਚ ਕਿਹਾ ਕਿ 'ਪਟਿਆਲਾ ਪਾਕਿਤਸਾਨ ਦਾ ਇਕ ਹਿੱਸਾ ਹੈ ਤੇ ਇਸ ਨੂੰ ਜ਼ਰੂਰ ਪਾਕਿਸਤਾਨ ਵਿਚ ਮਿਲਣਾ ਪਵੇਗਾ।' ਇਹਨਾਂ ਸ਼ਬਦਾਂ ਵਿਚ ਪੂਰੀ ਧਮਕੀ ਦਿੱਤੀ ਗਈ ਸੀ ਤੇ ਲਲਕਾਰਿਆ ਗਿਆ ਸੀ ਕਿ ਜਾਂ ਮਹਾਰਾਜਾ ਆਪਣੀ ਤਾਕਤ ਵਰਤੇ ਤੇ ਜਾਂ ਝੁਕ ਜਾਵੇ। ਦੂਰ ਦੀ ਸੋਚਣ ਤੇ 'ਸਰਬਤ ਦਾ ਭਲਾ' ਚਾਹੁਣ ਵਾਲੇ ਮਹਾਰਾਜਾ ਨੇ ਏਨੀਆਂ ਧਮਕੀਆਂ ਸੁਣ ਕੇ ਵੀ ਆਪਣੀ ਰਿਆਸਤ ਦਾ ਅਮਨ ਭੰਗ ਨਾ ਹੋਣ ਦਿੱਤਾ।

੧੫ ਅਗਸਤ ਦੇ ਪਿਛੋਂ ਮੁਸਲਮ ਲੀਗ ਦਾ ਸਾਰੇ ਹਿੰਦੁਸਤਾਨ ਵਿਚ ਗੜਬੜ ਕਰਨ ਦਾ ਪ੍ਰੋਗ੍ਰਾਮ ਸੀ। ਪਟਿਆਲਾ ਵੀ ਉਸ ਪ੍ਰੋਗ੍ਰਾਮ ਦਾ ਇਕ ਹਿੱਸਾ ਸੀ। ਸੋ ਉਥੋਂ ਦੇ ਲੀਗੀਆਂ ਨੇ ਪੂਰੀ ਤਿਆਰੀ ਆਰੰਭ ਦਿੱਤੀ। ਉਹਨਾਂ ਹਥਿਆਰ ਲੈ ਕੇ ਪਟਿਆਲੇ ਦੇ ਬਾਜ਼ਾਰਾਂ ਵਿਚ ਜਲੂਸ ਕੱਢੇ ਤੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ। ਸਿੱਖ ਫਿਰ ਵੀ ਚੁੱਪ ਰਹੇ। ਮੁਸਲਮਾਨਾਂ ਦੇ ਹੌਸਲੇ ਸਗੋਂ ਵਧ ਗਏ। ਉਹਨਾਂ ਕਈ ਦਿਨ ਤਕ ਪਟਿਆਲੇ ਵਿਚ ਅਤ ਚੁੱਕ ਛੱਡੀ। ਗਲੀ ਬਾਜ਼ਾਰਾਂ ਵਿਚ ਸਾਰੀ-ਸਾਰੀ ਰਾਤ ਉਹਨਾਂ ਭੜਕਾਊ ਨਾਅਰੇ ਲਾਉਂਦੇ ਰਹਿਣਾ। ਤੰਗ ਆ ਕੇ ਸਿੱਖ ਵੀ ਅੱਗੋਂ ਨਾਅਰਿਆਂ ਦਾ ਜਵਾਬ ਦੇਣ ਲੱਗ ਪਏ।

ਪਟਿਆਲੇ ਦੀ ਪੁਲੀਸ ਤੇ ਫ਼ੌਜ ਵਿਚ ਮੁਸਲਮਾਨ ਵੀ ਸਨ। ਲੀਗੀ ਲੀਡਰਾਂ ਨੇ ਉਹਨਾਂ ਨੂੰ ਵੀ ਨਾਲ ਗੰਢ ਲਿਆ। ਲੀਗੀ ਲੀਡਰਾਂ, ਮੁਸਲਮ ਜਨਤਾ, ਮੁਸਲਮ ਨੈਸ਼ਨਲ ਗਾਰਡ, ਮੁਸਲਮ ਪੁਲੀਸ ਤੇ ਫ਼ੌਜ ਨੇ ਮਿਲ ਕੇ ਪਟਿਆਲੇ ਦੀ ਤਬਾਹੀ ਦੀ ਇਕ ਸਕੀਮ ਬਣਾਈ। ਚਾਰ ਸਤੰਬਰ ਦੀ ਰਾਤ ਇਸ ਕੰਮ ਵਾਸਤੇ ਨੀਯਤ ਕੀਤੀ

ਗਈ। ਕੰਮ ਦੀ ਵੰਡ ਇਉਂ ਕੀਤੀ ਗਈ ਕਿ ਪੁਲੀਸ ਤੇ ਫ਼ੌਜ ਮਿਲ ਕੇ ਅਸਲਾਖ਼ਾਨੇ (ਸਰਕਾਰੀ ਹਥਿਆਰ ਘਰ) ਉੱਤੇ ਕਬਜ਼ਾ ਕਰ ਲਵੇ। ਹਿੰਦੂ ਸਿੱਖ ਫ਼ੌਜ ਤੇ ਪੋਲੀਸ ਨੂੰ ਘੇਰੇ ਵਿਚ ਲੈ ਕੇ ਤਬਾਹ ਕਰ ਦੇਵੇ। ਮੁਸਲਮ ਨੈਸ਼ਨਲ ਗਾਰਡ ਤੇ ਗਾਜ਼ੀ ਜੱਥਿਆਂ ਨੂੰ ਹਿੰਦੂ ਸਿੱਖਾਂ ਦੇ ਮਹੱਲੇ ਵੰਡ ਦਿੱਤੇ, ਜਿੱਥੋਂ ਉਹ ਹਮਲਾ ਕਰਕੇ ਅਚਨਚੇਤ ਤਬਾਹੀ ਮਚਾ ਦੇਣ। ਇਹ ਸਭ ਕੁਝ ਇਕੋ ਸਮੇਂ ਸ਼ੁਰੂ ਹੋਣਾ ਸੀ। ਇਸ ਤਰ੍ਹਾਂ ਉਹ ਪਟਿਆਲੇ ਦੀ ਇੱਟ ਨਾਲ ਇੱਟ ਖੜਕਾ ਦੇਣੀ ਚਾਹੁੰਦੇ ਸਨ।

ਪਟਿਆਲੇ ਦੇ ਚੰਗੇ ਭਾਗਾਂ ਨੂੰ ਲੀਗ ਦੀ ਇਹ ਸਾਜ਼ਸ਼ ਸਮੇਂ ਤੋਂ ਪਹਿਲਾਂ ਨਸ਼ਰ ਹੋ ਗਈ। ਇਕ ਲੀਗੀ ਨੇ ਮਹਾਰਾਜਾ ਸਾਹਿਬ ਦੀ ਕਾਰ ਉੱਤੇ ਗੋਲੀ ਚਲਾ ਦਿਤੀ, ਜੋ ਲੱਗੀ ਨਾ, ਪਰ ਪਤਾ ਲੱਗ ਗਿਆ। ਦੋ ਸਤੰਬਰ ਨੂੰ ਬੰਬ ਸੁੱਟ ਕੇ ਇਕ ਹਿੰਦੂ ਮਾਰ ਦਿੱਤਾ ਗਿਆ। ਇਕ ਮੁਸਲਮਾਨ ਥਾਣੇਦਾਰ ਨੇ ਇਕ ਹਿੰਦੂ ਨੂੰ ਗੋਲੀ ਨਾਲ ਮਾਰ ਦਿੱਤਾ। ਇਕ ਵਿਗੜੀ ਹੋਈ ਲੀਗੀ ਧਾੜ ਨੇ ਸਿਖ ਜਰਨੈਲ ਦੀ ਕੋਠੀ ਉੱਤੇ ਹਮਲਾ ਕਰ ਦਿੱਤਾ। ਸਮੇਂ ਸਿਰ ਸਿੱਖ ਫ਼ੌਜ ਨੇ ਪਹੁੰਚ ਕੇ ਸਿੱਖ ਜਰਨੈਲ ਦੇ ਪਰਿਵਾਰ ਨੂੰ ਬਚਾ ਲਿਆ। ਸਰਕਾਰ ਨੇ ਸ਼ਹਿਰ ਵਿਚ ੪੮ ਘੰਟੇ ਦਾ ਕਰਫ਼ੀਊ ਲਾ ਦਿੱਤਾ। ਨਾਲ ਹੀ ਮੁਸਲਮ ਫ਼ੌਜ ਤੇ ਪੁਲੀਸ ਨੂੰ ਬੇਹਥਿਆਰੇ ਕਰ ਦਿੱਤਾ। ਚਾਰ ਸਤੰਬਰ ਨੂੰ ਕਰਫ਼ੀਊ ਖੁਲ੍ਹਿਆ ਤਾਂ ਓਸੇ ਵੇਲੇ ਮੁਸਲਮਾਨਾਂ ਨੇ ਛੁਰੇ ਮਾਰਨ, ਮਕਾਨਾਂ ਤੇ ਬੰਬ ਸੁੱਟਣੇ ਤੇ ਗੋਲੀਆਂ ਚਲਾਉਣੀਆਂ ਆਰੰਭ ਦਿੱਤੀਆਂ। ਹੁਣ ਹਿੰਦੂ ਸਿੱਖ ਵੀ ਅੱਗੋਂ ਤਿਆਰ ਸਨ। ਪੁਲੀਸ ਨੇ ਲੀਗੀਆਂ ਤੋਂ ਨਾਜਾਇਜ਼ ਹਥਿਆਰ ਲੈਣੇ ਚਾਹੇ, ਪਰ ਉਹਨਾਂ ਅੱਗੋਂ ਪੁਲੀਸ ਦਾ ਟਾਕਰਾ ਆਰੰਭ ਦਿੱਤਾ। ਡਾਕਟਰ ਹਫ਼ੀਜ਼ ਆਪ ਦੋ ਦਿਨ ਆਪਣੇ ਮਕਾਨ ਤੋਂ ਸਟੇਨਗੰਨ ਨਾਲ ਗੋਲੀ ਬਰਸਾਉਂਦਾ ਰਿਹਾ। ਫੇਰ ਕੀ ਸੀ ? ਹਿੰਦੂ ਸਿੱਖਾਂ ਨੇ ਜੋਸ਼ ਵਿਚ ਆ ਕੇ ਅੰਧਾ-ਧੁੰਧ ਹਮਲਾ ਸ਼ੁਰੂ ਕਰ ਦਿੱਤਾ। ਚਾਰ ਤੇ ਪੰਜ ਸਤੰਬਰ ਦੇ ਦਿਨਾਂ ਵਿਚ ਪਟਿਆਲੇ ਦੇ ਬਾਜ਼ਾਰ ਲੋਥਾਂ ਨਾਲ ਭਰ ਗਏ। ਗਲੀਆਂ, ਮਕਾਨਾਂ ਤੇ ਨਾਲਿਆਂ ਵਿਚ ਲੋਥਾਂ ਹੀ ਲੋਥਾਂ ਨਜ਼ਰ ਆ ਰਹੀਆਂ ਸਨ। ਡਾਕਟਰ ਹਫ਼ੀਜ਼ ਦੇ ਮਕਾਨ ਨੂੰ ਅੱਗ ਲਾ ਦਿੱਤੀ ਗਈ ਤੇ ਉਹ ਆਪ ਕਿਸੇ ਦੀ ਗੋਲੀ ਦਾ ਨਿਸ਼ਾਨਾ ਬਣ ਗਿਆ। ਮਰਨ ਵਾਲਿਆਂ ਦੀ ਗਿਣਤੀ ਸੈਂਕੜਿਆਂ ਤਕ ਨਹੀਂ, ਹਜ਼ਾਰਾਂ ਤਕ ਪੁੱਜ ਗਈ। ਹਿੰਦੂ ਸਿੱਖਾਂ ਦੀਆਂ ਮੌਤਾਂ ਇਕ ਫ਼ੀ ਸਦੀ ਤੇ ਮੁਸਲਮਾਨਾਂ ਦੀਆਂ ੯੯ ਫ਼ੀ ਸਦੀ ਹੋਈਆਂ। ਜੇ ਲੀਗੀ ਆਪ ਮੌਤ ਨੂੰ ਬੁਲਾਵਾ ਨਾ ਦੇਂਦੇ, ਸ਼ਰਾਰਤ ਨਾ ਕਰਦੇ ਤਾਂ ਸ਼ਾਇਦ ਪਟਿਆਲੇ ਵਿਚ ਇਕ ਵੀ ਮੌਤ ਨਾ ਹੁੰਦੀ, ਪਰ ਜਿਹੜਾ ਜਾਣ ਬੁਝ ਕੇ ਆਪ ਅੱਗ ਬਾਲ ਕੇ ਆਪਣੇ ਕਪੜਿਆਂ ਨੂੰ ਲਾ ਲਵੇ ਤਾਂ ਉਹਨੂੰ ਕੌਣ ਬਚਾ ਸਕੇ ?

ਛੇ ਸਤੰਬਰ ਨੂੰ ਮੁਸਲਮਾਨਾਂ ਇਕ ਹੋਰ ਸ਼ਰਾਰਤ ਕੀਤੀ। ਪਟਿਆਲਾ ਵਾਟਰ ਵਰਕਸ ਦੇ ਮੁਸਲਮਾਨ ਮੁਲਾਜ਼ਮਾਂ ਨੇ ਪਾਣੀ ਵਿਚ ਜ਼ਹਿਰ ਮਿਲਾ ਦਿੱਤਾ। ਉਸ ਦਾ ਛੇਤੀ ਹੀ ਪਤਾ ਲਗ ਗਿਆ, ਜਿਸ ਕਰਕੇ ਨੁਕਸਾਨ ਕੋਈ ਨਾ ਹੋਇਆ।

ਲੋਕਾਂ ਨੂੰ ਨਲਕਿਆਂ ਦਾ ਪਾਣੀ ਵਰਤਣ ਤੋਂ ਰੋਕ ਦਿੱਤਾ ਗਿਆ ਤੇ ਪਾਣੀ ਦੀ ਸਫ਼ਾਈ ਕਰਾ ਦਿੱਤੀ ਗਈ।

ਪਟਿਆਲੇ ਦੇ ਬਚੇ ਹੋਏ ਮੁਸਲਮਾਨਾਂ ਨੂੰ ਮਹਾਰਾਜਾ ਨੇ ਕਿਲ੍ਹਾ ਬਹਾਦਰਗੜ੍ਹ ਕੈਂਪ ਵਿਚ ਪੁਚਾ ਦਿੱਤਾ। ਇਸ ਤਰ੍ਹਾਂ ਉਹਨਾਂ ਦੀਆਂ ਜਾਨਾਂ ਬਚ ਗਈਆਂ, ਨਹੀਂ ਤਾਂ ਜਿਵੇਂ ਓਥੋਂ ਦੇ ਸਿੱਖ ਹਿੰਦੂ ਭੜਕੇ ਹੋਏ ਸਨ, ਕੋਈ ਇਕ ਵੀ ਮੁਸਲਮਾਨ ਜਿਊਂਦਾ ਬਚ ਕੇ ਨਾ ਨਿਕਲਦਾ। ਜਿੰਨਾ ਚਿਰ ਮੁਸਲਮਾਨ ਓਥੇ ਕੈਂਪ ਵਿਚ ਰਹੇ, ਸਰਕਾਰ ਵਲੋਂ ਉਹਨਾਂ ਨੂੰ ਰਾਸ਼ਨ ਆਦਿ ਪੂਰਾ ਮਿਲਦਾ ਰਿਹਾ ਤੇ ਕਿਸੇ ਕਿਸਮ ਦੀ ਤਕਲੀਫ਼ ਨਾ ਹੋਣ ਦਿੱਤੀ ਗਈ। ਹੁਣ ਉਹ ਸਾਰੇ ਪਾਕਿਸਤਾਨ ਜਾ ਚੁੱਕੇ ਹਨ।

ਇਲਾਕੇ ਵਿਚ ਕਈ ਥਾਈਂ ਸ਼ਹਿਰ ਪਟਿਆਲੇ ਨਾਲੋਂ ਪਹਿਲਾਂ ਹੀ ਗੜਬੜ ਸ਼ੁਰੂ ਹੋ ਚੁੱਕੀ ਸੀ। ਦੁਰਾਹੇ ਦਾ ਜ਼ਿਕਰ ਪਿੱਛੇ ਆ ਚੁੱਕਾ ਹੈ। ਜਿਹੜੇ-ਜਿਹੜੇ ਇਲਾਕੇ ਜ਼ਿਲ੍ਹਾ ਲੁਧਿਆਣਾ ਤੇ ਫ਼ੀਰੋਜ਼ਪੁਰ ਨਾਲ ਲੱਗਦੇ ਸਨ, ਓਥੇ ਕਟਾ ਵੱਢ ਢੇਰ ਹੋਈ। ਰਿਆਸਤੀ ਕਰਮਚਾਰੀਆਂ ਨੇ ਪੂਰਾ ਯਤਨ ਕੀਤਾ ਕਿ ਏਥੇ ਘੱਟ ਤੋਂ ਘੱਟ ਲਹੂ ਡੁਲ੍ਹੇ, ਪਰ ਮੁਸਲਮਾਨ ਹੌਲੇ ਬਹਾਨੇ ਮੌਤ ਨੂੰ ਸੱਦਾ ਦੇਣੋਂ ਨਹੀਂ ਸਨ ਉਕਦੇ। ਉਹ ਛੋਟੇ-ਛੋਟੇ ਪਿੰਡਾਂ 'ਚੋਂ ਉਠ ਕੇ ਵੱਡੇ ਪਿੰਡਾਂ ਜਾਂ ਕਸਬਿਆਂ ਵਿਚ ਇਕੱਠੇ ਹੋ ਗਏ। ਓਥੇ ਵੀ ਉਹ ਅਮਨ ਨਾਲ ਨਾ ਬੈਠੇ। ਸਾਰੇ ਪਟਿਆਲੇ ਵਿਚ ਉਹਨਾਂ ਕਾਫ਼ੀ ਹਥਿਆਰ ਇਕੱਠੇ ਕੀਤੇ ਹੋਏ ਸਨ। ਉਹ ਉਹਨਾਂ ਨੂੰ ਵਰਤਿਆਂ ਬਿਨਾਂ ਪਾਕਿਸਤਾਨ ਵਿਚ ਜਾਣਾ ਨਹੀਂ ਸਨ ਚਾਹੁੰਦੇ। ਸੋ ਕਈ ਥਾਈਂ, ਉਹਨਾਂ ਲਾਗਲੇ ਪਿੰਡਾਂ ਦੇ ਹਿੰਦੂ ਸਿੱਖਾਂ ਉੱਤੇ ਹਮਲੇ ਕੀਤੇ ਤੇ ਉਹਨਾਂ ਦੇ ਘਰ ਸਾੜ ਦਿੱਤੇ। ਅਜਿਹੀਆਂ ਦੁਰਘਟਨਾਵਾਂ ਤੋਂ ਹਿੰਦੂ ਸਿੱਖ ਏਨੇ ਭੜਕੇ ਕਿ ਉਹ ਰਾਜ-ਕਰਮਚਾਰੀਆਂ ਦੀ ਇੱਛਿਆ ਦੇ ਉਲਟ ਮੁਸਲਮਾਨਾਂ ਨੂੰ ਉਹਦੇ ਕੀਤੇ ਦੀ ਸਜ਼ਾ ਦੇਣ ਵਾਸਤੇ ਤਿਆਰ ਹੋ ਗਏ। ਫਿਰ ਤਾਂ ਉਹ ਵਿਗੜੇ ਹੋਏ ਜੱਥੇ ਲੱਗੇ ਪਿੰਡਾਂ ਦੇ ਪਿੰਡ ਉਜਾੜਨ। ਜਿਥੋਂ ਦੇ ਮੁਸਲਮਾਨ ਅਮਨ ਨਾਲ ਬੈਠੇ ਸਨ, ਉਹ ਤਾਂ ਸਿੰਘਾਂ ਦੀ ਤਲਵਾਰ ਤੋਂ ਬਚ ਗਏ, ਪਰ ਜਿਥੋਂ 'ਪਾਕਿਸਤਾਨ ਜ਼ਿੰਦਾਬਾਦ' ਦੀ ਅਵਾਜ਼ ਆਈ, ਉਹ ਥਾਂ ਮਾਰ ਧਾੜ ਤੋਂ ਨਾ ਬਚਿਆ। ਬਠਿੰਡਾ, ਬਰਨਾਲਾ, ਮਾਨਸਾ, ਧੂਰੀ, ਸੁਨਾਮ, ਸਮਾਣਾ, ਨਾਰਨੌਲ, ਰਾਜਪੁਰਾ, ਸਰਹਿੰਦ ਆਦਿ ਇਲਾਕਿਆਂ ਵਿਚ ਆਕੜੇ ਹੋਏ ਸਿਰ ਚੰਗੀ ਤਰ੍ਹਾਂ ਨਿਵਾਏ ਗਏ। ਵਧੇਰੇ ਨੁਕਸਾਨ ਓਥੇ ਹੀ ਹੋਇਆ, ਜਿਥੇ ਮੁਸਲਮਾਨਾਂ ਨੇ ਟਾਕਰਾ ਕਰਨ ਦਾ ਯਤਨ ਕੀਤਾ। ਬੜੀ ਹਿੰਮਤ ਨਾਲ ਰਾਜ-ਕਰਮਚਾਰੀਆਂ ਨੇ ਮੁਸਲਮਾਨਾਂ ਦੀਆਂ ਜਾਨਾਂ ਬਚਾ ਕੇ ਕੈਂਪਾਂ ਰਾਹੀਂ ਉਹਨਾਂ ਨੂੰ ਪਾਕਿਸਤਾਨ ਪੁਚਾਇਆ।

www.archive.org/details/namdhari

ਅੰਤਕਾ

ਇਹ ਕੁਝ ਹੋਇਆ ਹੈ ਪਾਕਿਸਤਾਨ ਬਣਨ ਕਰਕੇ। ਹਿੰਦੁਸਤਾਨ ਭਰ ਵਿਚ ਲਗਪਗ ੨੫ ਲੱਖ ਜਾਨਾਂ ਗਈਆਂ ਹਨ, ਦੋ ਕਰੋੜ ਬੰਦੇ ਬੇਘਰ ਹੋਏ ਹਨ, ਦੋ ਲੱਖ ਦੇ ਲਗਪਗ ਇਸਤ੍ਰੀਆਂ ਉਧਾਲੀਆਂ ਗਈਆਂ ਤੇ ਦੋ ਕੁ ਲੱਖ ਬੰਦਿਆਂ ਦਾ ਧਰਮ ਬਦੋਬਦੀ ਬਦਲਿਆ ਗਿਆ ਹੈ। ਇਸ ਤੋਂ ਵੱਖਰਾ ਜੋ ਮਾਲੀ ਨੁਕਸਾਨ—ਮਕਾਨ ਸੜੇ ਤੇ ਸਾਮਾਨ ਲੁੱਟਿਆ ਗਿਆ—੨੦ ਅਰਬ ਦੇ ਏੜਗੇੜ ਹੈ। ਇਹ ਹੈ; ਜੋ ਹਿੰਦੁਸਤਾਨ ਨੂੰ ਆਜ਼ਾਦੀ ਦਾ ਮੁੱਲ ਤਾਰਨਾ ਪਿਆ। ਸਭ ਤੋਂ ਮਹਿੰਗਾ ਸੌਦਾ ਇਹ ਪਿਆ ਕਿ ਹਿੰਦੁਸਤਾਨ ਵਿਚ ਵੱਸਣ ਵਾਲੇ ਹਿੰਦੂ ਸਿੱਖ ਤੇ ਮੁਸਲਮਾਨ ਜਨਮਾਂ ਦੇ ਵੈਰੀ ਬਣ ਗਏ ਹਨ। ਜੇ ਬਾਕੀ ਸੂਬੇ ਨਹੀਂ ਤਾਂ ਪੰਜਾਬੀ ਪੰਜਾਬੀ ਆਪਸ ਵਿਚ ਫੇਰ ਇਕ ਹੋ ਕੇ ਛੇਤੀ ਨਹੀਂ ਵੱਸ ਸਕਦੇ। ਜੇ ਰੱਬ ਕਰੇ, ਪਾਕਿਸਤਾਨ ਤੇ ਹਿੰਦੁਸਤਾਨ ਫੇਰ ਇਕ ਹੋ ਜਾਣ ਤਾਂ ਵੀ ਮੁਸਲਮਾਨਾਂ ਤੇ ਹਿੰਦੂਆਂ ਸਿੱਖਾਂ ਦੇ ਦਿਲ ਇਕ ਨਹੀਂ ਹੋ ਸਕਦੇ। ਪੱਛਮੀ ਪੰਜਾਬ ਵਿਚ ਹਿੰਦੂ ਸਿੱਖ ਕੋਈ ਨਹੀਂ ਰਿਹਾ ਤੇ ਪੂਰਬੀ ਪੰਜਾਬ ਵਿਚ ਮੁਸਲਮਾਨ ਕੋਈ ਨਹੀਂ। ਇਕ ਹੋਰ ਫ਼ਰਕ ਹੈ : ਪਾਕਿਸਤਾਨ ਦੇ ਬਾਕੀ ਸੂਬਿਆਂ (ਸਰਹੱਦ, ਸਿੰਧ ਤੇ ਬਲੋਚਸਤਾਨ) ਵਿਚੋਂ ਲੱਖਾਂ ਹਿੰਦੂ ਸਿੱਖ ਕੱਢ ਦਿੱਤੇ ਗਏ ਹਨ, ਪਰ ਹਿੰਦੁਸਤਾਨ ਦੇ ਬਾਕੀ ਸਾਰੇ ਸੂਬਿਆਂ ਵਿਚ ਮੁਸਲਮਾਨ ਓਵੇਂ ਬੈਠੇ ਹਨ। ਦਿੱਲੀ ਵਿਚੋਂ ਕਈ ਮੁਸਲਮਾਨ ਆਪਣੀ ਜਾਇਦਾਦ ਵੇਚ ਕੇ ਚਲੇ ਗਏ ਹਨ, ਪਰ ਪਾਕਿਸਤਾਨ ਵਿਚੋਂ ਕੋਈ ਹਿੰਦੂ ਸਿੱਖ ਆਪਣੀ ਜਾਇਦਾਦ ਵੇਚ ਕੇ ਪੈਸੇ ਨਹੀਂ ਲਿਆ ਸਕਿਆ।

ਆਜ਼ਾਦੀ ਸਭ ਤੋਂ ਮਹਿੰਗੀ ਪੰਜਾਬ ਨੂੰ ਪਈ ਹੈ। ਓਧਰ ਹਿੰਦੂ ਸਿੱਖ ਮਰੇ ਤੇ ਏਧਰ ਮੁਸਲਮਾਨ। ਹੁਣ ਓਧਰ ਮੁਸਲਮਾਨ 'ਜੁੱਲੀ, ਕੁੱਲੀ ਤੇ ਗੁੱਲੀ' ਨੂੰ ਤਰਸਦੇ ਫਿਰਦੇ ਹਨ ਤੇ ਏਧਰ ਹਿੰਦੂ ਸਿੱਖ। ਅੱਜ ਲੱਖਾਂ ਬੰਦੇ ਹਨ, ਜਿਨ੍ਹਾਂ ਵਾਸਤੇ ਏਡੇ ਵੱਡੇ ਦੇਸ਼ ਵਿਚ ਸਿਰ ਲੁਕਾਉਣ ਨੂੰ ਕੋਈ ਥਾਂ ਨਹੀਂ। ਅਨੋਖੀ ਆਜ਼ਾਦੀ ਦਿੱਤੀ ਹੈ ਅੰਗ੍ਰੇਜ਼ ਨੇ। ਦੇਸ਼ ਸਾਡਾ ਹੈ, ਅਸੀਂ ਇਸ ਦੇ ਮਾਲਕ ਹਾਂ, ਪਰ ਇਕ ਘਰ ਨਹੀਂ, ਜਿਸ ਨੂੰ ਅਸੀਂ ਆਪਣਾ ਕਹਿ ਸਕੀਏ। ਜਿਹੜੇ ਪੰਜਾਬੀ ਲੱਖਾਂ ਵਿਚ ਖੇਡਦੇ ਸਨ, ਅੱਜ ਉਹ ਪੈਸੇ-ਪੈਸੇ ਨੂੰ ਤਰਸ ਰਹੇ ਹਨ।

ਏਨਾ ਕੁਝ ਕਰਾ ਕੇ ਵੀ ਮਿਸਟਰ 'ਜਿਨਾਹ' ਕਹਿੰਦਾ ਹੈ, 'ਜਿਹੜਾ ਪਾਕਿਸਤਾਨ ਅਸੀਂ ਚਾਹੁੰਦੇ ਸਾਂ, ਅਜੇ ਉਹ ਹਾਸਲ ਨਹੀਂ ਕਰ ਸਕੇ' ਉਸ ਦੇ ਇਹ ਸ਼ਬਦ ਵਿਆਖਿਆ ਦੇ ਮੁਹਤਾਜ ਹਨ। ਅਸਲ ਵਿਚ ਲੀਗ ਦਾ ਪ੍ਰੋਗਰਾਮ ਇਹ ਸੀ ਕਿ ਜਿੰਨਾ ਪਾਕਿਸਤਾਨ ਮਿਲੇ, ਉਨਾ ਲੈ ਲਵੋ ਤੇ ਬਾਕੀ ਵਾਸਤੇ ਲੜਾਈ ਕਰੋ। ਇਸੇ

ਸਕੀਮ ਨੂੰ ਸਿਰੇ ਚਾੜ੍ਹਨ ਬਦਲੇ ਉਹਨਾਂ ਇਹ ਖ਼ੂਨ ਖ਼ਰਾਬਾ ਕੀਤਾ। ਉਹਨਾਂ ਦਾ ਖ਼ਿਆਲ ਸੀ ਕਿ ਅਸੀਂ ਪਾਕਿਸਤਾਨ ਵਿਚੋਂ ਹਿੰਦੂ ਸਿੱਖਾਂ ਨੂੰ ਮਾਰ ਕੇ ਕੱਢ ਦਿਆਂਗੇ, ਪਰ ਹਿੰਦੁਸਤਾਨ ਵਿਚ (ਪੂਰਬੀ ਪੰਜਾਬ ਵਿਚ ਵੀ) ਮੁਸਲਮਾਨ ਓਵੇਂ ਬੈਠੇ ਰਹਿਣਗੇ। ਲੀਗ ਦੀ ਹਕੂਮਤ ਸ਼ਰੱਈ ਹੈ, ਸੋ ਏਥੇ ਮੁਸਲਮਾਨ ਤੋਂ ਬਿਨਾਂ ਕੋਈ ਨਹੀਂ ਰਹੇਗਾ, ਪਰ ਕਾਂਗਰਸ ਦੇ ਰਾਜ ਵਿਚ ਮੁਸਲਮਾਨ ਓਵੇਂ ਵੱਸਦੇ ਰਹਿਣਗੇ। ਉਹ ਨੌ ਕਰੋੜ ਮੁਸਲਮਾਨ ਦਾ ਹਿੱਸਾ (ਪਾਕਿਸਤਾਨ) ਵੰਡ ਕੇ ਵੀ ਅੱਧੇ ਮੁਸਲਮਾਨਾਂ ਨੂੰ ਹਿੰਦ ਵਿਚ ਰੱਖਣਾ ਚਾਹੁੰਦੀ ਸੀ।

ਲੀਗ ਦਾ ਪ੍ਰੋਗ੍ਰਾਮ ਸੀ ਕਿ ਪੰਦਰਾਂ ਅਗਸਤ ਤੋਂ ਪਿਛੋਂ, ਜਦ ਪਾਕਿਸਤਾਨ ਹਿੰਦੂ ਸਿੱਖਾਂ ਤੋਂ ਖ਼ਾਲੀ ਹੋ ਚੁੱਕਾ ਹੋਵੇਗਾ ਤੇ ਸਣੇ ਪੂਰਬੀ ਪੰਜਾਬ ਸਾਰੇ ਹਿੰਦੁਸਤਾਨ ਵਿਚ ਮੁਸਲਮਾਨ ਤਿਆਰ ਬੈਠਾ ਹੋਵੇਗਾ। ਏਧਰੋਂ ਅਸੀਂ ਹਮਲਾ ਕਰਾਂਗੇ ਤੇ ਓਧਰੋਂ ਮੁਸਲਮਾਨ ਅੰਦਰੋਂ ਬਗ਼ਾਵਤ ਕਰ ਦੇਵੇਗਾ। ਇਸ ਤਰ੍ਹਾਂ ਕੁਝ ਮਹੀਨਿਆਂ ਦੇ ਅੰਦਰ-ਅੰਦਰ, ਅੰਗਰੇਜ਼ ਦੇ ਬੈਠਿਆਂ-ਬੈਠਿਆਂ ਹੀ, ਅਸੀਂ ਸਾਰੇ ਹਿੰਦੁਸਤਾਨ 'ਤੇ ਕਬਜ਼ਾ ਕਰ ਲਵਾਂਗੇ। ਇਹ ਤਜਵੀਜ਼ ਜ਼ਬਾਨੀ-ਜ਼ਬਾਨੀ ਹੀ ਨਹੀਂ ਸੀ, ਇਸ ਕੰਮ ਨੂੰ ਨੇਪਰੇ ਚਾੜ੍ਹਨ ਵਾਸਤੇ ਸਾਰੇ ਹਿੰਦੁਸਤਾਨ ਵਿਚ ਮੁਸਲਮਾਨ ਤਿਆਰੀ ਕਰੀ ਬੈਠਾ ਸੀ। ਦਿੱਲੀ ਤੇ ਯੂ.ਪੀ. ਆਦਿ ਦੇ ਕਈ ਸ਼ਹਿਰਾਂ ਵਿਚੋਂ ਜਿਹੜੀਆਂ ਸਾਜ਼ਸ਼ਾਂ ਮੁਸਲਮ ਲੀਗ ਦੀਆਂ ਪਕੜੀਆਂ ਗਈਆਂ ਹਨ, ਉਹ ਸਭ ਓਸੇ ਪ੍ਰੋਗਰਾਮ ਦਾ ਹਿੱਸਾ ਹਨ। ਅਜੇ ਤਕ ਹਿੰਦੁਸਤਾਨ ਵਿਚ ਕਈ ਥਾਵਾਂ ਤੋਂ ਮੁਸਲਮਾਨਾਂ ਕੋਲੋਂ ਬੜੇ ਮਾਰੂ ਹਥਿਆਰ ਫੜੇ ਜਾ ਰਹੇ ਹਨ। ਕਸ਼ਮੀਰ ਦੀ ਜੰਗ ਤੇ ਹੈਦਰਾਬਾਦ ਦੀ ਤਿਆਰੀ ਸਭ ਉਪ੍ਰੋਕਤ ਦਲੀਲ ਨੂੰ ਸਿੱਧ ਕਰਦੀਆਂ ਹਨ। ਜੇ ਕਦੇ ਪੂਰਬੀ ਪੰਜਾਬ ਵਿਚੋਂ ਮੁਸਲਮਾਨ ਦਾ ਟਾਕਰਾ ਕਰਕੇ ਉਸ ਨੂੰ ਨਾ ਕੱਢਿਆ ਜਾਂਦਾ ਤਾਂ ਇਕ ਤਾਂ ਪੱਛਮੀ ਪਾਕਿਸਤਾਨ ਵਿਚੋਂ ਜਿਹੜੇ ਹਿੰਦੂ ਸਿੱਖ ਬਚ ਕੇ ਆ ਗਏ ਹਨ, ਉਹ ਨਾ ਆ ਸਕਦੇ ਤੇ ਦੂਜਾ ਹੁਣ ਤਕ ਸਾਰੇ ਹਿੰਦੁਸਤਾਨ ਵਿਚ ਮੁਸਲਮ ਲੀਗ ਵੱਲੋਂ ਬਗ਼ਾਵਤ ਹੋਈ ਹੁੰਦੀ। ਸੋ ਇਹਨਾਂ ਦੋਹਾਂ ਮੁਸੀਬਤਾਂ ਤੋਂ ਹਿੰਦ ਸਰਕਾਰ ਨੂੰ ਕੀਹਨੇ ਬਚਾਇਆ ਹੈ? ਪੰਜਾਬੀਆਂ ਨੇ, ਜਿਨ੍ਹਾਂ ਵਿਚ ਸਿੱਖਾਂ ਦਾ ਬਹੁਤ ਹਿੱਸਾ ਹੈ। ਏਹੋ ਕਾਰਨ ਹੈ ਕਿ ਪਾਕਿਸਤਾਨ ਸਿੱਖਾਂ ਨੂੰ 'ਦੁਸ਼ਮਣ ਨੰਬਰ ਇਕ' ਆਖਦਾ ਹੈ। ਉਹਨੂੰ ਤੀਹ ਕਰੋੜ ਹਿੰਦੂਆਂ ਉੱਤੇ ਓਨਾ ਗੁੱਸਾ ਨਹੀਂ, ਜਿੰਨਾ ਪੌਣਾ ਕਰੋੜ ਸਿੱਖਾਂ ਉੱਤੇ। ਹਿੰਦੁਸਤਾਨ ਦੇ ਹੋਰ ਕਿਸੇ ਲੀਡਰ ਉੱਤੇ ਉਹ ਏਨਾ ਨਰਾਜ਼ ਨਹੀਂ, ਜਿੰਨਾ ਮਾਸਟਰ ਤਾਰਾ ਸਿੰਘ ਜੀ ਉੱਤੇ। ਅੱਜਕਲ੍ਹ ਪਾਕਿਸਤਾਨ ਵਿਚ ਛੋਟੇ-ਛੋਟੇ ਕਿੱਸੇ ਛਾਪ ਕੇ ਮਸੀਤਾਂ ਦੇ ਜਲਸਿਆਂ ਵਿਚ ਤੇ ਗੱਡੀਆਂ ਵਿਚ ਮੰਗਣ ਵਾਲਿਆਂ ਰਾਹੀਂ ਮਾਸਟਰ ਜੀ ਦੇ ਵਿਰੁੱਧ ਜ਼ਹਿਰ ਉਗਲਿਆ ਜਾਂਦਾ ਹੈ।

ਅਸੀਂ ਪਿਛੇ ਵੀ ਲਿਖ ਆਏ ਹਾਂ ਕਿ ਇਸ ਆਜ਼ਾਦੀ ਵਿਚ ਸਮੁੱਚੇ ਤੌਰ 'ਤੇ ਸਿੱਖ ਕੌਮ ਵਧੇਰੇ ਉਜੜੀ ਹੈ। ਸਿੱਖ ਅੱਗੇ ਵੀ ਕਈ ਵਾਰ ਉਜੜੇ ਤੇ ਉਜੜ ਕੇ

ਵੱਸੇ ਹਨ, ਪਰ ਮੁਸਲਮਾਨ ਨੂੰ ਪਹਿਲੀ ਵਾਰ ਹੀ ਤਜਰਬਾ ਹੋਇਆ ਹੈ ਕਿ ਘਰ ਘਾਟ ਛੱਡ ਕੇ ਕਿਵੇਂ ਉਜੜੀਦਾ ਹੈ। ਅਸਲ ਵਿਚ ਅੰਗਰੇਜ਼ ਦੀ ਚਰਚਲ ਪਾਰਟੀ ਦਾ ਇਰਾਦਾ ਤਾਂ ਸਾਰੇ ਹਿੰਦੁਸਤਾਨ ਨੂੰ ਹੀ ਉਜਾੜਨ ਦਾ ਸੀ, ਪਰ ਸਾਡੇ ਦੂਰ-ਅੰਦੇਸ਼ ਲੀਡਰਾਂ ਨੇ ਦੇਸ਼ ਨੂੰ ਇਸ ਵੱਡੀ ਤਬਾਹੀ ਤੋਂ ਬਚਾ ਲਿਆ। ਚਰਚਲ ਕਹਿੰਦਾ ਸੀ ਕਿ ਹਿੰਦੁਸਤਾਨ ਦੋ ਹਫ਼ਤੇ ਤੋਂ ਵੱਧ ਆਜ਼ਾਦ ਨਹੀਂ ਰਹਿ ਸਕੇਗਾ ਪਰ ਹਿੰਦੁਸਤਾਨ ਅਜੇ ਤਕ ਆਜ਼ਾਦ ਹੈ ਤੇ ਸਦਾ ਆਜ਼ਾਦ ਰਹੇਗਾ।

ਜੋ ਕੁਝ ਹੋਇਆ, ਉਹ ਸਭ ਨੇ ਵੇਖ ਲਿਆ। ਹੁਣ ਹਿੰਦ ਸਰਕਾਰ ਦੇ ਸਾਹਮਣੇ ਦੋ ਵੱਡੇ ਕੰਮ ਹਨ—ਇਕ ਪਾਕਿਸਤਾਨ ਵਿਚੋਂ ਉਜੜ ਕੇ ਆਇਆਂ ਹੋਇਆਂ ਨੂੰ ਹਿੰਦੁਸਤਾਨ ਵਿਚ ਪੱਕੇ ਤੌਰ 'ਤੇ ਵਸਾਉਣਾ ਤੇ ਦੂਜਾ ਮਿਲੀ ਆਜ਼ਾਦੀ ਨੂੰ ਬਲ ਨਾਲ ਕਾਇਮ ਰਖਣਾ। ਪਹਿਲੇ ਕੰਮ ਵਾਸਤੇ ਸਰਕਾਰ ਨੂੰ ਹਿੰਦੁਸਤਾਨ ਭਰ ਉੱਤੇ 'ਆਜ਼ਾਦੀ ਟੈਕਸ' ਲਾ ਕੇ ਉਜੜਿਆਂ ਹੋਇਆਂ ਦੀ ਹਰ ਤਰ੍ਹਾਂ ਦੀ ਜਾਇਦਾਦ ਪੂਰੀ ਕਰਨੀ ਚਾਹੀਦੀ ਹੈ ਤੇ ਜਿਹੜੇ ਇਸ ਘੱਲੂਘਾਰੇ ਵਿਚ ਮਾਰੇ ਗਏ ਹਨ, ਉਹਨਾਂ ਦੇ ਪਰਿਵਾਰਾਂ ਨੂੰ 'ਮੌਤ ਅਲਾਊਂਸ' ਦੇਣਾ ਚਾਹੀਦਾ ਹੈ, ਤਾਕਿ ਬੁੱਢਿਆਂ, ਵਿਧਵਾਵਾਂ ਤੇ ਯਤੀਮ ਬੱਚਿਆਂ ਦੀ ਪਾਲਣਾ ਹੋ ਸਕੇ।

ਦੂਜੀ ਗੱਲ ਬਾਰੇ ਕੁਝ ਵਧੇਰੇ ਉੱਦਮ ਦੀ ਲੋੜ ਹੈ। ਇਕ ਪਾਸੇ ਕਸ਼ਮੀਰ ਵਿਚ ਪਾਕਿਸਤਾਨ ਲੜ ਰਿਹਾ ਹੈ ਤੇ ਦੂਜੇ ਪਾਸੇ ਹੈਦਰਾਬਾਦ ਲੜਾਈ ਵਾਸਤੇ ਲੰਗੋਟੇ ਕੱਸੀ ਬੈਠਾ ਹੈ। ਸਾਨੂੰ ਕਿਸੇ ਨਾਲ ਲੜਾਈ ਸਹੇੜਨ ਦੀ ਲੋੜ ਨਹੀਂ, ਪਰ ਲੜਾਈ ਵਾਸਤੇ ਸਦਾ ਤਿਆਰ ਰਹਿਣਾ ਚਾਹੀਦਾ ਹੈ। ਇਸ ਸ਼ੁੱਭ ਕੰਮ ਵਾਸਤੇ ਸਾਨੂੰ ਦੇਸ਼ ਭਰ ਵਿਚ ਹਥਿਆਰਾਂ ਦੇ ਕਾਰਖ਼ਾਨੇ ਬਣਾਉਣੇ ਤੇ ਗੱਭਰੂਆਂ ਨੂੰ ਫ਼ੌਜੀ ਵਿਦਿਆ ਦੇ ਕੇ ਤਿਆਰ ਕਰਨਾ ਚਾਹੀਦਾ ਹੈ।

ਪੰਜਾਬ ਹਿੰਦੁਸਤਾਨ ਦਾ ਦਰਵਾਜ਼ਾ ਹੈ। ਹਿੰਦ ਦੀ ਆਜ਼ਾਦੀ ਤੇ ਗ਼ੁਲਾਮੀ ਦਾ ਇਸ ਨਾਲ ਵੱਡਾ ਸੰਬੰਧ ਹੈ। ਇਤਿਹਾਸ ਦੱਸਦਾ ਹੈ ਕਿ ਜਿਸ ਨੇ ਪੰਜਾਬ ਫ਼ਤਹਿ ਕਰ ਲਿਆ, ਉਸ ਦੇ ਸਾਹਮਣੇ ਬਾਕੀ ਹਿੰਦ ਕਦੇ ਆਕੀ ਨਹੀਂ ਰਿਹਾ। ਅੰਗਰੇਜ਼ ਨੇ ਬਾਕੀ ਸਾਰਾ ਦੇਸ਼ ਜਿੱਤ ਲਿਆ ਸੀ, ਪਰ ਜਿੰਨਾ ਚਿਰ ਉਹਨੇ ਪੰਜਾਬ 'ਤੇ ਕਬਜ਼ਾ ਨਹੀਂ ਸੀ ਕਰ ਲਿਆ, ਓਨਾ ਚਿਰ ਹਿੰਦ ਨੂੰ ਆਪਣੇ ਤਾਜ ਥੱਲੇ ਨਹੀਂ ਸੀ ਲਿਆ*। ਹੁਣ ਵਾਲੀ ਜੰਗੇ-ਆਜ਼ਾਦੀ ਵਿਚ ਵੀ ਬਹੁਤਾ ਹਿੱਸਾ ਪੰਜਾਬ ਦਾ ਹੀ ਹੈ। ਮਰਿਆ ਤੇ ਉਜੜਿਆ ਵੀ ਪੰਜਾਬ ਹੀ ਹੈ ਤੇ ਮੁਸਲਮ ਲੀਗ ਦੇ ਸਾਰੇ ਹਿੰਦ ਉੱਤੇ ਕਬਜ਼ਾ ਕਰਨ ਦੇ ਬੁਰੇ ਮਨਸੂਬਿਆਂ ਨੂੰ ਵੀ ਪੰਜਾਬ ਦੇ ਹਿੰਦੂ ਸਿੱਖਾਂ ਹੀ ਪੂਰੇ ਨਹੀਂ ਹੋਣ ਦਿੱਤਾ। ਇਸ ਵੇਲੇ ਵੀ ਸਭ ਤੋਂ ਖ਼ਤਰਨਾਕ ਤੇ ਬਿਖੜੀ ਹੱਦ ਪੂਰਬੀ ਪੰਜਾਬ ਦੀ ਹੀ ਹੈ। ਸੋ ਸਾਰੇ ਦੇਸ਼ ਨੂੰ ਬਲਵਾਨ ਬਣਾਉਣਾ ਚਾਹੀਦਾ ਹੈ। ਦੇਸ਼ ਦਾ

---

*ਪੰਜਾਬ ਦੀ ਜ਼ਬਤੀ ਤੋਂ ਪਹਿਲਾਂ ਹਿੰਦੁਸਤਾਨ ਈਸਟ ਇੰਡੀਆ ਕੰਪਨੀ ਦੇ ਅਧੀਨ ਸੀ।

Sri Satguru Jagjit Singh Ji eLibrary NamdhariElibrary@gmail.com

ਅੰਦਰੂਨੀ ਅਮਨ ਭੰਗ ਕਰਨ ਵਾਲਿਆਂ ਨੂੰ ਪੱਕੇ ਹੱਥੀਂ ਦਬਾਉਣਾ ਚਾਹੀਦਾ ਹੈ। ਪੁਰਸ਼ਾਰਥੀਆਂ ਨੂੰ ਛੇਤੀ ਤੋਂ ਛੇਤੀ ਪੱਕੇ ਤੌਰ 'ਤੇ ਵਸਾ ਦੇਣਾ ਚਾਹੀਦਾ ਹੈ। ਉਹਨਾਂ ਦੀਆਂ ਜਾਇਦਾਦਾਂ ਦਾ ਪੂਰਾ ਹੱਕ ਦੇ ਕੇ ਸੰਤੁਸ਼ਟ ਕਰਨਾ ਚਾਹੀਦਾ ਹੈ। ਸੂਬੇ ਵਿਚ ਕਿਸੇ ਹਾਲ ਵੀ ਅਨਾਜ ਦਾ ਕਾਲ ਨਹੀਂ ਪੈਣ ਦੇਣਾ ਚਾਹੀਦਾ। ਸੂਬੇ ਦੀ ਸਾਰੀ ਵੱਸੋਂ ਵਾਸਤੇ ਫ਼ੌਜੀ ਵਿਦਿਆ ਲਾਜ਼ਮੀ ਕਰ ਦੇਣੀ ਚਾਹੀਦੀ ਹੈ। ਫ਼ੌਜੀ ਭਰਤੀ ਵਾਸਤੇ ਪੂਰਾ ਜ਼ੋਰ ਲਾਉਣਾ ਚਾਹੀਦਾ ਹੈ। ਪੁਰਸ਼ਾਰਥੀ ਗਭਰੂਆਂ ਨੂੰ ਫ਼ੌਜ ਵਿਚ ਵਧੇਰੇ ਥਾਂ ਦੇਣੀ ਚਾਹੀਦੀ ਹੈ। ਸਰਹੱਦੀ ਜ਼ਿਲ੍ਹਿਆਂ ਵਿਚ ਜਨਤਾ ਕੋਲ ਵੱਧ ਤੋਂ ਵੱਧ ਹਥਿਆਰ ਹੋਣੇ ਚਾਹੀਦੇ ਹਨ। ਜਨਤਾ ਤੇ ਫ਼ੌਜ—ਦੋਵੇਂ—ਪੂਰੀ ਤਰ੍ਹਾਂ ਤਿਆਰ ਹੋਣੀਆਂ ਚਾਹੀਦੀਆਂ ਹਨ। ਜੇ ਪਿੱਛੇ ਹਿਦੁਸਤਾਨ ਸਰਹੱਦੀ ਸੂਬੇ ਦੇ ਕਬਾਇਲੀਆਂ ਉੱਤੇ ਏਨਾ ਖ਼ਰਚ ਕਰ ਸਕਦਾ ਸੀ, ਉਹਨਾਂ ਨੂੰ ਅਨੇਕਾਂ ਸਹੂਲਤਾਂ ਦੇ ਕੇ ਇਸ ਸਰਹੱਦੀ ਸੂਬੇ—ਪੂਰਬੀ ਪੰਜਾਬ—ਨੂੰ ਕਿਉਂ ਨਾ ਬਲਵਾਨ ਬਣਾਇਆ ਜਾਵੇ ?

ਹੁਣ ਫ਼ੌਜੀ ਭਰਤੀ ਵਾਸਤੇ ਅਸੀਂ ਆਪਣੇ ਕੁਝ ਸ਼ਾਇਰਾਨਾ ਜਜ਼ਬਾਤ ਪੇਸ਼ ਕਰਕੇ ਬੱਸ ਕਰਦੇ ਹਾਂ। ਨੌਜੁਆਨ ਪੰਜਾਬੀ ਦੀ ਭਰੀ ਜੁਆਨੀ ਵੇਖ ਕੇ ਮਾਨੋ ਭਾਰਤ ਮਾਂ ਕਹਿੰਦੀ ਹੈ :

ਉਠ ਬਹੁ ਮੇਰੇ ਹੀਰਿਆ! ਕਰ ਲੈ ਤਿਆਰੀ
ਬਣ ਗਈ ਤੇਰੇ ਦੇਸ਼ 'ਤੇ ਅੱਜ ਬਿਪਤਾ ਭਾਰੀ
ਲੜਨ ਦੇਵਤੇ ਆਪ ਵਿਚ ਕੀ ਕਰੇ ਪੁਜਾਰੀ ?
ਵਤਨ ਚੀਰਿਆ ਵਤਨੀਆਂ ਆਪੇ ਧਰ ਆਰੀ
ਫਟਿਆ ਨਕਸ਼ਾ ਸਿਊਣ ਨੂੰ ਤੂੰ ਬਣ ਉਪਕਾਰੀ
ਸੀਸ ਤਲੀ ਧਰ ਸੋਹਣਿਆ ਵਰ ਮੌਤ ਕੁਆਰੀ
ਟੁੱਕੜੇ ਹੋਇਆ ਦੇਸ਼ ਇਕ ਕਰ ਫਿਰ ਇਕ ਵਾਰੀ
ਗਾਵੇਗੀ ਜੱਸ ਹੀਰਿਆ! ਤੇਰਾ ਦੁਨੀਆਂ ਸਾਰੀ

ਝੰਡਾ ਗੱਡ ਮੈਦਾਨ ਵਿਚ ਜਰਨੈਲ ਪੁਕਾਰੇ
ਤੁਸੀਂ ਜਾਪੋ ਵੀਰ 'ਅਜੀਤ' ਦੇ 'ਜ਼ੋਰਾਵਰ' ਸਾਰੇ
ਤੁਸਾਂ ਦਿੱਤੇ ਸਿਰ ਦਸਮੇਸ਼ ਨੂੰ ਤਲਵਾਰ ਇਸ਼ਾਰੇ
ਅੱਜ ਉਸੇ ਪਵਿੱਤਰ ਦੇਸ਼ 'ਤੇ ਪਏ ਸੰਕਟ ਭਾਰੇ
ਜਿਥੇ 'ਨਾਨਕ' ਰੂਪ ਅਕਾਲ ਦੇ ਦਸ ਜਾਮੇ ਧਾਰੇ
ਜਿਥੇ 'ਤਖ਼ਤ' ਤੇ 'ਤਖ਼ਤੇ' ਦੋਹਾਂ ਦੇ ਲਏ ਤੁਸਾਂ ਨਜ਼ਾਰੇ
ਜਿਥੇ ਚੌਰ ਝੁਲਾਏ ਸਿਰਾਂ 'ਤੇ ਚਲਵਾਏ ਆਰੇ
ਅੱਜ ਉਸੇ ਪਿਆਰੇ ਦੇਸ਼ ਲਈ ਕਰ ਲਵੋ ਤਿਆਰੇ

ਤੇਰੇ ਗੁੰਦੇ ਸਰੀਰ 'ਤੇ ਕਿਆ ਵਰਦੀ ਢੱਬੇ
ਤੇਰੇ ਮੋਢੇ ਚੁੱਕੀ ਰਫ਼ਲ ਪਈ ਦੁਸ਼ਮਣ ਨੂੰ ਲੱਭੇ

ਜਾਂ ਕਰੇਂ ਪਰੇਡ ਮੈਦਾਨ ਵਿਚ ਤੂੰ ਸੱਜੇ ਖੱਬੇ
ਹੋ ਸਿੱਧੇ ਚਰਨੀਂ ਢਹਿਣ ਆ ਜਨਮਾਂ ਦੇ ਕੱਬੇ
ਕਿਆ ਘੂੰ ਘੂੰ ਤੇਰੀ ਕਾਰ ਦੀ ਕੰਨਾਂ ਵਿਚ ਫੱਬੇ
ਜਾਂ ਉੱਡੇਂ ਵਿਚ ਅਸਮਾਨ ਦੇ ਚਾਅ ਲਹਿੰਦੇ ਸੱਭੇ

ਮੈਂ ਸਦਕੇ ਤੇਰੀ ਚੜ੍ਹਤ ਤੋਂ ਵਾਹ! ਸ਼ਾਵਾ! ਬੱਲੇ!
ਓ ਤੇਰਾ ਰੁਅਬ ਪੰਜਾਬੀਆ! ਨਾ ਦੁਨੀਆਂ ਝੱਲੇ
ਜਦ ਮਾਰੇਂ ਪੈਰ ਜ਼ਮੀਨ 'ਤੇ ਪਈ ਧਰਤੀ ਹੱਲੇ
ਤੇਰੇ ਨੀਲੇ ਦਾ ਸੁੰਮ ਖੜਕਦਾ ਫੱਟ ਪਾਟਣ ਅੱਲੇ
ਤੇਰੀ ਢਾਕੇ ਸ਼ਕਤੀ ਲਟਕਦੀ ਜੋ ਜੱਗ ਉਥੱਲੇ
ਤੂੰ ਉਹਨਾਂ ਦੀ ਔਲਾਦ ਹੈਂ ਸਤ ਜਿਨ੍ਹਾਂ ਪੱਲੇ
ਜਿਨ੍ਹਾਂ ਅਟਕ ਜਹੇ ਦਰਿਆ ਨੂੰ ਪਾ ਦਿੱਤੇ ਠੱਲ੍ਹੇ
ਅੱਜ ਕਿਹੜਾ ਵਿਚ ਜਹਾਨ ਦੇ ਤੇਰੇ ਰੋਕੇ ਹੱਲੇ ?

ਇਹ ਸੱਦਾ ਸੁਣ ਕੇ ਪੰਜਾਬੀ ਗਭਰੂ ਦਾ ਲਹੂ ਉਬਲਦਾ ਹੈ ਤੇ ਉਹ ਭਰਤੀ ਹੋਣ ਲਈ ਤਿਆਰ ਹੋ ਕੇ ਕਹਿੰਦਾ ਹੈ :

ਮੈਂ ਛੱਤਰੀ ਬਾਣਾ ਪਹਿਨ ਕੇ ਹੱਥ ਝੰਡਾ ਚਾ ਕੇ
ਹਾਂ ਆਇਆ ਵਿਚ ਮੈਦਾਨ ਦੇ ਹਥਿਆਰ ਉਠਾ ਕੇ
ਮੈਂ ਰੱਖਿਆ ਕਰਨੀ ਦੇਸ ਦੀ ਜੀ ਜਾਨ ਲੜਾ ਕੇ
ਮੈਂ ਆਖਾਂ ਸੱਚ ਜ਼ਬਾਨ 'ਚੋਂ ਸਹੁੰ ਤੇਗ ਦੀ ਖਾ ਕੇ
ਮੈਂ ਰਣ ਵਿਚ ਗਿਆ ਨਾ ਮੁੜਾਂਗਾ ਕਦੇ ਕੰਡ ਵਿਖਾ ਕੇ
ਤੇ ਜਿਉਂਦਾ ਮੁੜਨ ਨਾ ਦਿਆਂਗਾ ਕੋਈ ਸਾਹਮਣੇ ਆ ਕੇ

ਮੈਂ ਗਭਰੂ ਦੇਸ਼ ਪੰਜਾਬ ਦਾ ਨਰ ਸ਼ੇਰ ਸਦਾਵਾਂ
ਮੇਰੇ ਦਿਲ ਵਿਚ ਨੱਚਣ ਸ਼ਕਤੀਆਂ ਬਲ ਮੇਰੀਆਂ ਬਾਹਵਾਂ
ਮੈਂ ਠੋਕਰ ਲਾ ਕੇ ਬੂਟ ਦੀ ਪਰਬਤ ਕੰਬਾਵਾਂ
ਜਾਂ ਰਣ ਵਿਚ ਮੇਰੀ ਤੇਗ ਦਾ ਕੱਥੇ ਪਰਛਾਵਾਂ
ਤਾਂ ਚਮਕਣ ਲੱਖਾਂ ਬਿਜਲੀਆਂ ਅੱਗ ਅੰਬਰੀਂ ਲਾਵਾਂ
ਮੈਂ ਖੇਡਾਂ ਬੰਬਾਂ ਨਾਲ ਜਾਂ ਭੁਚਾਲ ਲਿਆਵਾਂ
ਮੈਂ ਚੀਰਾਂ ਪੇਟ ਅਕਾਸ਼ ਦਾ ਉੱਡ ਵਿਚ ਹਵਾਵਾਂ
ਮੈਂ ਅੰਬਰੋਂ ਤਾਰੇ ਤੋੜ ਕੇ ਅੱਗ ਬਾਣ ਬਣਾਵਾਂ
ਕਰ ਸੂਰਜ ਕਿਰਨਾਂ ਕੱਠੀਆਂ ਅੰਗਿਆਰ ਵਸਾਵਾਂ
ਮੈਂ ਸਾੜਾਂ ਦੁਸ਼ਮਣ ਦੇਸ ਨੂੰ ਨਿਸ਼ਾਨ ਮਿਟਾਵਾਂ

ਜੋ ਚੜ੍ਹ ਕੇ ਮੇਰੇ ਦੇਸ਼ 'ਤੇ ਸੁਪਨੇ ਵਿਚ ਆਵੇ
ਮੈਂ ਸਿੱਧਾ ਰੇਜਾਂ ਦੋਜ਼ਖੀਂ ਨਾ ਕਬਰ ਸਮਾਵੇ

ਜੋ ਰੱਖੇ ਹਿੰਦੁਸਤਾਨ 'ਤੇ ਕਬਜ਼ੇ ਦੇ ਦਾਅਵੇ
ਮੈਂ ਭਸਮ ਕਰਾਂ 'ਮੁਚਕੁੰਦ' ਜਿਉਂ ਉੱਡ ਰਾਖ ਵੀ ਜਾਵੇ
ਮੇਰੇ ਮੋਢੇ ਲੱਗੀ ਨਾਗਣੀ ਲਪ ਦਾਰੂ ਖਾਵੇ
ਇਹ ਅੱਗ ਉਗਲੱਛੇ ਅੰਦਰੋਂ ਦੁਸ਼ਮਣ ਘਰ ਲਾਵੇ
ਇਹ ਨਜ਼ਰਾਂ ਲਾਵੇ ਸੋਹਣਿਆਂ ਰੱਤ ਅੰਦਰ ਨ੍ਹਾਵੇ
ਇਹ ਕਾਲੀ ਤਿਲਕ ਸੰਧੂਰ ਦਾ ਲਾ ਸ਼ਗਨ ਮਨਾਵੇ

ਜਾਂ ਲੜਿਆ ਹੋਰ ਬੇਗਾਨਿਆਂ ਮੈਂ ਧੁੰਮਾ ਪਾਈਆਂ
ਮੈਂ ਜਿੱਤੀਆਂ ਯੂਰਪ ਦੀਪ ਵਿਚ ਦੋ ਘੋਰ ਲੜਾਈਆਂ
ਜਦ ਅੱਜ ਮੈਂ ਆਪਣੇ ਦੇਸ਼ ਲਈ ਚੁੱਕੀਆਂ ਸਰਵਾਹੀਆਂ
ਜੋ ਅੜਨਗੇ ਆ ਕੇ ਸਾਹਮਣੇ ਅਜੇ ਜਣੇ ਨਾ ਮਾਈਆਂ
ਜਿਸ ਮੇਰੇ ਹਜ਼ਾਰੇ ਦੇਸ ਨੂੰ ਤਕ ਨਜ਼ਰਾਂ ਲਾਈਆਂ
ਮੈਂ ਅੱਧੀਆਂ ਅੰਨ੍ਹੀਆਂ ਕਰਾਂਗਾ ਵਿਚ ਵੈਰ ਸਲਾਈਆਂ
ਮੈਂ ਮੋੜਾਂਗਾ ਧੜ ਸੱਖਣੇ ਚਲ੍ਹ ਧਾੜਾਂ ਆਈਆਂ
ਮੈਂ ਸੱਟਾਂ ਬੰਬ ਅਸਮਾਨ ਤੋਂ ਕਰ ਦਿਆਂ ਸਫ਼ਾਈਆਂ

ਹੁਣ ਮੈਂ ਵੀ ਇਕੋ 'ਸੀਰਲਾ' ਮੈਂ ਦਿਲ ਵਿਚ ਠਾਣੀ
ਮੇਰੀ ਚੱਲੀ ਹੋਣੀ ਤਲਵਾਰ ਦੀ ਜਗ ਕਰੂ ਕਹਾਣੀ
ਜੇ ਮਿਣ-ਮਿਣ ਕਰਾਂ ਨਾ ਠੱਕਰੇ ਦੁਸ਼ਮਣ ਦੀ ਢਾਣੀ
ਰੱਬ ਜ਼ਹਿਰ ਮੇਰੇ ਲਈ ਕਰ ਦੇਵੇ ਸਤਲੁਜ ਦਾ ਪਾਣੀ
ਮੈਂ ਰਿੜਕਾਂਗਾ ਦੁੱਧ ਛਿੱਟਿਆਂ ਘੱਤ ਤੇਗ ਮਧਾਣੀ
ਮੈਂ ਪੰਜੇ ਮੁੜ ਕੇ ਮੇਲਣੇ ਵਿਛੜੇ ਹੋਏ ਹਾਣੀ
ਪਰ ਚਾਹੁੰਦਾ ਹਿੰਦ ਸਰਕਾਰ ਤੋਂ ਇਕੋ ਮਨਵਾਣੀ
ਰਹੇ ਬੋਲੀ ਮੇਰੇ ਪੰਜਾਬ ਦੀ ਪੰਜਾਬੀ ਰਾਣੀ

ਇਹ ਜਵਾਨੀ ਦਾ ਜੋਸ਼ ਹੈ, ਜੋ ਦੇਸ਼-ਭਗਤੀ ਦੇ ਜਜ਼ਬੇ ਵਿਚ ਹਰ ਦਿਲ ਵਿਚੋਂ ਉਮਲ ਰਿਹਾ ਹੈ। ਇਸ ਨੂੰ ਸਮੇਂ ਸਿਰ ਸੰਭਾਲ ਕੇ ਆਜ਼ਾਦੀ ਨੂੰ ਕਾਇਮ ਰੱਖਣ ਲਈ ਵਰਤਣਾ ਚਾਹੀਦਾ ਹੈ।

ਹਿੰਦੁਸਤਾਨ ਦੀ ਆਜ਼ਾਦੀ ਬਦਲੇ 'ਪੰਜਾਬ ਦੇ ਉਜਾੜੇ' ਦੀ ਇਹ ਛੋਟੀ ਜਿਹੀ ਤਸਵੀਰ ਪੇਸ਼ ਕੀਤੀ ਗਈ ਹੈ, ਨਹੀਂ ਤਾਂ ਜੋ ਕੁਝ ਹੋਇਆ ਹੈ, ਪੂਰਾ ਲਿਖੀਏ ਤਾਂ ਇਕ ਜ਼ਿਲ੍ਹੇ ਦੀ ਕਿਤਾਬ ਬਣ ਸਕਦੀ ਹੈ। ਸਾਡੇ ਕੋਲ ਬਹੁਤ ਸਾਰੀਆਂ ਹੱਡ-ਬੀਤੀਆਂ ਲਿਖੀਆਂ ਪਈਆਂ ਹਨ, ਜੋ ਅਸੀਂ ਅਗਲੀ ਪੁਸਤਕ 'ਪੰਜਾਬ ਦੇ ਵੈਣ' ਵਿਚ ਦਿਆਂਗੇ।

—ਸਮਾਪਤ—

Sri Satguru Jagjit Singh Ji eLibrary NamdhariElibrary@gmail.com